**Golden State Realty**
**JASSI GILL**
*Broker/Owner*
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**
*One of the Fastest Growing City in America and Best School System.*
- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

*Kamaljeet Kaur*
*Mortgage rates available from 2.1% to 3%*
**For the Best advice for BUYING-SELLING-RENTING**
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
**Mann Insurance Brokers Inc.**
4123 Dyer St., #230, Union City, CA 94587

Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 35, August 28th, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਕੈਪਟਨ ਅਮਰਿੰਦਰ ਸਿੰਘ ਖਿਲਾਫ ਫਿਰ ਬਗਾਵਤ

## ਹੁਣ ਕੁਰਸੀ ਖੋਹਣ ਲਈ ਸਰਗਰਮੀਆਂ ਤੇਜ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਪਾਰਟੀ ਵਿਚ ਖੁੱਲ੍ਹੀ ਬਗਾਵਤ ਸ਼ੁਰੂ ਹੋ ਗਈ ਹੈ। ਇਸ ਵਾਰ ਵੱਡੀ ਗਿਣਤੀ ਵਿਧਾਇਕਾਂ ਅਤੇ ਮੰਤਰੀਆਂ ਨੇ ਦੋ-ਟੁੱਕ ਆਖ ਦਿੱਤਾ ਹੈ ਕਿ 'ਸਰਕਾਰ ਚਲਾਉਣੀ ਕੈਪਟਨ ਦੇ ਵੱਸ ਦੀ ਗੱਲ ਨਹੀਂ ਰਹੀ, ਇਸ ਨੂੰ ਤੁਰਤ ਲਾਂਭੇ ਕਰੋ'।

ਕੈਪਟਨ ਉਤੇ ਸਿੱਧੇ ਦੋਸ਼ ਲੱਗੇ ਹਨ ਕਿ ਉਹ ਅਕਾਲੀਆਂ ਨਾਲ ਮਿਲੇ ਹੋਏ ਹਨ ਤੇ ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਹੱਥ ਪਾਉਣ ਤੋਂ ਟਾਲਾ ਵੱਟਿਆ ਗਿਆ। ਉਨ੍ਹਾਂ ਦਾ ਦਾਅਵਾ ਕੀਤਾ ਹੈ ਕਿ ਜੇਕਰ ਹੁਣ ਵੀ ਕੈਪਟਨ ਨੂੰ ਲਾਂਭੇ ਨਾ ਕੀਤਾ ਤਾਂ ਸੂਬੇ ਵਿਚ ਪਾਰਟੀ ਖਤਮ ਹੋ ਜਾਵੇਗੀ। ਪਤਾ ਲੱਗਾ ਹੈ ਕਿ ਹਾਈਕਮਾਨ ਵੱਲੋਂ ਕੈਪਟਨ ਬਾਰੇ ਕੋਈ ਫੈਸਲਾ ਨਾ ਲੈਣ ਉਤੇ 6 ਤੋਂ 7 ਮੰਤਰੀਆਂ ਦਾ ਗਰੁੱਪ ਅਸਤੀਫੇ ਵੀ ਲਿਖੀ ਫਿਰਦਾ ਹੈ। ਹੁਣ ਤੱਕ ਬਾਗੀਆਂ ਦਾ ਇਹ ਧੜਾ ਕੈਪਟਨ ਉਤੇ ਗੁੱਝੇ ਵਾਰ ਹੀ ਕਰਦਾ ਰਿਹਾ ਹੈ ਪਰ ਇਹ ਪਹਿਲੀ ਵਾਰ ਹੈ ਜਦੋਂ ਡੇਢ ਘੰਟੇ ਦੀ ਮੀਟਿੰਗ ਤੋਂ ਬਾਅਦ ਮੰਤਰੀਆਂ ਤੇ ਵਿਧਾਇਕਾਂ ਦੇ ਇਸ ਧੜੇ ਨੇ ਐਲਾਨ ਕਰ ਦਿੱਤਾ- 'ਕੈਪਟਨ ਮਨਜ਼ੂਰ ਹੀ ਨਹੀਂ'।

ਕੈਪਟਨ ਵਿਰੁੱਧ ਖੁੱਲ੍ਹੀ ਬਗਾਵਤ ਕਰਦਿਆਂ ਮੰਤਰੀਆਂ- ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਰੰਧਾਵਾ, ਤ੍ਰਿਪਤ ਰਜਿੰਦਰ ਬਾਜਵਾ ਤੇ ਦੋ ਦਰਜਨ ਦੇ ਕਰੀਬ ਵਿਧਾਇਕਾਂ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਨੂੰ ਚੋਣ ਵਾਅਦੇ ਪੂਰੇ ਕਰਨ ਵਿਚ ਮੁੱਖ ਮੰਤਰੀ 'ਤੇ ਕੋਈ ਭਰੋਸਾ ਨਹੀਂ ਤੇ ਸਿੱਧੇ ਤੌਰ 'ਤੇ ਉਸ ਦੇ ਬਦਲ ਦੀ ਮੰਗ ਕਰ ਦਿੱਤੀ। ਇਸ ਧੜੇ ਦਾ ਦਾਅਵਾ ਹੈ ਕਿ 80 ਤੋਂ 90 ਫੀਸਦੀ ਵਿਧਾਇਕ/ਮੰਤਰੀ ਕੈਪਟਨ ਨੂੰ ਲਾਂਭੇ ਕਰਨ ਲਈ ਸਹਿਮਤ ਹਨ ਪਰ ਡਰਦੇ ਬੋਲਦੇ ਨਹੀਂ।

ਬਾਗੀ ਧੜੇ ਵੱਲੋਂ ਇਕਦਮ ਲਏ ਇਸ ਫੈਸਲੇ ਬਾਰੇ ਸਿਆਸੀ ਹਲਕੇ ਵੀ ਹੈਰਾਨ ਹਨ। ਦੱਸ ਦਈਏ ਕਿ ਹਾਈਕਮਾਨ ਦੇ ਦਖਲ ਪਿੱਛੋਂ ਮੰਨਿਆ ਜਾ ਰਿਹਾ ਸੀ ਕਿ ਕਾਂਗਰਸ ਦਾ ਅੰਦਰੂਨੀ ਕਲੇਸ਼ ਖਤਮ ਹੋ ਗਿਆ ਹੈ ਤੇ ਪਿਛਲੇ ਕੁਝ ਦਿਨਾਂ ਵਿਚ ਅਜਿਹਾ ਜਾਪ ਵੀ ਰਿਹਾ ਸੀ ਪਰ ਅਚਾਨਕ ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਦੇ ਘਰ ਮੀਟਿੰਗ ਸੱਦ ਕੈਪਟਨ ਨੂੰ ਲਾਂਭੇ ਕਰਨ ਦਾ ਫੈਸਲਾ ਕਰ ਲਿਆ ਗਿਆ। ਬਾਗੀ ਧੜੇ ਦਾ ਕਹਿਣਾ ਹੈ ਕਿ ਇਸ ਸਬੰਧੀ ਹਾਈਕਮਾਨ ਨਾਲ ਗੱਲ ਕੀਤੀ ਜਾਵੇਗੀ, ਜੇਕਰ ਉਨ੍ਹਾਂ ਦੀ ਨਾ ਸੁਣੀ ਗਈ ਤਾਂ ਉਹ ਸਖਤ ਫੈਸਲਾ ਲੈਣਗੇ।

ਮੌਜੂਦਾ ਬਣੇ ਮਾਹੌਲ ਤੋਂ ਜਾਪ ਰਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਕੈਪਟਨ ਦੀ ਕੁਰਸੀ ਜਾਣਾ ਤੈਅ ਹੈ। ਦੱਸ ਦਈਏ ਕਿ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਪਿੱਛੋਂ ਬਾਗੀਆਂ ਦੇ ਇਸ ਧੜੇ ਦੇ ਹੌਸਲੇ ਬੁਲੰਦ ਹਨ। ਮੌਜੂਦਾ ਹਾਲਾਤ ਤੋਂ ਵੀ ਜਾਪ ਰਿਹਾ ਹੈ ਕਿ ਬਾਜ਼ੀ 'ਬਾਗੀਆਂ' ਦੇ ਹੱਥ ਹੈ, ਕਿਉਂਕਿ ਕੈਪਟਨ ਦੀ ਪਿਛਲੇ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਤੋਂ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਿਧਾਇਕਾਂ ਦਾ ਇਕ ਵੱਡਾ ਧੜਾ ਨਰਾਜ਼ ਹੈ। ਜ਼ਿਆਦਾਤਰ ਵਿਧਾਇਕ ਭਾਵੇਂ ਖੁੱਲ੍ਹ ਕੇ ਤਾਂ ਨਹੀਂ ਬੋਲਦੇ ਪਰ ਉਹ ਕੈਪਟਨ ਦੀ ਛੁੱਟੀ ਕਰਨ ਦੇ ਹੱਕ ਵਿਚ ਹਨ। ਅਜਿਹੇ ਆਗੂਆਂ ਦਾ ਮੰਨਣਾ ਹੈ ਕਿ ਜੇ 2022 ਦੀਆਂ ਚੋਣਾਂ ਕੈਪਟਨ ਦੀ ਅਗਵਾਈ ਵਿਚ ਲੜੀਆਂ ਗਈਆਂ ਤਾਂ ਪਾਰਟੀ ਨੂੰ ਵੱਡਾ ਨੁਕਸਾਨ ਝੱਲਣਾ

*(ਬਾਕੀ ਸਫਾ 6 ਉਤੇ)*

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਮੋਰਚਾ ਫਤਿਹ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨੀ ਸੰਘਰਸ਼ ਦੀ ਵੱਡੀ ਜਿੱਤ ਹੋਈ ਹੈ। ਗੰਨੇ ਦੇ ਮੂੰਹ ਮੰਗੇ ਭਾਅ ਮਿਲਣ ਉਤੇ ਕਿਸਾਨ ਜਥੇਬੰਦੀਆਂ ਬਾਗੋਬਾਗ ਹਨ। ਕਿਸਾਨ ਜਥੇਬੰਦੀਆਂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੀਟਿੰਗ ਵਿਚ ਮਾਹੌਲ ਇੰਜ ਜਾਪਿਆ ਜਿਵੇਂ ਕਿਸਾਨ, ਸਰਕਾਰ ਨੂੰ ਕੰਨੋਂ ਫੜ ਕੇ ਆਪਣੀਆਂ ਮੰਗਾਂ ਮਨਵਾ ਰਹੇ ਹਨ। ਇਸ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ।

ਮੀਟਿੰਗ ਵਿਚ ਜਿਸ ਤਰ੍ਹਾਂ ਕਿਸਾਨਾਂ ਦਾ ਮੂੰਹ ਮਿੱਠਾ ਕਰਵਾਉਣ ਦਾ ਇੰਤਜ਼ਾਮ ਕੀਤਾ ਹੋਇਆ ਸੀ, ਉਸ ਤੋਂ ਪਤਾ ਲੱਗਦਾ ਹੈ ਕਿ ਕੈਪਟਨ ਨੇ ਕਿਸਾਨਾਂ ਨੂੰ ਖੁਸ਼ ਕਰਕੇ ਭੇਜਣ ਦਾ ਪਹਿਲਾਂ ਹੀ ਮਨ ਬਣਾਇਆ ਹੋਇਆ ਸੀ। ਜਥੇਬੰਦੀਆਂ ਨਾਲ ਮੀਟਿੰਗ ਵਿਚ ਮੁੱਖ ਮੰਤਰੀ ਨੇ ਕਿਸਾਨਾਂ ਦੀਆਂ ਮੰਗਾਂ ਮੰਨਦੇ ਹੋਏ ਗੰਨੇ ਦਾ ਭਾਅ 360 ਰੁਪਏ ਕਰ ਦਿੱਤਾ ਹੈ ਤੇ ਖੰਡ ਮਿੱਲਾਂ ਵੱਲ ਬਕਾਏ 15 ਦਿਨਾਂ ਦੇ ਅੰਦਰ ਦੇਣ ਦਾ ਵਾਅਦਾ ਕੀਤਾ ਹੈ। ਮੌਜੂਦਾ ਭਾਅ ਗੁਆਂਢੀ ਸੂਬੇ ਹਰਿਆਣਾ ਨਾਲੋਂ 2 ਰੁਪਏ ਵੱਧ ਹੈ। ਇਹ ਕਿਸਾਨ ਸੰਘਰਸ਼ ਦੀ ਜਿੱਤ ਹੈ ਕਿ ਪਹਿਲੀ ਵਾਰ ਕਿਸੇ ਸੂਬਾ ਸਰਕਾਰ ਨੇ ਇਕੋ ਵਾਰ 50 ਰੁਪਏ ਦਾ ਸਿੱਧਾ ਵਾਧਾ ਕੀਤਾ ਹੋਵੇ। ਹੁਣ ਪੰਜਾਬ ਪੂਰੇ ਮੁਲਕ ਵਿਚ ਅਜਿਹਾ ਸੂਬਾ ਬਣ ਗਿਆ ਜਿਥੇ ਗੰਨੇ ਦੇ ਭਾਅ ਸਭ ਤੋਂ ਵੱਧ ਹਨ।

ਯਾਦ ਰਹੇ ਕਿ ਪੰਜਾਬ ਸਰਕਾਰ ਨੇ ਤਿੰਨ ਸਾਲਾਂ ਮਗਰੋਂ ਗੰਨੇ ਦੇ ਭਾਅ 'ਚ ਸਿਰਫ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਸੀ, ਜਿਸ ਪਿੱਛੋਂ ਕਿਸਾਨਾਂ ਦਾ ਗੁੱਸਾ ਭੜਕ ਗਿਆ। ਹੁਣ ਸਰਕਾਰ ਨੇ ਮੌਕਾ ਸਾਂਭਦੇ ਹੋਏ 35 ਰੁਪਏ ਹੋ ਵਾਧਾ ਕਰ ਦਿੱਤਾ ਹੈ। ਹੁਣ ਪੰਜਾਬ ਵਿਚ ਗੰਨੇ ਦਾ



ਭਾਅ 360 ਰੁਪਏ ਹੋ ਗਿਆ ਹੈ। ਹਰ ਸਾਲ ਗੰਨੇ ਦੀ ਕੀਮਤ ਅਤੇ ਮਿੱਲਾਂ ਵੱਲੋਂ ਬਕਾਏ ਦੀ ਅਦਾਇਗੀ ਸਮੇਂ ਸਿਰ ਨਾ ਹੋਣ ਦਾ ਮੁੱਦਾ ਵਿਵਾਦਾਂ ਵਿਚ ਰਹਿੰਦਾ ਹੈ। ਸਮੇਂ ਸਿਰ ਗੰਨੇ ਦੀ ਕੀਮਤ ਦੀ ਅਦਾਇਗੀ ਨਾ ਹੋਣ ਤੇ ਹੋਰਾਂ ਕਾਰਨਾਂ ਕਰ ਕੇ ਗੰਨੇ ਹੇਠ ਰਕਬਾ ਲਗਾਤਾਰ ਘਟ ਰਿਹਾ ਹੈ ਅਤੇ ਸਹਿਕਾਰੀ ਖੇਤਰ ਦੀਆਂ ਕਈ ਗੰਨਾ ਮਿੱਲਾਂ ਬੰਦ ਹੋ ਚੁੱਕੀਆਂ ਹਨ। ਕੇਂਦਰ ਸਰਕਾਰ ਨੇ ਪਿਛਲੇ ਸਾਲ ਗੰਨੇ ਦਾ ਭਾਅ 285 ਰੁਪਏ ਫੀ ਕੁਇੰਟਲ ਐਲਾਨਿਆ ਸੀ। ਪੰਜਾਬ ਸਰਕਾਰ ਨੇ 2017-18 ਤੋਂ ਗੰਨੇ ਦਾ ਭਾਅ ਨਹੀਂ ਵਧਾਇਆ ਸੀ। ਕਿਸਾਨਾਂ ਨੂੰ ਅਗੇਤੀ ਫਸਲ ਦਾ 310 ਰੁਪਏ ਅਤੇ ਪਛੇਤੀ ਦਾ 300 ਰੁਪਏ ਫੀ ਕੁਇੰਟਲ ਮਿਲਦਾ ਸੀ। ਪੰਜਾਬ ਵਿਚ ਦਿੱਤੀ ਜਾ ਰਹੀ ਕੀਮਤ ਹਰਿਆਣਾ, ਉਤਰਾਖੰਡ,

*(ਬਾਕੀ ਸਫਾ 6 ਉਤੇ)*

**Harmit Toor**
*Your Realtor® For Life!*
Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing
*Broker Associate*
*BRE Lic.# 01462579*
*NMLS ID 358820*
*2015-19 Awarded Grand Master Achievement Club Certificate*
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਮਿਸ਼ਨ 2022: ਪੰਜਾਬ ਵਿਚ ਭਗਵਾ ਧਿਰ ਦੀਆਂ ਮੁਸ਼ਕਿਲਾਂ ਹੋਰ ਵਧੀਆਂ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨਾਲ ਸਬੰਧਤ ਆਗੂਆਂ ਵੱਲੋਂ ਹੋਰਨਾਂ ਪਾਰਟੀਆਂ ਖਾਸ ਕਰ ਸ਼੍ਰੋਮਣੀ ਅਕਾਲੀ ਦਲ ਵੱਲ ਕੀਤੇ ਜਾ ਰਹੇ ਰੁਖ ਨੇ ਭਗਵਾਂ ਪਾਰਟੀ ਦੀ ਚਿੰਤਾ ਵਧਾ ਦਿੱਤੀ ਹੈ। ਪਾਰਟੀ ਦੇ ਸਾਬਕਾ ਮੰਤਰੀ, ਸਾਬਕਾ ਵਿਧਾਇਕ ਅਤੇ ਸ਼ਹਿਰੀ ਖੇਤਰ ਨਾਲ ਸਬੰਧਤ ਅੱਧੀ ਦਰਜਨ ਤੋਂ ਵੱਧ ਪਾਰਟ ਆਗੂਆਂ ਵੱਲੋਂ ਕੀਤੀ ਗਈ ਦਲ ਬਦਲੀ ਨੂੰ ਭਾਜਪਾ ਦੇ ਆਗੂ ਵੱਡਾ ਝਟਕਾ ਮੰਨ ਰਹੇ ਹਨ। ਸੂਤਰਾਂ ਅਨੁਸਾਰ ਭਾਜਪਾ ਦੇ ਹੋਰ ਕਈ ਹਿੰਦੂ ਆਗੂ ਅਕਾਲੀ ਦਲ ਦੇ ਸੰਪਰਕ ਵਿਚ ਹਨ ਜੋ ਆਉਂਦੇ ਸਮੇਂ ਦੌਰਾਨ ਅਕਾਲੀ ਦਲ 'ਚ ਸ਼ਾਮਲ ਹੋ ਸਕਦੇ ਹਨ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਸੀਨੀਅਰ ਸਿਆਸੀ ਆਗੂ ਅਨਿਲ ਜੋਸ਼ੀ ਤੇ ਭਾਜਪਾ ਦੀ ਸਾਬਕਾ ਵਿਧਾਇਕਾ ਸੁਖਜੀਤ ਕੌਰ ਸ਼ਾਹੀ ਸਮੇਤ ਅੱਧੀ ਦਰਜਨ ਭਾਜਪਾ ਆਗੂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਅਕਾਲੀ ਆਗੂਆਂ ਨੇ ਦਾਅਵਾ ਕੀਤਾ ਕਿ ਭਾਜਪਾ ਨਾਲ ਸਬੰਧਤ ਆਗੂਆਂ ਦੇ ਸ਼ਾਮਲ ਹੋਣ ਨਾਲ ਪੰਜਾਬ 'ਚ ਹਿੰਦੂ ਸਿੱਖ ਏਕਤਾ ਨੂੰ ਮਜ਼ਬੂਤੀ ਮਿਲੇਗੀ।

ਫਿਰੋਜ਼ਪੁਰ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਭਾਜਪਾ ਆਗੂ ਸੁਖਪਾਲ ਸਿੰਘ ਨੰਨੂ ਨੇ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਆਪਣੀ ਕੋਠੀ 'ਤੇ ਲੱਗਾ ਭਾਜਪਾ ਦਾ ਝੰਡਾ ਵੀ ਲਾਹ ਦਿੱਤਾ ਹੈ। ਸ੍ਰੀ ਨੰਨੂ ਫਿਰੋਜ਼ਪੁਰ ਸ਼ਹਿਰ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਬਾਦਲ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਮਾਲ ਵਿਭਾਗ ਦਾ ਪਾਰਲੀਮਾਨੀ ਸਕੱਤਰ ਵੀ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਉਹ ਭਾਜਪਾ ਕਿਸਾਨ ਮੋਰਚਾ ਸੈੱਲ ਦੇ ਸੂਬਾ ਪ੍ਰਧਾਨ ਵੀ ਰਹਿ ਚੁੱਕੇ ਹਨ। ਦੋ ਦਿਨ ਪਹਿਲਾਂ ਭਾਜਪਾ ਹਾਈਕਮਾਨ ਨੂੰ ਲਿਖੇ ਪੱਤਰ ਵਿੱਚ ਸੁਖਪਾਲ ਸਿੰਘ ਨੰਨੂ ਨੇ ਖੇਤੀ ਕਾਨੂੰਨ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।

ਪਾਰਟੀ ਨੇ ਤਾਜ਼ਾ ਸਿਆਸੀ ਹਾਲਾਤ ਅਤੇ ਸਾਲ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਸਮੀਖਿਆ ਲਈ ਇਥੇ ਕੋਰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਮੰਨਿਆ ਕਿ ਅਨਿਲ ਜੋਸ਼ੀ ਅਤੇ ਹੋਰਨਾਂ ਦਾ ਅਕਾਲੀ ਦਲ ਵਿਚ ਜਾਣਾ ਪਾਰਟੀ ਲਈ ਘਾਟਾ ਹੈ ਪਰ ਕੋਈ ਵੀ ਪਾਰਟੀ ਕਿਸੇ ਵਿਅਕਤੀ ਵਿਸ਼ੇਸ਼ 'ਤੇ ਨਿਰਭਰ ਨਹੀਂ ਕਰਦੀ। ਕਾਲੀਆ ਨੇ ਕਿਹਾ ਕਿ ਪਾਰਟੀ ਨੂੰ ਕਿਸਾਨੀ ਅੰਦੋਲਨ ਦਾ ਹੱਲ ਜਲਦੀ ਨਿਕਲਣ ਦੀ ਉਮੀਦ ਹੈ। ਉਨ੍ਹਾਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਵੱਲੋਂ ਕਸ਼ਮੀਰ ਸਬੰਧੀ ਸੋਸ਼ਲ ਮੀਡੀਆ 'ਤੇ ਕੀਤੀਆਂ ਟਿੱਪਣੀਆਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਹਮਲਾ ਕਰਾਰ ਦਿੱਤਾ ਤੇ ਇਸ ਸਬੰਧੀ ਸਿੱਧੂ ਨੂੰ ਸਥਿਤੀ ਸਪੱਸ਼ਟ ਕਰਨ ਲਈ ਕਿਹਾ। ਭਾਜਪਾ ਨੇ ਪਾਕਿਸਤਾਨ ਦੇ ਲਾਹੌਰ ਕਿਲ੍ਹੇ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਬੇਅਦਬੀ ਵਿਰੁੱਧ ਅਤੇ ਅਫ਼ਗਾਨਿਸਤਾਨ ਵਿਚ ਫਸੇ ਹਿੰਦੂ-ਸਿੱਖ ਭਰਾਵਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਲਈ ਮਤੇ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜੇ ਗਏ। ਭਾਜਪਾ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀਆਂ 117 ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜੇਗੀ ਅਤੇ ਲੋਕਾਂ ਦੇ ਸਮਰਥਨ ਨਾਲ ਜਿੱਤ ਹਾਸਲ ਕਰਕੇ ਸੂਬੇ ਵਿਚ ਮਜ਼ਬੂਤ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਭਾਜਪਾ ਸਰਕਾਰ ਆਉਣ ਤੋਂ ਬਾਅਦ 24 ਘੰਟੇ ਸਸਤੀ ਬਿਜਲੀ ਦਿੱਤੀ ਜਾਵੇਗੀ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਉਨ੍ਹਾਂ ਨੂੰ ਅੱਜ ਦੇ ਯੁੱਗ ਮੁਤਾਬਿਕ ਢਾਲਣ ਲਈ ਪ੍ਰੇਰਿਆ ਜਾਵੇਗਾ।

ਉਧਰ, ਸੁਖਬੀਰ ਬਾਦਲ ਨੇ ਕਿਹਾ ਕਿ ਅਨਿਲ ਜੋਸ਼ੀ ਦਲੇਰ ਆਗੂ ਹਨ, ਜਿਨ੍ਹਾਂ ਆਪਣੇ ਹਲਕੇ ਦੇ ਨਾਲ ਪਵਿੱਤਰ ਨਗਰੀ ਅੰਮ੍ਰਿਤਸਰ ਲਈ ਬਹੁਤ ਕੰਮ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸ੍ਰੀ ਜੋਸ਼ੀ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਉੱਤਰੀ ਤੋਂ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਵਜੋਂ ਉਤਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੁਜਾਨਪੁਰ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਾਜ ਕੁਮਾਰ ਗੁਪਤਾ ਪਾਰਟੀ ਦੇ ਮੀਤ ਪ੍ਰਧਾਨ ਹੋਣਗੇ ਤੇ ਉਨ੍ਹਾਂ ਨੂੰ ਸੁਜਾਨਪੁਰ ਤੋਂ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਜਾਵੇਗਾ।

## 'ਭਾਜਪਾ ਦਾ ਨਿਘਾਰ ਕਿਸਾਨੀ ਅੰਦੋਲਨ ਦੀ ਜਿੱਤ ਦਾ ਸੰਕੇਤ'

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਅੱਗੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਤੇ ਹੋਰ ਥਾਵਾਂ 'ਤੇ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਬੈਠੀ ਭਾਜਪਾ ਦਾ ਪੰਜਾਬ 'ਚ ਮੁਕੰਮਲ ਭੋਗ ਪੈਣ ਦੇ ਸੰਕੇਤ ਕਿਸਾਨੀ ਅੰਦੋਲਨ ਦੀ ਜਿੱਤ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 11 ਮਹੀਨਿਆਂ ਤੋਂ ਪੰਜਾਬ ਵਿਚ ਭਾਜਪਾ ਦੀ ਰਾਜਸੀ ਸਰਗਰਮੀ ਠੱਪ ਹੋ ਗਈ ਹੈ। ਪਿਛਲੇ ਦਿਨਾਂ ਦੌਰਾਨ ਕਈ ਸੂਬਾਈ ਨੇਤਾ ਪਾਰਟੀ ਛੱਡ ਚੁੱਕੇ ਹਨ ਅਤੇ ਅਗਲੇ ਦਿਨਾਂ ਵਿਚ ਕਈ ਹੋਰ ਵੱਲੋਂ ਪਾਰਟੀ ਛੱਡਣ ਦੀਆਂ ਕਨਸੋਆਂ ਹਨ।

## ਕੈਪਟਨ ਵੱਲੋਂ ਸ਼ਹੀਦ ਲਵਪ੍ਰੀਤ ਦੇ ਵਾਰਸਾਂ ਨੂੰ 50 ਲੱਖ ਦੀ ਮਦਦ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 16 ਆਰਆਰ/ 11 ਸਿੱਖ ਦੇ ਸਿਪਾਹੀ ਲਵਪ੍ਰੀਤ ਸਿੰਘ ਦੇ ਵਾਰਸਾਂ ਨੂੰ 50 ਲੱਖ ਰੁਪਏ ਐਕਸਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ ਹੈ। ਲਵਪ੍ਰੀਤ ਸਿੰਘ 20 ਅਗਸਤ ਨੂੰ ਜੰਮੂ ਕਸ਼ਮੀਰ ਦੇ ਸੂਰਨਕੋਟ (ਪੁਣਛ ਸੈਕਟਰ) 'ਚ ਆਪਣੀ ਡਿਊਟੀ ਦੌਰਾਨ ਗਸ਼ਤ ਕਰਨ ਵੇਲੇ ਸ਼ਹੀਦ ਹੋ ਗਿਆ ਸੀ। ਸ਼ਹੀਦ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਲਈ ਲਵਪ੍ਰੀਤ ਸਿੰਘ ਦਾ ਪੂਰਨ ਸਮਰਪਣ ਅਤੇ ਜਾਨ ਦੀ ਕੁਰਬਾਨੀ ਉਨ੍ਹਾਂ ਦੇ ਸਾਥੀ ਸੈਨਿਕਾਂ ਨੂੰ ਵਚਨਬੱਧਤਾ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰੇਗੀ। ਸਿਪਾਹੀ ਲਵਪ੍ਰੀਤ ਸਿੰਘ ਬਟਾਲਾ ਦੇ ਪਿੰਡ ਮਾੜੀ ਟਾਂਡਾ ਵਾਸੀ ਸੀ, ਜੋ ਆਪਣੇ ਪਿੱਛੇ ਪਿਤਾ ਜਸਵਿੰਦਰ ਸਿੰਘ, ਮਾਤਾ ਰਵਿੰਦਰ ਕੌਰ ਅਤੇ ਸਿਪਾਹੀ ਭਰਾ ਮਨਪ੍ਰੀਤ ਸਿੰਘ ਛੱਡ ਗਿਆ ਹੈ।

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Follow us on :
LAW OFFICES OF VIVEK MALIK

ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English

# ਦਸ ਸਰਕਾਰੀ ਸਕੂਲਾਂ ਦੇ ਨਾਂ ਉਲੰਪਿਕ ਜੇਤੂਆਂ ਦੇ ਨਾਂ

**ਚੰਡੀਗੜ੍ਹ:** ਸਕੂਲ ਸਿੱਖਿਆ ਤੇ ਲੋਕ ਨਿਰਮਾਣ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਲੰਪਿਕ ਤਗਮਾ ਜੇਤੂ ਹਾਕੀ ਖਿਡਾਰੀਆਂ ਦੇ ਸਬੰਧਤ ਖੇਤਰਾਂ ਦੇ ਸਕੂਲਾਂ ਦੇ ਨਾਂ ਇਨ੍ਹਾਂ ਖਿਡਾਰੀਆਂ ਨੂੰ ਸਮਰਪਿਤ ਕੀਤੇ ਗਏ ਹਨ। ਸਿੰਗਲਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਟੋਕੀਓ ਉਲੰਪਿਕ-2020 ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ 11 ਪੰਜਾਬੀ ਖਿਡਾਰੀਆਂ ਦੇ ਨਾਂ 'ਤੇ ਸਕੂਲਾਂ ਦੇ ਨਾਂ ਰੱਖਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਜੀ.ਐਸ.ਐਸ.ਐਸ.) ਮਿੱਠਾਪੁਰ, ਜਲੰਧਰ ਦਾ ਨਾਂ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਇਹ ਸਕੂਲ ਹੁਣ ਓਲੰਪੀਅਨ ਮਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਿੱਠਾਪੁਰ ਦੇ ਨਾਂ ਨਾਲ ਜਾਣਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੰਮੋਵਾਲ, ਅੰਮ੍ਰਿਤਸਰ ਦਾ ਨਾਮ ਉਪ ਕਪਤਾਨ ਹਰਮਨਪ੍ਰੀਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਸਰਕਾਰੀ ਪ੍ਰਾਇਮਰੀ ਸਕੂਲ ਮਿੱਠਾਪੁਰ, ਜਲੰਧਰ ਦਾ ਨਾਂ ਓਲੰਪੀਅਨ ਮਨਦੀਪ ਸਿੰਘ ਵਰੁਣ ਕੁਮਾਰ ਸਰਕਾਰੀ ਪ੍ਰਾਇਮਰੀ ਸਕੂਲ ਮਿੱਠਾਪੁਰ, ਜਲੰਧਰ ਰੱਖਿਆ ਗਿਆ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ, ਅੰਮ੍ਰਿਤਸਰ ਹੁਣ ਓਲੰਪੀਅਨ ਸ਼ਮਸ਼ੇਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਵਜੋਂ ਜਾਣਿਆ ਜਾਵੇਗਾ ਅਤੇ ਸਰਕਾਰੀ ਮਿਡਲ ਸਕੂਲ, ਬੇਸਿਕ ਗਰਲਜ ਫ਼ਰੀਦਕੋਟ ਨੂੰ ਓਲੰਪੀਅਨ ਰੁਪਿੰਦਰਪਾਲ ਸਿੰਘ ਸਰਕਾਰੀ ਮਿਡਲ ਸਕੂਲ, ਬੇਸਿਕ ਗਰਲਜ਼ ਫ਼ਰੀਦਕੋਟ ਦਾ ਨਾਮ ਦਿੱਤਾ ਗਿਆ ਹੈ।

ਮੰਤਰੀ ਨੇ ਦੱਸਿਆ ਕਿ ਸਰਕਾਰੀ ਮਿਡਲ ਸਕੂਲ ਖੁਸਰੋਪੁਰ, ਜਲੰਧਰ ਨੂੰ ਓਲੰਪੀਅਨ ਹਾਰਦਿਕ ਸਿੰਘ ਸਰਕਾਰੀ ਮਿਡਲ ਸਕੂਲ ਖੁਸਰੋਪੁਰ, ਜਲੰਧਰ ਦਾ ਨਾਂ ਦਿੱਤਾ ਗਿਆ ਹੈ। ਸਰਕਾਰੀ ਪ੍ਰਾਇਮਰੀ ਸਕੂਲ ਖਲਿਹਰਾ, ਅੰਮ੍ਰਿਤਸਰ ਦਾ ਨਾਂ ਓਲੰਪੀਅਨ ਗੁਰਜੰਟ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਖਲਿਹਰਾ, ਅੰਮ੍ਰਿਤਸਰ ਕਰ ਦਿੱਤਾ ਗਿਆ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ, ਅੰਮ੍ਰਿਤਸਰ ਦਾ ਨਾਂ ਓਲੰਪੀਅਨ ਦਿਲਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ ਰੱਖਿਆ ਗਿਆ ਹੈ। ਸਰਕਾਰੀ ਹਾਈ ਸਕੂਲ ਚਾਹਲ ਕਲਾਂ, ਗੁਰਦਾਸਪੁਰ ਨੂੰ ਓਲੰਪੀਅਨ ਸਿਮਰਨਜੀਤ ਸਿੰਘ ਸਰਕਾਰੀ ਹਾਈ ਸਕੂਲ ਚਾਹਲ ਕਲਾਂ, ਗੁਰਦਾਸਪੁਰ ਦਾ ਨਾਮ ਦਿੱਤਾ ਗਿਆ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸੈਨਪੁਰ, ਆਰ. ਸੀ. ਐਫ, ਕਪੂਰਥਲਾ ਨੂੰ ਓਲੰਪੀਅਨ ਕ੍ਰਿਸ਼ਨ ਬੀ. ਪਾਠਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸੈਨਪੁਰ, ਆਰ.ਸੀ.ਐਫ, ਕਪੂਰਥਲਾ ਦਾ ਨਾਂ ਦਿੱਤਾ ਗਿਆ ਹੈ।

## ਮੁਨੱਵਰ ਰਾਣਾ ਖਿਲਾਫ ਕੇਸ

**ਗੁਣਾ (ਮੱਧ ਪ੍ਰਦੇਸ਼):** ਮੱਧ ਪ੍ਰਦੇਸ਼ ਪੁਲਿਸ ਨੇ ਮਹਾਰਿਸ਼ੀ ਵਾਲਮੀਕ ਦੀ ਤੁਲਨਾ ਤਾਲਿਬਾਨ ਨਾਲ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਉਰਦੂ ਕਵੀ ਮੁਨੱਵਰ ਰਾਣਾ ਖਿਲਾਫ ਐਫ.ਆਈ.ਆਰ. ਦਰਜ ਕੀਤੀ ਹੈ। ਭਾਜਪਾ ਦੇ ਅਨੁਸੂਚਿਤ ਜਾਤੀ ਸੈੱਲ ਦੇ ਸੂਬਾ ਸਕੱਤਰ ਸੁਨੀਲ ਮਾਲਵੀਆ ਤੇ ਵਾਲਮੀਕ ਭਾਈਚਾਰੇ ਦੇ ਹੋਰ ਮੈਂਬਰਾਂ ਦੀ ਸ਼ਿਕਾਇਤ ਤੋਂ ਬਾਅਦ ਗੁਣਾ 'ਚ ਰਾਣਾ ਖਿਲਾਫ ਕੇਸ ਦਰਜ ਕੀਤਾ ਗਿਆ।

# ਨਵੇਂ ਸਲਾਹਕਾਰਾਂ ਨੇ ਬੁਰਾ ਫਸਾਇਆ ਸਿੱਧੂ

**ਚੰਡੀਗੜ੍ਹ:** ਸਲਾਹਕਾਰਾਂ ਦੀਆਂ ਵਿਵਾਦਿਤ ਟਿੱਪਣੀਆਂ ਉਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਬੁਰੀ ਤਰ੍ਹਾਂ ਘਿਰ ਗਏ ਹਨ। ਵਿਵਾਦਿਤ ਟਿੱਪਣੀਆਂ ਕਾਰਨ ਜਿਥੇ ਵਿਰੋਧੀ ਧਿਰਾਂ ਸਿੱਧੂ ਖਿਲਾਫ ਕਾਰਵਾਈ ਲਈ ਅੜ ਗਈਆਂ ਹਨ, ਉਥੇ ਕੈਪਟਨ ਸਣੇ ਕਾਂਗਰਸ ਦੇ ਸੀਨੀਅਰ ਆਗੂ ਸਿੱਧੂ ਦੁਆਲੇ ਹੋ ਗਏ ਹਨ।



ਚੁਫੇਰਿਉਂ ਘਿਰਦਾ ਵੇਖ ਨਵਜੋਤ ਸਿੱਧੂ ਨੇ ਪਾਕਿਸਤਾਨ ਤੇ ਕਸ਼ਮੀਰ ਨੂੰ ਲੈ ਕੇ ਕੀਤੀਆਂ ਵਿਵਾਦਿਤ ਟਿੱਪਣੀਆਂ ਕਰਨ ਵਾਲੇ ਆਪਣੇ ਦੋਵੇਂ ਸਲਾਹਕਾਰਾਂ ਮਾਲਵਿੰਦਰ ਸਿੰਘ ਮਾਲੀ ਤੇ ਪਿਆਰੇ ਲਾਲ ਗਰਗ ਨੂੰ ਆਪਣੀ ਰਿਹਾਇਸ਼ 'ਤੇ ਤਲਬ ਕੀਤਾ, ਪਰ ਵਿਰੋਧੀ ਧਿਰਾਂ ਕਾਰਵਾਈ ਲਈ ਅੜੀਆਂ ਹੋਈਆਂ ਹਨ। ਚੇਤੇ ਰਹੇ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਉਪਰੋਕਤ ਸਲਾਹਕਾਰਾਂ ਵੱਲੋਂ ਕੀਤੀਆਂ ਵਿਵਾਦਿਤ ਟਿੱਪਣੀਆਂ ਸੂਬਾ ਸਰਕਾਰ ਤੇ ਦੇਸ ਦੇ ਅਮਨ ਤੇ ਸਥਿਰਤਾ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ।

ਕਾਂਗਰਸ ਦੇ ਜਨਰਲ ਸਕੱਤਰ ਹਰੀਸ਼ ਰਾਵਤ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਦੋ ਸਲਾਹਕਾਰਾਂ ਵੱਲੋਂ ਕੀਤੀਆਂ ਵਿਵਾਦਿਤ ਟਿੱਪਣੀਆਂ ਸਬੰਧੀ ਕਿਹਾ ਹੈ ਕਿ ਇਨ੍ਹਾਂ ਸਲਾਹਕਾਰਾਂ ਨੂੰ ਪਾਰਟੀ ਵੱਲੋਂ ਨਿਯੁਕਤ ਨਹੀਂ ਕੀਤਾ ਗਿਆ ਹੈ, ਪਰ ਜੇਕਰ ਦੋਸ਼ੀ ਪਾਏ ਜਾਂਦੇ ਹਨ ਤਾਂ ਇਨ੍ਹਾਂ ਖਿਲਾਫ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਦੇ ਦੋ ਸਲਾਹਕਾਰਾਂ ਨੂੰ ਤਾੜਨਾ ਕੀਤੀ ਹੈ ਜਿਨ੍ਹਾਂ ਕਸ਼ਮੀਰ ਤੇ ਪਾਕਿਸਤਾਨ ਨਾਲ ਸਬੰਧਤ ਸੰਵੇਦਨਸ਼ੀਲ ਮਸਲਿਆਂ 'ਤੇ ਟਿੱਪਣੀਆਂ ਕੀਤੀਆਂ ਸਨ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਟਿੱਪਣੀਆਂ ਨਾਲ ਸੂਬੇ ਦੇ ਨਾਲ-ਨਾਲ ਦੇਸ ਦੀ ਅਮਨ-ਸ਼ਾਂਤੀ ਅਤੇ ਸਥਿਰਤਾ ਨੂੰ ਵੀ ਖਤਰਾ ਪੈਦਾ ਹੋ ਸਕਦਾ ਹੈ। ਸੂਤਰ ਦੱਸਦੇ ਹਨ ਕਿ ਸਲਾਹਕਾਰਾਂ ਦੀ ਬਦੌਲਤ ਹਾਈਕਮਾਨ 'ਚ ਵੀ ਨਵਜੋਤ ਸਿੱਧੂ ਦੀ ਕਿਰਕਿਰੀ ਹੋਈ ਹੈ। ਮੁੱਖ ਮੰਤਰੀ ਨੇ ਨਵਜੋਤ ਸਿੱਧੂ ਨੂੰ ਵੀ ਨਸੀਹਤ ਦਿੱਤੀ ਹੈ ਕਿ ਉਹ ਆਪਣੇ ਸਲਾਹਕਾਰਾਂ ਨੂੰ ਸਿਰਫ ਸਲਾਹ ਦੇਣ ਤੱਕ ਸੀਮਤ ਰੱਖਣ ਅਤੇ ਉਨ੍ਹਾਂ ਨੂੰ ਮਸਲਿਆਂ ਉੱਤੇ ਨਾ ਬੋਲਣ ਲਈ ਕਹਿਣ ਜਿਨ੍ਹਾਂ ਬਾਰੇ ਸਲਾਹਕਾਰਾਂ ਨੂੰ ਜਾਂ ਤਾਂ ਥੋੜ੍ਹਾ ਬਹੁਤ ਪਤਾ ਹੈ ਜਾਂ ਫੇਰ ਉੱਕਾ ਹੀ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਨੂੰ ਆਪਣੀਆਂ ਟਿੱਪਣੀਆਂ ਦੇ ਨਿਕਲਣ ਵਾਲੇ ਅਰਥਾਂ ਦੀ ਵੀ ਸਮਝ ਨਹੀਂ ਹੈ।

ਮੁੱਖ ਮੰਤਰੀ ਨੇ ਇਹ ਪ੍ਰਤੀਕਿਰਿਆ ਸਲਾਹਕਾਰ ਡਾ. ਪਿਆਰੇ ਲਾਲ ਗਰਗ ਵੱਲੋਂ ਪਾਕਿਸਤਾਨ ਦੀ ਨਿਖੇਧੀ ਕਰਨ 'ਤੇ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਨੂੰ ਕੀਤੇ ਸਵਾਲ ਅਤੇ ਇਸ ਤੋਂ ਪਹਿਲਾਂ ਕਸ਼ਮੀਰ ਬਾਰੇ ਮਾਲਵਿੰਦਰ ਸਿੰਘ ਮਾਲੀ ਦੀ ਵਿਵਾਦਪੂਰਨ ਬਿਆਨਬਾਜ਼ੀ ਦੇ ਸੰਦਰਭ ਵਿਚ ਸਾਹਮਣੇ ਆਈ ਹੈ। ਕੈਪਟਨ ਨੇ ਕਿਹਾ ਕਿ ਇਹ ਬਿਆਨ ਪਾਕਿਸਤਾਨ ਅਤੇ ਕਸ਼ਮੀਰ ਬਾਰੇ ਭਾਰਤ ਤੇ ਕਾਂਗਰਸ ਪਾਰਟੀ ਦੀ ਪੁਜ਼ੀਸ਼ਨ ਦੇ ਬਿਲਕੁਲ ਉਲਟ ਜਾਂਦੇ ਹਨ। ਉਨ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਆਪਣੇ ਸਲਾਹਕਾਰਾਂ ਵੱਲੋਂ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਉਨ੍ਹਾਂ ਉੱਤੇ ਸਖ਼ਤੀ ਕਰਨ ਨੂੰ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਸੀ ਅਤੇ ਹੁਣ ਵੀ ਹੈ ਪਰ ਇਸ ਦੇ ਉਲਟ ਮਾਲੀ ਨੇ ਪਾਕਿਸਤਾਨ ਦੀ ਹਾਂ ਵਿਚ ਹਾਂ ਮਿਲਾਉਣ ਵਾਲਾ ਬਿਆਨ ਦਿੱਤਾ ਹੈ ਜੋ ਕਿ ਪੂਰੀ ਤਰ੍ਹਾਂ ਦੇਸ ਵਿਰੋਧੀ ਹੈ।

ਉਨ੍ਹਾਂ ਕਿਹਾ ਕਿ ਚੁਫੇਰਿਓਂ ਨਿੰਦਾ ਹੋਣ ਦੇ ਬਾਵਜੂਦ ਮਾਲੀ ਨੇ ਆਪਣਾ ਬਿਆਨ ਵਾਪਸ ਨਹੀਂ ਲਿਆ। ਮੁੱਖ ਮੰਤਰੀ ਨੇ ਗਰਗ ਦੀ ਟਿੱਪਣੀ ਨੂੰ ਤਰਕਹੀਣ ਅਤੇ ਨਾ-ਵਾਜਬ ਕਰਾਰ ਦਿੰਦਿਆਂ ਕਿਹਾ ਕਿ ਪੰਜਾਬੀ ਫੌਜੀ ਸਰਹੱਦਾਂ 'ਤੇ ਪਾਕਿਸਤਾਨ ਦੀ ਹਮਾਇਤ ਹਾਸਲ ਤਾਕਤਾਂ ਹੱਥੋਂ ਜਾਨਾਂ ਗੁਆ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਗਰਗ ਰਾਜਨੀਤੀ ਤੋਂ ਪ੍ਰੇਰਿਤ ਭੜਕਾਊ ਤੇ ਗੈਰ ਜ਼ਿੰਮੇਵਾਰੀ ਵਾਲੇ ਬਿਆਨ ਦੇ ਰਹੇ ਹਨ।

## ਮੁਹੰਮਦ ਮੁਸਤਫਾ ਬਣੇ ਸਿੱਧੂ ਦੇ ਮੁੱਖ ਰਣਨੀਤਕ ਸਲਾਹਕਾਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦਾ ਸਾਧਾਰਨ ਸਲਾਹਕਾਰ ਬਣਨ ਤੋਂ ਇਨਕਾਰ ਕਰਨ ਵਾਲੇ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਮੁੱਖ ਰਣਨੀਤਕ ਸਲਾਹਕਾਰ ਬਣ ਗਏ ਹਨ। ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਦੱਸਿਆ ਕਿ ਮੁਹੰਮਦ ਮੁਸਤਫਾ ਹੁਣ ਮੁੱਖ ਰਣਨੀਤਕ ਸਲਾਹਕਾਰ ਹੋਣਗੇ ਜੋ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦਰਮਿਆਨ ਤਾਲਮੇਲ ਦਾ ਕੰਮ ਵੀ ਕਰਨਗੇ। ਨਵਜੋਤ ਸਿੱਧੂ ਨੇ ਨਵੀਂ ਜ਼ਿੰਮੇਵਾਰੀ ਦਾ ਨਿਯੁਕਤੀ ਪੱਤਰ ਖ਼ੁਦ ਮੁਹੰਮਦ ਮੁਸਤਫ਼ਾ ਨੂੰ ਸੌਂਪਿਆ। ਸੂਤਰਾਂ ਮੁਤਾਬਕ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਚੋਣ ਲੜਨ ਦੀ ਰੀਝ ਵੀ ਮਨ ਵਿਚ ਪਾਲ ਰਹੇ ਹਨ। ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਖੇਮੇ ਵਜੋਂ ਜਾਣਿਆ ਜਾਂਦਾ ਹੈ।

A&I WATSONVILLE, CA

A & I Transport Inc.

123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

Job Requirements:

• Class A Driver. • Clean driving record • Ability to pass DOT drug test.

We offer the following benefits of employment

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਕਿਸਾਨ ਸੰਘਰਸ਼: ਪੰਜਾਬ ਦੇ ਪਿੰਡਾਂ 'ਚ ਸਿਆਸੀ ਧਿਰਾਂ ਖਿਲਾਫ ਮਤੇ ਪੈਣ ਲੱਗੇ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਉਠੀ ਲਹਿਰ ਕਾਰਨ ਸਿਆਸੀ ਧਿਰਾਂ ਦੇ ਵੱਡੇ-ਵੱਡੇ ਆਗੂਆਂ ਦੇ ਹੋ ਰਹੇ ਵਿਰੋਧ ਨੇ ਸਿਆਸੀ ਧਿਰਾਂ ਦੇ ਨਾਲ-ਨਾਲ ਪੰਜਾਬ ਪੁਲਿਸ ਲਈ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਹੁਣ ਪੁਲਿਸ ਦੀਆਂ ਵੱਡੀਆਂ ਧਾੜਾਂ ਆਸਰੇ ਵਿਧਾਇਕ ਅਤੇ ਵਜ਼ੀਰ ਪਿੰਡਾਂ ਵਿਚ ਦਾਖਲ ਹੋਣ ਵੇਲੇ ਕਿਸਾਨੀ ਰੋਹ ਦਾ ਸਾਹਮਣਾ ਕਰਨ ਲੱਗੇ ਹਨ। ਭਾਵੇਂ ਕਿ ਸੰਯੁਕਤ ਕਿਸਾਨ ਮੋਰਚੇ ਸਮੇਤ ਹੋਰ ਕਿਸੇ ਕਿਸਾਨ ਜਥੇਬੰਦੀ ਵੱਲੋਂ ਭਾਜਪਾ ਤੋਂ ਇਲਾਵਾ ਕਿਸੇ ਵੀ ਦੂਜੀ ਸਿਆਸੀ ਧਿਰ ਦਾ ਵਿਰੋਧ ਨਹੀਂ ਉਲੀਕਿਆ ਗਿਆ, ਪਰ ਇਸ ਦੇ ਬਾਵਜੂਦ ਪਿੰਡਾਂ ਵਿਚ ਸਿਆਸੀ ਨੇਤਾਵਾਂ ਦੇ ਦਾਖਲੇ ਵਾਲੇ ਲੱਗੇ ਫਲੈਕਸਾਂ ਨੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੀ ਨੀਂਦ ਉਡਾ ਦਿੱਤੀ। ਪਿੰਡਾਂ 'ਚੋਂ ਮਿਲੇ ਵੇਰਵਿਆਂ ਮੁਤਾਬਕ ਲੋਕਾਂ ਵਿਚ ਸਿਆਸੀ ਆਗੂਆਂ ਦੀ ਵਾਅਦਾਖਿਲਾਫ਼ੀ ਵਿਰੁੱਧ ਰੋਹ ਖੜ੍ਹਾ ਹੋਣ ਲੱਗਾ ਹੈ।

ਤਲਵੰਡੀ ਸਾਬੋ ਦੇ ਪਿੰਡ ਭਾਗੀਵਾਂਦਰ ਦੀ ਪੰਚਾਇਤ ਤੇ ਸਮੂਹ ਕਿਸਾਨ ਜਥੇਬੰਦੀਆਂ ਨੇ ਇਕ ਮਤੇ ਰਾਹੀਂ ਪਿੰਡ 'ਚ ਰਾਜਨੀਤਕ ਲੀਡਰਾਂ ਦੇ ਦਾਖਲੇ 'ਤੇ ਪਾਬੰਦੀ ਸਬੰਧੀ ਮਤਾ ਪਾਇਆ ਹੈ। ਪਿੰਡ ਵਾਸੀਆਂ ਨੇ ਪਹਿਲਾਂ ਪਿੰਡ ਦੇ ਗੁਰਦੁਆਰਾ ਜੰਡਸਰ ਸਾਹਿਬ 'ਚ ਇਕੱਠ ਕੀਤਾ ਜਿਥੇ ਫੈਸਲਾ ਕੀਤਾ ਕਿ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਪਿੰਡ ਵਿਚ ਵੜਨ ਨਹੀਂ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਮਹਿਲ ਕਲਾਂ ਦੇ ਪਿੰਡ ਰਾਏਸਰ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਪਾਰਟੀਆਂ ਦਾ ਪਿੰਡ 'ਚ ਦਾਖਲਾ ਬੰਦ ਕਰਨ ਸਬੰਧੀ ਬੈਨਰ ਲਾਏ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਇਤਿਹਾਸਕ ਪਿੰਡ ਰਾਏਸਰ ਲੋਕ ਕਵੀ ਸੰਤ ਰਾਮ ਉਦਾਸੀ ਦਾ ਪਿੰਡ ਹੈ। ਪਿੰਡ ਵੱਲੋਂ ਸਾਂਝੇ ਤੌਰ 'ਤੇ ਤੈਅ ਕੀਤਾ ਗਿਆ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਉਦੋਂ ਤੱਕ ਪਿੰਡ ਵਿਚ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਵੜਨ ਨਹੀਂ ਦਿੱਤਾ ਜਾਵੇਗਾ। ਪਿੰਡ ਨਾਈਵਾਲਾ ਵਿਚ ਵੀ ਪਿੰਡ ਵੱਲ ਆਉਣ ਵਾਲੇ ਸਾਰੇ ਰਸਤਿਆਂ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਆਗੂਆਂ ਦਾ ਦਾਖਲਾ ਬੰਦ ਕਰਨ ਦੇ ਬੈਨਰ ਲਾਏ ਗਏ ਹਨ।

ਧਨੌਲਾ ਦੇ ਪਿੰਡ ਬਦਰਾ ਦੀ ਪੰਚਾਇਤ ਤੇ ਕਿਸਾਨ ਜਥੇਬੰਦੀਆਂ ਸਣੇ ਧਾਰਮਿਕ ਸਮਾਜਿਕ ਜਥੇਬੰਦੀਆਂ ਨੇ ਸਿਆਸੀ ਆਗੂਆਂ ਦੇ ਪਿੰਡ ਵਿਚ ਵੋਟਾਂ ਮੰਗਣ ਲਈ ਆਉਣ 'ਤੇ ਪਾਬੰਦੀ ਦਾ ਮਤਾ ਪਾਸ ਕੀਤਾ ਹੈ। ਜਥੇਬੰਦੀਆਂ ਨੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਨਾਲ ਸਬੰਧਤ ਆਗੂ ਵੋਟਾਂ ਮੰਗਣ ਲਈ ਆਵੇਗਾ ਤਾਂ ਉਸ ਦਾ ਬਾਈਕਾਟ ਕੀਤਾ ਜਾਵੇਗਾ। ਮਤੇ ਮੁਤਾਬਕ ਜੇਕਰ ਪਿੰਡ ਦਾ ਕੋਈ ਵਿਅਕਤੀ ਸਿਆਸੀ ਆਗੂ ਨੂੰ ਆਪਣੇ ਘਰ ਬੁਲਾਉਂਦਾ ਹੈ ਤਾਂ ਉਸ ਦਾ ਵੀ ਮੁਕੰਮਲ ਬਾਈਕਾਟ ਕੀਤਾ ਜਾਵੇਗਾ।

ਕਾਂਗਰਸ ਦੀ ਹਲਕਾ ਬੁਢਲਾਡਾ ਤੋਂ ਇੰਚਾਰਜ ਬੀਬੀ ਰਣਜੀਤ ਕੌਰ ਭੱਟੀ ਦਾ ਜ਼ਿਲ੍ਹੇ ਦੇ ਪਿੰਡ ਰਿਉਂਦ ਕਲਾਂ ਵਿਚ ਵਿਰੋਧ ਕੀਤਾ ਗਿਆ। ਜਾਣਕਾਰੀ ਮੁਤਾਬਕ ਜਦੋਂ ਬੀਬੀ ਰਣਜੀਤ ਕੌਰ ਭੱਟੀ ਦੇਰ ਸ਼ਾਮ ਦਵਿੰਦਰ ਸਿੰਘ ਦੇ ਘਰ ਗਈ ਤਾਂ ਉਨ੍ਹਾਂ ਦਾ ਦਸਮੇਸ਼ ਸਪੋਰਟਸ ਕੱਲਬ ਦੇ ਨੌਜਵਾਨਾਂ ਤੇ ਕਿਸਾਨਾਂ ਨੇ ਜਬਰ ਦਸਤ ਵਿਰੋਧ ਕੀਤਾ।

ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਗਿੱਦੜਬਾਹਾ ਦੇ ਪਿੰਡ ਕੋਟਲੀ ਦੇ ਸਮੂਹ ਕਿਸਾਨਾਂ ਨੇ ਗੁਰੂਘਰ ਵਿਚ ਸਾਂਝੇ ਤੌਰ ਉਤੇ ਮੀਟਿੰਗ ਬੁਲਾ ਕੇ ਸਮੂਹ ਸਿਆਸੀ ਪਾਰਟੀਆਂ ਦੇ ਬਾਈਕਾਟ ਦਾ ਐਲਾਨ ਕੀਤਾ ਹੈ। ਇਸ ਸਬੰਧੀ ਕਿਸਾਨ ਆਗੂ ਸੁਖਵਿੰਦਰ ਸਿੰਘ ਕੋਟਲੀ ਅਤੇ ਹੋਰਨਾਂ ਨੇ ਦੱਸਿਆ ਕਿ ਗੁਰੂਘਰ ਵਿਚ ਕਿਰਤੀ ਕਿਸਾਨ ਯੂਨੀਅਨ, ਬੀ.ਕੇ.ਯੂ. ਸਿੱਧੂਪੁਰ ਅਤੇ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਆਗੂਆਂ ਨੇ ਫੈਸਲਾ ਲਿਆ ਕਿ ਕਿਸੇ ਵੀ ਪਾਰਟੀ ਦਾ ਸਿਆਸੀ ਆਗੂ ਪਿੰਡ ਵਿਚ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਜੇ ਚਿਤਾਵਨੀ ਦੇ ਬਾਵਜੂਦ ਕੋਈ ਸਿਆਸੀ ਆਗੂ ਆਪਣੀਆਂ ਗਤੀਵਿਧੀਆਂ ਕਰਨ ਲਈ ਪਿੰਡ ਵਿਚ ਆਉਂਦਾ ਹੈ ਤਾਂ ਉਸ ਦਾ ਭਾਰੀ ਵਿਰੋਧ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਲੌਂਗੋਵਾਲ 'ਚ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਰੱਖੇ ਗਏ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਸਾਧੂ ਸਿੰਘ ਧਰਮਸੋਤ ਅਤੇ ਵਿਜੈਇੰਦਰ ਸਿੰਗਲਾ ਨੂੰ ਸੈਂਕੜੇ ਕਿਸਾਨਾਂ ਦੇ ਜਬਰਦਸਤ ਰੋਹ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਕਾਫਲੇ ਪਿੱਛੇ ਪਏ ਸੈਂਕੜੇ ਕਿਸਾਨਾਂ ਤੋਂ ਬਚਣ ਲਈ ਗੱਡੀਆਂ ਭਜਾ ਕੇ ਉਥੋਂ ਨਿਕਲਣਾ ਪਿਆ। ਉਧਰ, ਕਿਸਾਨਾਂ ਨੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਅਕਾਲੀ ਦਲ ਦੇ ਸਮਾਗਮ ਵਿਚ ਦਾਖਲ ਹੀ ਨਹੀਂ ਹੋਣ ਦਿੱਤਾ। ਉਹ ਬੜੀ ਮੁਸ਼ਕਲ ਨਾਲ ਕਿਸਾਨਾਂ ਦੇ ਘੇਰੇ 'ਚੋਂ ਨਿਕਲੇ ਅਤੇ ਬੇਰੰਗ ਵਾਪਸ ਮੁੜਨਾ ਪਿਆ। ਵੱਡੀ ਤਾਦਾਦ 'ਚ ਇਕੱਠੇ ਹੋਏ ਕਿਸਾਨਾਂ ਵਲੋਂ ਸਿਆਸੀ ਲੀਡਰਾਂ ਦਾ ਕਾਲੇ ਝੰਡਿਆਂ ਨਾਲ ਜਬਰਦਸਤ ਵਿਰੋਧ ਕੀਤੇ ਜਾਣ ਕਾਰਨ ਦੁਪਹਿਰ ਤੱਕ ਲੌਂਗੋਵਾਲ 'ਚ ਮਾਹੌਲ ਤਣਾਅਪੂਰਨ ਬਣਿਆ ਰਿਹਾ। ਸੁਖਬੀਰ ਸਿੰਘ ਬਾਦਲ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁੱਜਣਾ ਸੀ ਪਰ ਕਿਸਾਨਾਂ ਦੇ ਵਿਰੋਧ ਕਾਰਨ ਪੈਦਾ ਹੋਏ ਤਣਾਅ ਭਰੇ ਹਾਲਾਤ ਕਾਰਨ ਉਨ੍ਹਾਂ ਲੌਂਗੋਵਾਲ ਦਾ ਆਪਣਾ ਦੌਰਾ ਰੱਦ ਕਰ ਦਿੱਤਾ।

## ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਸਾਲਾਂਬੱਧੀ ਜਾਰੀ ਰੱਖਣ ਦਾ ਅਹਿਦ ਕੀਤਾ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ਼ ਪੰਜਾਬ ਵਿਚ ਲਗਭਗ ਸਾਢੇ ਦਸ ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਨੂੰ ਕਿਸਾਨਾਂ ਨੇ ਸਾਲਾਂਬੱਧੀ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਤਿੰਨੇ ਖੇਤੀ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੋਲ ਪਲਾਜ਼ਿਆਂ, ਰੇਲਵੇ ਪਾਰਕਾਂ, ਕਾਰਪੋਰੇਟ ਘਰਾਣਿਆਂ ਅਤੇ ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਅੱਗੇ ਚੱਲ ਰਹੇ ਰੋਸ ਪ੍ਰਦਰਸ਼ਨ ਜਾਰੀ ਹਨ।



ਵੱਖ-ਵੱਖ ਥਾਵਾਂ 'ਤੇ ਲੋਕਾਂ ਨੂੰ ਨਾਟਕਾਂ ਰਾਹੀ ਅੰਦੋਲਨ ਵਿਚ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਗਿਆ। ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਛੇ ਸੌ ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਸਰਕਾਰ ਹਾਲੇ ਵੀ ਮੰਗਾਂ ਸਬੰਧੀ ਚੁੱਪ ਵੱਟੀ ਬੈਠੀ ਹੈ। ਕਿਸਾਨ ਜਥੇਬੰਦੀਆਂ ਨੇ ਸੂਬੇ 'ਚ ਗੰਨੇ ਦੇ ਘੱਟ ਮੁੱਲ ਖਿਲਾਫ਼ ਅਤੇ ਪਿਛਲੀ ਬਕਾਇਆ ਰਾਸ਼ੀ ਜਾਰੀ ਕਰਨ ਸਬੰਧੀ ਸੰਘਰਸ਼ ਤਿੱਖਾ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ 2017 ਤੋਂ ਲੈ ਕੇ ਹੁਣ ਤੱਕ ਗੰਨੇ ਦੀ ਕੀਮਤਾਂ ਵਿਚ ਵਾਧਾ ਨਹੀਂ ਕੀਤਾ ਗਿਆ। ਨਾਲ ਹੀ ਪੰਜਾਬ ਸਰਕਾਰ ਖ਼ਿਲਾਫ਼ ਗੰਨੇ ਦੀ ਫਸਲ ਦਾ ਕਰੋੜਾ ਰੁਪਇਆ ਬਕਾਇਆ ਖੜ੍ਹਾ ਹੈ, ਜਿਸ ਨੂੰ ਜਲਦੀ ਜਾਰੀ ਕੀਤਾ ਜਾਵੇ।

ਇਸ ਤੋਂ ਇਲਾਵਾ ਹਰਿਆਣਾ ਦੇ ਹਿਸਾਰ ਵਿਚ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਰਾਸ਼ਨ ਵੰਡਣ ਗਏ ਰਾਜ ਮੰਤਰੀ ਅਨੂਪ ਧਾਨਕ ਅਤੇ ਕਰਨਾਲ ਵਿਚ ਵਿਧਾਇਕ ਰਾਮ ਕੁਮਾਰ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ। ਇਸ ਦੌਰਾਨ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਆਗੂ ਸਾਰੀਆਂ ਰੋਕਾਂ ਤੋੜਦੇ ਹੋਏ ਅੱਗੇ ਵਧਦੇ ਗਏ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਸਲ ਬੀਮਾ ਯੋਜਨਾ ਦਾ ਜ਼ਿਕਰ ਕਰਦਿਆਂ ਲਾਲ ਕਿਲ੍ਹੇ 'ਤੇ ਕੌਮੀ ਝੰਡੇ ਹੇਠ ਖੜ੍ਹ ਕੇ ਝੂਠੇ ਦਾਅਵੇ ਕੀਤੇ ਹਨ। ਕਿਸਾਨ ਆਗੂ ਡਾ. ਦਰਸ਼ਨ ਪਾਲ ਤੇ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਾਲ ਹੀ ਵਿਚ ਆਪਣੇ ਆਜ਼ਾਦੀ ਦਿਹਾੜੇ ਦੇ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵੱਲ ਦੇਸ਼ ਦਾ ਧਿਆਨ ਖਿੱਚਿਆ। ਉਨ੍ਹਾਂ ਦਾਅਵਾ ਕੀਤਾ ਕਿ ਦੇਸ ਦੇ ਛੋਟੇ ਕਿਸਾਨ ਦੇਸ ਦਾ ਮਾਣ ਹਨ। ਉਸ ਸੰਦਰਭ ਵਿਚ ਉਨ੍ਹਾਂ ਦੇਸ ਵਿਚ ਛੋਟੇ ਕਿਸਾਨ ਦੀ ਸ਼ਕਤੀ ਵਧਾਉਣ ਦੇ ਯਤਨ ਵਜੋਂ ਪੀ.ਐਮ.ਐਫ.ਬੀ.ਵਾਈ. ਨੂੰ ਪ੍ਰਦਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਪੀ.ਐਮ.ਐਫ.ਬੀ.ਵਾਈ. ਦੀ ਅਸਲੀਅਤ ਵੱਖਰੀ ਹੈ। ਇਹ ਵੀ ਐਮ.ਐਸ.ਪੀ. ਦੀ ਕਹਾਣੀ ਵਾਂਗ ਝੂਠੀ ਹੈ।

ਇਸ ਦੌਰਾਨ ਦਿੱਲੀ ਦੀ ਟਿਕਰੀ ਹੱਦ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪਟਿਆਲਾ ਜ਼ਿਲ੍ਹੇ ਦੇ ਪ੍ਰਧਾਨ ਮਨਜੀਤ ਸਿੰਘ ਨਿਆਲ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਮੌਕੇ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਜਾਣਦਿਆਂ ਵੀ ਸਾਮਰਾਜੀ ਨੀਤੀਆਂ ਲਾਗੂ ਕਰਨ 'ਤੇ ਅੜੀ ਹੋਈ ਹੈ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

33-36



YOU TAKE CARE OF THE BUSINESS.
I'LL TAKE CARE OF THE FINANCING.





When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

- BUSINESS GROWTH
- NEW PRODUCT LAUNCHES
- SEASONAL SLUMPS
- START UP BUSINESSES

Liquid Capital FINANCING SUCCESS

Dr. Amul Purohit
Tel: (530) 750-2585
www.apurohit.liquidcapitalcorp.com

# ਹੁਣ ਕੈਪਟਨ ਸਰਕਾਰ ਖਿਲਾਫ ਭਖਿਆ ਕਿਸਾਨਾਂ ਦਾ ਰੋਹ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕੇਂਦਰ ਸਰਕਾਰ ਦੀ ਘੇਰੇਬੰਦੀ ਤੋਂ ਬਾਅਦ ਹੁਣ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਹਲੂਣਨਾ ਸ਼ੁਰੂ ਕਰ ਦਿੱਤਾ ਹੈ। ਗੰਨੇ ਦੇ ਭਾਅ ਵਧਾਉਣ ਤੇ ਬਕਾਇਆ ਰਾਸ਼ੀ ਜਾਰੀ ਕਰਵਾਉਣ ਲਈ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਘੇਰ ਲਿਆ ਹੈ।

ਕਿਸਾਨਾਂ ਨੇ ਕੌਮੀ ਮਾਰਗ ਜਾਮ ਕਰ ਦਿੱਤੇ। ਇਥੋਂ ਤੱਕ ਕਿ ਪੰਜਾਬ ਆਉਂਦੀਆਂ ਰੇਲਾਂ ਦਾ ਵੀ ਰਾਹ ਰੋਕ ਦਿੱਤਾ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਸਰਕਾਰ ਗੰਨੇ ਦੇ ਭਾਅ ਵਿਚ ਵਾਧਾ ਨਹੀਂ ਕਰਦੀ ਤੇ ਪਿਛਲੇ 200 ਕਰੋੜ ਰੁਪਏ ਦੇ ਬਕਾਏ ਦਾ ਭੁਗਤਾਨ ਨਹੀਂ ਕਰਦੀ, ਉਦੋਂ ਤੱਕ ਦਿਨ-ਰਾਤ ਦਾ ਧਰਨੇ ਜਾਰੀ ਰਹਿਣਗੇ।



ਪੰਜਾਬ ਵਿਚ ਅਜਿਹਾ ਮਾਹੌਲ ਤਕਰੀਬਨ 10 ਮਹੀਨੇ ਪਹਿਲਾਂ ਸੀ ਜਦੋਂ ਖੇਤੀ ਕਾਨੂੰਨ ਸੰਸਦ ਵਿਚ ਪਾਸ ਕੀਤੇ ਗਏ ਸਨ। ਉਸ ਸਮੇਂ ਕਿਸਾਨਾਂ ਨੇ ਰੇਲਾਂ ਰੋਕਣ ਸਣੇ ਥਾਂ-ਥਾਂ ਧਰਨੇ ਲਾਏ ਹੋਏ ਸਨ ਪਰ ਬਾਅਦ ਵਿਚ ਸੰਘਰਸ਼ ਦਾ ਇਹ ਰੁਖ ਦਿੱਲੀ ਵੱਲ ਹੋ ਗਿਆ ਤੇ ਪੰਜਾਬ ਸਰਕਾਰ ਨੇ ਸੁਖ ਦਾ ਸਾਹ ਲਿਆ।

ਕਿਸਾਨਾਂ ਵੱਲੋਂ ਕੌਮੀ ਮਾਰਗ 'ਤੇ ਲਾਏ ਧਰਨੇ 'ਚ ਕਿਸਾਨ ਤੇ ਮਜ਼ਦੂਰ ਵੱਡੀ ਗਿਣਤੀ ਵਿਚ ਹਾਜ਼ਰੀ ਭਰ ਰਹੇ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕੈਪਟਨ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿਚ ਗੰਨੇ ਦੀਆਂ ਕੀਮਤਾਂ ਵਿਚ ਕੋਈ ਵਾਧਾ ਨਹੀਂ ਕੀਤਾ। ਉਨ੍ਹਾਂ ਮੰਗ ਹੈ ਕਿ ਗੰਨੇ ਦਾ ਭਾਅ 400 ਰੁਪਏ ਕੁਇੰਟਲ ਕੀਤਾ ਜਾਵੇ ਤੇ ਜਿਹੜਾ 200 ਕਰੋੜ ਦਾ ਬਕਾਇਆ ਹੈ, ਜਾਰੀ ਕੀਤਾ ਜਾਵੇ।

ਦੱਸ ਦਈਏ ਕਿ ਪੰਜਾਬ ਸਰਕਾਰ ਨੇ ਤਿੰਨ ਸਾਲਾਂ ਮਗਰੋਂ ਗੰਨੇ ਦੇ ਭਾਅ 'ਚ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਦੇ ਨਵੇਂ ਫੈਸਲੇ ਨਾਲ ਅਗੇਤੀ ਕਿਸਮ ਦੇ ਗੰਨੇ ਦੀ ਕੀਮਤ 310 ਰੁਪਏ ਤੋਂ ਵਧ ਕੇ 325 ਰੁਪਏ, ਦਰਮਿਆਨੀ ਕਿਸਮ 300 ਤੋਂ ਵਧ ਕੇ 315 ਰੁਪਏ ਅਤੇ ਪਿਛੇਤੀ ਕਿਸਮ 295 ਰੁਪਏ ਤੋਂ ਵੱਧ ਕੇ 310 ਰੁਪਏ ਹੋ ਗਈ ਹੈ। ਕੈਪਟਨ ਸਰਕਾਰ ਨੇ ਇਸ ਤੋਂ ਪਹਿਲਾਂ ਸਾਲ 2017 ਵਿਚ ਗੰਨੇ ਦੇ ਭਾਅ 'ਚ ਸਿਰਫ 10 ਰੁਪਏ ਦਾ ਵਾਧਾ ਕੀਤਾ ਸੀ। ਉਦੋਂ ਵੀ ਕਿਸਾਨ ਧਿਰਾਂ ਵੱਲੋਂ ਵਿਧਾਨ ਸਭਾ ਦਾ ਘਿਰਾਓ ਕਰਨ ਲਈ ਚਾਲੇ ਪਾਏ ਗਏ ਸਨ। ਉਧਰ, ਹਰਿਆਣਾ ਨੇ ਐਤਕੀਂ ਗੰਨੇ ਦੇ ਭਾਅ ਵਿਚ ਅੱਠ ਰੁਪਏ ਦਾ ਵਾਧਾ ਕੀਤਾ ਹੈ। ਹਰਿਆਣਾ ਵਿਚ ਗੰਨੇ ਦਾ ਭਾਅ ਹੁਣ ਵਧ ਕੇ 358 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ ਜੋ ਪੰਜਾਬ ਨਾਲੋਂ ਕਰੀਬ ਹਾਲੇ ਵੀ 30 ਤੋਂ 35 ਰੁਪਏ ਵੱਧ ਹੈ।

ਦੱਸ ਦਈਏ ਕਿ ਹਰ ਸਾਲ ਗੰਨੇ ਦੀ ਕੀਮਤ ਅਤੇ ਮਿੱਲਾਂ ਵੱਲੋਂ ਬਕਾਏ ਦੀ ਅਦਾਇਗੀ ਸਮੇਂ ਸਿਰ ਨਾ ਹੋਣ ਦਾ ਮੁੱਦਾ ਵਿਵਾਦਾਂ ਵਿਚ ਰਹਿੰਦਾ ਹੈ। ਸਮੇਂ ਸਿਰ ਗੰਨੇ ਦੀ ਕੀਮਤ ਦੀ ਅਦਾਇਗੀ ਨਾ ਹੋਣ ਅਤੇ ਹੋਰਾਂ ਕਾਰਨਾਂ ਕਰ ਕੇ ਗੰਨੇ ਹੇਠ ਰਕਬਾ ਲਗਾਤਾਰ ਘਟ ਰਿਹਾ ਹੈ ਅਤੇ ਸਹਿਕਾਰੀ ਖੇਤਰ ਦੀਆਂ ਕਈ ਗੰਨਾ ਮਿੱਲਾਂ ਬੰਦ ਹੋ ਚੁੱਕੀਆਂ ਹਨ। ਲੰਘੇ ਸਾਲ 1 ਲੱਖ ਹੈਕਟੇਅਰ ਦੇ ਕਰੀਬ ਰਕਬੇ ਵਿਚ ਗੰਨਾ ਬੀਜਿਆ ਗਿਆ ਸੀ। ਇਸ ਸਾਲ ਖੇਤੀ ਵਿਭਾਗ ਦਾ ਅਨੁਮਾਨ ਇਸ ਰਕਬੇ ਨੂੰ ਵਧਾ ਕੇ 1.30 ਲੱਖ ਹੈਕਟੇਅਰ ਤੱਕ ਪਹੁੰਚਾਉਣ ਦਾ ਹੈ ਪਰ ਇਸ ਵਾਰ ਵੀ ਅਜੇ ਤੱਕ ਗੰਨਾ ਕਿਸਾਨਾਂ ਦਾ 160 ਕਰੋੜ ਰੁਪਿਆ ਬਕਾਇਆ ਹੈ। ਇਸ ਵਿਚ 54 ਕਰੋੜ ਸਹਿਕਾਰੀ ਅਤੇ 106 ਕਰੋੜ ਪ੍ਰਾਈਵੇਟ ਮਿੱਲਾਂ ਦਾ ਹੈ।

ਸ਼ੂਗਰਕੇਨ ਕੰਟਰੋਲ ਆਰਡਰ-1966 ਅਨੁਸਾਰ ਜੇਕਰ ਗੰਨੇ ਦੀ ਅਦਾਇਗੀ 14 ਦਿਨਾਂ ਦੇ ਅੰਦਰ ਨਹੀਂ ਹੁੰਦੀ ਤਾਂ ਸਬੰਧਤ ਮਿੱਲ ਨੂੰ 15 ਫੀਸਦੀ ਵਿਆਜ ਦੇਣਾ ਪੈਂਦਾ ਹੈ। ਇਹ ਨੋਟੀਫਿਕੇਸ਼ਨ ਕਾਗ਼ਜ਼ਾਂ ਤੱਕ ਹੀ ਸੀਮਤ ਹੈ। ਕੇਂਦਰ ਸਰਕਾਰ ਨੇ ਪਿਛਲੇ ਸਾਲ ਗੰਨੇ ਦਾ ਭਾਅ 285 ਰੁਪਏ ਫੀ ਕੁਇੰਟਲ ਐਲਾਨਿਆ ਸੀ। ਪੰਜਾਬ ਸਰਕਾਰ ਨੇ 2017-18 ਤੋਂ ਗੰਨੇ ਦਾ ਭਾਅ ਨਹੀਂ ਵਧਾਇਆ।

ਕਿਸਾਨਾਂ ਨੂੰ ਅਗੇਤੀ ਫਸਲ ਦਾ 310 ਰੁਪਏ ਅਤੇ ਪਛੇਤੀ ਦਾ 300 ਰੁਪਏ ਫੀ ਕੁਇੰਟਲ ਮਿਲਦਾ ਹੈ। ਪੰਜਾਬ ਵਿਚ ਦਿੱਤੀ ਜਾ ਰਹੀ ਕੀਮਤ ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼ ਆਦਿ ਰਾਜਾਂ ਤੋਂ ਘੱਟ ਹੈ। ਹਰਿਆਣਾ ਸਰਕਾਰ ਨੇ ਸਾਲ 2021-22 ਲਈ ਅਗੇਤੀ ਫਸਲ ਦਾ ਭਾਅ 350 ਰੁਪਏ ਅਤੇ ਪਛੇਤੀ ਦਾ 340 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੈ। ਉੱਤਰਾਖੰਡ ਵਿਚ ਪਿਛਲੇ ਸਾਲ ਇਹ ਭਾਅ ਕ੍ਰਮਵਾਰ 327 ਅਤੇ 317 ਰੁਪਏ ਸਨ ਅਤੇ ਉੱਤਰ ਪ੍ਰਦੇਸ਼ ਵਿਚ 325 ਅਤੇ 315 ਰੁਪਏ।

## ਗੰਨੇ ਦੇ ਬਕਾਏ ਨੂੰ ਲੈ ਕੇ ਭਾਜਪਾ ਵੱਲੋਂ ਕਿਸਾਨਾਂ ਦਾ ਸਮਰਥਨ

**ਅੰਮ੍ਰਿਤਸਰ:** ਭਾਜਪਾ ਪੰਜਾਬ ਨੇ ਸੂਬਾ ਕਾਂਗਰਸ ਸਰਕਾਰ ਵੱਲੋਂ ਕਿਸਾਨਾਂ ਦੇ ਗੰਨੇ ਦੇ ਬਕਾਇਆ ਜਾਰੀ ਨਾ ਕੀਤੇ ਜਾਣ ਦੇ ਵਿਰੋਧ 'ਚ ਕਿਸਾਨਾਂ ਵੱਲੋਂ ਜਲੰਧਰ-ਦਿੱਲੀ ਕੌਮੀ ਸੜਕ ਮਾਰਗ ਅਤੇ ਰੇਲ ਮਾਰਗ ਨੂੰ ਜਾਮ ਕੀਤੇ ਜਾਣ ਦਾ ਸਮਰਥਨ ਕੀਤਾ ਹੈ। ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਗੰਨੇ ਦੀਆਂ ਕੀਮਤਾਂ 'ਚ ਭਾਰੀ ਕਮੀ, ਗੰਨਾ ਉਤਪਾਦਕਾਂ ਦਾ ਬਕਾਇਆ ਅਦਾ ਨਾ ਕਰਨ 'ਤੇ ਪੰਜਾਬ ਸਰਕਾਰ ਦੀ ਨੁਕਤਾਚੀਨੀ ਕਰਦੇ ਹੋਏ ਕਿਹਾ ਕਿ ਇਹ ਕਾਂਗਰਸ ਸਰਕਾਰ ਦੀ ਕਿਸਾਨਾਂ ਪ੍ਰਤੀ ਮਾੜੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਕਿਸਾਨਾਂ ਵੱਲੋਂ ਜਲੰਧਰ-ਦਿੱਲੀ ਕੌਮੀ ਮਾਰਗ ਤੇ ਰੇਲ ਮਾਰਗ 'ਤੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

## ਗੰਨੇ ਦਾ ਭਾਅ 380 ਰੁਪਏ ਕੁਇੰਟਲ ਮਿਲੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਰੋਸ ਪ੍ਰਦਰਸ਼ਨ ਕਰ ਰਹੇ ਗੰਨਾ ਉਤਪਾਦਕ ਕਿਸਾਨਾਂ ਨਾਲ ਇਕਜੁਟਤਾ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਕਾਂਗਰਸ ਸਰਕਾਰ ਗੰਨੇ ਦਾ ਸਰਕਾਰੀ ਖਰੀਦ ਭਾਅ ਵਧਾ ਕੇ 380 ਰੁਪਏ ਪ੍ਰਤੀ ਕੁਇੰਟਲ ਕਰੇ। ਉਨ੍ਹਾਂ ਗੰਨਾ ਉਤਪਾਦਕਾਂ ਦੀ ਬਕਾਇਆ ਰਾਸ਼ੀ ਤੁਰਤ ਜਾਰੀ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ ਗੰਨਾ ਉਤਪਾਦਕਾਂ ਦੇ ਬਕਾਏ ਵਿਆਜ ਸਮੇਤ ਅਦਾ ਕੀਤੇ ਜਾਣ।

# ਕਿਸਾਨਾਂ ਦੇ ਤਿੱਖੇ ਸਵਾਲਾਂ ਅੱਗੇ ਲਾਜਵਾਬ ਹੋਏ ਸੁਖਬੀਰ

**ਗੁਰੂਹਰਸਹਾਏ:** ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਗੁਰੂਹਰਸਹਾਏ 'ਚ ਰੱਖੇ ਪ੍ਰੋਗਰਾਮਾਂ ਬਾਰੇ ਪਤਾ ਲੱਗਣ ਉਤੇ ਕਿਸਾਨ ਜਥੇਬੰਦੀਆਂ ਵਿਰੋਧ ਕਰਨ ਲਈ ਗੁਰੂਹਰਸਹਾਏ ਦੇ ਇਕ ਨਿੱਜੀ ਰਿਜ਼ੋਰਟ 'ਚ ਰੱਖੇ ਪ੍ਰੋਗਰਾਮ 'ਚ ਪਹੁੰਚ ਗਈਆਂ, ਪਰ ਇਸ ਦੀ ਭਿਣਕ ਲੱਗਦਿਆਂ ਹੀ ਅਕਾਲੀ ਵਰਕਰਾਂ ਵੱਲੋਂ ਸੁਖਬੀਰ ਨਾਲ ਉਨ੍ਹਾਂ ਦੀ ਗੱਲਬਾਤ ਕਰਵਾਈ, ਜਿਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕਿਸਾਨ ਆਗੂ ਵੱਲੋਂ ਸੁਖਬੀਰ ਨੂੰ ਕਈ ਤਿੱਖੇ ਸਵਾਲ ਪੁੱਛੇ ਗਏ, ਜਿਸ ਦਾ ਕੋਈ ਢੁਕਵਾਂ ਜਵਾਬ ਨਹੀਂ ਦੇ ਸਕੇ ਤੇ ਸਵਾਲਾਂ 'ਚ ਘਿਰੇ ਪਸੀਨੋ-ਪਸੀਨੀ ਹੁੰਦੇ ਦਿਖਾਈ ਦਿੱਤੇ।

ਕਿਸਾਨ ਜਥੇਬੰਦੀਆਂ ਨੇ ਸੁਖਬੀਰ ਕੋਲੋਂ ਪੁੱਛਿਆ ਕਿ ਜੇਕਰ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਕੀ ਉਹ ਰਿਸ਼ਵਤ ਨੂੰ ਖਤਮ ਕਰਨਗੇ, ਜੋ ਕਿ ਉਨ੍ਹਾਂ ਦੀ ਪਿਛਲੀ ਸਰਕਾਰ ਵੇਲੇ ਵੱਡੇ ਪੱਧਰ 'ਤੇ ਚੱਲਦੀ ਆ ਰਹੀ ਹੈ ਅਤੇ ਜੋ ਉਨ੍ਹਾਂ ਵੱਲੋਂ ਉਸ ਵਕਤ ਪ੍ਰਾਈਵੇਟ ਬਿਜਲੀ ਸਮਝੌਤੇ ਹੋਏ ਸਨ, ਕੀ ਉਹ ਰੱਦ ਕਰਨਗੇ। ਇਨ੍ਹਾਂ ਸੁਆਲਾਂ ਦੇ ਜੁਆਬ 'ਚ ਉਨ੍ਹਾਂ ਕਿਹਾ ਕਿ ਰਿਸ਼ਵਤਖੋਰੀ ਨੂੰ ਤਾਂ ਹੀ ਠੱਲ੍ਹ ਪੈ ਸਕਦੀ ਹੈ, ਜੇਕਰ ਸਾਰਾ ਸਿਸਟਮ ਕੰਪਿਊਟਰਾਈਜ ਹੋ ਜਾਵੇ, ਜੋ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਕੀਤਾ ਜਾਵੇਗਾ। ਉਹ ਪ੍ਰਾਈਵੇਟ ਬਿਜਲੀ ਸਮਝੌਤੇ ਸਬੰਧੀ ਵੀ ਕੋਈ ਢੁਕਵਾਂ ਜੁਆਬ ਨਹੀਂ ਦੇ ਸਕੇ। ਕਿਸਾਨਾਂ ਨੇ ਕਿਹਾ ਕਿ ਜਦੋਂ ਤਿੰਨ ਕਾਲੇ ਖੇਤੀ ਬਿੱਲ ਪਾਸ ਹੋਏ, ਉਸ ਵਕਤ ਤੁਹਾਡੀ ਭਾਜਪਾ ਨਾਲ ਭਾਈਵਾਲੀ ਸੀ ਅਤੇ ਪਾਰਟੀ ਦੇ ਲੋਕ ਸਭਾ ਮੈਂਬਰ ਕੇਂਦਰ ਵਿਚ ਮੰਤਰੀ ਸਨ। ਸੁਖਬੀਰ ਨੇ ਕਿਹਾ ਕਿ ਹਰਸਿਮਰਤ ਕੌਰ ਨੇ ਜਦੋਂ ਕਿਸਾਨ ਮਾਰੂ ਖੇਤੀ ਬਿੱਲ ਪਾਸ ਹੋਏ, ਉਸੇ ਵਕਤ ਹੀ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।




ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961
31-34



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568






Gurdip Singh Sandhu
Email:
Homeomedicine@yahoo.com



Low Interest Rates in History
No Cost Refinancing Available!
Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!


Madan Khatri
NMLS # 1980752
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਕਿਸਤਾਨ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਆਉਣ ਦੀ ਪ੍ਰਵਾਨਗੀ

**ਇਸਲਾਮਾਬਾਦ:** ਪਾਕਿਸਤਾਨ ਨੇ 22 ਸਤੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ 482ਵੇਂ ਪੁਰਬ ਮੌਕੇ ਮੁਕੰਮਲ ਕਰੋਨਾ ਟੀਕਾਕਰਨ ਕਰਵਾ ਚੁੱਕੀ ਸਿੱਖ ਸੰਗਤ ਨੂੰ ਸਖਤ ਕਰੋਨਾ ਨਿਯਮਾਂ ਤਹਿਤ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਆਉਣ ਦੀ ਪ੍ਰਵਾਨਗੀ ਦੇਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਇੱਥੇ 20 ਸਤੰਬਰ ਤੋਂ ਤਿੰਨ ਰੋਜ਼ਾ ਧਾਰਮਿਕ ਸਮਾਗਮ ਸ਼ੁਰੂ ਹੋਣਗੇ। ਜ਼ਿਕਰਯੋਗ ਹੈ ਕਿ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਮਾਰਚ 2020 'ਚ ਕਰਤਾਰ ਸਾਹਿਬ ਗੁਰਦੁਆਰੇ ਦੀ ਯਾਤਰਾ ਬੰਦ ਕਰ ਦਿੱਤੀ ਗਈ ਸੀ।

ਮੀਡੀਆ ਰਿਪੋਰਟਾਂ 'ਚ ਦੱਸਿਆ ਗਿਆ ਹੈ ਕਿ ਸਿੱਖ ਸ਼ਰਧਾਲੂਆਂ ਨੂੰ ਯਾਤਰਾ ਦੀ ਇਜਾਜ਼ਤ ਦੇਣ ਦਾ ਫੈਸਲਾ ਨੈਸ਼ਨਲ ਕਮਾਂਡ ਅਤੇ ਅਪਰੇਸ਼ਨ ਸੈਂਟਰ (ਐਨ.ਸੀ.ਓ.ਸੀ.) ਵੱਲੋਂ ਲਿਆ ਗਿਆ ਹੈ। 'ਡਾਅਨ' ਅਖਬਾਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਨ.ਸੀ.ਓ.ਸੀ. ਦੀ ਮੀਟਿੰਗ ਵਿਚ ਸਿੱਖ ਸ਼ਰਧਾਲੂਆਂ ਨੂੰ ਸਖਤ ਕਰੋਨਾ ਨਿਯਮਾਂ ਤਹਿਤ ਅਗਲੇ ਮਹੀਨੇ ਕਰਤਾਰਪੁਰ ਦੀ ਯਾਤਰਾ ਲਈ ਪ੍ਰਵਾਨਗੀ ਦੇਣ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਰੋਨਾ ਦੀ ਡੈਲਟਾ ਕਿਸਮ ਕਾਰਨ ਪਾਕਿਸਤਾਨ ਨੇ ਭਾਰਤ ਨੂੰ 22 ਮਈ ਤੋਂ 12 ਅਗਸਤ ਤੱਕ 'ਸੀ' ਸ਼੍ਰੇਣੀ ਵਿਚ ਰੱਖਿਆ ਹੋਇਆ ਸੀ ਅਤੇ ਸਿੱਖ ਸ਼ਰਧਾਲੂਆਂ ਸਣੇ ਦੇਸ਼ ਤੋਂ ਆਉਣ ਵਾਲੇ ਲੋਕਾਂ ਲਈ ਵਿਸ਼ੇਸ਼ ਮਨਜ਼ੂਰੀ ਦੀ ਲੋੜ ਸੀ।

## ਭਾਰਤ ਸਰਕਾਰ ਤੋਂ ਲਾਂਘਾ ਜਲਦੀ ਖੋਲ੍ਹਣ ਦੀ ਮੰਗ

ਗੁਰਦੁਆਰਾ ਸ੍ਰੀ ਕਰਤਾਰਪੁਰ ਦੇ ਦਰਸ਼ਨਾਂ ਲਈ ਪਾਕਿਸਤਾਨ ਸਰਕਾਰ ਵੱਲੋਂ ਸੰਗਤ ਨੂੰ ਇਜਾਜ਼ਤ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵੀ ਇਹ ਲਾਂਘਾ ਮੁੜ ਸ਼ੁਰੂ ਕਰਨ ਦੀ ਪ੍ਰਵਾਨਗੀ ਦੇਵੇ। ਉਨ੍ਹਾਂ ਕਿਹਾ ਕਿ ਇਹ ਲਾਂਘਾ ਤੁਰਤ ਖੋਲ੍ਹਣਾ ਚਾਹੀਦਾ ਹੈ ਅਤੇ ਖਾਸ ਕਰਕੇ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਦਿਹਾੜੇ ਤੋਂ ਪਹਿਲਾਂ ਇਸ ਸਬੰਧੀ ਫੈਸਲਾ ਲਿਆ ਜਾਵੇ। ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅਫ਼ਗਾਨਿਸਤਾਨ ਵਿਚ ਮੌਜੂਦਾ ਹਾਲਾਤ ਕਾਰਨ ਭੈਅ-ਭੀਤ ਸਿੱਖਾਂ ਨੂੰ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

# ਕੋਟਕਪੂਰਾ ਕਾਂਡ: ਕੁੰਵਰ ਵਿਜੈ ਪ੍ਰਤਾਪ ਵੱਲੋਂ ਹਾਈ ਕੋਰਟ ਦੇ ਫੈਸਲੇ ਖਿਲਾਫ ਅਪੀਲ ਦਾਇਰ

**ਫ਼ਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰਨ ਵਾਲੇ ਪੰਜਾਬ ਦੇ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਕੋਲ ਅਪੀਲ ਦਾਇਰ ਕਰ ਕੇ ਅਦਾਲਤ ਦੇ 9 ਅਪਰੈਲ, 2021 ਨੂੰ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰੱਦ ਕਰਨ ਵਾਲੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ।

ਦੱਸਣਯੋਗ ਹੈ ਕਿ 9 ਅਪਰੈਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਨੂੰ ਪੱਖਪਾਤੀ ਅਤੇ ਬਦਲਾ ਲਊ ਕਾਰਵਾਈ ਦੱਸਦਿਆਂ ਰੱਦ ਕਰ ਦਿੱਤਾ ਸੀ ਅਤੇ ਆਪਣੇ ਫੈਸਲੇ ਵਿਚ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਗੰਭੀਰ ਟਿੱਪਣੀਆਂ ਕੀਤੀਆਂ ਸਨ। ਸਾਬਕਾ ਆਈ.ਜੀ. ਨੇ ਆਪਣੇ ਵਕੀਲ ਏ.ਪੀ.ਐੱਸ. ਸ਼ੇਰਗਿੱਲ ਰਾਹੀਂ ਅਪੀਲ ਦਾਇਰ ਕਰ ਕੇ ਦਾਅਵਾ ਕੀਤਾ ਹੈ ਕਿ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਰੱਦ ਕਰਨ ਦਾ ਫੈਸਲਾ ਗੈਰ-ਸੰਵਿਧਾਨਕ ਹੈ ਅਤੇ ਹਾਈ ਕੋਰਟ ਦੀਆਂ ਟਿੱਪਣੀਆਂ ਵੀ ਗ਼ੈਰਵਾਜਬ ਹਨ। ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਅਪੀਲ ਵਿਚ ਦਾਅਵਾ ਕੀਤਾ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੀ ਰਿਪੋਰਟ ਪੂਰੀ ਤਰ੍ਹਾਂ ਨਿਰਪੱਖ ਸੀ ਅਤੇ ਮੁਲਜ਼ਮਾਂ ਖਿਲਾਫ਼ ਤੱਥਾਂ ਦੇ ਆਧਾਰ 'ਤੇ ਚਲਾਨ ਪੇਸ਼ ਕੀਤੇ ਗਏ ਸਨ ਪਰ ਹਾਈ ਕੋਰਟ ਨੇ ਸੁਣਵਾਈ ਦੌਰਾਨ ਜਾਂਚ ਟੀਮ ਦੇ ਪੱਖ ਨੂੰ ਕੋਈ ਤਵੱਜੋ ਨਹੀਂ ਦਿੱਤੀ। ਹਾਈ ਕੋਰਟ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਪੀਲ ਨੂੰ ਸੁਣਵਾਈ ਲਈ ਸਵੀਕਾਰ ਕਰਦਿਆਂ ਇਸ ਮਾਮਲੇ ਵਿਚ ਵਿਰੋਧੀ ਧਿਰ ਨੂੰ 7 ਦਸੰਬਰ ਲਈ ਨੋਟਿਸ ਜਾਰੀ ਕੀਤਾ ਹੈ।

# ਕੈਪਟਨ ਖਿਲਾਫ ਫਿਰ ਬਗਾਵਤ

*(ਸਫਾ ਇਕ ਦੀ ਬਾਕੀ)*

ਪਵੇਗਾ।

ਪੰਜਾਬ ਦੀਆਂ ਸਿਆਸੀ ਧਿਰਾਂ ਵਾਸਤੇ 2022 ਦੀਆਂ ਚੋਣਾਂ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ। ਕਿਸਾਨ ਅੰਦੋਲਨ ਨੇ ਰਵਾਇਤੀ ਧਿਰਾਂ ਨੂੰ ਫੜ੍ਹਨੇ ਪਾਇਆ ਹੋਇਆ ਹੈ। ਪਿੰਡਾਂ 'ਚ 'ਨੋ ਐਂਟਰੀ' ਦੇ ਧੜਾ ਧੜ ਪੋਸਟਰ ਲੱਗ ਰਹੇ ਹਨ। ਸਿਆਸੀ ਆਗੂਆਂ ਦਾ ਪਿੰਡਾਂ ਵਿਚ ਵੜਨਾ ਮੁਸ਼ਕਿਲ ਹੋਇਆ ਪਿਆ ਹੈ। ਪੰਜਾਬ ਵਿਚੋਂ ਸ਼ੁਰੂ ਹੋ ਕੇ ਦੇਸ਼ਵਿਆਪੀ ਬਣੇ ਕਿਸਾਨ ਅੰਦੋਲਨ ਦੇ ਸਿਆਸੀ ਅਸਰ ਦਾ ਪ੍ਰਭਾਵ ਇਸੇ ਤੋਂ ਦੇਖਿਆ ਜਾ ਸਕਦਾ ਹੈ ਕਿ ਇਸ ਕਾਰਨ ਅਕਾਲੀ-ਭਾਜਪਾ ਵਿਚਲੇ ਲੰਮੇ ਸਮੇਂ ਦੀ ਸਾਂਝ ਟੁੱਟ ਗਈ। ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਤੇ ਭਾਜਪਾ ਦੇ ਬਾਗੀਆਂ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਅਕਾਲੀ ਦਲ ਆਪਣੇ ਆਪ ਨੂੰ ਪੰਜਾਬ ਦੇ ਸਭ ਵਰਗਾਂ ਦੀ ਸ਼ਮੂਲੀਅਤ ਵਾਲੀ ਪਾਰਟੀ ਵਜੋਂ ਉਭਾਰਨਾ ਚਾਹੁੰਦਾ ਹੈ। ਭਾਜਪਾ ਪੰਜਾਬ ਦੀ ਸਿਆਸਤ 'ਚ ਹਾਸ਼ੀਏ ਉਤੇ ਹੈ।

ਆਮ ਆਦਮੀ ਪਾਰਟੀ ਪਹਿਲਾਂ ਦੀ ਤਰ੍ਹਾਂ ਹੋਰਾਂ ਪਾਰਟੀਆਂ ਵਿਚਲੇ ਨਾਰਾਜ਼ ਆਗੂਆਂ ਨੂੰ ਸ਼ਾਮਲ ਕਰਕੇ ਆਪਣਾ ਆਕਾਰ ਤੇ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੁੱਦਿਆਂ ਦੀ ਸਿਆਸਤ ਫਿਲਹਾਲ ਗਾਇਬ ਹੈ। ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਇਹ ਖਿਆਲ ਵੀ ਉਭਰ ਰਿਹਾ ਹੈ ਕਿ ਜੇਕਰ ਕਿਸਾਨ ਅੰਦੋਲਨ ਵਿਚੋਂ ਕੋਈ ਨਵੀਂ ਧਿਰ ਸਾਹਮਣੇ ਆ ਜਾਵੇ ਤਾਂ ਸਿਆਸਤ ਦਾ ਰੰਗ ਬਦਲ ਸਕਦਾ ਹੈ। ਕਿਸਾਨ ਅੰਦੋਲਨ ਵੱਲੋਂ ਭਾਜਪਾ ਆਗੂਆਂ ਦਾ ਘਿਰਾਓ ਤੇ ਦੂਸਰੀਆਂ ਪਾਰਟੀਆਂ ਦੇ ਆਗੂਆਂ ਤੋਂ ਸਵਾਲ ਪੁੱਛਣ ਦਾ ਸੱਦਾ ਪਿੰਡਾਂ ਵਿਚ ਭਖਿਆ ਹੋਇਆ ਹੈ। ਕਾਂਗਰਸ ਸਾਹਮਣੇ 18 ਨੁਕਾਤੀ ਪ੍ਰੋਗਰਾਮ ਉਤੇ ਅਮਲ ਕਰਨ ਅਤੇ ਲੋਕਾਂ ਨੂੰ ਸਹਿਮਤ ਕਰਵਾਉਣ ਦੀ ਚੁਣੌਤੀ ਹੈ। ਕਾਂਗਰਸ ਦਾ ਬਾਗੀ ਧੜਾ ਵੀ ਇਹੀ ਮੁੱਦਾ ਚੁੱਕ ਰਿਹਾ ਹੈ ਕਿ ਲੋਕਾਂ ਦਾ ਗੁੱਸਾ ਕੈਪਟਨ ਖਿਲਾਫ ਹੈ, ਨਾ ਕਿ ਪਾਰਟੀ ਖਿਲਾਫ।

ਇਸ ਲਈ ਕੈਪਟਨ ਦੀ ਛੁੱਟੀ ਕਿਤੇ ਬਿਨਾ ਗੱਲ ਨਹੀਂ ਬਣਨੀ। ਬਾਗੀ ਧੜਾ, ਹਾਈਕਮਾਨ ਨੂੰ ਇਹ ਗੱਲ ਜਚਾਉਣ ਵਿਚ ਸਫਲ ਵੀ ਰਿਹਾ ਹੈ। ਸਿੱਧੂ ਨੂੰ ਪ੍ਰਧਾਨਗੀ ਦੀ ਕੁਰਸੀ ਵੀ ਅਜਿਹੀਆਂ ਕੋਸ਼ਿਸ਼ਾਂ ਦਾ ਹੀ ਹਿੱਸਾ। ਪ੍ਰਧਾਨਗੀ ਦੀ ਕੁਰਸੀ ਮਿਲਦੇ ਹੀ ਸਿੱਧੂ ਵੱਲੋਂ ਕੈਪਟਨ ਨਾਲ ਮਿਲ ਕੇ ਚੱਲਣ ਦੀ ਥਾਂ ਵਿਧਾਇਕ ਤੇ ਮੰਤਰੀਆਂ ਦਾ ਇਕੱਠ ਕਰਕੇ ਆਪਣੀ ਤਾਕਤ ਵਿਖਾਉਣ, ਆਪਣੇ ਹਮਾਇਤੀਆਂ ਨੂੰ ਅਹੁਦੇਦਾਰੀਆਂ ਵੰਡਣ ਤੋਂ ਵੀ ਇਹੀ ਸੰਕੇਤ ਮਿਲ ਰਹੇ ਹਨ ਕਿ ਕੈਪਟਨ ਦੀ ਹੋਣੀ ਤੈਅ ਕਰਨ ਦੀ ਤਿਆਰੀ ਜ਼ੋਰਾਂ ਉਤੇ ਹੈ।

# ਭਾਰਤ ਸਣੇ ਚਾਰ ਮੁਲਕਾਂ 'ਚ ਵਾਤਾਵਰਨ ਸੰਕਟ ਤੋਂ ਬੱਚਿਆਂ ਨੂੰ ਵੱਧ ਖਤਰਾ

**ਨਵੀਂ ਦਿੱਲੀ:** ਯੂਨੀਸੈੱਫ ਦੀ ਇਕ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੱਖਣੀ ਏਸ਼ੀਆ ਦੇ ਚਾਰ ਦੇਸ਼ਾਂ 'ਚ ਭਾਰਤ ਵੀ ਸ਼ਾਮਲ ਹੈ ਜਿੱਥੇ ਵਾਤਾਵਰਨ ਤਬਦੀਲੀ ਕਾਰਨ ਬੱਚਿਆਂ ਦੀ ਸਿਹਤ, ਸਿੱਖਿਆ ਤੇ ਸੁਰੱਖਿਆ ਦਾ ਗੰਭੀਰ ਖਤਰਾ ਹੈ। ਯੂਨੀਸੈੱਫ ਨੇ ਬੱਚਿਆਂ 'ਤੇ ਕੇਂਦਰਿਤ ਇਕ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ 'ਚ ਚੱਕਰਵਾਤ ਅਤੇ ਲੂ ਵਰਗੇ ਵਾਤਾਵਰਨ ਸੰਕਟ ਤੋਂ ਬੱਚਿਆਂ ਨੂੰ ਖਤਰਿਆਂ ਦਾ ਅਨੁਮਾਨ ਲਾਇਆ ਗਿਆ ਹੈ।

ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ ਤੇ ਭਾਰਤ ਚਾਰ ਦੱਖਣੀ ਏਸ਼ਿਆਈ ਦੇਸ਼ਾਂ 'ਚੋਂ ਹਨ ਜਿੱਥੇ ਬੱਚਿਆਂ 'ਤੇ ਵਾਤਾਵਰਨ ਸੰਕਟ ਦੇ ਪ੍ਰਭਾਵ ਦਾ ਸਭ ਤੋਂ ਵੱਧ ਜੋਖਮ ਹੈ। ਇਨ੍ਹਾਂ ਮੁਲਕਾਂ ਦੀ ਰੈਂਕਿੰਗ ਕ੍ਰਮਵਾਰ 14ਵੀਂ, 15ਵੀਂ, 25ਵੀਂ ਤੇ 26ਵੀਂ ਹੈ। ਰਿਪੋਰਟ 'ਚ ਭਾਰਤ ਨੂੰ ਉਨ੍ਹਾਂ 33 ਸਭ ਤੋਂ ਵੱਧ ਜੋਖਮ ਵਾਲੇ ਦੇਸ਼ਾਂ ਵਿਚਾਲੇ ਰੱਖਿਆ ਗਿਆ ਹੈ ਜਿੱਥੇ ਹੜ੍ਹ ਤੇ ਹਵਾ ਪ੍ਰਦੂਸ਼ਣ, ਵਾਰ-ਵਾਰ ਹੋਣ ਵਾਲੇ ਵਾਤਾਵਰਨ ਸੰਕਟ ਕਾਰਨ ਮਹਿਲਾਵਾਂ ਤੇ ਬੱਚਿਆਂ ਲਈ ਮਾੜੇ ਸਮਾਜਿਕ-ਆਰਥਿਕ ਨਤੀਜੇ ਹੁੰਦੇ ਹਨ। ਅਨੁਮਾਨ ਜਤਾਇਆ ਗਿਆ ਹੈ ਕਿ ਆਲਮੀ ਪੱਧਰ 'ਤੇ ਤਾਪਮਾਨ ਦੋ ਡਿਗਰੀ ਵਧਣ ਨਾਲ 60 ਕਰੋੜ ਤੋਂ ਵੱਧ ਭਾਰਤੀ ਅਗਲੇ ਸਾਲਾਂ 'ਚ ਗੰਭੀਰ ਜਲ ਸੰਕਟ ਦਾ ਸਾਹਮਣਾ ਕਰਨਗੇ ਜਦਕਿ ਇਸੇ ਦੌਰਾਨ ਸ਼ਹਿਰੀ ਇਲਾਕਿਆਂ 'ਚ ਅਚਾਨਕ ਹੜ੍ਹਾਂ ਦਾ ਖਤਰਾ ਵੀ ਵਧੇਗਾ। ਯੂਨੀਸੈੱਫ 'ਚ ਭਾਰਤ ਦੀ ਪ੍ਰਤੀਨਿਧੀ ਡਾ. ਯਾਸਮੀਨ ਅਲੀ ਹੱਕ ਨੇ ਕਿਹਾ, 'ਵਾਤਾਵਰਨ ਤਬਦੀਲੀ ਬਾਲ ਅਧਿਕਾਰਾਂ ਦਾ ਸੰਕਟ ਹੈ। ਬੱਚਿਆਂ ਸਬੰਧੀ ਵਾਤਾਵਰਨ ਤਬਦੀਲੀ ਸੂਚਕ ਅੰਕ ਦੇ ਅੰਕੜਿਆਂ ਨੇ ਪਾਣੀ ਤੇ ਸਵੱਛਤਾ, ਸਿਹਤ ਤੇ ਸਿੱਖਿਆ ਵਰਗੀਆਂ ਸੇਵਾਵਾਂ ਤੱਕ ਪਹੁੰਚ ਘਟਣ ਅਤੇ ਪੌਣ-ਪਾਣੀ ਤੇ ਵਾਤਾਵਰਨ ਸੰਕਟ ਦੇ ਅਸਰ ਕਾਰਨ ਬੱਚਿਆਂ ਨੂੰ ਦਰਪੇਸ਼ ਗੰਭੀਰ ਜੋਖਮਾਂ ਵੱਲ ਇਸ਼ਾਰਾ ਕੀਤਾ ਹੈ।'

ਇਸੇ ਦੌਰਾਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਦੇਸ਼ ਵਿਚ ਗਰੀਬੀ ਵਧਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਨਿਆਂ ਯੋਜਨਾ ਲਾਗੂ ਕਰਕੇ ਗਰੀਬਾਂ ਨੂੰ 6 ਹਜ਼ਾਰ ਰੁਪਏ ਦੀ ਮਾਸਿਕ ਮਦਦ ਦੇਣ ਦੀ ਲੋੜ ਹੈ। ਉਨ੍ਹਾਂ ਫੇਸਬੁੱਕ ਪੋਸਟ ਵਿਚ ਕਿਹਾ, 13.4 ਕਰੋੜ ਭਾਰਤੀ 150 ਰੁਪਏ ਪ੍ਰਤੀ ਦਿਨ ਤੋਂ ਘੱਟ ਕਮਾ ਰਹੇ ਹਨ। ਇਨ੍ਹਾਂ ਪਰਿਵਾਰਾਂ ਨੂੰ ਨਿਆਂ ਯੋਜਨਾ ਅਧੀਨ ਛੇ ਹਜ਼ਾਰ ਰੁਪਏ ਮਹੀਨਾ ਕਿਉਂ ਨਾ ਦਿੱਤਾ ਜਾਵੇ?' ਕਾਂਗਰਸ ਆਗੂ ਨੇ ਪੀਊ ਰਿਸਰਚ ਸੈਂਟਰ ਦਾ ਹਵਾਲਾ ਦਿੰਦਿਆਂ ਇਕ ਚਾਰਟ ਰਾਹੀਂ ਦਾਅਵਾ ਕੀਤਾ ਕਿ ਸਾਲ 2020 ਵਿਚ ਛੇ ਕਰੋੜ ਭਾਰਤੀ ਨਾਗਰਿਕਾਂ ਦੀ ਆਮਦਨ 150 ਰੁਪਏ ਪ੍ਰਤੀ ਦਿਨ ਸੀ ਪਰ 2021 ਵਿਚ ਇਹ ਅੰਕੜਾ ਵਧ ਕੇ 13.4 ਕਰੋੜ ਰੁਪਏ ਹੋ ਗਿਆ ਹੈ।

# ਵਿਦੇਸ਼ਾਂ 'ਚ ਵੀ ਹੋਵੇਗੀ ਪਾਵਨ ਸਰੂਪਾਂ ਦੀ ਛਪਾਈ

**ਅੰਮ੍ਰਿਤਸਰ:** ਵੱਖ-ਵੱਖ ਮੁਲਕਾਂ ਵਿਚ ਪਾਵਨ ਸਰੂਪਾਂ ਦੀ ਵਧ ਰਹੀ ਮੰਗ ਪੂਰੀ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦੇਸ਼ਾਂ 'ਚ ਵੀ ਪ੍ਰਿੰਟਿੰਗ ਪ੍ਰੈੱਸ ਲਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ 3 ਨਵੇਂ ਗ੍ਰੰਥੀ ਨਿਯੁਕਤ ਕਰਨ ਦੇ ਫੈਸਲੇ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪਾਵਨ ਸਰੂਪਾਂ ਦੀ ਵਧੀ ਮੰਗ ਦੇ ਮੱਦੇਨਜ਼ਰ ਅਮਰੀਕਾ, ਕੈਨੇਡਾ, ਯੂਰਪ ਅਤੇ ਆਸਟਰੇਲੀਆ ਜਾਂ ਨਿਊਜ਼ੀਲੈਂਡ ਵਿਚ ਪ੍ਰਿੰਟਿੰਗ ਪ੍ਰੈੱਸਾਂ ਲਾਈਆਂ ਜਾਣਗੀਆਂ ਅਤੇ ਜਿਹੜੇ ਦੇਸ਼ ਵਿਚ ਵੀ ਪ੍ਰਿੰਟਿੰਗ ਪ੍ਰੈੱਸ ਲਾਈ ਜਾਵੇਗੀ, ਉਥੋਂ ਨੇੜਲੇ ਦੇਸ਼ਾਂ ਵਿਚ ਸੜਕੀ ਮਾਰਗ ਰਾਹੀਂ ਸਰੂਪ ਲੋੜ ਵਾਲੀ ਥਾਂ 'ਤੇ ਭੇਜੇ ਜਾਣਗੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਲੋੜ ਅਨੁਸਾਰ ਪਾਵਨ ਸਰੂਪ ਸੜਕੀ ਮਾਰਗ ਰਾਹੀਂ ਆਪ ਪਹੁੰਚਾਉਣ ਦਾ ਪ੍ਰਬੰਧ ਕਰੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਿਸ਼ੇਸ਼ ਬੱਸ ਰਾਹੀਂ 100 ਪਾਵਨ ਸਰੂਪ ਗੁਜਰਾਤ ਪਹੁੰਚਾਏਗੀ। ਸ੍ਰੀ ਹਰਿਮੰਦਰ ਸਾਹਿਬ ਲਈ ਤਿੰਨ ਗ੍ਰੰਥੀ ਨਿਯੁਕਤ ਕਰਨ ਦੇ ਫੈਸਲੇ ਬਾਰੇ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਸਬੰਧੀ ਬਣਾਈ ਗਈ ਸਬ-ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਰਾਜਦੀਪ ਸਿੰਘ ਤੇ ਭਾਈ ਸੁਲਤਾਨ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਬਲਜੀਤ ਸਿੰਘ ਦੇ ਨਾਵਾਂ ਦੀ ਸਿਫਾਰਸ਼ ਕੀਤੀ ਸੀ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਿਆ ਹੈ।

# ...ਪੰਜਾਬ ਸਰਕਾਰ ਖਿਲਾਫ ਮੋਰਚਾ ਫਤਿਹ

*(ਸਫਾ ਇਕ ਦੀ ਬਾਕੀ)*

ਉਤਰ ਪ੍ਰਦੇਸ਼ ਆਦਿ ਰਾਜਾਂ ਤੋਂ ਘੱਟ ਸੀ, ਪਰ ਹੁਣ ਪੰਜਾਬ ਗੰਨੇ ਦੇ ਸਭ ਤੋਂ ਵੱਧ ਭਾਅ ਵਾਲਾ ਸੂਬਾ ਬਣ ਗਿਆ ਹੈ।

ਗੰਨੇ ਦੇ ਭਾਅ ਵਧਾਉਣ ਲਈ ਕੀਤੇ ਗਏ ਸੰਘਰਸ਼ ਨੂੰ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਵੱਡੀ ਜਿੱਤ ਕਰਾਰ ਦਿੰਦਿਆਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਅੰਦੋਲਨ ਵਿਚ ਹਿੱਸਾ ਲੈਣ ਲਈ ਚਾਲੇ ਪਾਉਣ। ਸਰਕਾਰ ਵੱਲੋਂ ਗੰਨੇ ਦੇ ਭਾਅ ਵਿਚ ਸਿਰਫ 15 ਰੁਪਏ ਦੇ ਮਾਮੂਲੀ ਵਾਧੇ ਪਿੱਛੋਂ ਕਿਸਾਨਾਂ ਦਾ ਗੁੱਸਾ ਭੜਕ ਗਿਆ ਸੀ ਤੇ ਜਥੇਬੰਦੀਆਂ ਨੇ ਕੌਮੀ ਮਾਰਗ ਤੇ ਰੇਲ ਮਾਰਗ ਜਾਮ ਕਰ ਦਿੱਤੇ ਸਨ। ਜਿਸ ਪਿੱਛੋਂ ਸੂਬਾ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਜਥੇਬੰਦੀਆਂ ਨੇ ਐਲਾਨ ਕੀਤਾ ਸੀ ਜੇਕਰ ਸਰਕਾਰ ਨਾ ਮੰਨੀ ਤਾਂ ਸਾਰਾ ਪੰਜਾਬ ਜਾਮ ਕਰ ਦਿੱਤਾ ਜਾਵੇਗਾ। ਇਸ ਪਿੱਛੋਂ ਲਗਾਤਾਰ ਕਿਸਾਨਾਂ ਨੂੰ ਮਨਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਪਰ ਜਥੇਬੰਦੀਆਂ ਆਪਣੀਆਂ ਮੰਗਾਂ ਉਤੇ ਅੜੀਆਂ ਹੋਈਆਂ ਸਨ। ਜਿਸ ਪਿੱਛੋਂ ਕੈਪਟਨ ਨੇ ਜਥੇਬੰਦੀਆਂ ਨੂੰ ਮੀਟਿੰਗ ਦਾ ਸੱਦਾ ਦਿੱਤਾ ਤੇ ਉਨ੍ਹਾਂ ਦੇ ਸਾਰੇ ਉਲਾਂਭੇ ਲਾਹ ਦਿੱਤੇ।

# ਸਿੱਖ ਅਜਾਇਬ ਘਰ ਵਿਚ ਲੱਗੇਗੀ ਸ਼ਹੀਦ ਸੰਦੀਪ ਧਾਲੀਵਾਲ ਦੀ ਤਸਵੀਰ

**ਅੰਮ੍ਰਿਤਸਰ:** ਅਮਰੀਕਾ ਵਿਚ ਡਿਊਟੀ ਦੌਰਾਨ ਸ਼ਹੀਦ ਹੋਏ ਸਿੱਖ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਉਸ ਨੇ ਅਮਰੀਕਾ ਪੁਲਿਸ ਵਿਚ ਦਸਤਾਰ ਸਮੇਤ ਡਿਊਟੀ ਕਰਨ ਲਈ ਕਰੀਬ 6 ਸਾਲ ਲੜਾਈ ਲੜੀ ਸੀ, ਜਿਸ ਕਾਰਨ ਸਿੱਖਾਂ ਨੂੰ ਸੇਵਾ ਦੌਰਾਨ ਦਸਤਾਰ ਦੀ ਛੋਟ ਮਿਲੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦ ਭਾਈ ਈਸ਼ਰ ਸਿੰਘ ਅਤੇ ਜਥੇਦਾਰ ਅਮਰ ਸਿੰਘ ਧਾਲੀਵਾਲ ਬੇਟ ਦੀਆਂ ਤਸਵੀਰਾਂ ਵੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਣਗੀਆਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਵ-ਵਿਆਹੇ ਜੋੜੇ ਦੇ ਸ਼ਗਨਾਂ ਦੀ ਰਕਮ ਸੰਯੁਕਤ ਕਿਸਾਨ ਮੋਰਚੇ ਨੂੰ ਭੇਜਣ ਦਾ ਐਲਾਨ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਦਿੱਲੀ ਵਿਖੇ ਚੱਲ ਰਹੇ ਕਿਰਤੀ ਕਿਸਾਨ ਸੰਘਰਸ਼ ਦੀ ਹਮਾਇਤੀ ਲਹਿਰ ਦੇਸ਼-ਵਿਦੇਸ਼ ਦੀਆਂ ਹੱਦਾਂ ਟੱਪ ਚੁਕੀ ਹੈ। ਕਿਸਾਨੀ ਕਿੱਤੇ ਨਾਲ ਹੁੰਦੀ ਸਰਕਾਰੀ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕਰਦੇ ਜੁਝਾਰੂ ਵੀਰਾਂ-ਭੈਣਾ ਦੀ ਮਦਦ ਵਾਸਤੇ ਵਿਦੇਸ਼ਾਂ ਵਿਚ ਵੱਸਦੇ ਪਰਵਾਸੀ ਪੰਜਾਬੀ ਵੀ ਹਮੇਸ਼ਾ ਮੋਹਰੀ ਰੋਲ ਅਦਾ ਕਰਦੇ ਹਨ। ਇਸ ਦੀ ਪ੍ਰਤੱਖ ਮਿਸਾਲ ਉਦੋਂ ਸਾਹਮਣੇ ਆਈ, ਜਦੋਂ ਅਮਰੀਕਾ ਦੇ ਸੈਨ ਡਿਆਗੋ ਵਿਖੇ ਹੋਏ ਇਕ ਵਿਆਹ ਮੌਕੇ ਸੁਭਾਗੀ ਜੋੜੀ ਨੇ ਆਪੋ ਆਪਣੀਆਂ ਝੋਲੀਆਂ ਵਿਚਲੀ ਸ਼ਗਨਾਂ ਦੀ ਮਾਇਆ ਸੰਯੁਕਤ ਕਿਸਾਨ ਮੋਰਚੇ ਨੂੰ ਭੇਟ ਕਰਨ ਦਾ ਐਲਾਨ ਕੀਤਾ।



ਤੀਹ ਕੁ ਸਾਲਾਂ ਤੋਂ ਅਮਰੀਕਾ ਵਿਚ ਵੈਡਿੰਗ ਫੋਟੋਗ੍ਰਾਫੀ ਦਾ ਕਾਰੋਬਾਰ ਕਰ ਰਹੇ ਸ. ਸ਼ਿਆਰਾ ਸਿੰਘ ਢੀਂਡਸਾ ਦੇ ਫਾਈਨੈਂਸ ਅਡਵਾਈਜ਼ਰ ਸਪੁੱਤਰ ਸ਼ਮਿੰਦਰ ਸਿੰਘ ਢੀਂਡਸਾ ਦਾ ਸ਼ੁੱਭ ਵਿਆਹ ਅਟਾਰਨੀ ਲਾਅ ਬੀਬੀ ਪੂਜਾ ਨਾਲ ਇਸੇ ਹਫਤੇ ਸੈਨ ਡਿਆਗੋ ਵਿਖੇ ਹੋਇਆ। ਇਸ ਸੁਭਾਗੇ ਅਨੰਦ ਕਾਰਜ ਦੀ ਵਿਲੱਖਣ ਗੱਲ ਇਹ ਵੀ ਸੀ ਕਿ ਵਿਆਹੁੰਦੜ ਬੇਟੇ ਦੇ ਪਿਤਾ ਸਸ. ਢੀਂਡਸਾ ਨੇ ਚਿਰੋਕਣੀ ਰੀਝ ਪੂਰੀ ਕਰਦਿਆਂ ਲਾਵਾਂ ਦਾ ਪਾਠ ਖੁਦ ਕੀਤਾ। ਸ. ਢੀਂਡਸਾ ਦੇ ਦੱਸਣ ਅਨੁਸਾਰ ਇਸ ਵਿਆਹ ਦੀ ਇਕ ਹੋਰ ਵਿਸ਼ੇਸ਼ ਗੱਲ ਇਹ ਵੀ ਸੀ ਕਿ ਪ੍ਰਚੱਲਤ ਰਿਵਾਜ ਦੇ ਉਲਟ ਵਿਆਹੁੰਦੜ ਮੁੰਡੇ ਨੇ ਕਿਸੇ ਪ੍ਰੋਫੈਸ਼ਨਲ ਕੋਲੋਂ ਪੱਗ ਬੰਨਵਾਉਣ ਦੀ ਥਾਂ ਰੋਜ਼ਾਨਾ ਦੀ ਤਰ੍ਹਾਂ ਖੁਦ ਹੀ ਦਸਤਾਰ ਸਜਾਈ ਹੋਈ ਸੀ।

ਸਕੂਲ ਸਮੇਂ ਤੋਂ ਹੀ ਤਰਕਸ਼ੀਲ ਵਿਚਾਰਾਂ ਨੂੰ ਪ੍ਰਣਾਏ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਯਥਾਸ਼ਕਤਿ ਜੀਵਨ ਗੁਜ਼ਾਰ ਰਹੇ ਸ. ਸ਼ਿਆਰਾ ਸਿੰਘ ਢੀਂਡਸਾ ਨੇ ਦੱਸਿਆ ਕਿ ਸੰਨ 1991 ਵਿਚ ਉਨ੍ਹਾਂ ਆਪਣਾ ਵਿਆਹ ਵੀ ਬਿਨਾ ਦਾਜ ਦਹੇਜ ਤੋਂ ਹੀ ਕਰਵਾਇਆ ਸੀ। ਕਿਸਾਨ ਸੰਘਰਸ਼ ਦੀ ਭਰਪੂਰ ਹਮਾਇਤ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ਗਨਾਂ ਦੀ ਸਮੁੱਚੀ ਰਕਮ ਉਹ ਜਲਦੀ ਹੀ ਫਰਿਜ਼ਨੋ ਨਿਵਾਸੀ ਸ. ਅਮੋਲਕ ਸਿੰਘ ਪਾਸ ਪਹੁੰਚਾ ਦੇਣਗੇ, ਜਿਨ੍ਹਾਂ ਦੇ ਯਤਨਾਂ ਸਦਕਾ ਬੀਤੇ ਜੂਨ ਮਹੀਨੇ ਇਕ ਲੱਖ ਡਾਲਰ ਤੋਂ ਉੱਤੇ ਰਕਮ ਇਕੱਠੀ ਕਰਕੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਬੰਧਕਾਂ ਨੂੰ ਭੇਜੀ ਗਈ ਸੀ। ਢੀਂਡਸਾ ਪਰਿਵਾਰ ਦੇ ਇਸ ਫੈਸਲੇ ਦੀ ਭਰਪੂਰ ਸ਼ਲਾਘਾ ਹੋ ਰਹੀ ਹੈ।


# Matrimonials

## ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5", US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029 28-31

## ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221 26-29


# ਝੋਨੇ ਦੀ ਖਰੀਦ ਸਬੰਧੀ ਸਖਤ ਸ਼ਰਤਾਂ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਸ਼ਰਤਾਂ ਸਖਤ ਕਰਨ ਦਾ ਨੋਟਿਸ ਲੈਂਦਿਆਂ ਲਾਮਬੰਦੀ ਦਾ ਸੱਦਾ ਦਿੱਤਾ ਹੈ।



ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟਾਂ ਅਤੇ ਮੋਗਾ ਦੇ ਸਾਈਲੋ ਸਣੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ।

ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਕਿਸਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਫਸਲਾਂ ਦੀ ਖਰੀਦ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਪਿਛਲੇ 10 ਮਹੀਨਿਆਂ ਤੋਂ ਸਰਕਾਰ ਖਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ ਤੇ ਸਰਕਾਰ ਕਿਸਾਨ ਵਿਰੋਧੀ ਫੈਸਲੇ ਲੈਣ ਤੋਂ ਬਾਜ ਨਹੀਂ ਆ ਰਹੀ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਦੇ ਫੈਸਲਿਆਂ ਖਿਲਾਫ਼ ਕਿਸਾਨਾਂ ਨੇ ਲਾਮਬੰਦ ਹੋ ਕੇ ਸੰਘਰਸ਼ ਹੋਰ ਤੇਜ਼ ਨਾ ਕੀਤਾ ਤਾਂ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅੱਜ ਝੋਨੇ ਦੀ ਖਰੀਦ ਲਈ ਸ਼ਰਤਾਂ ਸਖਤ ਕੀਤੀਆਂ ਹਨ ਤੇ ਭਲਕੇ ਹੋਰਨਾਂ ਫਸਲਾਂ ਦੀ ਖਰੀਦ ਲਈ ਅੜਿੱਕੇ ਖੜ੍ਹੇ ਕਰਨੇ ਸ਼ੁਰੂ ਕਰ ਦੇਣੇ ਹਨ ਤਾਂ ਜੋ ਕਿਸਾਨੀ ਪੂਰੀ ਤਰ੍ਹਾਂ ਕਾਰਪੋਰੇਟ ਘਰਾਣਿਆਂ 'ਤੇ ਨਿਰਭਰ ਹੋ ਜਾਵੇ।

ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਝੋਨਾ ਖਰੀਦਣ ਲਈ ਤੈਅ ਮਾਪਦੰਡ ਹੋਰ ਸਖਤ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਕੇਂਦਰ ਨੇ ਝੋਨੇ ਵਿਚ ਕੰਕਰ/ਰੋੜ ਆਦਿ ਦੀ ਮਾਤਰਾ 2 ਤੋਂ ਘਟਾ ਕੇ 1 ਫੀਸਦ, ਬਦਰੰਗ ਤੇ ਟੋਟੇ ਦੀ ਮਾਤਰਾ 5 ਤੋਂ ਘਟਾ ਕੇ 3 ਫੀਸਦ ਅਤੇ ਨਮੀ ਦੀ ਮਾਤਰਾ 17 ਤੋਂ ਘਟਾ ਕੇ 16 ਫੀਸਦ ਕਰ ਦਿੱਤੀ ਹੈ। ਬੁਲਾਰਿਆਂ ਨੇ ਕਿਹਾ ਕਿ ਝੋਨਾ ਵੇਚਣ ਸਬੰਧੀ ਸ਼ਰਤਾਂ ਪਹਿਲਾਂ ਹੀ ਸਖਤ ਹਨ, ਹੋਰ ਸਖਤੀ ਕਾਰਨ ਝੋਨਾ ਵੇਚਣਾ ਬਹੁਤ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਕਿਸਾਨ ਸਰਕਾਰ ਦੀਆਂ ਕੋਝੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦੇਣਗੇ। ਮੋਰਚਿਆਂ ਵਿਚ ਬੁਲਾਰਿਆਂ ਨੇ ਯੂਰੀਆ ਖਾਦ ਦੀ ਕਿੱਲਤ ਦਾ ਵੀ ਮੁੱਦਾ ਉਠਾਇਆ ਅਤੇ ਸਰਕਾਰ ਤੋਂ ਤੁਰਤ ਖਾਦ ਦੀ ਘਾਟ ਦੂਰ ਕਰਨ ਦੀ ਮੰਗ ਕੀਤੀ।

# ਸੁਖਬੀਰ ਦਾ 'ਗੱਲ ਪੰਜਾਬ ਦੀ' ਪ੍ਰੋਗਰਾਮ 'ਗੱਪ ਪੰਜਾਬ ਦੀ' ਕਰਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੇ 'ਗੱਲ ਪੰਜਾਬ ਦੀ' ਪ੍ਰੋਗਰਾਮ ਨੂੰ 'ਗੱਪ ਪੰਜਾਬ ਦੀ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸ੍ਰੀ ਬਾਦਲ ਦੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਅਮਨ ਅਰੋੜਾ ਨੇ ਸੁਖਬੀਰ ਸਿੰਘ ਬਾਦਲ ਦੇ 13 ਨੁਕਾਤੀ ਪ੍ਰੋਗਰਾਮ ਨੂੰ ਗੱਪਾਂ ਦਾ ਪੁਲੰਦਾ ਦੱਸਦਿਆਂ ਉਨ੍ਹਾਂ ਤੋਂ 14 ਸਵਾਲ ਕੀਤੇ ਹਨ।

ਸ੍ਰੀ ਅਰੋੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਾਬਕਾ ਸਰਕਾਰ ਸਮੇਂ ਜਿਹੜੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ, ਉਨ੍ਹਾਂ ਦੇ ਅੰਕੜੇ ਜਾਰੀ ਕੀਤੇ ਜਾਣ। ਉਨ੍ਹਾਂ ਸਵਾਲ ਕੀਤਾ ਕਿ ਕੇਂਦਰੀ ਖੇਤੀ ਕਾਨੂੰਨਾਂ ਦੇ ਆਰਡੀਨੈਂਸ 'ਤੇ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਦਸਤਖ਼ਤ ਕਿਉਂ ਕੀਤੇ ਸਨ? ਉਨ੍ਹਾਂ ਆਖਿਆ ਕਿ ਸੂਬੇ ਵਿਚ ਪ੍ਰਾਈਵੇਟ ਬਿਜਲੀ ਕੰਪਨੀਆਂ ਨਾਲ ਗਲਤ ਸਮਝੌਤੇ ਕੀਤੇ ਗਏ। ਸੂਬਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਇੰਡਸਟਰੀਆਂ ਬਾਹਰ ਚਲੀਆਂ ਗਈਆਂ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵੇਲੇ ਮਾਫ਼ੀਆ ਚੱਲਦਾ ਰਿਹਾ। ਪੰਜਾਬ ਸਿਰ ਕਰਜ਼ਾ ਵਧਦਾ ਗਿਆ। ਉਨ੍ਹਾਂ ਪੁੱਛਿਆ ਕਿ ਸੂਬੇ ਵਿਚੋਂ ਸਰਕਾਰੀ ਸਿਹਤ ਅਤੇ ਸਿੱਖਿਆ ਸੰਸਥਾਨਾਂ ਨੂੰ ਤਬਾਹ ਕਰਨ ਲਈ ਕੌਣ ਜ਼ਿੰਮੇਵਾਰ ਹੈ? 'ਆਪ' ਆਗੂ ਨੇ ਕਿਹਾ ਕਿ ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਜ਼ੋਰਾਂ 'ਤੇ ਚੱਲ ਰਿਹਾ ਹੈ, ਜਿਸ 'ਤੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਹੁਣ ਕਾਂਗਰਸ ਸਰਕਾਰ ਨੱਥ ਪਾਉਣ ਵਿਚ ਫੇਲ੍ਹ ਸਾਬਤ ਹੋਈਆਂ ਹਨ।

ਪੰਜਾਬ ਵਿਚ ਪਾਣੀ ਖਤਮ ਹੋਣ ਕੰਢੇ ਹੈ ਤੇ ਜੇ ਐਸ.ਵਾਈ.ਐਲ. ਦੇ ਮੁੱਦੇ 'ਤੇ ਸਹੀ ਕਦਮ ਚੁੱਕੇ ਹੁੰਦੇ ਤਾਂ ਅੱਜ ਇਹ ਦਿਨ ਨਹੀਂ ਦੇਖਣਾ ਪੈਣਾ ਸੀ। ਉਨ੍ਹਾਂ ਨੇ ਬੇਅਦਬੀ, ਮਾਤਾ ਖੀਵੀ ਯੋਜਨਾ ਸਣੇ ਕਈ ਮੁੱਦਿਆਂ 'ਤੇ ਅਕਾਲੀ ਦਲ ਨੂੰ ਘੇਰਿਆ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997


XPressCargo
Tel.: 317-426-5410
Ext. 2001 & 2403
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਅਫਗਾਨਿਸਤਾਨ: ਹਿੰਦੂ-ਸਿੱਖ ਭਾਈਚਾਰੇ ਲਈ ਬਣੇ ਔਖੇ ਹਾਲਾਤ

**ਨਵੀਂ ਦਿੱਲੀ:** ਅਫਗਾਨਿਸਤਾਨ ਉਤੇ ਤਾਲਿਬਾਨ ਦੇ ਕਬਜ਼ੇ ਪਿੱਛੋਂ ਇਥੇ ਆਮ ਲੋਕਾਂ, ਖਾਸ ਕਰਕੇ ਹਿੰਦੂ ਤੇ ਸਿੱਖ ਭਾਈਚਾਰੇ ਲਈ ਨਿੱਤ ਨਵੀਆਂ ਮੁਸੀਬਤਾਂ ਖੜ੍ਹੀਆਂ ਹੋ ਰਹੀਆਂ ਹਨ। ਭਾਵੇਂ ਤਾਲਿਬਾਨ ਵੱਲੋਂ ਕਿਸੇ ਨੂੰ ਵੀ ਕੋਈ ਨੁਕਸਾਨ ਨਾ ਪਹੁੰਚਾਉਣ ਦਾ ਭਰੋਸਾ ਦਿੱਤਾ ਹੈ ਪਰ ਇਸ ਦੇ ਬਾਵਜੂਦ ਉਥੇ ਅਫਰਾਤਫਰੀ ਮਚੀ ਹੋਈ ਹੈ। ਲੋਕ ਸ਼ਰਨਾਰਥੀਆਂ ਵਜੋਂ ਹੋਰਾਂ ਦੇਸ਼ਾਂ ਵਿਚ ਵਸਣ ਲਈ ਕਾਹਲੇ ਪਏ ਹਨ ਤੇ ਹਵਾਈ ਅੱਡੇ ਵੱਲ ਵਹੀਰਾਂ ਘੱਤੀਆਂ ਹਨ। ਇਸ ਸਮੇਂ ਸਭ ਤੋਂ ਵੱਧ ਦਹਿਸ਼ਤ ਇਥੇ ਵਸੇ ਹਿੰਦੂ ਤੇ ਸਿੱਖ ਭਾਈਚਾਰੇ ਵਿਚ ਹੈ। ਇਸੇ ਲਈ ਭਾਈਚਾਰੇ ਦੇ ਵੱਡੀ ਗਿਣਤੀ ਲੋਕਾਂ ਨੇ ਗੁਰੂ ਘਰਾਂ 'ਚ ਸ਼ਰਨ ਲਈ ਹੋਈ ਹੈ ਤੇ ਮੌਕਾ ਲੱਗਦੇ ਹੀ ਭਾਰਤ ਆਉਣ ਲਈ ਕਾਹਲੇ ਬੈਠੇ ਹਨ।

ਇਨ੍ਹਾਂ ਲੋਕਾਂ ਨੂੰ ਆਪਣੇ ਨਾਲ-ਨਾਲ ਆਪਣੇ ਧਾਰਮਿਕ ਸਥਾਨਾਂ ਤੇ ਗ੍ਰੰਥਾਂ ਦਾ ਵੀ ਫਿਕਰ ਹੈ। ਬੀਤੇ ਦਿਨ ਕਾਬੁਲ ਹਵਾਈ ਅੱਡੇ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸਿਰ ਉਤੇ ਰੱਖ ਕੇ ਖੜ੍ਹੇ ਅਫਗਾਨ ਸਿੱਖਾਂ ਦੀਆਂ ਤਸਵੀਰਾਂ ਸਾਹਮਣੇ ਆਈਆਂ ਸਨ। ਜਿਨ੍ਹਾਂ ਨੂੰ ਹੁਣ ਭਾਰਤ ਲਿਆਂਦਾ ਗਿਆ ਹੈ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਕਾਬੁਲ ਤੋਂ ਲਿਆਂਦੇ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਲੈਣ ਲਈ ਖੁਦ ਹਵਾਈ ਅੱਡੇ ਪੁੱਜੇ। ਇਸ ਤੋਂ ਇਲਾਵਾ ਭਾਰਤ ਨੇ 25 ਭਾਰਤੀ ਨਾਗਰਿਕਾਂ ਅਤੇ



44 ਅਫਗਾਨ ਸਿੱਖਾਂ ਅਤੇ ਹਿੰਦੂਆਂ ਸਮੇਤ 78 ਲੋਕਾਂ ਨੂੰ ਦੁਸਾਂਬੇ ਤੋਂ ਲਿਆਂਦਾ। ਇਹ ਸਿਲਸਲਾ ਨਿੱਤ ਜਾਰੀ ਹੈ। ਜ਼ਿਕਰਯੋਗ ਹੈ ਅਫਗਾਨਿਸਤਾਨ ਵਿਚ ਫਸੇ ਭਾਰਤੀਆਂ ਤੇ ਹੋਰਾਂ ਨੂੰ ਕਈ ਉਡਾਣਾਂ ਰਾਹੀਂ ਭਾਰਤ ਲਿਆਂਦਾ ਜਾ ਰਿਹਾ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗੁਰੂ ਸਾਹਿਬ ਦੇ ਸਰੂਪਾਂ ਨਾਲ ਕੋਈ ਅਣਹੋਣੀ ਵੀ ਵਾਪਰ ਸਕਦੀ ਸੀ ਪਰ ਹੁਣ ਇਨ੍ਹਾਂ ਨੂੰ ਸੁਰੱਖਿਅਤ ਦੇਸ਼ ਲਿਆਂਦਾ ਗਿਆ ਹੈ। ਅਮਰੀਕੀ ਸਿੱਖ ਜਥੇਬੰਦੀ 'ਯੂਨਾਈਟਿਡ ਸਿੱਖਸ' ਨੇ ਦਾਅਵਾ ਕੀਤਾ ਹੈ ਕਿ ਕਾਬੁਲ ਦੇ ਗੁਰਦੁਆਰੇ 'ਕਰਤੇ ਪਰਵਾਨ' ਵਿਚ ਪਨਾਹ ਲਈ ਬੈਠੇ 260 ਤੋਂ ਵੱਧ ਅਫਗਾਨ ਸਿੱਖਾਂ ਨੂੰ ਅਫਗਾਨਿਸਤਾਨ ਤੋਂ ਸੁਰੱਖਿਅਤ ਬਾਹਰ ਨਿਕਲਣ ਲਈ ਮਦਦ ਦੀ ਉਡੀਕ ਹੈ। ਜਥੇਬੰਦੀ ਨੇ ਇਕ ਬਿਆਨ ਵਿਚ ਕਿਹਾ, "ਕਾਬੁਲ ਦੇ ਗੁਰਦੁਆਰਾ ਕਰਤੇ ਪਰਵਾਨ ਵਿਚ 260 ਤੋਂ ਵੱਧ ਅਫਗਾਨ ਸਿੱਖ ਨਾਗਰਿਕ ਮੌਜੂਦ ਹਨ, ਜਿਨ੍ਹਾਂ ਵਿਚ ਔਰਤਾਂ ਤੇ 50 ਤੋਂ ਵੱਧ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਵਿਚ ਤਿੰਨ ਨਵਜੰਮੇ ਵੀ ਹਨ।"

ਚੇਤੇ ਰਹੇ ਕਿ ਭਾਰਤ ਤੋਂ ਛੁੱਟ ਕਿਸੇ ਵੀ ਹੋਰ ਮੁਲਕ ਨੇ ਅਜੇ ਤੱਕ ਅਫਗਾਨ ਸਿੱਖਾਂ ਦੀ ਬਾਂਹ ਨਹੀਂ ਫੜੀ ਹੈ। ਯੂਨਾਈਟਿਡ ਸਿੱਖਸ ਨੇ ਕਿਹਾ, "ਅਸੀਂ ਅਮਰੀਕਾ, ਕੈਨੇਡਾ, ਪਾਕਿਸਤਾਨ, ਆਸਟਰੇਲੀਆ, ਨਿਊਜ਼ੀਲੈਂਡ, ਤਾਜਿਕਿਸਤਾਨ, ਇਰਾਨ ਤੇ ਯੂਕੇ ਸਮੇਤ ਕੁਝ ਹੋਰਾਂ ਦੇ ਸੰਪਰਕ ਵਿਚ ਹਾਂ। ਇਸੇ ਤਰ੍ਹਾਂ ਕੌਮਾਂਤਰੀ ਏਡ ਏਜੰਸੀਆਂ ਤੇ ਗੈਰਸਰਕਾਰੀ ਜਥੇਬੰਦੀਆਂ (ਐਨ.ਜੀ.ਓਜ਼.) ਨਾਲ ਵੀ ਰਾਬਤਾ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਤਾਂ ਜੋ ਅਫਗਾਨਿਸਤਾਨ ਵਿਚ ਰਾਹਤ ਕਾਰਜ ਯਕੀਨੀ ਬਣਾਏ ਜਾ ਸਕਣ।" ਅਮਰੀਕੀ ਸੰਸਥਾ ਮੁਤਾਬਕ ਗੁਰਦੁਆਰਾ ਕਰਤੇ ਪਰਵਾਨ ਤੋਂ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ ਤੱਕ ਦਾ ਫਾਸਲਾ 10 ਕਿਲੋਮੀਟਰ ਦਾ ਹੈ, ਪਰ ਰਸਤੇ ਵਿਚ ਲੜਾਕਿਆਂ ਵੱਲੋਂ ਲਾਏ ਨਾਕੇ ਸਭ ਤੋਂ ਵੱਡੀ ਚੁਣੌਤੀ ਹਨ। ਪਿਛਲੇ ਹਫਤੇ ਕੁਝ ਅਫਗਾਨ ਨਾਗਰਿਕਾਂ ਨੇ ਉਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਸਫਲ ਨਹੀਂ ਹੋ ਸਕੇ ਸਨ।

## ਸਿੱਖ ਬੱਚਿਆਂ ਨੂੰ ਮੁਫਤ ਸਿੱਖਿਆ ਦੇਵੇਗਾ ਚੀਫ ਖਾਲਸਾ ਦੀਵਾਨ

ਅੰਮ੍ਰਿਤਸਰ: ਚੀਫ ਖਾਲਸਾ ਦੀਵਾਨ ਨੇ ਐਲਾਨ ਕੀਤਾ ਹੈ ਕਿ ਅਫਗਾਨਿਸਤਾਨ ਵਿਚ ਫਸੇ ਸਿੱਖ ਪਰਿਵਾਰਾਂ ਦੇ ਭਾਰਤ ਆਉਣ 'ਤੇ ਇਨ੍ਹਾਂ ਦੇ ਬੱਚਿਆਂ ਨੂੰ ਸਿੱਖ ਸੰਸਥਾ ਦੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ ਵਿਚ ਮੁਫਤ ਸਿੱਖਿਆ ਦਿੱਤੀ ਜਾਵੇਗੀ। ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈ ਸ਼ੰਕਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਫਗਾਨਿਸਤਾਨ ਵਿਚ ਗੁਰੂ ਘਰਾਂ ਅਤੇ ਹੋਰਨਾਂ ਸਥਾਨਾਂ 'ਤੇ ਫਸੇ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਤੇ ਉਨ੍ਹਾਂ ਨੂੰ ਭਾਰਤ ਲਿਆਉਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ।

## ਗੁਰਧਾਮਾਂ ਦੀ ਦੇਖਭਾਲ ਲਈ ਅਫਗਾਨਿਸਤਾਨ ਨਾ ਛੱਡਣ ਦਾ ਫੈਸਲਾ

ਅੰਮ੍ਰਿਤਸਰ: ਅਫਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿਚਲੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਗ੍ਰੰਥੀ ਭਾਈ ਜਸਬੀਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਹ ਅਤੇ ਕੁਝ ਹੋਰ ਅਫਗਾਨ ਸਿੱਖ ਅਫਗਾਨਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੀ ਦੇਖਭਾਲ ਲਈ ਦੇਸ਼ ਛੱਡ ਕੇ ਨਹੀਂ ਜਾਣਗੇ। ਦੱਸਿਆ ਜਾ ਰਿਹਾ ਹੈ ਕਿ ਗੁਰਦੁਆਰਾ ਕਰਤਾ ਪ੍ਰਵਾਨ ਵਿਖੇ ਸ਼ਰਨ ਲੈਣ ਵਾਲੇ ਸਿੱਖਾਂ 'ਚੋਂ 10 ਨੇ ਸਵੈ-ਇੱਛਾ ਨਾਲ ਉਥੇ ਰਹਿ ਕੇ ਗੁਰਧਾਮਾਂ ਦੀ ਦੇਖਭਾਲ ਕਰਨ ਦਾ ਫੈਸਲਾ ਲਿਆ ਹੈ। ਭਾਈ ਜਸਬੀਰ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਆਪਣੀ ਨਵੀਂ ਸੁਰੱਖਿਅਤ ਜ਼ਿੰਦਗੀ ਸ਼ੁਰੂ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਨੂੰ ਕਿਸੇ ਕੀਮਤ 'ਤੇ ਨਹੀਂ ਛੱਡਣਗੇ।

# ਤਾਲਿਬਾਨ ਲਈ ਸੌਖਾ ਨਹੀਂ ਹੋਵੇਗਾ ਅਗਲਾ ਰਾਹ

**ਕਾਬੁਲ:** ਤਾਲਿਬਾਨ ਨੇ ਅਮਰੀਕਾ ਨੂੰ ਹਰਾਉਣ ਦਾ ਐਲਾਨ ਕਰਦਿਆਂ ਅਫਗਾਨਿਸਤਾਨ ਦਾ ਆਜ਼ਾਦੀ ਦਿਹਾੜਾ ਮਨਾਇਆ ਪਰ ਹੁਣ ਉਨ੍ਹਾਂ ਸਾਹਮਣੇ ਦੇਸ਼ ਦੀ ਸਰਕਾਰ ਚਲਾਉਣ ਤੋਂ ਲੈ ਕੇ ਹਥਿਆਰਬੰਦ ਵਿਰੋਧ ਦਾ ਸਾਹਮਣਾ ਹੋਣ ਦੀਆਂ ਸੰਭਾਵਨਾਵਾਂ ਵਰਗੀਆਂ ਕਈ ਚੁਣੌਤੀਆਂ ਵੀ ਖੜ੍ਹੀਆਂ ਹੋ ਰਹੀਆਂ ਹਨ। ਅਫਗਾਨਿਸਤਾਨ 'ਚ ਏ.ਟੀ.ਐਮਜ਼. ਵਿਚੋਂ ਨਕਦੀ ਖਤਮ ਹੋ ਗਈ ਹੈ। ਤਾਲਿਬਾਨ ਨੇ ਹਾਲੇ ਤੱਕ ਸਰਕਾਰ ਚਲਾਉਣ ਸਬੰਧੀ ਕੋਈ ਯੋਜਨਾ ਪੇਸ਼ ਨਹੀਂ ਕੀਤੀ ਹੈ। ਅਫਗਾਨਿਸਤਾਨ ਦਾ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਹ ਦਿਨ 1919 ਦੀ ਸੰਧੀ ਦੀ ਯਾਦ 'ਚ ਮਨਾਇਆ ਜਾਂਦਾ ਹੈ, ਜਿਸ ਨਾਲ ਮੱਧ ਏਸ਼ਿਆਈ ਦੇਸ਼ 'ਚ ਬਰਤਾਨਵੀ ਸ਼ਾਸਨ ਦਾ ਅੰਤ ਹੋਇਆ ਸੀ।

ਅਫਗਾਨਿਸਤਾਨ 'ਚ ਵਿਸ਼ਵ ਖੁਰਾਕ ਪ੍ਰੋਗਰਾਮ ਦੀ ਮੁਖੀ ਮੈਰੀ ਐਲਨ ਮੈਕਗ੍ਰੋਆਰਟੀ ਨੇ ਖਦਸ਼ਾ ਜਤਾਇਆ ਹੈ ਕਿ ਦੇਸ਼ 'ਚ ਖੁਰਾਕੀ ਵਸਤਾਂ ਦੀ ਭਾਰੀ ਕਮੀ ਹੋ ਸਕਦੀ ਹੈ। ਉਸ ਨੇ ਚਿਤਾਵਨੀ ਦਿੱਤੀ ਕਿ ਅਫਗਾਨਿਸਤਾਨ 'ਚ ਮਾਨਵੀ ਸੰਕਟ ਖੜ੍ਹਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਖੁਰਾਕੀ ਵਸਤਾਂ ਦੀ ਦਰਾਮਦ ਮੁਸ਼ਕਲ ਹੋ ਗਈ ਹੈ ਅਤੇ ਸੋਕੇ ਕਾਰਨ 40 ਫੀਸਦੀ ਫਸਲ ਖਰਾਬ ਹੋ ਗਈ ਹੈ। ਉਨ੍ਹਾਂ ਕੌਮਾਂਤਰੀ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਸੰਕਟ ਦੀ ਇਸ ਘੜੀ 'ਚ ਉਹ ਅਫਗਾਨਿਸਤਾਨ ਦੇ ਲੋਕਾਂ ਦਾ ਸਾਥ ਦੇਣ।

ਪਿਛਲੇ 20 ਸਾਲ ਤੋਂ ਅਮਰੀਕੀ ਅਤੇ ਨਾਟੋ ਫੌਜਾਂ ਦੀ ਦੇਖ-ਰੇਖ ਹੇਠ ਅਫਗਾਨਿਸਤਾਨ ਵਿਚ ਬਣਾਏ ਗਏ ਨਵੇਂ ਸੰਵਿਧਾਨ ਦੇ ਆਧਾਰ 'ਤੇ ਜੋ ਸਰਕਾਰਾਂ ਬਣਦੀਆਂ ਰਹੀਆਂ, ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਗਈ



ਸੀ। ਇਨ੍ਹਾਂ ਦੋ ਦਹਾਕਿਆਂ ਵਿਚ ਉਥੋਂ ਦੇ ਜਨਜੀਵਨ ਵਿਚ ਵੱਡੀਆਂ ਤਬਦੀਲੀਆਂ ਆਈਆਂ ਸਨ। ਉਥੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਾਣ ਲੱਗੀ ਸੀ। ਔਰਤਾਂ ਨੂੰ ਹਰ ਖੇਤਰ ਵਿਚ ਵਿਚਰਨ ਦੀ ਆਜ਼ਾਦੀ ਮਿਲੀ ਸੀ। ਅੰਤਰਰਾਸ਼ਟਰੀ ਵਪਾਰ ਸ਼ੁਰੂ ਹੋਣ ਨਾਲ ਇਹ ਦੇਸ਼ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲੱਗਾ ਸੀ। ਚਾਹੇ ਹਾਲੇ ਬਹੁਤ ਕੁਝ ਕੀਤਾ ਜਾਣਾ ਬਾਕੀ ਸੀ ਪਰ 20 ਵਰ੍ਹਿਆਂ ਦੇ ਇਸ ਸਮੇਂ ਦੌਰਾਨ ਇਥੇ ਬਹੁਤ ਕੁਝ ਬਦਲ ਗਿਆ ਸੀ। ਦੁਨੀਆਂ ਭਰ ਦੇ ਦੇਸ਼ ਇਸ ਦੀ ਮਦਦ ਲਈ ਉਤਾਵਲੇ ਸਨ।

ਭਾਰਤ ਨੇ ਆਪਣੇ ਤੌਰ 'ਤੇ ਇਸ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਇਥੇ ਸੜਕਾਂ, ਪੁਲ, ਸਕੂਲ, ਹਸਪਤਾਲ ਅਤੇ ਡੈਮ ਬਣਾਏ ਸਨ। ਇਥੋਂ ਤੱਕ ਕਿ ਕਾਬੁਲ ਵਿਚ ਨਵਾਂ ਸੰਸਦ ਭਵਨ ਵੀ ਭਾਰਤ ਦੀ ਮਦਦ ਨਾਲ ਹੀ ਤਿਆਰ ਹੋ ਸਕਿਆ ਸੀ। ਲੜਕੀਆਂ ਨੂੰ ਸਕੂਲ ਭੇਜਣ ਦੀ ਖੁੱਲ੍ਹ ਦਿੱਤੀ ਗਈ ਸੀ। ਉਨ੍ਹਾਂ ਦੀ ਹੋਰ ਵਰਗਾਂ ਦੇ ਨਾਲ-ਨਾਲ ਜੀਵਨ ਸ਼ੈਲੀ ਵੀ ਬਦਲਦੀ ਦਿਖਾਈ ਦਿੱਤੀ। ਹੋਰਾਂ ਦੇਸ਼ਾਂ ਵਿਚ ਘਿਰੇ ਅਫਗਾਨਿਸਤਾਨ ਦੀਆਂ ਸਰਹੱਦਾਂ ਤਜ਼ਾਕਿਸਤਾਨ, ਚੀਨ, ਉਜ਼ਬੇਕਿਸਤਾਨ, ਈਰਾਨ ਅਤੇ ਪਾਕਿਸਤਾਨ ਨਾਲ ਲੱਗਦੀਆਂ ਹਨ। 4 ਕਰੋੜ ਦੀ ਆਬਾਦੀ ਵਾਲੇ ਇਸ ਪਹਾੜਾਂ ਨਾਲ ਭਰਪੂਰ ਦੇਸ਼ ਵਿਚ ਪਸ਼ਤੂਨ ਲੋਕਾਂ ਦੀ ਗਿਣਤੀ ਵਧੇਰੇ ਹੈ। ਤਾਲਿਬਾਨ ਦੇ ਬਹੁਤੇ ਲੜਾਕੇ ਵੀ ਪਸ਼ਤੂਨ ਹਨ। ਇਸ ਤੋਂ ਇਲਾਵਾ ਤਾਜਿਕ, ਹਜ਼ਾਰਾ, ਉਜ਼ਬੇਕ, ਬਲੋਚ, ਤੁਰਕਮੇਨੀਆ ਅਤੇ ਕਿਰਗੀਸਤਾਨ ਦੇ ਮੂਲ ਦੇ ਲੋਕਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਜਾਤੀਆਂ ਦੇ ਲੋਕ ਇਥੇ ਰਹਿੰਦੇ ਹਨ। ਅੱਜ ਪੂਰੀ ਦੁਨੀਆ ਇਸ ਲਈ ਹੈਰਾਨ ਹੈ ਕਿ ਹਰ ਪਾਸਿਉਂ ਹਰ ਤਰ੍ਹਾਂ ਦੀ ਮਦਦ ਪ੍ਰਾਪਤ ਇਹ ਦੇਸ਼ ਜਿਸ ਦੇ ਫੌਜੀਆਂ ਨੂੰ ਅਮਰੀਕੀ ਅਤੇ ਨਾਟੋ ਫੌਜਾਂ ਨੇ ਸਿਖਲਾਈ ਦਿੱਤੀ ਹੋਵੇ ਅਤੇ ਵੱਧ ਤੋਂ ਵੱਧ ਆਧੁਨਿਕ ਹਥਿਆਰ ਦਿੱਤੇ ਹੋਣ, ਉਸ ਨੂੰ ਕਿਵੇਂ ਮਹਿਜ਼ ਕੁਝ ਦਿਨਾਂ ਵਿਚ ਹੀ ਤਾਲਿਬਾਨ ਵਲੋਂ ਜਿੱਤ ਲਿਆ ਗਿਆ? ਅੱਜ ਅਫਗਾਨਿਸਤਾਨ ਦਾ ਰਾਸ਼ਟਰਪਤੀ ਅਸ਼ਰਫ ਗਨੀ ਵਿਦੇਸ਼ ਭੱਜ ਚੁੱਕਾ ਹੈ। ਤਾਲਿਬਾਨ ਨੇ ਦੇਸ਼ ਦੇ ਬਹੁਤੇ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ ਪਰ ਇਸੇ ਹੀ ਸਮੇਂ ਉਪ ਰਾਸ਼ਟਰਪਤੀ ਅਮਰੁੱਲਾ ਸਾਲੇਹ ਨੇ ਤਾਲਿਬਾਨਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕ ਲਿਆ ਹੈ। ਉਸ ਨੇ ਬੜੇ ਦਲੇਰਾਨਾ ਢੰਗ ਨਾਲ ਇਹ ਬਿਆਨ ਦਿੱਤਾ ਹੈ ਕਿ ਉਹ ਅਤੇ ਉਨ੍ਹਾਂ ਦੇ ਸਾਥੀ ਕਿਸੇ ਵੀ ਕੀਮਤ 'ਤੇ ਤਾਲਿਬਾਨ ਅੱਗੇ ਗੋਡੇ ਨਹੀਂ ਟੇਕਣਗੇ। ਆਮ ਲੋਕਾਂ ਵਿਚ ਤਾਲਿਬਾਨ ਵਲੋਂ 20 ਸਾਲ ਪਹਿਲਾਂ 5 ਸਾਲ ਤੱਕ ਚਲਾਏ ਗਏ ਸ਼ਾਸਨ ਦਾ ਖੌਫ ਹੈ।

## ਮੋਦੀ ਸਰਕਾਰ ਨੇ ਅਫਗਾਨ ਸੰਕਟ ਆਸਰੇ ਸੀ.ਏ.ਏ. ਦੀ ਲੋੜ ਨੂੰ ਉਭਾਰਿਆ

**ਨਵੀਂ ਦਿੱਲੀ:** ਜਾਨ ਨੂੰ ਖਤਰਾ ਮਹਿਸੂਸ ਹੋਣ ਉਤੇ ਅਫਗਾਨਿਸਤਾਨ ਵਿਚੋਂ ਹਿੰਦੂਆਂ ਤੇ ਸਿੱਖਾਂ ਦੇ ਭੱਜਣ ਦੇ ਸੰਦਰਭ ਵਿਚ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਨਾਗਰਿਕਤਾ ਸੋਧ ਬਿੱਲ (ਸੀ.ਏ.ਏ.) ਦੀ ਲੋੜ ਨੂੰ ਉਭਾਰਿਆ ਹੈ। ਸੀਨੀਅਰ ਭਾਜਪਾ ਆਗੂ ਪੁਰੀ ਨੇ ਟਵੀਟ ਕੀਤਾ 'ਸਾਡੇ ਗੁਆਂਢ ਵਿਚ ਹੋਈ ਗੜਬੜੀ ਤੇ ਜਿਸ ਤਰੀਕੇ ਨਾਲ ਹਿੰਦੂ ਤੇ ਸਿੱਖ ਇਸ ਦਹਿਸ਼ਤ ਦੇ ਸਮੇਂ ਵਿਚੋਂ ਗੁਜਰ ਰਹੇ ਹਨ, ਇਹ ਸਭ ਦੱਸਦਾ ਹੈ ਕਿ ਸੀ.ਏ.ਏ. ਕਿਉਂ ਜ਼ਰੂਰੀ ਹੈ।' ਹੈਦਰਾਬਾਦ ਦੇ ਸੰਸਦ ਮੈਂਬਰ ਅਸਦੂਦੀਨ ਓਵੈਸੀ ਨੇ ਕੇਂਦਰੀ ਮੰਤਰੀ ਪੁਰੀ ਦੇ ਬਿਆਨ ਲਈ ਉਨ੍ਹਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਇਸ ਮੁੱਦੇ ਉਤੇ ਪੁਰੀ ਲੋਕਾਂ ਨੂੰ 'ਗੁਮਰਾਹ' ਕਰ ਰਹੇ ਹਨ। ਓਵੈਸੀ ਨੇ ਕਿਹਾ ਕਿ ਸੀ.ਏ.ਏ. ਬਿਨਾਂ ਦਸਤਾਵੇਜ਼ਾਂ ਵਾਲੇ ਅਵਾਸੀਆਂ ਲਈ ਹੈ। ਇਸ ਤੋਂ ਇਲਾਵਾ ਕਾਨੂੰਨ 2014 ਤੋਂ ਬਾਅਦ ਲਈ ਨਹੀਂ ਹੈ। ਹੁਣ ਭਾਰਤ ਆਉਣ ਵਾਲੇ ਲੋਕਾਂ ਦੀ ਮਦਦ ਇਹ ਕਿਸ ਤਰ੍ਹਾਂ ਕਰੇਗਾ। ਉਨ੍ਹਾਂ ਸਵਾਲ ਕੀਤਾ ਕਿ ਕੀ ਪੁਰੀ ਨੇ ਆਪਣੀ ਹੀ ਸਰਕਾਰ ਦਾ ਬਣਾਇਆ ਕਾਨੂੰਨ ਨਹੀਂ ਪੜ੍ਹਿਆ।

## ਤੈਅ ਸਮੇਂ ਉਤੇ ਫੌਜਾਂ ਦੀ ਵਾਪਸੀ ਬਾਰੇ ਤਾਲਿਬਾਨ ਦੀ ਸਖਤ ਚਿਤਾਵਨੀ

**ਕਾਬੁਲ:** ਤਾਲਿਬਾਨ ਨੇ ਚਿਤਾਵਨੀ ਦਿੱਤੀ ਹੈ ਕਿ ਅਫਗਾਨਿਸਤਾਨ 'ਚੋਂ ਵਿਦੇਸ਼ੀ ਫੌਜਾਂ ਦੀ ਵਾਪਸੀ 31 ਅਗਸਤ ਤੱਕ ਮੁਕੰਮਲ ਹੋ ਜਾਵੇ। ਉਨ੍ਹਾਂ ਕਿਹਾ ਹੈ ਕਿ ਮੌਜੂਦਾ ਸਮੇਂ 'ਚ ਲੋਕਾਂ ਨੂੰ ਅਫਗਾਨਿਸਤਾਨ 'ਚੋਂ ਕੱਢਣ ਦੇ ਮਿਸ਼ਨ ਦੀ ਮਿਆਦ ਵੀ 31 ਅਗਸਤ ਤੋਂ ਬਾਅਦ ਨਹੀਂ ਵਧਾਈ ਜਾਵੇਗੀ। ਯੂਕੇ ਵੱਲੋਂ ਵਿਦੇਸ਼ੀ ਨਾਗਰਿਕਾਂ ਨੂੰ ਕੱਢਣ ਲਈ 31 ਅਗਸਤ ਦੀ ਮਿਆਦ ਨੂੰ ਵਧਾਉਣ ਲਈ ਦਬਾਅ ਪਾਏ ਜਾਣ ਦੀਆਂ ਰਿਪੋਰਟਾਂ ਦਰਮਿਆਨ ਤਾਲਿਬਾਨ ਦੇ ਤਰਜਮਾਨ ਮੁਹੰਮਦ ਸੁਹੇਲ ਸ਼ਾਹੀਨ ਨੇ ਬੀ.ਬੀ.ਸੀ. ਨੂੰ ਇਹ ਜਾਣਕਾਰੀ ਦਿੱਤੀ।



ਸ਼ਾਹੀਨ ਨੇ ਕਿਹਾ, "ਵਿਦੇਸ਼ੀ ਫੌਜਾਂ ਨੂੰ ਪਹਿਲਾਂ ਐਲਾਨੀ ਤਰੀਕ 'ਤੇ ਆਪਣੇ ਵਤਨ ਪਰਤ ਜਾਣਾ ਚਾਹੀਦਾ ਹੈ। ਨਹੀਂ ਤਾਂ ਇਹ ਸਿੱਧੇ ਤੌਰ 'ਤੇ ਉਲੰਘਣਾ ਹੋਵੇਗੀ। ਫੌਜਾਂ ਦੀ ਅਗਵਾਈ ਕਰ ਰਹੇ ਮੁਲਕਾਂ ਨੂੰ ਇਹ ਫੈਸਲਾ ਮੰਨਣਾ ਪਵੇਗਾ।" ਉਂਜ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਫੌਜਾਂ ਦੀ ਵਾਪਸੀ ਹੋਣ ਮਗਰੋਂ ਕੀ ਕੌਮਾਂਤਰੀ ਉਡਾਣਾਂ ਪਹਿਲਾਂ ਵਾਂਗ ਜਾਰੀ ਰਹਿਣਗੀਆਂ ਕਿਉਂਕਿ ਹਵਾਈ ਅੱਡੇ 'ਤੇ ਅਮਰੀਕਾ ਸਮੇਤ ਨਾਟੋ ਮੁਲਕਾਂ ਦੀਆਂ ਫੌਜਾਂ ਡਟੀਆਂ ਹੋਈਆਂ ਹਨ। ਉਧਰ ਤਾਲਿਬਾਨ ਵਿਰੋਧੀ ਤਾਕਤਾਂ ਪੰਜਸ਼ੀਰ ਵੈਲੀ 'ਚ ਇਕੱਠੀਆਂ ਹੋ ਗਈਆਂ ਹਨ। ਨੈਸ਼ਨਲ ਰਜਿਸਟੈਂਸ ਫਰੰਟ ਆਫ ਅਫਗਾਨਿਸਤਾਨ ਦੇ ਅਲੀ ਨਜ਼ਾਰੀ ਨੇ ਕਿਹਾ ਕਿ ਹਜ਼ਾਰਾਂ ਲੜਾਕੇ ਅਹਿਮਦ ਮਸੂਦ ਦੀ ਅਗਵਾਈ ਹੇਠ ਇਕੱਠੇ ਹੋ ਗਏ ਹਨ।

# ਭਾਰਤ-ਅਫਗਾਨਿਸਤਾਨ ਵਪਾਰ ਨੂੰ ਵੱਡੀ ਢਾਹ

**ਅੰਮ੍ਰਿਤਸਰ:** ਤਾਲਿਬਾਨ ਦੇ ਕਬਜ਼ੇ ਮਗਰੋਂ ਅਟਾਰੀ ਸਰਹੱਦ ਰਾਹੀਂ ਅਫਗਾਨਿਸਤਾਨ ਤੋਂ ਹੁੰਦਾ ਵਪਾਰ ਹਾਲ ਦੀ ਘੜੀ ਰੁਕ ਗਿਆ ਹੈ ਪਰ ਪਹਿਲਾਂ ਤੋਂ ਰਵਾਨਾ ਹੋਏ ਮਾਲ ਦੇ ਟਰੱਕ ਹੌਲੀ-ਹੌਲੀ ਭਾਰਤ ਪੁੱਜ ਰਹੇ ਹਨ। ਅਫਗਾਨਿਸਤਾਨ ਨਾਲ ਪਾਕਿਸਤਾਨ ਦੇ ਰਸਤੇ ਚੱਲ ਰਹੇ ਇਕਪਾਸੜ ਵਪਾਰ ਤਹਿਤ ਭਾਰਤੀ ਵਪਾਰੀਆਂ ਵੱਲੋਂ ਹਰ ਵਰ੍ਹੇ ਵੱਡੀ ਗਿਣਤੀ ਵਿਚ ਸੁੱਕਾ ਮੇਵਾ ਅਤੇ ਹੋਰ ਵਸਤਾਂ ਅਫਗਾਨਿਸਤਾਨ ਤੋਂ ਦਰਾਮਦ ਕੀਤੀਆਂ ਜਾਂਦੀਆਂ ਹਨ।

ਇਕ ਅੰਦਾਜ਼ੇ ਮੁਤਾਬਕ ਭਾਰਤ ਵੱਲੋਂ ਹਰ ਵਰ੍ਹੇ ਲਗਭਗ ਪੰਜ ਸੌ ਮਿਲੀਅਨ ਅਮਰੀਕੀ ਡਾਲਰ ਦੀ ਦਰਾਮਦ ਅਫਗਾਨਿਸਤਾਨ ਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਡਰਾਈ ਫਰੂਟ ਦੀਆਂ 40 ਤੋਂ ਵੱਧ ਕਿਸਮਾਂ, ਜੜ੍ਹੀਆਂ- ਬੂਟੀਆਂ, ਬੀਜ ਤੇ ਹੋਰ ਵਸਤਾਂ ਸ਼ਾਮਲ ਹਨ। ਜਾਣਕਾਰੀ ਅਨੁਸਾਰ ਤਾਲਿਬਾਨ ਦੇ ਕਬਜ਼ੇ ਤੋਂ ਪਹਿਲਾਂ ਭਾਰਤ ਨੂੰ ਦਰਾਮਦ ਕੀਤੇ ਜਾਂਦੇ ਸੁੱਕੇ ਮੇਵੇ ਦਾ ਮਾਲ ਕੁਝ ਤਕਨੀਕੀ ਕਾਰਨਾਂ ਕਰ ਕੇ ਰੁਕਿਆ ਹੋਇਆ ਸੀ ਤੇ ਸਮੱਸਿਆ ਹੱਲ ਕਰਨ ਮਗਰੋਂ ਪਾਕਿਸਤਾਨ ਰੁਕੇ ਟਰੱਕ ਹੌਲੀ-ਹੌਲੀ ਭਾਰਤ ਪੁੱਜ ਰਹੇ ਹਨ।

ਆਈ.ਸੀ.ਪੀ. ਤੋਂ ਮਿਲੀ ਜਾਣਕਾਰੀ ਮੁਤਾਬਕ ਅਫਗਾਨਿਸਤਾਨ ਤੋਂ ਸੁੱਕੇ ਮੇਵੇ ਤੇ ਹੋਰ ਵਸਤਾਂ ਨਾਲ ਲੱਦੇ 7-8 ਟਰੱਕ ਰੋਜ਼ਾਨਾ ਭਾਰਤ ਪੁੱਜ ਰਹੇ ਹਨ। ਬੀਤੇ ਦਿਨ ਵੀ 9 ਟਰੱਕ ਇੱਥੇ ਪੁੱਜੇ ਹਨ। ਦੱਸਣਯੋਗ ਹੈ ਕਿ ਪਾਕਿਸਤਾਨ ਵੱਲੋਂ ਭਾਰਤੀ ਵਸਤਾਂ ਨੂੰ ਅਫਗਾਨਿਸਤਾਨ ਭੇਜਣ ਵਾਸਤੇ ਲਾਂਘਾ ਨਾ ਦੇਣ ਕਾਰਨ ਭਾਰਤ ਵੱਲੋਂ ਅਫਗਾਨਿਸਤਾਨ ਨਾਲ ਇਕਪਾਸੜ ਵਪਾਰ ਹੀ ਕੀਤਾ ਜਾ ਰਿਹਾ ਹੈ ਜਦਕਿ ਪਾਕਿਸਤਾਨ ਨਾਲ ਹੁੰਦਾ ਦੁਵੱਲਾ ਵਪਾਰ ਫਰਵਰੀ 2019 ਤੋਂ ਬੰਦ ਹੈ।

ਅਫਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਹੋਣ ਮਗਰੋਂ ਲੁਧਿਆਣਾ ਦੇ ਸਨਅਤਕਾਰਾਂ ਨੂੰ ਕਰੀਬ 50 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ ਜਦਕਿ 10 ਤੋਂ 15 ਕਰੋੜ ਰੁਪਏ ਦਾ ਮਾਲ ਤਿਆਰ ਹੋ ਰਿਹਾ ਹੈ। ਉਂਜ, ਸਨਅਤਕਾਰ ਲਗਾਤਾਰ ਅਫਗਾਨਿਸਤਾਨ ਦੇ ਵਪਾਰੀਆਂ ਨਾਲ ਸੰਪਰਕ ਵਿਚ ਹਨ।

ਲੁਧਿਆਣਾ ਵਿਚ ਨਿਟਵੀਅਰ ਕਲੱਬ ਦੇ ਚੇਅਰਮੈਨ ਵਿਨੋਦ ਥਾਪਰ ਨੇ ਦੱਸਿਆ ਕਿ ਅਫਗਾਨਿਸਤਾਨ 'ਤੇ ਹਮਲੇ ਕਾਰਨ ਲੁਧਿਆਣਾ ਦੇ ਸਨਅਤਕਾਰਾਂ ਦਾ ਕਾਫੀ ਨੁਕਸਾਨ ਹੋਇਆ ਹੈ। ਪਹਿਲਾਂ ਕਰੋਨਾ ਕਾਰਨ ਸਾਰਾ ਕਾਰੋਬਾਰ ਠੱਪ ਸੀ ਤੇ ਹੁਣ ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜ਼ੇ ਕਾਰਨ ਲੁਧਿਆਣਾ ਦੇ ਸਨਅਤਕਾਰਾਂ ਦਾ 50 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਨੇ ਤਿਆਰ ਮਾਲ ਸਤੰਬਰ 'ਚ ਅਫਗਾਨਿਸਤਾਨ ਭੇਜਣਾ ਸੀ ਪਰ ਹੁਣ ਉੱਥੇ ਦਾ ਮਾਹੌਲ ਖਰਾਬ ਹੋਣ ਕਾਰਨ ਉਹ ਕਾਫੀ ਨਿਰਾਸ਼ ਹਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਹੌਜ਼ਰੀ ਦਾ ਮਾਲ ਪਾਕਿਸਤਾਨ ਰਸਤੇ ਅਫਗਾਨਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿਚ ਜਾਂਦਾ ਹੈ। ਲੁਧਿਆਣਾ ਦੇ ਸਨਅਤਕਾਰ ਤਕਰੀਬਨ 50 ਕਰੋੜ ਰੁਪਏ ਤੋਂ ਵੱਧ ਦਾ ਕੰਮ ਕਰਦੇ ਹਨ। ਇਸ ਸਾਲ ਵੀ ਅਫਗਾਨੀ ਆ ਕੇ ਆਰਡਰ ਦੇ ਕੇ ਜਾ ਚੁੱਕੇ ਹਨ। ਇਸ ਸਬੰਧੀ ਐਡਵਾਂਸ ਪੈਸੇ ਵੀ ਆ ਚੁੱਕੇ ਹਨ। ਹੁਣ ਅਚਾਨਕ ਹਾਲਾਤ ਕਾਫੀ ਵਿਗੜ ਗਏ ਹਨ, ਜਿਸ ਕਾਰਨ ਉਨ੍ਹਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਕਿ ਉਹ ਕੀ ਕਰਨ।

# ਸੁਮੇਧ ਸੈਣੀ ਦੀ ਤੁਰਤ ਰਿਹਾਈ ਦੇ ਮਾਮਲੇ 'ਤੇ ਘਿਰੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਵੱਲੋਂ ਗ੍ਰਿਫਤਾਰ ਕੀਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਤੁਰਤ ਰਿਹਾਈ ਦੇ ਮਾਮਲੇ ਉਤੇ ਵਿਰੋਧੀ ਧਿਰਾਂ ਤੇ ਸਿੱਖ ਜਥੇਬੰਦੀਆਂ ਨੇ ਕੈਪਟਨ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਹਨ। ਸੈਣੀ ਮਾਮਲੇ ਵਿਚ ਪੰਜਾਬ ਸਰਕਾਰ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ 'ਤੇ ਵੱਡਾ ਹਮਲਾ ਕਰਦਿਆਂ ਤਿੰਨ ਉੱਚ ਅਫਸਰਾਂ ਨੂੰ ਤੁਰਤ ਪ੍ਰਭਾਵ ਨਾਲ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਟਵੀਟ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਪੇਸ਼ੇਵਰ ਤਰੀਕੇ ਨਾਲ ਕੰਮ ਕਰਨ ਵਿਚ ਨਾਕਾਮ ਰਹਿਣ ਕਾਰਨ ਐਡਵੋਕੇਟ ਜਨਰਲ, ਗ੍ਰਹਿ ਸਕੱਤਰ ਤੇ ਚੀਫ ਡਾਇਰੈਕਟਰ ਵਿਜੀਲੈਂਸ ਨੂੰ ਤੁਰਤ ਅਹੁਦੇ ਤੋਂ ਹਟਾਇਆ ਜਾਵੇ।

'ਆਪ' ਨੇ ਸੁਮੇਧ ਸੈਣੀ ਦਾ ਬਚਾਅ ਕਰਨ ਦੇ ਦੋਸ਼ ਲਾਉਂਦਿਆਂ ਮੁੱਖ ਮੰਤਰੀ ਦਾ ਅਸਤੀਫਾ ਅਤੇ ਮੁੱਖ ਸਕੱਤਰ ਵਿਨੀ ਮਹਾਜਨ, ਵਿਜੀਲੈਂਸ ਚੀਫ ਡਾਇਰੈਕਟਰ ਬੀਕੇ ਉੱਪਲ ਅਤੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਤੁਰਤ ਅਹੁਦਿਆਂ ਤੋਂ ਹਟਾਉਣ ਦੀ ਮੰਗ ਕੀਤੀ ਹੈ। ਪਾਰਟੀ ਆਗੂਆਂ ਨੇ ਕਿਹਾ ਹੈ ਕਿ ਸੱਤਾਧਾਰੀ ਕਾਂਗਰਸ ਤੇ ਸਮੁੱਚੀ ਸਰਕਾਰੀ ਮਸ਼ੀਨਰੀ ਸੁਮੇਧ ਸੈਣੀ ਨੂੰ ਹਰ ਹੀਲੇ ਬਚਾਉਣ 'ਤੇ ਲੱਗੀ ਹੋਈ ਹੈ। ਹਰ ਕੰਮ 'ਚ ਅਣਗਿਣਤ ਚੋਰ-ਮੋਰੀਆਂ ਰੱਖ ਕੇ ਸੈਣੀ ਨੂੰ ਬਚ ਨਿਕਲਣ ਲਈ 'ਸੁਰੱਖਿਅਤ ਲਾਂਘਾ' ਦੇ ਦਿੱਤਾ ਜਾਂਦਾ ਹੈ। ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਬਾਦਲਾਂ ਦੇ



ਨਕਸ਼ੇ ਕਦਮ 'ਤੇ ਚਲਦਿਆਂ ਕੈਪਟਨ ਸਰਕਾਰ ਨੇ ਵੀ ਸੁਮੇਧ ਸੈਣੀ ਖਿਲਾਫ ਹਮੇਸ਼ਾ ਨਰਮੀ ਦਿਖਾਈ ਹੈ। ਬਰਗਾੜੀ ਅਤੇ ਬਹਿਬਲ ਕਲਾਂ ਕੇਸਾਂ ਸਣੇ ਸੁਮੇਧ ਸੈਣੀ ਖਿਲਾਫ ਕਦੇ ਵੀ ਠੋਸ ਤਰੀਕੇ ਨਾਲ ਕੇਸ ਨਹੀਂ ਬਣਾਇਆ ਗਿਆ। ਵਿਰੋਧੀ ਧਿਰਾਂ ਤੇ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਬੇਅਦਬੀ ਅਤੇ ਬਹਿਬਲ ਕਲਾਂ ਸਣੇ ਸੁਮੇਧ ਸੈਣੀ ਖਿਲਾਫ ਜਿੰਨੇ ਵੀ ਕੇਸ ਹਨ, ਜੇ ਸਰਕਾਰ ਨਿਰਪੱਖਤਾ ਅਤੇ ਠੋਸ ਇਰਾਦੇ ਨਾਲ ਕਾਰਵਾਈ ਕਰਦੀ ਤਾਂ ਸੁਮੇਧ ਸੈਣੀ ਕਦੋਂ ਦੇ ਸਲਾਖਾਂ ਪਿੱਛੇ ਹੁੰਦੇ ਪਰ ਕੈਪਟਨ ਸਰਕਾਰ ਅਜਿਹਾ ਚਾਹੁੰਦੀ ਹੀ ਨਹੀਂ।

ਉਧਰ, ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਮੀਨ ਧੋਖਾਧੜੀ ਦੇ ਮਾਮਲੇ ਵਿਚ ਸੁਮੇਧ ਸੈਣੀ ਨੂੰ 19 ਅਗਸਤ ਨੂੰ ਮਿਲੇ ਰਿਹਾਈ ਆਦੇਸ਼ਾਂ ਅਤੇ ਸਾਬਕਾ ਡੀ.ਜੀ.ਪੀ. ਵਿਰੁੱਧ ਆਮਦਨ ਤੋਂ ਵੱਧ ਸੰਪਤੀ ਦੇ ਮਾਮਲੇ ਵਿਚ 12 ਅਗਸਤ ਦੇ ਅੰਤਰਿਮ ਜ਼ਮਾਨਤ ਆਦੇਸ਼ਾਂ ਵਿਰੁੱਧ ਹਾਈ ਕੋਰਟ ਵਿਚ ਰੀਕਾਲ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਬਿਊਰੋ ਵੱਲੋਂ ਸੈਣੀ ਵਿਰੁੱਧ ਦਾਇਰ ਦੋ ਮਾਮਲਿਆਂ ਵਿਚ ਜਲਦੀ ਹੀ ਰੀਕਾਲ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਸੈਣੀ ਨੂੰ 18 ਅਗਸਤ ਨੂੰ ਜ਼ਮੀਨ ਧੋਖਾਧੜੀ ਦੇ ਮਾਮਲੇ (ਐਫ.ਆਈ.ਆਰ. ਨੰਬਰ 11, ਮੁਹਾਲੀ) ਵਿਚ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਇਕ ਹੋਰ ਮਾਮਲੇ (ਐਫ.ਆਈ.ਆਰ. ਨੰਬਰ 13 ਵਸੀਲਿਆਂ ਤੋਂ ਵੱਧ ਸੰਪਤੀ ਰੱਖਣ ਦਾ ਕੇਸ) ਸਬੰਧੀ ਵਿਜੀਲੈਂਸ ਬਿਊਰੋ ਕੋਲ ਪਹੁੰਚੇ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਡੀ.ਜੀ.ਪੀ. ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ। ਹਾਈ ਕੋਰਟ ਨੇ ਵਿਜੀਲੈਂਸ ਨੂੰ ਹਦਾਇਤ ਕੀਤੀ ਹੈ ਕਿ ਸੈਣੀ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਸੱਤ ਦਿਨ ਦਾ ਅਗਾਊਂ ਨੋਟਿਸ ਦਿੱਤਾ ਜਾਵੇ। ਬੈਂਚ ਨੇ ਦੇਰ ਰਾਤ 11.40 ਵਜੇ ਦੇ ਕਰੀਬ ਸੈਣੀ ਦੀ ਰਿਹਾਈ ਦੇ ਹੁਕਮ ਜਾਰੀ ਕਰਦਿਆਂ ਸਾਬਕਾ ਡੀ.ਜੀ.ਪੀ. ਦੀ ਹਿਰਾਸਤ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ।

ਦੱਸ ਦਈਏ ਕਿ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਦਾ ਆਪਣੇ ਕਾਰਜਕਾਲ ਦੌਰਾਨ ਵਿਵਾਦਾਂ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਪੰਜਾਬ ਪੁਲਿਸ ਦੇ 1982 ਬੈਚ ਦੇ ਇਸ ਸਾਬਕਾ ਪੁਲਿਸ ਅਧਿਕਾਰੀ ਨੇ ਐਸ.ਐਸ.ਪੀ. ਦੇ ਅਹੁਦੇ ਸਮੇਂ ਵੱਡੇ ਵਿਵਾਦ ਸਹੇੜੇ। ਸੁਮੇਧ ਸੈਣੀ 'ਤੇ ਅਤਿਵਾਦ ਸਮੇਂ ਮਨੁੱਖੀ ਹੱਕਾਂ ਦਾ ਘਾਣ ਕਰਨ ਦੇ ਦੋਸ਼ ਵੀ ਲੱਗੇ। ਇਕ ਮਾਮਲੇ ਵਿਚ ਉਸ ਨੂੰ ਦਿੱਲੀ ਦੀ ਸੀ.ਬੀ.ਆਈ. ਅਦਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੈਣੀ ਨੂੰ ਅਕਾਲੀ-ਭਾਜਪਾ ਸਰਕਾਰ ਨੇ ਸਾਲ 2012 ਵਿਚ ਡੀ.ਜੀ.ਪੀ. ਦੇ ਅਹੁਦੇ 'ਤੇ ਤਾਇਨਾਤ ਕੀਤਾ ਸੀ। ਤਤਕਾਲੀ ਸਰਕਾਰ ਦੇ ਇਸ ਫੈਸਲੇ ਦੀ ਭਾਵੇਂ ਕਾਫੀ ਆਲੋਚਨਾ ਹੋਈ ਸੀ, ਪਰ ਅਕਾਲੀਆਂ ਨੇ ਪ੍ਰਵਾਹ ਨਾ ਕੀਤੀ। ਸਾਲ 2015 ਵਿਚ ਜਦੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਾਪਰੇ ਤਾਂ ਸੈਣੀ ਹੀ ਪੁਲਿਸ ਮੁਖੀ ਸੀ ਤੇ ਸਰਕਾਰ ਦੀ ਹਾਲਤ ਏਨੀ ਵਿਰੋਧਾਭਾਸ ਵਾਲੀ ਬਣ ਗਈ ਸੀ ਕਿ ਉਸ ਨੂੰ ਅਹੁਦੇ ਤੋਂ ਲਾਂਭੇ ਕਰਨਾ ਪਿਆ ਸੀ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਉਸ ਨੂੰ ਇਕ ਤੋਂ ਬਾਅਦ ਇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਪੁਲਿਸ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਵਿਚ ਨਾਮਜ਼ਦ ਕਰਨ ਸਮੇਤ ਅਤਿਵਾਦ ਵੇਲੇ ਬਲਵੰਤ ਸਿੰਘ ਮੁਲਤਾਨੀ ਨੂੰ ਕਤਲ ਕਰਨ ਦੇ ਦੋਸ਼ਾਂ ਤਹਿਤ ਵੀ ਮਾਮਲਾ ਦਰਜ ਕੀਤਾ ਗਿਆ। ਸੈਣੀ ਨੇ ਰਾਹਤ ਲੈਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ।

ਪੰਜਾਬ ਵਿਜੀਲੈਂਸ ਬਿਊਰੋ ਨੇ ਉਸ ਨੂੰ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਵਿਚ ਨਾਮਜ਼ਦ ਤਾਂ ਕੀਤਾ ਸੀ, ਪਰ ਵਿਜੀਲੈਂਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਅੰਤਰਿਮ ਜ਼ਮਾਨਤ ਮਿਲਣ ਕਾਰਨ ਗ੍ਰਿਫਤਾਰ ਨਾ ਕਰ ਸਕੀ। ਅਖੀਰ ਉਸ ਨੂੰ ਇਕ ਹੋਰ ਮਾਮਲੇ ਵਿਚ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ, ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤਹਿਤ ਮੁਹਾਲੀ ਅਦਾਲਤ ਨੇ ਰਾਤ 2 ਵਜੇ ਰਿਹਾਅ ਕਰ ਦਿੱਤਾ। ਪੰਜਾਬ ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਸਰਕਾਰੀ ਅਧਿਕਾਰੀਆਂ ਦੀ ਢਿੱਲੀ ਕਾਰਵਾਈ ਕਾਰਨ ਸੈਣੀ ਦੀ ਗ੍ਰਿਫਤਾਰੀ ਸੰਭਵ ਨਹੀਂ ਹੋ ਰਹੀ।

# ਅਕਤੂਬਰ ਵਿਚ ਕਰੋਨਾ ਦੀ ਤੀਜੀ ਲਹਿਰ ਦਾ ਸਿਖਰ ਆਉਣ ਦੀ ਚਿਤਾਵਨੀ

**ਨਵੀਂ ਦਿੱਲੀ:** ਆਫਤ ਪ੍ਰਬੰਧਨ ਬਾਰੇ ਕੌਮੀ ਸੰਸਥਾ (ਐਨ.ਆਈ.ਡੀ.ਐਮ.) ਤਹਿਤ ਗਠਿਤ ਮਾਹਿਰਾਂ ਦੀ ਇਕ ਕਮੇਟੀ ਨੇ ਚਿਤਾਵਨੀ ਦਿੱਤੀ ਹੈ ਕਿ ਅਕਤੂਬਰ ਦੇ ਅਖੀਰ ਵਿਚ ਕਰੋਨਾ ਵਾਇਰਸ ਦੀ ਤੀਜੀ ਲਹਿਰ ਆਪਣੇ ਸਿਖਰ 'ਤੇ ਹੋਵੇਗੀ। ਗ੍ਰਹਿ ਮੰਤਰਾਲੇ ਦੇ ਹੁਕਮਾਂ ਤਹਿਤ ਗਠਿਤ ਕਮੇਟੀ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਸੌਂਪੀ ਰਿਪੋਰਟ ਵਿਚ ਬੱਚਿਆਂ, ਜਿਨ੍ਹਾਂ ਨੂੰ ਸ਼ਾਇਦ ਤੀਜੀ ਲਹਿਰ ਦੌਰਾਨ ਸਭ ਤੋਂ ਵੱਧ ਜੋਖਮ ਦਰਪੇਸ਼ ਰਹੇਗਾ, ਲਈ ਹੁਣ ਤੋਂ ਹੀ ਬਿਹਤਰ ਤਿਆਰੀਆਂ ਕਰਨ ਦੀ ਮੰਗ ਕੀਤੀ ਹੈ। ਉਧਰ, ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਵਾਇਰਸ ਦੀ ਸੰਭਾਵੀ ਤੀਜੀ ਲਹਿਰ ਦੇ ਟਾਕਰੇ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਲਈ ਵੱਖਰੇ ਤੌਰ ਉਤੇ 23,123 ਕਰੋੜ ਰੁਪਏ ਰੱਖੇ ਗਏ ਹਨ। ਠਾਕੁਰ ਨੇ ਕਿਹਾ ਕਿ ਬੱਚਿਆਂ ਦੀ ਸਾਂਭ-ਸੰਭਾਲ ਲਈ ਸਿਹਤ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਕਿਉਂਕਿ ਕਿਆਸ ਲਾਇਆ ਜਾ ਰਿਹਾ ਹੈ ਕਿ ਤੀਜੀ ਲਹਿਰ ਬੱਚਿਆਂ ਨੂੰ ਵੱਧ ਪ੍ਰਭਾਵਿਤ ਕਰ ਸਕਦੀ ਹੈ। ਦੱਸ ਦਈਏ ਕਿ ਤੀਜੀ ਲਹਿਰ ਦੇ ਆਉਣ ਉਤੇ ਭਾਰਤ ਨੂੰ ਸਭ ਤੋਂ ਵੱਧ ਮਾਰ ਪੈਣ ਦੀ ਸੰਭਾਵਨਾ ਹੈ, ਕਿਉਂ ਵੈਕਸੀਨ ਦੇ ਮਾਮਲੇ ਵਿਚ ਭਾਰਤ ਆਪਣੇ ਟੀਚੇ ਤੋਂ ਅਜੇ ਵੀ ਕਾਫੀ ਪੱਛੜਿਆ ਹੋਇਆ ਹੈ। ਜਦੋਂ ਕਿ ਵਿਗਿਆਨੀ ਵੈਕਸੀਨ ਨੂੰ ਹੀ ਕਰੋਨਾ ਖਿਲਾਫ ਇਕੋ ਇਕ ਹਥਿਆਰ ਮੰਨ ਰਹੇ ਹਨ।

ਭਾਰਤ ਵਿਚ ਕਰੋਨਾ ਵਿਰੁੱਧ ਵਰਤੀ ਜਾਣ ਵਾਲੀਆਂ ਵੈਕਸੀਨਾਂ ਦੇ ਲਗਭਗ 57 ਕਰੋੜ ਟੀਕੇ ਲੱਗ ਚੁੱਕੇ ਹਨ; 12.5 ਕਰੋੜ ਤੋਂ ਜ਼ਿਆਦਾ ਲੋਕਾਂ ਦਾ ਪੂਰਾ ਟੀਕਾਕਰਨ ਹੋ ਚੁੱਕਾ ਹੈ। ਇਸ ਤਰ੍ਹਾਂ ਦੇਸ਼ ਦੀ ਲਗਭਗ 9.3 ਫੀਸਦੀ ਆਬਾਦੀ ਨੂੰ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਭਾਰਤ 'ਚ ਕਰੋਨਾ ਦੀ ਦੂਜੀ ਲਹਿਰ ਨੇ ਲੋਕਾਂ 'ਤੇ ਕਹਿਰ ਢਾਹੇ ਤੇ ਹਜ਼ਾਰਾਂ ਮਰੀਜ਼ ਹਸਪਤਾਲਾਂ 'ਚ ਬੈੱਡਾਂ, ਆਕਸੀਜਨ ਤੇ ਦਵਾਈਆਂ ਦੀ ਕਮੀ ਕਾਰਨ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਘੱਟ ਸਾਧਨਾਂ ਵਾਲੇ ਬਹੁਤ ਸਾਰੇ ਲੋਕ ਹਸਪਤਾਲਾਂ ਤੱਕ ਵੀ ਨਾ ਪਹੁੰਚ ਸਕੇ। ਵੱਖ-ਵੱਖ ਸੰਸਥਾਵਾਂ ਤੇ ਅਖਬਾਰਾਂ ਨੇ ਕੋਵਿਡ-19 ਦੀ ਦੂਸਰੀ ਲਹਿਰ ਦੌਰਾਨ ਮੌਤਾਂ ਦੀ ਪਿਛਲੇ ਸਾਲ ਉਸੇ ਹੀ ਸਮੇਂ ਦੌਰਾਨ ਹੋਈਆਂ ਮੌਤਾਂ ਨਾਲ ਤੁਲਨਾ ਕਰ ਕੇ ਦਿਖਾਇਆ ਹੈ ਕਿ ਦੂਸਰੀ ਲਹਿਰ ਦੌਰਾਨ ਮੌਤਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਇਹੀ ਨਹੀਂ, ਕੁਝ ਸੂਬੇ ਜਿਥੇ ਲੋਕਾਂ ਦੇ ਮ੍ਰਿਤਕ ਸਰੀਰ ਦਰਿਆਵਾਂ ਵਿਚ ਵਹਾਏ ਗਏ ਅਤੇ ਸ਼ਮਸ਼ਾਨਘਾਟਾਂ ਸਾਹਮਣੇ ਲੰਮੀਆਂ ਕਤਾਰਾਂ ਲੱਗੀਆਂ, ਹੁਣ ਆਪਣੀ ਪਿੱਠ ਥਾਪੜਨ ਲੱਗ ਪਏ ਹਨ। ਮਹਾਮਾਰੀ ਦੇ ਫੈਲਣ ਬਾਰੇ ਖੋਜ ਕਰਨ ਵਾਲੇ ਮਾਹਿਰਾਂ ਅਨੁਸਾਰ ਦੇਸ਼ ਵਿਚ ਕਰੋਨਾ ਦੀ ਤੀਜੀ ਲਹਿਰ ਆਉਣ ਦਾ ਖਤਰਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਅਮਰੀਕਾ ਤੋਂ ਬਾਅਦ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣ ਵਾਲਾ ਦੇਸ਼ ਹੈ। ਮਾਹਰਾਂ ਅਨੁਸਾਰ ਭਾਰਤ ਵਿਚ ਪਿਛਲੇ ਕੁਝ ਸਮੇਂ ਵਿਚ ਟੀਕੇ ਲਗਾਉਣ ਦੀ ਰਫਤਾਰ ਘਟੀ ਹੈ ਅਤੇ ਔਸਤਨ ਪ੍ਰਤੀ ਦਿਨ 50 ਲੱਖ ਟੀਕੇ ਲੱਗਦੇ ਰਹੇ ਹਨ। ਇਸ ਸਮੇਂ ਵੀ ਦੇਸ਼ ਦੇ ਹਸਪਤਾਲਾਂ ਵਿਚ 3.5 ਲੱਖ ਤੋਂ ਜ਼ਿਆਦਾ ਮਰੀਜ਼ ਕਰੋਨਾ ਨਾਲ ਪ੍ਰਭਾਵਿਤ ਹਨ।

## ਜਾਇਕੋਵ-ਡੀ ਵੈਕਸੀਨ ਦੀ ਸਪਲਾਈ ਅਗਲੇ ਮਹੀਨੇ!

**ਨਵੀਂ ਦਿੱਲੀ:** ਜਾਇਡਸ ਕੈਡਿਲਾ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਤਿਆਰ ਕੋਵਿਡ-19 ਵੈਕਸੀਨ ਜਾਇਕੋਵ-ਡੀ ਦੀ ਸਪਲਾਈ ਅਗਲੇ ਮਹੀਨੇ ਦੇ ਅੱਧ ਜਾਂ ਅਖੀਰ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਕੰਪਨੀ ਨੇ ਕਿਹਾ ਹੈ ਕਿ ਵੈਕਸੀਨ ਦੀ ਕੀਮਤ ਦਾ ਐਲਾਨ ਇਕ ਜਾਂ ਦੋ ਹਫਤੇ ਦੇ ਅੰਦਰ ਕਰ ਦਿੱਤਾ ਜਾਵੇਗਾ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸ਼ਾਰਵਿਲ ਪਟੇਲ ਨੇ ਵਰਚੁਅਲ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਅਕਤੂਬਰ ਤੱਕ ਉਹ ਇਕ ਕਰੋੜ ਖੁਰਾਕਾਂ ਬਣਾਉਣਾ ਸ਼ੁਰੂ ਕਰ ਦੇਣਗੇ ਅਤੇ ਜਨਵਰੀ ਦੇ ਅਖੀਰ ਤੱਕ ਵੈਕਸੀਨ ਦੀਆਂ 4 ਤੋਂ 5 ਕਰੋੜ ਖੁਰਾਕਾਂ ਮਿਲ ਜਾਣਗੀਆਂ। ਉਨ੍ਹਾਂ ਕਿਹਾ ਕਿ ਜਾਇਡਸ ਕੈਡਿਲਾ ਹੋਰ ਕੰਪਨੀਆਂ ਨਾਲ ਵੈਕਸੀਨ ਦਾ ਉਤਪਾਦਨ ਵਧਾਉਣ ਲਈ ਭਾਈਵਾਲੀ ਕਰਨ ਬਾਰੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਵੈਕਸੀਨ ਦੀਆਂ ਦੋ ਖੁਰਾਕਾਂ ਲਈ ਵੀ ਪ੍ਰਵਾਨਗੀ ਮੰਗੀ ਜਾ ਰਹੀ ਹੈ। ਜਾਇਕੋਵ-ਡੀ 12 ਤੋਂ 18 ਸਾਲ ਦੇ ਬੱਚਿਆਂ ਨੂੰ ਵੀ ਲਗਾਈ ਜਾ ਸਕਦੀ ਹੈ।


ਵੈਕਸੀਨ ਬਣਾਉਣ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਮੁੱਦਾ ਇਨ੍ਹਾਂ ਵੈਕਸੀਨਾਂ 'ਤੇ ਪੇਟੈਂਟ ਖਤਮ ਕਰਨ ਨਾਲ ਜੁੜਿਆ ਹੋਇਆ ਹੈ। ਭਾਰਤ ਅਤੇ ਦੱਖਣੀ ਅਫਰੀਕਾ ਨੇ ਤਜਵੀਜ਼ ਪੇਸ਼ ਕੀਤੀ ਸੀ ਕਿ ਇਹ ਪੇਟੈਂਟ ਖਤਮ ਕੀਤੇ ਜਾਣ ਜਿਸ ਨਾਲ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਵੈਕਸੀਨ ਦਾ ਉਤਪਾਦਨ ਵਧੇ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਤਜਵੀਜ਼ ਦੀ ਹਮਾਇਤ ਕਰਨ ਦੇ ਸੰਕੇਤ ਦਿੱਤੇ ਸਨ ਪਰ ਇਹ ਗੱਲ ਜ਼ਿਆਦਾ ਅੱਗੇ ਨਹੀਂ ਵਧੀ। ਕਾਰਪੋਰੇਟ ਕੰਪਨੀਆਂ ਵੈਕਸੀਨ ਬਣਾ ਕੇ ਵੱਡੇ ਮੁਨਾਫੇ ਕਮਾਉਣ ਦੇ ਮੌਕੇ ਨੂੰ ਗੁਆਉਣਾ ਨਹੀਂ ਚਾਹੁੰਦੀਆਂ।

# ਸੁਹਜ ਭਰਪੂਰ ਨਿਰੰਤਰ ਵਹਿੰਦੀ ਨਦੀ ਜਿਹੀ ਹੈ ਸੁਰਜੀਤ ਜੱਜ ਦੀ ਸ਼ਾਇਰੀ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਜ਼ੂਮ ਲਿੰਕ ਰਾਹੀਂ ਸਾਹਿਤਕ ਮਿਲਣੀ ਹੋਈ। ਇਸ ਮਿਲਣੀ ਦੇ ਸ਼ੁਰੂ ਵਿਚ ਡਾ. ਕੰਬੋਜ ਨੇ ਸਭ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਕੁਲਵਿੰਦਰ ਨੇ ਦੂਜੇ ਸੈਸ਼ਨ ਦੇ ਸੰਚਾਲਨ ਲਈ ਹਰਜਿੰਦਰ ਕੰਗ ਨੂੰ ਸੱਦਾ ਦਿੱਤਾ। ਹਰਜਿੰਦਰ ਕੰਗ ਨੇ ਸੁਰਜੀਤ ਸਖੀ ਦੇ ਕਾਵਿ-ਸੰਸਾਰ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਸੁਰਜੀਤ ਸਖੀ ਪੰਜਾਬੀ ਸ਼ਾਇਰੀ ਦਾ ਵਿਸ਼ੇਸ਼ ਹਸਤਾਖਰ ਹੈ, ਜਿਸ ਨੇ ਹੁਣ ਤੱਕ ਅੱਧੀ ਦਰਜਨ ਕਾਵਿ ਸੰਗ੍ਰਹਿ ਲਿਖੇ ਹਨ। 'ਕਿਰਨਾਂ', 'ਅੰਗੂਠੇ ਦਾ ਨਿਸ਼ਾਨ', 'ਜਵਾਬੀ ਖ਼ਤ' ਕਵਿਤਾਵਾਂ ਦੀਆਂ ਪੁਸਤਕਾਂ ਹਨ। 'ਮੈਂ ਸਿਕੰਦਰ ਨਹੀਂ' ਚਰਚਿਤ ਗ਼ਜ਼ਲ ਸੰਗ੍ਰਹਿ ਅਤੇ 'ਧੁੰਦ' ਕਵਿਤਾ ਅਤੇ ਗ਼ਜ਼ਲ ਦੋਵਾਂ ਕਾਵਿ-ਵਿਧਾਵਾਂ ਦਾ ਸੁਮੇਲ ਹੈ। ਇਸ ਤੋਂ ਇਲਾਵਾ 'ਯੇ ਉਨ ਦਿਨੋਂ ਕੀ ਬਾਤ ਹੈ' ਹਿੰਦੀ ਕਾਵਿ-ਸੰਗ੍ਰਹਿ ਹੈ।



ਸੁਰਜੀਤ ਜੱਜ




ਇਸ ਤੋਂ ਬਾਅਦ ਸਿਰਮੌਰ ਗਜ਼ਲਕਾਰ ਅਤੇ ਸਮੀਖਿਆਕਾਰ ਸੁਰਜੀਤ ਜੱਜ ਨੇ 'ਸਮਕਾਲੀ ਸੰਵੇਦਨਾ ਤੇ ਸੰਘਰਸ਼ ਦੇ ਪ੍ਰਸੰਗ ਵਿਚ ਸਖੀ ਕਾਵਿ ਦੀ ਪੜ੍ਹਤ' ਪੇਪਰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸਖੀ ਦੀ ਸ਼ਾਇਰੀ ਸੰਘਰਸ਼ਮੁਖੀ ਸੰਵੇਦਨਸ਼ੀਲਤਾ ਅਤੇ ਸੰਵੇਦਨਸ਼ੀਲ ਸੰਘਰਸ਼ਮੁਖਤਾ ਦੀ ਸਿਰਜਣਕਾਰੀ ਦਾ ਆਦਿ ਚਸ਼ਮਾ ਹੈ, ਜਿੱਥੋਂ ਸ਼ੁਰੂ ਹੋ ਸੁਹਜ ਭਰਪੂਰ ਸ਼ਾਇਰੀ ਦੀ ਇਕ ਨਿਰੰਤਰ ਵਹਿੰਦੀ ਨਦੀ, ਸ਼ਬਦ-ਸਾਧਨਾ ਸੰਪੰਨ ਪਾਠਕ ਦੇ ਸ਼ਾਂਤ ਮਨੋਸਾਗਰ ਵਿਚ ਹਲਚਲ ਪੈਦਾ ਕਰਦੀ ਹੈ। ਇਸ ਸ਼ਾਇਰੀ ਦੀ ਵਿਸ਼ੇਸ਼ਤਾ ਇਹ ਹੈ ਕਿ ਕਈ ਦਹਾਕੇ ਪਹਿਲਾਂ ਕੀਤੀ ਸਿਰਜਣਾ ਅੱਜ ਦੇ ਕਿਸਾਨੀ ਸੰਘਰਸ਼ ਦੇ ਸਾਰ ਅਤੇ ਸੁਭਾਅ ਦੀ ਸੂਖਮ ਝਲਕ ਪਾਉਂਦੀ ਹੈ,

ਉਸ ਕਿਹਾ ਸੀ ਇਹੋ, ਸਰਦ ਹੰਝੂ, ਮੇਰੇ
ਸੁਲਗਦੇ ਹੱਥ 'ਤੇ ਧਰਦਿਆਂ ਧਰਦਿਆਂ,
ਨਾ ਹੰਢਾਉਣੀ ਪਵੇ ਪਿਆਸ ਤੈਨੂੰ ਕਿਤੇ
ਸੇਕ ਹਾਲਤ ਦਾ ਜਰਦਿਆਂ ਜਰਦਿਆਂ।

ਇਸ ਉਪਰੰਤ ਸਵਾਲ-ਜਵਾਬ ਦੇ ਸਿਲਸਿਲੇ ਵਿਚ ਭਾਗ ਲੈਂਦਿਆਂ ਸੁਰਿੰਦਰ ਸੀਰਤ ਨੇ ਪੜ੍ਹੇ ਗਏ ਪੇਪਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਇਕ ਵਾਰੀ ਡਾ. ਅਤਰ ਸਿੰਘ ਨੇ ਸੰਕੇਤ ਦਿੱਤਾ ਸੀ ਕਿ ਸਖੀ ਦੀ ਕਵਿਤਾ ਬਿਹਤਰ ਹੈ ਅਤੇ ਗ਼ਜ਼ਲ ਬਿਹਤਰ ਨਹੀਂ। ਆਉਣ ਵਾਲਾ ਸਮਾਂ ਕਿਸੇ ਨੂੰ ਪਤਾ ਨਹੀਂ ਹੁੰਦਾ। ਪ੍ਰਿੰਸੀਪਲ ਤਖਤ ਸਿੰਘ ਦੀ ਰਹਿਨੁਮਾਈ ਹੇਠ ਲਿਖੀ ਸਖੀ ਦੀ ਗਜ਼ਲ ਵਧੇਰੇ ਸਾਰਥਕ ਸਿੱਧ ਹੋਈ ਹੈ। ਇਸ ਉਪਰੰਤ ਹਾਜ਼ਰ ਸਭ ਸ਼ਾਇਰਾਂ ਨੇ ਸੁਰਜੀਤ ਸਖੀ ਨੂੰ ਉਨ੍ਹਾਂ ਦੀ ਸਿਰਜਣਾ ਪ੍ਰਤੀ ਸਵਾਲ ਵੀ ਕੀਤੇ ਅਤੇ ਵਧਾਈ ਵੀ ਦਿੱਤੀ। ਕੁਲਵਿੰਦਰ ਨੇ ਕਿਹਾ ਕਿ ਸੁਰਜੀਤ ਜੱਜ ਨੇ ਸਖੀ ਦੀ ਗਜ਼ਲ ਸੰਵੇਦਨਾ ਦੀਆਂ ਜੋ ਪਰਤਾਂ ਖੋਲ੍ਹੀਆਂ ਹਨ, ਉਹ ਕਾਬਿਲੇ ਤਾਰੀਫ ਹਨ। ਉਨ੍ਹਾਂ ਦਾ ਇਹ ਸ਼ਿਅਰ ਅੱਜ ਵੀ ਪੰਜਾਬ ਦੇ ਸਾਹਿਤਕ ਹਲਕਿਆਂ ਵਿਚ ਗੂੰਜਦਾ ਹੈ, ਇਹ ਉਸ ਦੀ ਗਜ਼ਲ ਸੰਵੇਦਨਾ ਦਾ ਸਿਖਰ ਹੈ,

ਆਮ ਇਨਸਾਨ ਹਾਂ, ਮੈਂ ਸਿਕੰਦਰ ਨਹੀਂ
ਨਾ ਸੀ ਦੁਨੀਆਂ ਨੂੰ ਜਿੱਤਣ ਦੀ ਖਾਹਿਸ਼ ਕੋਈ,
ਇਹ ਜ਼ਮਾਨਾ ਤਾਂ ਐਵੇਂ ਫਤਿਹ ਹੋ ਗਿਆ
ਸਿਰਫ ਤੈਨੂੰ ਫਤਿਹ ਕਰਦਿਆਂ ਕਰਦਿਆਂ।

ਡਾ. ਸੁਹਿੰਦਰਬੀਰ ਸਿੰਘ ਨੇ ਇਸ ਸੈਸ਼ਨ ਦੀ ਅੰਤਿਕਾ ਵਿਚ ਕਿਹਾ ਕਿ ਸੁਰਜੀਤ ਜੱਜ ਨੇ ਸ਼ਾਇਰ ਦੀ ਰੂਹ ਤੱਕ ਪਹੁੰਚ ਕੀਤੀ ਹੈ। ਦੋ ਦਹਾਕੇ ਪਹਿਲਾਂ ਲਿਖੀ ਗਈ ਰਚਨਾ ਇਸ ਗੱਲ ਦੀ ਹਾਮੀ ਵੀ ਭਰਦੀ ਹੈ ਕਿ ਸਾਡੇ ਹਲਾਤ ਉਸ ਵਕਤ ਵੀ ਏਦਾਂ ਦੇ ਸਨ। ਸਖੀ ਦੀ ਸ਼ਾਇਰੀ ਪੁਖਤਾ ਹੈ ਅਤੇ ਪੁਖਤਾ ਸ਼ਾਇਰੀ ਥੀਮ ਤੇ ਫੋਰਮ ਵਿਚ ਤਾਲਮੇਲ ਦੇ ਨਾਲ ਸੰਯੋਗ ਪੈਦਾ ਹੋਣ ਤੋਂ ਬਾਅਦ ਜਨਮ ਲੈਂਦੀ ਹੈ। ਸੁਰਜੀਤ ਸਖੀ ਨੇ ਇਸ ਗੱਲ 'ਤੇ ਪੂਰਾ ਪਹਿਰਾ ਦਿੱਤਾ ਹੈ,

ਫੇਰ ਤੋਂ ਗਲ ਨਾਲ ਲੱਗ ਕੇ ਤਰਸਦੀ ਹੈ ਰੋਣ ਨੂੰ,
ਖੁਰ ਗਈ ਮਿੱਟੀ ਜੋ ਇਸ ਪਰਬਤ ਦੀ ਦਰਿਆਵਾਂ ਦੇ ਨਾਲ।

ਸੁਰਜੀਤ ਸਖੀ ਨੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਡਾ. ਸੁਰਜੀਤ ਜੱਜ ਅਤੇ ਵਿਪਸਾ ਦੇ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ।

ਇਸ ਉਪਰੰਤ ਕਵੀ ਦਰਬਾਰ ਹੋਇਆ, ਜਿਸ ਵਿਚ ਮਹਿੰਦਰ ਸਿੰਘ ਸੰਘੇੜਾ, ਹਰਪ੍ਰੀਤ ਧੂਤ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਡਾ. ਗੁਰਪ੍ਰੀਤ ਸਿੰਘ ਧੁੱਗਾ, ਤਾਰਾ ਸਿੰਘ ਸਾਗਰ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਟੋਰਾਂਟੋ, ਹਰਜਿੰਦਰ ਕੰਗ, ਸੁਰਜੀਤ ਜੱਜ, ਡਾ. ਭੁਪਿੰਦਰ ਕੌਰ (ਇੰਡੀਆ) ਅਤੇ ਸੁਰਜੀਤ ਸਖੀ ਨੇ ਸੁਰਮਈ ਰੰਗ ਭਰ ਕੇ ਸ਼ਾਮ ਨੂੰ ਰੰਗੀਨ ਕਰ ਦਿੱਤਾ। ਅਮਰਜੀਤ ਕੌਰ ਪੰਨੂੰ, ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ ਅਤੇ ਚਰਨਜੀਤ ਪੰਨੂ ਨੇ ਵੀ ਸੰਖੇਪ ਹਾਜ਼ਰੀ ਭਰੀ। ਅੰਤ ਵਿਚ ਡਾ. ਸੁਖਵਿੰਦਰ ਕੰਬੋਜ ਨੇ ਇਸ ਸ਼ਾਨਦਾਰ ਪ੍ਰੋਗਰਾਮ ਦੀ ਸਫਲਤਾ ਲਈ ਸਭ ਦਾ ਧੰਨਵਾਦ ਕੀਤਾ ਅਤੇ ਅਮਰੀਕਾ ਵਿਚ ਲਿਖੀ ਜਾ ਰਹੀ ਗਜ਼ਲ 'ਤੇ ਖੋਜ ਕਾਰਜ ਕਰਵਾਉਣ ਦਾ ਪ੍ਰਸਤਾਵ ਵੀ ਰੱਖਿਆ। ਮੰਚ ਸੰਚਾਲਨ ਕ੍ਰਮਵਾਰ ਹਰਜਿੰਦਰ ਕੰਗ ਅਤੇ ਲਾਜ ਨੀਲਮ ਸੈਣੀ ਨੇ ਬਾਖੂਬੀ ਨਿਭਾਇਆ।

# IN MEMORIAM

## In the memory of our great and saintly

## Captain Harcharn Singh Ji of Hudson's Horse

**(June 1908-August 24, 1980)**

**Born at Village Bhanohar, District Ludhiana. After doing high school, he enlisted and later was commissioned into the Indian Army's highly decorated Tank Regiment, Hudson's Horse. Fought in the Second World War in the European theatre.**

**After retirement from the army, served as Executive Officer in the National Institute of Sports, Patiala. After retirement, he had settled at his native Village Bhanohar and spent his retired life in the service of his people specially Ex-Service Men.**



## ਸਾਡੇ ਮਹਾਨ ਸੰਤ ਸੁਭਾਅ

# ਕੈਪਟਨ ਹਰਚਰਨ ਸਿੰਘ ਜੀ

## ਹਡਸਨ'ਜ਼ ਹੌਰਸ ਰੈਜੀਮੈਂਟ

(ਜੂਨ 1908-24 ਅਗਸਤ 1980)

# ਦੀ ਨਿੱਘੀ ਯਾਦ ਵਿਚ

ਉਨ੍ਹਾਂ ਦਾ ਜਨਮ ਪਿੰਡ ਭਨੋਹੜ, ਜਿਲ੍ਹਾ ਲੁਧਿਆਣਾ ਵਿਚ ਹੋਇਆ। ਹਾਈ ਸਕੂਲ ਕਰਨ ਉਪਰੰਤ ਉਹ ਫੌਜ ਵਿਚ ਭਰਤੀ ਹੋ ਗਏ ਅਤੇ ਬਾਅਦ ਵਿਚ ਭਾਰਤੀ ਫੌਜ ਦੀ ਬਹੁਤ ਹੀ ਮਾਣਯੋਗ ਰੈਜੀਮੈਂਟ 'ਹਡਸਨ'ਜ਼ ਹੌਰਸ' ਵਿਚ ਉਨ੍ਹਾਂ ਨੂੰ ਕਮਿਸ਼ਨ ਮਿਲ ਗਿਆ। ਦੂਜੀ ਸੰਸਾਰ ਜੰਗ ਵਿਚ ਉਹ ਲੜੇ।

ਫੌਜ ਤੋਂ ਰਿਟਾਇਰ ਹੋਣ ਪਿਛੋਂ ਉਹ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ ਵਿਚ ਐਗਜ਼ੈਕਟਿਵ ਅਫਸਰ ਵਜੋਂ ਪੂਰਬ ਸੇਵਾ ਕਰਦੇ ਰਹੇ। ਉਥੋਂ ਰਿਟਾਇਰ ਹੋਣ ਪਿਛੋਂ ਉਹ ਆਪਣੇ ਜੱਦੀ ਪਿੰਡ ਭਨੋਹੜ ਵਿਚ ਆ ਵੱਸੇ ਅਤੇ ਰਹਿੰਦੀ ਉਮਰ ਉਨ੍ਹਾਂ ਲੋਕਾਂ, ਖਾਸ ਕਰ ਸਾਬਕਾ ਫੌਜੀਆਂ ਦੀ ਸੇਵਾ ਵਿਚ ਗੁਜ਼ਾਰੀ।

*Always remembered with great respect.*

**Kirpal Singh Bhattal, B.E., Son**
*Chief Engineer (Retd.)*
*Indian Iron and Steel Co., Burnpur*
*Now Trustee, Shri Guru Hargobind Ujagar*
*Hari Trust, Sidhwan Khurd, District Ludhiana*
**Harjinder Kaur Bhattal, Daughter-in-Law**

**Jaidev Singh Bhattal, Son**
**Jasvinder Kaur Bhattal, Daughter-in-Law**

**Raminder Kaur Jhaj, Daughter**
**Major Gurcharn Singh Jhaj, M.E., Son-in-Law**
*Corps of Electronics and Mechanical Engineering*
*Senior Engineer (Retd.)*
*United States Environmental Protection Agency*

**Jasbir Kaur Dhaliwal, Daughter**
**Mohinder Singh Dhaliwal, B.E., Son-in-Law**
*Chief Engineer (Retd.)*
*Punjab State Electricity Board*

**Grand Sons: Gurdeep, Amardeep, Navdeep, Baldeep, Kanwardeep, Dev Jot and Gurlal**
**Great Grand Daughters: Gurjaspreet, Mehar and Amrit**
**Great Grand Sons: Gurpal, Gurtej, Aarman, Partap, Nishan and Waris**

ਪੰਜਾਬ ਟਾਈਮਜ਼

*ਸਨਿਚਰਵਾਰ, 28 ਅਗਸਤ 2021*

## ਪੰਜਾਬ ਦਾ ਸਿਆਸੀ ਸੇਕ

ਜਿਉਂ-ਜਿਉਂ ਪੰਜਾਬ ਵਿਧਾਨ ਸਭਾ ਨੇੜੇ ਆ ਰਹੀਆਂ ਹਨ, ਤਿਉਂ-ਤਿਉਂ ਪੰਜਾਬ ਦਾ ਸਿਆਸੀ ਪਿੜ ਮਘ ਰਿਹਾ ਹੈ। ਸਾਰੀਆਂ ਸਿਆਸੀ ਧਿਰਾਂ ਵੋਟਾਂ ਅਤੇ ਵੋਟਰਾਂ ਦੀ ਗਿਣਤੀ-ਮਿਣਤੀ ਮੁਤਾਬਿਕ ਸਰਗਰਮੀ ਕਰ ਰਹੀਆਂ ਹਨ ਅਤੇ ਨਾਲ ਦੀ ਨਾਲ ਰਣਨੀਤੀਆਂ ਘੜਨ ਵਿਚ ਜੁਟੀਆਂ ਹੋਈਆਂ ਹਨ। ਇਸੇ ਦੌਰਾਨ ਸੱਤਾਧਾਰੀ ਕਾਂਗਰਸ ਅੰਦਰ ਘਮਸਾਣ ਮੱਚਿਆ ਹੋਇਆ ਹੈ। ਕਾਂਗਰਸ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਗੁਜ਼ਾਰੀ ਦੀਆਂ ਮਿਣਤੀਆਂ-ਮਿਣਤੀਆਂ ਲਾ ਕੇ ਪੰਜਾਬ ਕਾਂਗਰਸ ਦੀ ਕਮਾਨ ਨਵਜੋਤ ਸਿੰਘ ਸਿੱਧੂ ਦੇ ਹੱਥ ਫੜਾਈ ਸੀ। ਭਾਰਤੀ ਜਨਤਾ ਪਾਰਟੀ ਵਿਚੋਂ ਕਾਂਗਰਸ ਵਿਚ ਆਏ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਿਆਂ ਅਜੇ ਮਹੀਨਾ ਹੀ ਹੋਇਆ ਹੈ ਕਿ ਗੱਲ ਹੁਣ ਕੈਪਟਨ ਅਮਰਿੰਦਰ ਦੀ ਲੀਡਰਸ਼ਿਪ ਨੂੰ ਸ਼ਰੇਆਮ ਚੁਣੌਤੀ ਦੇ ਰੂਪ ਵਿਚ ਸਾਹਮਣੇ ਆ ਗਈ ਹੈ। ਇਹ ਤੱਥ ਬਿਲਕੁਲ ਸਹੀ ਹਨ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਹੈ ਪਰ ਇਨ੍ਹਾਂ ਸਾਲਾਂ ਦੌਰਾਨ ਵਿਰੋਧੀ ਧਿਰ ਦੀ ਕਾਰਗੁਜ਼ਾਰੀ ਵੀ ਨਿੱਘਰ ਜਾਣ ਦੀ ਹੱਦ ਤੱਕ ਚਲੀ ਗਈ ਸੀ। ਸਿੱਟੇ ਵਜੋਂ ਕੈਪਟਨ ਸਰਕਾਰ ਨੂੰ ਇਨ੍ਹਾਂ ਸਮਿਆਂ ਦੌਰਾਨ ਕਿਤੇ ਕੋਈ ਚੁਣੌਤੀ ਨਹੀਂ ਸੀ ਮਿਲੀ।

ਅਸਲ ਵਿਚ, ਪਿਛਲੇ ਕੁਝ ਸਮੇਂ ਤੋਂ ਕਰੋਨਾ ਵਾਇਰਸ ਅਤੇ ਕਿਸਾਨ ਅੰਦੋਲਨ ਕਾਰਨ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਜਾਪ ਰਿਹਾ ਸੀ ਕਿ ਲੋਕਾਂ ਦੇ ਰੋਹ ਦਾ ਮੂੰਹ ਕੇਂਦਰ ਸਰਕਾਰ ਵੱਲ ਹੀ ਹੈ, ਇਸ ਲਈ ਉਨ੍ਹਾਂ ਨੂੰ ਇਹ ਸੰਭਾਵਨਾਵਾਂ ਲੱਗਣ ਲੱਗ ਪਈਆਂ ਕਿ 2022 ਵਾਲੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਨੇ ਮੁਫਤੋ-ਮੁਫਤੀ ਜਿੱਤ ਲੈਣੀਆਂ ਹਨ। ਇਸੇ ਕਰਕੇ ਉਨ੍ਹਾਂ ਨੇ ਇਹ ਚੋਣਾਂ ਆਪਣੀ ਅਗਵਾਈ ਵਿਚ ਲੜਨ ਦਾ ਐਲਾਨ ਕਰ ਦਿੱਤਾ ਹਾਲਾਂਕਿ 2017 ਵਾਲੀਆਂ ਚੋਣਾਂ ਦੌਰਾਨ ਉਨ੍ਹਾਂ ਸਾਫ ਤੌਰ 'ਤੇ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ। ਇਸੇ ਆਧਾਰ 'ਤੇ ਉਨ੍ਹਾਂ ਲੋਕਾਂ ਤੋਂ ਵੋਟਾਂ ਮੰਗੀਆਂ ਸਨ। ਉਂਜ, ਉਨ੍ਹਾਂ ਦਾ ਪਿਛਲਾ ਕਾਰਜਕਾਲ ਵਾਹਵਾ ਧੜੱਲੇਦਾਰ ਗਿਣਿਆ ਸੀ, ਉਸ ਕਾਰਜਕਾਲ ਦੌਰਾਨ ਉਨ੍ਹਾਂ ਵਿਧਾਨ ਸਭਾ ਰਾਹੀਂ ਪਾਣੀਆਂ ਬਾਰੇ ਉਦੋਂ ਤੱਕ ਕੀਤੇ ਸਭ ਸਮਝੌਤਿਆਂ 'ਤੇ ਲਕੀਰ ਫੇਰ ਦਿੱਤੀ ਸੀ। ਇਸ ਇਕੋ ਫੈਸਲੇ ਨਾਲ ਉਨ੍ਹਾਂ ਦੀ ਭੱਲ ਚੋਟੀ ਦੇ ਲੀਡਰ ਵਜੋਂ ਬਣ ਗਈ ਸੀ। 2017 ਵਾਲੀਆਂ ਚੋਣਾਂ ਤੋਂ ਬਾਅਦ ਵੀ ਲੋਕ ਕੈਪਟਨ ਅਮਰਿੰਦਰ ਸਿੰਘ ਦਾ ਉਹੀ ਰੰਗ ਦੇਖਣਾ ਚਾਹੁੰਦੇ ਸਨ ਪਰ ਉਹ ਆਪਣੇ ਸ਼ਾਹੀ ਸ਼ੌਕਾਂ ਕਾਰਨ ਕੁਝ ਵੀ ਨਾ ਕਰ ਸਕੇ। ਚੋਣਾਂ ਦੌਰਾਨ ਉਨ੍ਹਾਂ ਜਿਹੜੇ ਵੀ ਮੁੱਖ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਇਕ ਵੀ ਪੂਰਾ ਨਹੀਂ ਕੀਤਾ ਗਿਆ। ਇਸ ਨਾਅਹਿਲੀਅਤ ਦਾ ਖਮਿਆਜ਼ਾ ਉਨ੍ਹਾਂ ਨੂੰ ਹੁਣ ਭੁਗਤਣਾ ਪੈ ਰਿਹਾ ਹੈ। ਹੁਣ ਨਵਜੋਤ ਸਿੰਘ ਸਿੱਧੂ ਵਰਗੇ ਨੌਸਿਖੀਏ ਸਿਆਸਤਦਾਨ ਨੇ ਉਨ੍ਹਾਂ ਨੂੰ ਸਿਆਸੀ ਪਿੜ ਵਿਚ ਅੱਗੇ ਲਾ ਲਿਆ ਹੈ ਅਤੇ ਉਨ੍ਹਾਂ ਦੀ ਪੇਸ਼ ਕੋਈ ਨਹੀਂ ਜਾ ਰਹੀ।

ਇਹੀ ਨਹੀਂ, ਉਨ੍ਹਾਂ ਉਤੇ ਕਦੀ ਸ਼੍ਰੋਮਣੀ ਅਕਾਲੀ ਦਲ ਅਤੇ ਕਦੀ ਭਾਰਤੀ ਜਨਤਾ ਪਾਰਟੀ ਨਾਲ ਰਲੇ ਹੋਣ ਦੀਆਂ ਗੱਲਾਂ ਉਡਦੀਆਂ ਰਹਿੰਦੀਆਂ ਹਨ। ਬੇਅਦਬੀ ਵਾਲੇ ਮਸਲੇ ਬਾਰੇ ਤਾਂ ਹੁਣ ਉਨ੍ਹਾਂ ਕੋਲ ਕੋਈ ਜਵਾਬ ਹੀ ਨਹੀਂ ਹੈ। ਇਸੇ ਤਰ੍ਹਾਂ ਨਸ਼ਿਆਂ ਦਾ ਮਾਮਲਾ ਹੈ ਜਿਸ ਨੂੰ ਚਾਰ ਹਫਤਿਆਂ ਵਿਚ ਖਤਮ ਕਰਨ ਦੀ ਸਹੁੰ ਉਨ੍ਹਾਂ ਹੱਥ ਵਿਚ ਗੁਟਕਾ ਫੜ ਕੇ ਖਾਧੀ ਸੀ। ਉਨ੍ਹਾਂ ਦੇ ਕਾਰਜਕਾਲ ਦੌਰਾਨ ਜੋ ਹਾਲ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਦਾ ਹੋਇਆ ਹੈ, ਉਸ ਦਾ ਕਿਤੇ ਕੋਈ ਅੰਤ ਹੀ ਨਹੀਂ ਹੈ। ਕਰੋਨਾ ਮਹਾਮਾਰੀ ਕਾਰਨ ਲੋਕਾਂ ਨੂੰ ਬੇਹੱਦ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਹਸਪਤਾਲਾਂ ਵਿਚ ਢੁੱਕਵੀਆਂ ਸਹੂਲਤਾਂ ਨਹੀਂ ਸਨ ਅਤੇ ਪ੍ਰਾਈਵੇਟ ਹਸਪਤਾਲਾਂ ਨੇ ਆਮ ਲੋਕਾਂ ਲਈ ਆਪਣੇ ਦਰਵਾਜ਼ੇ ਭੇੜ ਲਏ ਸਨ। ਕਿਸਾਨ ਅੰਦੋਲਨ ਦੀ ਸ਼ੁਰੂਆਤ ਤੱਕ ਕੈਪਟਨ ਅਮਰਿੰਦਰ ਸਿੰਘ ਨੂੰ ਲੱਗਦਾ ਸੀ ਕਿ ਸਭ ਕੁਝ ਉਨ੍ਹਾਂ ਦੇ ਹੱਥ-ਵੱਸ ਹੀ ਹੈ। ਇਸੇ ਹਿਸਾਬ ਨਾਲ ਉਹ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਵਿਚ ਵੀ ਜੁਟ ਗਏ ਪਰ ਪਿਛਲੇ ਕੁਝ ਮਹੀਨਿਆਂ ਦੌਰਾਨ ਜਿਹੜੀ ਉਥਲ-ਪੁਥਲ ਪੰਜਾਬ ਕਾਂਗਰਸ ਅੰਦਰ ਹੋਈ ਹੈ, ਉਸ ਦਾ ਸ਼ਾਇਦ ਉਨ੍ਹਾਂ ਨੂੰ ਕਿਆਸ ਵੀ ਨਹੀਂ ਸੀ। ਮੰਤਰੀ ਅਤੇ ਵਿਧਾਇਕਾਂ ਨੇ ਉਨ੍ਹਾਂ ਖਿਲਾਫ ਆਵਾਜ਼ ਬੁਲੰਦ ਕਰਨੀ ਆਰੰਭ ਕਰ ਦਿੱਤੀ। ਨਵਜੋਤ ਸਿੰਘ ਸਿੱਧੂ ਨੇ ਪਹਿਲਾਂ-ਪਹਿਲ ਬਚ-ਬਚਾ ਕੇ ਅਤੇ ਫਿਰ ਸਿੱਧਾ ਹੀ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਫਿਰ ਤਾਂ ਪਾਰਟੀ ਆਗੂਆਂ ਦੀਆਂ ਦਿੱਲੀ ਹਾਈ ਕਮਾਨ ਕੋਲ ਗੇੜੀਆਂ ਦੌਰਾਨ ਛੇਤੀ ਹੀ ਸਪਸ਼ਟ ਹੋ ਗਿਆ ਕਿ ਇਹ ਸਿਆਸੀ ਖੇਡ ਹੁਣ ਉਨ੍ਹਾਂ ਦੇ ਹੱਥੋਂ ਨਿੱਕਲ ਰਹੀ ਹੈ।

ਹੁਣ ਤਾਂ ਐਨ ਸਪਸ਼ਟ ਹੋ ਗਿਆ ਹੈ ਕਿ ਇਹ ਖੇਡ ਉਨ੍ਹਾਂ ਦੇ ਹੱਥੋਂ ਨਿੱਕਲ ਚੁੱਕੀ ਹੈ। ਅਗਲੀਆਂ ਚੋਣਾਂ ਜਿੱਤਣ ਲਈ ਹਾਈ ਕਮਾਨ ਵੀ ਨਵਜੋਤ ਸਿੰਘ ਸਿੱਧੂ ਨੂੰ ਸ਼ਿੰਗਾਰ ਰਹੀ ਹੈ ਅਤੇ ਪਾਰਟੀ ਦੇ ਬਾਗੀ ਆਗੂ ਵੀ ਸਿੱਧੂ ਦੁਆਲੇ ਲਾਮਬੰਦ ਹੋ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਨਵਜੋਤ ਸਿੰਘ ਸਿੱਧੂ ਪੈਰ-ਪੈਰ 'ਤੇ ਜਿਸ ਤਰ੍ਹਾਂ ਦੇ ਰੰਗ ਦਿਖਾ ਰਿਹਾ ਹੈ, ਉਸ ਤੋਂ ਇਕ ਸਵਾਲ ਵਾਰ-ਵਾਰ ਪੁੱਛਿਆ ਜਾਣ ਲੱਗਿਆ ਹੈ ਕਿ ਇਹ ਆਗੂ ਪੰਜਾਬ ਵਿਚ ਕਾਂਗਰਸ ਦੀ ਬੇੜੀ ਪਾਰ ਲਾਵੇਗਾ ਜਾਂ ਅੱਧ ਵਿਚਕਾਰ ਹੀ ਡੋਬ ਦੇਵੇਗਾ! ਇਸ ਪੱਖ ਤੋਂ ਹਾਈ ਕਮਾਨ ਨੇ ਵੀ ਸਿੱਧੂ ਨੂੰ ਕਮਾਨ ਸੌਂਪ ਕੇ ਕਚਿਆਈ ਹੀ ਦਿਖਾਈ ਹੈ। ਇਸੇ ਤਰ੍ਹਾਂ ਦੀ ਕਚਿਆਈ ਹੁਣ ਨਵਜੋਤ ਸਿੰਘ ਸਿੱਧੂ ਲਗਾਤਾਰ ਦਿਖਾ ਰਿਹਾ ਹੈ। ਇਸ ਦੀ ਸਭ ਤੋਂ ਉਮਦਾ ਮਿਸਾਲ ਸਲਾਹਕਾਰ ਨਿਯੁਕਤ ਕਰਨ ਦੀ ਹੈ। ਇਹ ਸਲਾਹਕਾਰ ਉਸ ਦੀ ਸਿਆਸੀ ਮੁਹਿੰਮ ਨੂੰ ਅਗਾਂਹ ਵਧਾਉਣ ਦੀ ਥਾਂ ਸਗੋਂ ਵਿਰੋਧੀਆਂ ਨੂੰ ਪਾਰਟੀ ਉਤੇ ਹਮਲੇ ਲਈ ਮੌਕਾ ਦੇ ਰਹੇ ਹਨ। ਇਸ ਸੂਰਤ ਵਿਚ ਪੰਜਾਬ ਦੀ ਸਿਆਸਤ ਅੰਦਰ ਕਿਸ ਤਰ੍ਹਾਂ ਦਾ ਮੋੜ ਆਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਅਜੇ ਹਾਲਾਤ ਇਹ ਹਨ ਕਿ ਪੰਜਾਬ ਦੀ ਸਿਆਸਤ ਵਿਚ ਕਿਸੇ ਨਵੀਂ ਸਿਆਸਤ ਦੀ ਕੋਈ ਕਨਸੋਅ ਨਹੀਂ ਮਿਲ ਰਹੀ ਜਿਸ ਬਾਰੇ ਕਈ ਚਿਰਾਂ ਤੋਂ ਆਸ ਕੀਤੀ ਜਾ ਰਹੀ ਹੈ ਅਤੇ ਇਹ ਵੀ ਸੱਚ ਹੈ ਕਿ ਨਵੀਂ ਸਿਆਸਤ ਬਾਝੋਂ ਪੰਜਾਬ ਦੇ ਸੰਕਟ ਨਜਿੱਠੇ ਨਹੀਂ ਜਾਣੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੱਪੀਓ ਪਿੰਡ ਨਾ ਵੜਿਓ!*

'ਠੋਕੋ ਤਾਲੀ' ਜੋ ਆਖਦਾ ਰਿਹਾ ਪਹਿਲਾਂ, ਪੰਜੇ ਨਾਲ ਹੁਣ ਪੰਜਾ ਖੜਕਾਉਣ ਲੱਗਾ।
'ਪਤਨੀ' ਬਣ ਕੇ ਰਿਹਾ ਜੋ ਭਾਜਪਾ ਦੀ, 'ਦੇਵਰ ਜੇਠ' ਹੁਣ ਨਾਲ ਰਲਾਉਣ ਲੱਗਾ।
ਦਸ ਵਰ੍ਹੇ ਚਲਾਈਆਂ ਸੀ ਚੰਮ ਦੀਆਂ, 'ਚੋਗੇ ਮੁਫਤ' ਦੇ ਫੇਰ ਉਹ ਪਾਉਣ ਲੱਗਾ।
ਚਾਰ ਸਾਲ ਤੇ ਸੱਤ ਮਾਹ ਰਿਹਾ ਸੁੱਤਾ, ਵੋਟਾਂ ਦੇਖ ਕੇ 'ਤੇਜੀ' ਦਿਖਾਉਣ ਲੱਗਾ।
ਰਾਜਨੀਤੀ ਨੂੰ 'ਬਦਲਣਾ' ਕਹਿਣ ਵਾਲਾ, ਭੁੱਲਾਂ ਪਿਛਲੀਆਂ ਫੇਰ ਦੁਹਰਾਉਣ ਲੱਗਾ।
ਪਿਆ ਅੱਕਿਆ ਹੁਣ ਕਿਰਸਾਨ ਭਾਈ, ਪਿੰਡੋਂ 'ਗੱਪੀਆਂ' ਤਾਈਂ ਨਠਾਉਣ ਲੱਗਾ!

# ਤਾਲਿਬਾਨ ਦੀ ਚੜ੍ਹਤ ਦੇ ਅਸਰ

***ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਕੁਝ ਧਿਰਾਂ ਬਹੁਤ ਖੁਸ਼ੀ ਮਨਾ ਰਹੀਆਂ ਹਨ। ਇਨ੍ਹਾਂ ਸਭ ਧਿਰਾਂ ਦੇ ਆਪੋ-ਆਪਣੇ ਕਾਰਨ ਹਨ। ਇਨ੍ਹਾਂ ਵਿਚੋਂ ਇਕ ਖਾਸ ਧਿਰ ਪਾਕਿਸਤਾਨ ਹੈ, ਪਰ ਹਾਲਾਤ ਦੱਸ ਰਹੇ ਹਨ ਕਿ ਤਾਲਿਬਾਨ ਦੀ ਇਹ ਜਿੱਤ ਉਸ ਲਈ ਪਖਤੂਨ ਕਾਡਰ ਦੀ ਬਗਾਵਤ ਦਾ ਖਤਰਾ ਖੜ੍ਹਾ ਕਰਦੀ ਹੈ, ਜਿਨ੍ਹਾਂ ਦੀਆਂ ਸਦੀਆਂ ਲੰਮੀਆਂ ਯਾਦਾਂ ਤੇ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆਉਂਦੀਆਂ ਦੁਸ਼ਮਣੀਆਂ ਹਨ।***

ਪਖਤੂਨਾਂ ਦੇ ਦਬਦਬੇ ਵਾਲੇ ਤਾਲਿਬਾਨ ਵੱਲੋਂ ਅਫਗਾਨਿਸਤਾਨ ਦੀ ਸੱਤਾ ਉਤੇ ਕਾਬਜ਼ ਹੋਣ ਦਾ ਪਾਕਿਸਤਾਨ ਦਾ ਚਾਅ ਜ਼ਿਆਦਾ ਦੇਰ ਰਹਿਣ ਵਾਲਾ ਨਹੀਂ ਕਿਉਂਕਿ ਤਾਲਿਬਾਨ ਦੀ ਜਿੱਤ ਪਾਕਿਸਤਾਨ ਲਈ ਦੋ ਦਹਾਕਿਆਂ ਬਾਅਦ ਮੁੜ ਸੁੱਤਾ ਹੋਇਆ ਡਰਾਉਣਾ ਜਿੰਨ ਜਾਗਣ ਵਾਲੀ ਗੱਲ ਹੈ। ਕਾਰਨ ਇਹ ਕਿ ਇਸ ਨਾਲ 'ਪਖਤੂਨਿਸਤਾਨ' ਭਾਵ ਪਖਤੂਨਾਂ/ਪਠਾਣਾਂ ਦੇ ਆਪਣੇ ਮੁਲਕ ਦੀ ਮੰਗ 'ਤੇ ਮੁਹਿੰਮ ਨੂੰ ਮੁੜ ਹੁਲਾਰਾ ਮਿਲੇਗਾ। ਇਹ ਚਿੰਤਾ ਕਾਬੁਲ ਤੋਂ ਦੱਖਣ ਵੱਲ ਪਠਾਣਾਂ ਦੀ ਬਹੁਗਿਣਤੀ ਵਾਲੇ ਵਿਸ਼ਾਲ ਇਲਾਕੇ ਉਤੇ ਮੁੱਦਤਾਂ ਤੋਂ ਚੱਲਦੇ ਪਖਤੂਨ ਦਾਅਵੇ ਦੇ ਆਲੇ-ਦੁਆਲੇ ਕੇਂਦਰਿਤ ਹੈ ਅਤੇ ਪਖਤੂਨ ਬਹੁਗਿਣਤੀ ਵਾਲੇ ਇਸ ਖਿੱਤੇ ਵਿਚ ਪਾਕਿਸਤਾਨ ਦਾ ਵੀ ਵੱਡਾ ਹਿੱਸਾ ਸ਼ਾਮਲ ਹੈ। ਪਾਕਿਸਤਾਨ ਵਿਚਲੇ ਪਠਾਣ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਇਸ ਦੇ ਸੱਤ ਕੇਂਦਰੀ ਪ੍ਰਸ਼ਾਸਨ ਵਾਲੇ ਖਿੱਤੇ, ਛੇ ਹੋਰ ਅਫਗਾਨਿਸਤਾਨ ਨਾਲ ਲੱਗਦੇ ਛੋਟੇ ਇਲਾਕੇ ਜਿਨ੍ਹਾਂ ਨੂੰ 'ਸਰਹੱਦੀ ਖਿੱਤੇ' ਆਖਿਆ ਜਾਂਦਾ ਹੈ ਅਤੇ ਸੂਬਾ ਖੈਬਰ ਪਖਤੂਨਖਵਾ ਸ਼ਾਮਲ ਹਨ (ਖੈਬਰ ਪਖਤੂਨਖਵਾ ਦਾ ਨਾਂ ਪਹਿਲਾਂ ਉੱਤਰ-ਪੱਛਮੀ ਸਰਹੱਦੀ ਸੂਬਾ ਸੀ ਜਿਸ ਨੂੰ ਸੂਬਾ ਸਰਹੱਦ

**ਰਾਹੁਲ ਬੇਦੀ**

ਵੀ ਅਖਿਆ ਜਾਂਦਾ ਸੀ)। ਇਸ ਤਰ੍ਹਾਂ ਪਖਤੂਨ ਇਲਾਕੇ ਦਾ ਘੇਰਾ ਇਸਲਾਮਾਬਾਦ ਸ਼ਹਿਰ ਦੀ ਹਦੂਦ ਤੱਕ ਜਾ ਪੁੱਜਦਾ ਹੈ। ਇਸ ਤੋਂ ਇਲਾਵਾ ਬਲੋਚਿਸਤਾਨ ਦੇ ਕੁਝ ਸਰਹੱਦੀ ਇਲਾਕਿਆਂ ਵਿਚ ਵੀ ਪਖਤੂਨਾਂ ਦੀ ਬਹੁਗਿਣਤੀ ਹੈ।

ਸੁਰੱਖਿਆ ਮਾਹਿਰਾਂ ਅਨੁਸਾਰ ਇਕ ਵਾਰ ਜਦੋਂ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਜਕੜ ਬਣਾ ਲਈ, ਅਫਗਾਨ ਤਾਲਿਬਾਨ ਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਦੇ ਕਰੀਬ 13 ਧੜਿਆਂ ਦਰਮਿਆਨ ਤਾਲਮੇਲ ਬਣ ਸਕਦਾ ਹੈ। ਟੀ.ਟੀ.ਪੀ. ਦਾ ਗੜ੍ਹ ਅਫਗਾਨਿਸਤਾਨ ਨਾਲ ਲੱਗਦੇ ਪਾਕਿ ਪਖਤੂਨ ਇਲਾਕਿਆਂ ਵਿਚ ਹੀ ਹੈ, ਤੇ ਸੰਭਾਵਨਾਵਾਂ ਹਨ ਕਿ ਇਹ ਸਾਰੀਆਂ ਧਿਰਾਂ ਮਿਲ ਕੇ ਪਖਤੂਨਿਸਤਾਨ ਲਈ ਜੱਦੋ-ਜਹਿਦ ਸ਼ੁਰੂ ਕਰ ਦੇਣ। ਮਾਹਿਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਆਈ.ਐਸ.ਆਈ. ਡਾਇਰੈਕਟੋਰੇਟ ਅਤੇ ਤਾਲਿਬਾਨ ਦਰਮਿਆਨ ਮੌਜੂਦਾ ਸੰਕੇਤਕ ਕੰਮ-ਕਾਜੀ, ਰਸਦ ਤੇ ਸਾਜ਼ੋ-ਸਾਮਾਨ ਸਬੰਧੀ ਰਿਸ਼ਤੇ ਆਪਸੀ ਸਹੂਲਤ ਉਤੇ ਆਧਾਰਿਤ ਹਨ ਪਰ ਇਸ ਖਿੱਤੇ ਦੇ ਧੋਖੇਬਾਜ਼ੀ, ਵਿਸਾਹਘਾਤ ਤੇ ਸੌਦੇਬਾਜ਼ੀ ਵਾਲੇ ਗੁੰਝਲਦਾਰ ਇਤਿਹਾਸ ਨੂੰ ਦੇਖਦਿਆਂ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਰਿਸ਼ਤਿਆਂ ਨੂੰ ਛੇਤੀ ਹੀ ਨਸਲੀ ਪਖਤੂਨ ਕੌਮਪ੍ਰਸਤੀ ਦੀਆਂ ਖਾਹਿਸ਼ਾਂ ਦਾ ਗ੍ਰਹਿਣ ਲੱਗ ਸਕਦਾ ਹੈ।

ਟੀ.ਟੀ.ਪੀ. ਦਾ ਕਾਡਰ ਮੁੱਖ ਤੌਰ 'ਤੇ ਇਸ ਸਰਹੱਦੀ ਕਬਾਇਲੀ ਪੱਟੀ ਤੋਂ ਆਉਂਦਾ ਹੈ ਤੇ ਇਸ ਜਥੇਬੰਦੀ ਦਾ ਟੀਚਾ ਹਮੇਸ਼ਾ ਹੀ ਹਥਿਆਰਬੰਦ ਘੋਲ ਰਾਹੀਂ ਪਾਕਿਸਤਾਨ ਸਰਕਾਰ ਨੂੰ ਮਾਤ ਦੇਣਾ ਰਿਹਾ ਹੈ। ਟੀ.ਟੀ.ਪੀ. ਤਾਂ ਆਪਣੇ ਅਫਗਾਨ ਭਰਾਵਾਂ ਤੋਂ ਵੀ ਵੱਧ ਇਸ ਗੱਲ ਦੀ ਚਾਹਵਾਨ ਹੋਵੇਗੀ ਕਿ ਉਹ ਤਾਲਿਬਾਨ ਨਾਲ ਮਿਲ ਕੇ ਪਖਤੂਨਿਸਤਾਨ ਦੀ ਕਾਇਮੀ ਲਈ ਅੱਗੇ ਵਧੇ। ਗੌਰਤਲਬ ਹੈ ਕਿ ਟੀ.ਟੀ.ਪੀ. ਦੇ ਪਾਕਿਸਤਾਨ ਭਰ ਵਿਚਲੀਆਂ 'ਸ਼ੂਰਾ' ਸਭਾਵਾਂ ਰਾਹੀਂ ਅਫਗਾਨ ਪਖਤੂਨਾਂ ਨਾਲ ਗੂੜ੍ਹੇ ਰਿਸ਼ਤੇ ਹਨ। ਪਾਕਿਸਤਾਨ ਵਿਚ ਕਰੀਬ 2.50 ਕਰੋੜ ਪਖਤੂਨ ਆਬਾਦੀ ਹੈ ਜਿਨ੍ਹਾਂ ਵਿਚੋਂ ਬਹੁਤ ਸਾਰੇ ਮੁਲਕ ਦੇ ਨਸ਼ਿਆਂ ਤੇ ਹਥਿਆਰਾਂ ਦੇ ਨਾਜਾਇਜ਼ ਕਾਰੋਬਾਰ, ਨਾਜਾਇਜ਼ ਧਨ ਨੂੰ ਜਾਇਜ਼ ਬਣਾਉਣ, ਟਰਾਂਸਪੋਰਟ ਆਦਿ ਦੇ ਕਾਰੋਬਾਰ ਨੂੰ ਕੰਟਰੋਲ ਕਰਦੇ ਹਨ। ਇਸ ਤੋਂ ਬਿਨਾ ਵੱਡੀ ਗਿਣਤੀ ਫੌਜ ਵਿਚ ਵੀ ਹਨ ਜੋ ਉਥੇ ਅੰਦਰੋਂ ਪਾਕਿਸਤਾਨ ਦੀ ਸੁਰੱਖਿਆ ਨੂੰ ਖੋਰਾ ਲਾਉਂਦੇ ਹਨ।

ਢਿੱਲੀ-ਮੱਠੀ ਚੱਲਣ ਵਾਲੀ ਇਹ ਪਖਤੂਨ ਮੁਹਿੰਮ ਪਾਕਿਸਤਾਨ ਅਤੇ ਅਫਗਾਨਿਸਤਾਨ ਦਰਮਿਆਨ ਸਰਹੱਦ ਤੈਅ ਕਰਦੀ 2670 ਕਿਲੋਮੀਟਰ ਲੰਮੀ ਡੂਰੰਡ ਲਕੀਰ ਨੂੰ ਨਹੀਂ ਮੰਨਦੀ। ਇਹ ਲਕੀਰ 1893 'ਚ ਇਕ ਅੰਗਰੇਜ਼ ਅਫਸਰ ਤੇ ਸਫੀਰ ਨੇ ਮਨਮਰਜ਼ੀ ਭਰੇ ਢੰਗ ਨਾਲ ਵਾਹੀ ਸੀ ਅਤੇ ਉਸ ਦੇ ਨਾਂ 'ਤੇ ਇਸ ਨੂੰ ਬ੍ਰਿਟਿਸ਼ ਭਾਰਤ ਤੇ ਅਫਗਾਨਿਸਤਾਨ ਦਰਮਿਆਨ ਸਰਹੱਦ ਕਰਾਰ ਦਿੱਤਾ ਗਿਆ ਤਾਂ ਕਿ ਦੋਹਾਂ ਮੁਲਕਾਂ ਦੇ ਇਲਾਕਿਆਂ ਦੀਆਂ ਹੱਦਾਂ ਦੀ ਨਿਸ਼ਾਨਦੇਹੀ ਹੋ ਸਕੇ। ਅਫਗਾਨਿਸਤਾਨ ਦੇ ਅਮੀਰ ਅਬਦੁਰ ਰਹਿਮਾਨ ਨੇ ਇਸ ਸਰਹੱਦ ਨੂੰ ਬੇਧਿਆਨੇ ਜਿਹੇ 'ਚ ਹੀ ਮਨਜ਼ੂਰ ਕਰ ਲਿਆ ਜਿਸ ਨਾਲ ਅੰਗਰੇਜ਼ ਹਕੂਮਤ ਦਾ ਆਪਣੀਆਂ ਸਰਹੱਦਾਂ ਦੀ ਨਿਸ਼ਾਨਦੇਹੀ ਦਾ ਟੀਚਾ ਪੂਰਾ ਹੋ ਗਿਆ ਕਿਉਂਕਿ ਇਸ ਨਾਲ ਉਸ ਨੂੰ ਰੂਸ ਦੇ ਕਾਬੁਲ ਰਾਹੀਂ ਆਪਣੇ ਖਿੱਤੇ ਵਿਚ ਆ ਵੜਨ ਦਾ ਖਤਰਾ ਟਲ ਜਾਣ ਦਾ ਭਰੋਸਾ ਮਿਲਦਾ ਸੀ। ਸਿੱਟੇ ਵਜੋਂ ਅੰਗਰੇਜ਼ ਹਕੂਮਤ ਨੇ ਖੁਦਮੁਖਤਾਰ ਅਤੇ ਮੁੱਖ ਤੌਰ 'ਤੇ ਪਖਤੂਨ ਆਬਾਦੀ ਵਾਲੇ ਕਬਾਇਲੀ ਇਲਾਕਿਆਂ ਤੇ ਸਰਹੱਦੀ ਖਿੱਤਿਆਂ ਨੂੰ ਸੂਬਾ ਸਰਹੱਦ ਤੇ ਪੰਜਾਬ ਵਿਚਲੇ ਆਪਣੇ 'ਆਬਾਦ' ਇਲਾਕਿਆਂ ਅਤੇ ਅਫਗਾਨਿਸਤਾਨ ਦਰਮਿਆਨ



'ਬਫਰ' ਇਲਾਕੇ ਬਣਾ ਲਿਆ।

ਉਂਝ, ਅਫਗਾਨਿਸਤਾਨ ਨੇ ਡੂਰੰਡ ਲਾਈਨ ਨੂੰ ਮਨਜ਼ੂਰ ਕੀਤਾ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਸਮੇਂ ਸਮੇਂ ਦੇ ਹਾਕਮ ਅਤੇ ਸਰਕਾਰਾਂ ਦੱਖਣੀ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚਲੇ ਪਖਤੂਨ ਇਲਾਕਿਆਂ ਦੇ ਆਪਣੇ ਇਲਾਕਿਆਂ ਨਾਲ ਰਾਸ਼ਟਰਵਾਦੀ ਮੁੜ-ਮਿਲਾਪ ਦੀ ਹਮਾਇਤ ਕਰਦੀਆਂ ਰਹਿੰਦੀਆਂ ਹਨ। ਭਾਰਤ ਦੀ ਆਜ਼ਾਦੀ ਲਹਿਰ ਦੌਰਾਨ ਪਠਾਣ ਆਗੂ ਖਾਨ ਅਬਦੁਲ ਗੱਫਾਰ ਖਾਨ ਜਿਨ੍ਹਾਂ ਨੂੰ 'ਸਰਹੱਦੀ ਗਾਂਧੀ' ਵੀ ਕਹਿੰਦੇ ਸਨ, ਨੇ ਆਜ਼ਾਦ 'ਪਖਤੂਨਿਸਤਾਨ' ਦੀ ਮੰਗ ਉਠਾਈ ਸੀ ਪਰ ਬਰਤਾਨਵੀ ਹਕੂਮਤ ਨੇ ਇਸ ਨੂੰ ਰੱਦ ਕਰ ਦਿੱਤਾ। ਇਸ ਦਾ ਸਿੱਟਾ 1948 ਵਿਚ ਪਾਕਿਸਤਾਨੀ ਸਲਾਮਤੀ ਦਸਤਿਆਂ ਹੱਥੋਂ ਹੋਏ ਬਾਬੜਾ ਕਤਲੇਆਮ ਦੇ ਰੂਪ ਵਿਚ ਨਿਕਲਿਆ ਜਿਸ ਵਿਚ ਸੈਂਕੜੇ ਪਖਤੂਨ ਮਾਰੇ ਗਏ।

ਇਸ ਤੋਂ ਬਾਅਦ ਅਫਗਾਨ ਸਮਰਥਕ ਕਬਾਇਲੀਆਂ ਅਤੇ ਪਾਕਿਸਤਾਨੀ ਫੌਜ ਦਰਮਿਆਨ ਲੜਾਈ ਭੜਕ ਪਈ; ਸਿੱਟੇ ਵਜੋਂ ਕਾਬੁਲ ਤੇ ਇਸਲਾਮਾਬਾਦ ਦੇ ਰਿਸ਼ਤੇ ਹੋਰ ਖਰਾਬ ਹੋ ਗਏ। ਫਿਰ 1955 ਵਿਚ ਕਾਬੁਲ ਨੇ ਰਸਮੀ ਤੌਰ 'ਤੇ ਪਖਤੂਨਿਸਤਾਨ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਜਿਸ ਤੋਂ ਦੋਵਾਂ ਮੁਲਕਾਂ ਵਿਚਕਾਰ ਦੁਸ਼ਮਣੀ ਵਾਲੇ ਹਾਲਾਤ ਬਣ ਗਏ। ਇਹ ਵੀ ਗੌਰਤਲਬ ਹੈ ਕਿ ਅਫਗਾਨਿਸਤਾਨ ਨੇ ਉਸ ਤੋਂ ਬਾਅਦ ਹੁਣ ਤੱਕ ਇਹ ਹਮਾਇਤ ਵਾਪਸ ਨਹੀਂ ਲਈ। ਇਹੀ ਨਹੀਂ, ਅਫਗਾਨਿਸਤਾਨ ਦਾ ਇਹ ਵੀ ਦਾਅਵਾ ਹੈ ਕਿ ਡੂਰੰਡ ਲਕੀਰ ਦੀ ਮਿਆਦ 100 ਸਾਲ ਸੀ ਜਿਹੜੀ 1993 ਵਿਚ ਪੁੱਗ ਗਈ ਹੈ।

ਉਸ ਵਕਤ ਅਫਗਾਨਿਸਤਾਨ ਨੇ ਮਾਰਕਸਵਾਦ ਅਤੇ ਇਸਲਾਮ ਦੇ ਧਮਾਕਾਖੇਜ਼ ਮਿਸ਼ਰਨ ਦਾ ਤਜਰਬਾ ਕਰਦਿਆਂ ਪਖਤੂਨਿਸਤਾਨ ਦੀ ਹਮਾਇਤ ਕੀਤੀ। ਮਾਰਕਸਵਾਦ ਅਪਣਾ ਕੇ ਅਫਗਾਨਿਸਤਾਨ ਦੇ ਸੋਵੀਅਤ ਸੰਘ ਦੇ ਕਰੀਬ ਜਾਣ ਨਾਲ ਵੀ ਉਸ ਦਾ ਪਾਕਿਸਤਾਨ ਜੋ ਉਦੋਂ ਅਮਰੀਕਾ ਦਾ ਭਾਈਵਾਲ ਸੀ, ਨਾਲ ਸਫਾਰਤੀ ਤਣਾਅ ਵਧ ਗਿਆ ਅਤੇ ਇਸ ਕਾਰਨ ਕਾਬੁਲ ਨੇ ਸਾਫ ਤੌਰ 'ਤੇ ਆਖਿਆ ਕਿ ਡੂਰੰਡ ਲਕੀਰ ਤਾਂ ਮਹਿਜ਼ ਬਸਤੀਵਾਦੀ ਹਕੂਮਤ ਦੀ ਅਮਨ-ਕਾਨੂੰਨ ਕਾਇਮ ਰੱਖਣ ਲਈ ਵਾਹੀ ਗਈ 'ਜ਼ਿੰਮੇਵਾਰੀ ਦੀ ਪਰਿਭਾਸ਼ਿਤ ਲਕੀਰ' ਹੀ ਸੀ, ਇਹ ਕੋਈ ਪੱਕੀ ਸਰਹੱਦ ਨਹੀਂ ਸੀ।

ਬਾਅਦ ਵਿਚ 1980ਵਿਆਂ ਦੌਰਾਨ ਪਾਕਿਸਤਾਨੀ ਫੌਜੀ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਨੇ ਪਠਾਣਾਂ ਨੂੰ ਮੁਲਕ ਦੀ ਸਿਆਸੀ ਮੁੱਖ ਧਾਰਾ, ਫੌਜ ਤੇ ਸਿਵਲ ਸੇਵਾਵਾਂ ਵਿਚ ਸ਼ਾਮਲ ਕਰ ਕੇ ਅਤੇ ਉਨ੍ਹਾਂ ਨੂੰ ਮੁਲਕ ਦੀ ਸੱਤਾ ਦੇ ਢਾਂਚੇ ਵਿਚ ਹਿੱਸਾ ਦੇ ਕੇ ਇਸ ਮੁੱਦੇ ਨੂੰ ਇਕ ਹੱਦ ਤੱਕ ਠੰਢਾ ਕਰ ਦਿੱਤਾ। ਉਂਝ ਇਸ ਤੋਂ ਬਾਅਦ ਵੀ ਪਖਤੂਨ ਕੌਮਪ੍ਰਸਤੀ ਦਾ ਜਜ਼ਬਾ ਜਾਰੀ ਰਿਹਾ ਪਰ ਇਸ ਦਾ ਕੇਂਦਰੀ-ਖੱਬੇਪੱਖੀ ਝੁਕਾਅ ਖਤਮ ਹੋ ਗਿਆ ਜੋ ਕਿਸੇ ਵਕਤ ਗੱਫਾਰ ਖਾਨ ਦੀ ਸ਼ੁਰੂ ਕੀਤੀ 'ਲਾਲ ਕਮੀਜ਼' ਲਹਿਰ ਦੀ ਯਾਦ ਦਿਵਾਉਂਦਾ ਸੀ। ਇਸ ਦੀ ਥਾਂ ਇਹ ਪਖਤੂਨ ਰਾਸ਼ਟਰਵਾਦ, ਜਮੀਅਤ ਉਲੇਮਾ-ਏ-ਇਸਲਾਮ ਵਰਗੇ ਰਲੇ-ਮਿਲੇ ਤਾਲਿਬਾਨ ਜਿਹੇ ਸਮੂਹਾਂ ਰਾਹੀਂ ਇਸਲਾਮੀ ਵਿਚਾਰਧਾਰਾ ਵਿਚ ਬਦਲ ਗਿਆ ਜੋ ਹੁਣ ਸਰਹੱਦੀ ਸੂਬਾ/ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਉਤੇ ਹਾਵੀ ਹੈ। ਦੱਸਣਯੋਗ ਹੈ ਕਿ ਤਾਲਿਬਾਨ ਦੇ ਸ਼ੁਰੂਆਤੀ ਦਸਤੇ ਜਮੀਅਤ ਦੇ ਮਦਰੱਸਿਆਂ ਵਿਚੋਂ ਹੀ ਸਿੱਖਿਅਤ ਹੋ ਕੇ ਨਿਕਲੇ ਸਨ।

ਆਪਣੀ ਅਫਗਾਨ ਸਰਹੱਦ ਉਤੇ ਪਾਕਿਸਤਾਨ ਵਿਚਲੀ ਅਸੁਰੱਖਿਆ ਦੀ ਭਾਵਨਾ ਸਾਫ ਨਜ਼ਰ ਆ ਰਹੀ ਹੈ। ਇਸੇ ਕਾਰਨ ਕੰਗਾਲੀ ਦੀ ਹਾਲਤ ਵਿਚ ਪੁੱਜੇ ਹੋਏ ਪਾਕਿਸਤਾਨ ਨੇ 2017 ਦੇ ਸ਼ੁਰੂ ਵਿਚ ਡੂਰੰਡ ਲਕੀਰ ਨੂੰ ਸਿਆਸੀ ਤੌਰ 'ਤੇ ਪੱਕੀ ਕਰਨ ਲਈ 50 ਕਰੋੜ ਡਾਲਰ ਦੇ ਪ੍ਰਾਜੈਕਟ ਨੂੰ ਤਰਜੀਹ ਦਿੱਤੀ ਤਾਂ ਕਿ ਸਰਹੱਦ ਉਤੇ ਚੇਨਾਂ ਨਾਲ ਜੁੜੀ ਹੋਈ ਵਾੜ ਦੇ ਦੋ ਸੈੱਟ ਖੜ੍ਹੇ ਕੀਤੇ ਜਾ ਸਕਣ ਜਿਨ੍ਹਾਂ ਵਿਚ ਨਿਗਰਾਨੀ ਕੈਮਰੇ ਤੇ ਇਨਫਰਾਰੈੱਡ ਡਿਟੈਕਟਰ (ਖੋਜੀ ਯੰਤਰ) ਵੀ ਲਾਏ ਜਾਣੇ ਹਨ। ਇਸ ਪ੍ਰਾਜੈਕਟ ਉਤੇ ਬੀਤੇ ਚਾਰ ਸਾਲਾਂ ਤੋਂ ਲਗਾਤਾਰ ਬੇਰੋਕ ਕੰਮ ਜਾਰੀ ਹੈ ਜੋ ਕਰੋਨਾ ਕਾਲ ਦੌਰਾਨ ਵੀ ਚੱਲਦਾ ਰਿਹਾ। ਜ਼ਾਹਿਰ ਹੈ ਕਿ ਪਾਕਿਸਤਾਨ ਇੰਨਾ ਭਾਰੀ ਖਰਚਾ ਅਫਗਾਨ ਸੱਤਾ ਉਤੇ ਤਾਲਿਬਾਨ ਦਾ ਕਬਜ਼ਾ ਹੋਣ ਦੀ ਸੰਭਾਵਨਾ ਨੂੰ ਭਾਂਪਦਿਆਂ ਅਤੇ ਉਸ ਦੇ ਪਖਤੂਨਿਸਤਾਨ ਪੱਖੀ ਝੁਕਾਅ ਦੇ ਮੱਦੇਨਜ਼ਰ ਹੀ ਕਰਨ ਲਈ ਮਜਬੂਰ ਹੋਇਆ ਹੈ। ਇਸ ਪਿੱਛੇ ਪਾਕਿਸਤਾਨ ਦਾ ਸਾਫ ਤਰਕ ਹੈ ਕਿ ਸਰਹੱਦ ਉਤੇ ਇਸ ਵਾੜ ਰਾਹੀਂ ਤੇ ਨਾਲ ਹੀ 1000 ਕਿਲ੍ਹਿਆਂ ਦੀ ਲੜੀ ਜਾਂ ਹਥਿਆਰਬੰਦ ਫੌਜੀ ਦਸਤਿਆਂ ਦੀ ਤਾਇਨਾਤੀ ਰਾਹੀਂ ਡੂਰੰਡ ਲਕੀਰ ਨੂੰ ਜਿਸਮਾਨੀ ਤੌਰ 'ਤੇ ਕਾਇਮ ਰੱਖਿਆ ਜਾ ਸਕਦਾ ਹੈ ਤੇ ਉਸ ਦੀ ਨਿਸ਼ਾਨਦੇਹੀ ਬਰਕਰਾਰ ਰਹਿ ਸਕਦੀ ਹੈ। ਨਾਲ ਹੀ ਇਸ ਤਰ੍ਹਾਂ ਉਹ ਤਾਲਿਬਾਨ ਵੱਲੋਂ ਵੱਖਰਾ ਪਖਤੂਨ ਮੁਲਕ ਕਾਇਮ ਕਰਨ ਲਈ ਕੀਤੀ ਜਾ ਸਕਣ ਵਾਲੀ ਕਿਸੇ ਕਾਰਵਾਈ ਨੂੰ ਵੀ ਪਛਾੜ ਸਕਦਾ ਹੈ।

ਅੰਦਰੂਨੀ ਤੌਰ 'ਤੇ ਵੀ ਪਾਕਿਸਤਾਨ ਨੂੰ ਡਰ ਹੈ ਕਿ ਕਿਤੇ ਪਖਤੂਨਿਸਤਾਨ ਦੀ ਇਹ ਲਹਿਰ ਗੁਆਂਢੀ ਤੇ ਗੜਬੜਜ਼ਦਾ ਸੂਬੇ ਬਲੋਚਿਸਤਾਨ ਵਿਚ ਨਾ ਫੈਲ ਜਾਵੇ। ਗੌਰਤਲਬ ਹੈ ਕਿ 1979 ਵਿਚ ਸੋਵੀਅਤ ਫੌਜਾਂ ਦੇ ਅਫਗਾਨਿਸਤਾਨ ਵਿਚ ਦਾਖਲੇ ਤੋਂ ਬਾਅਦ ਬਲੋਚਿਸਤਾਨ ਵਿਚ ਅਫਗਾਨਾਂ ਦੀ ਲਗਾਤਾਰ ਜਾਰੀ ਬੇਰੋਕ ਆਮਦ ਕਾਰਨ ਬਲੋਚ ਭਾਈਚਾਰਾ ਆਪਣੇ ਹੀ ਵਤਨ ਵਿਚ ਤੇਜ਼ੀ ਨਾਲ

***(ਬਾਕੀ ਅਗਲੇ ਸਫੇ 'ਤੇ)***

# ਪੂੰਜੀ ਸੱਤਾ ਦਾ ਹਮਲਾ ਅਤੇ ਮਿਹਨਤਕਸ਼ਾਂ ਦੀ ਹੋਣੀ

***ਪੂੰਜੀਵਾਦ ਦਾ ਕਿਰਦਾਰ ਨਿਰਜੀਵ ਚੀਜ਼ਾਂ ਨੂੰ ਸੱਤਾ ਦੀ ਏਜੰਸੀ ਵਿਚ ਬਦਲ ਦੇਣ ਵਾਲਾ ਹੈ। ਚੀਜ਼ਾਂ ਦੇ ਨਿਰਜੀਵ ਸੰਸਾਰ ਨੂੰ ਚੱਲਦਾ ਰੱਖਣ ਲਈ ਜਿਊਂਦੀਆਂ ਜਾਗਦੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਗਾ ਦਿੱਤਾ ਜਾਂਦਾ ਹੈ। ਡਾ. ਕੁਲਦੀਪ ਕੌਰ ਨੇ ਆਪਣੇ ਇਸ ਅਹਿਮ ਲੇਖ ਵਿਚ ਪੂੰਜੀ ਦੀ ਇਸ ਮਾਰ ਦੇ ਵੱਖ-ਵੱਖ ਪੱਖਾਂ ਨੂੰ ਬਾਰੀਕੀ ਨਾਲ ਫੜਿਆ ਹੈ ਅਤੇ ਚਰਚਾ ਕੀਤੀ ਹੈ ਕਿ ਇਹ ਕਿਸ ਤਰ੍ਹਾਂ ਸਾਡੀਆਂ ਜ਼ਿੰਦਗੀਆਂ ਨੂੰ ਬੁਰੀ ਤਰ੍ਹਾਂ ਹੜੱਪ ਰਿਹਾ ਹੈ। ਸਿਤਮ ਵਾਲੀ ਗੱਲ ਇਹ ਹੈ ਕਿ ਇਸ ਬਾਰੇ ਸਾਨੂੰ ਅਹਿਸਾਸ ਤੱਕ ਨਹੀਂ ਹੈ।***

ਪਿਛਲੇ ਸੱਤ ਸਾਲਾਂ ਤੋਂ ਭਾਰਤ ਦੀ ਮੋਦੀ ਸਰਕਾਰ ਕਿਸਾਨਾਂ/ਮਜ਼ਦੂਰਾਂ ਅਤੇ ਮਿਹਨਤਕਸ਼ ਤਬਕਿਆਂ ਦਾ ਸਬਰ-ਸੰਤੋਖ ਪਰਖ ਰਹੀ ਹੈ ਤੇ ਖੇਤੀ ਕਾਨੂੰਨਾਂ, ਕਿਰਤ ਕੋਡਾਂ ਵਰਗੀਆਂ ਅਣਗਿਣਤ ਉਦਾਰਵਾਦੀ ਤੇ ਨਿੱਜੀਕਰਨ ਵਾਲੀਆਂ ਨੀਤੀਆਂ ਦੀ ਆੜ ਵਿਚ ਕਾਰਪੋਰੇਟ ਜਗਤ ਦੀ ਸੱਤਾ ਦੀ ਸਥਾਪਨਾ ਲਈ ਸਾਮ, ਦਾਮ, ਦੰਡ, ਭੇਦ ਦੀ ਗੁੱਝੀ ਜੁਗਤ ਚਲਾਉਣ ਦੀ ਫਿਰਾਕ ਵਿਚ ਹੈ। ਦੂਜੇ ਪਾਸੇ ਯੂਰੋਪੀਅਨ ਸੰਘ ਵਿਚ ਸ਼ਾਮਿਲ ਮੁਲਕਾਂ ਦੁਆਰਾ ਬਣਾਈ ਕੌਮਾਂਤਰੀ ਅਦਾਲਤ ਦਾ ਕਾਨੂੰਨੀ ਪੈਨਲ ਅਜਿਹਾ ਕੌਮਾਂਤਰੀ ਕਾਨੂੰਨ ਘੜਨ ਦੀ ਪ੍ਰਕਿਰਿਆ ਵਿਚ ਰੁਝਿਆ ਦਿਨ-ਰਾਤ ਇੱਕ ਕਰ ਰਿਹਾ ਹੈ ਜਿਹੜਾ ਜੰਗ, ਨਸਲਕੁਸ਼ੀ ਤੇ ਧਰਮ/ਫਿਰਕੇ/ਪਛਾਣ/ਖਾਸ ਸਭਿਆਚਾਰ/ ਵਿਰਾਸਤੀ ਆਧਾਰਾਂ ਵਾਲੇ ਗਰੁੱਪਾਂ ਦਾ ਜਾਣ-ਬੁੱਝ ਕੇ ਸਫਾਇਆ ਕਰਨ ਦੀਆਂ ਸਾਜ਼ਿਸ਼ਾਂ ਵਾਂਗੂ ਗਿਣ-ਮਿਥ ਕੇ 'ਵਾਤਾਵਰਨ ਦਾ ਘਾਣ' (ਈਕੋਸਾਈਡ) ਕਰਨ ਵਾਲੇ ਮੁਲਕਾਂ ਤੇ ਕੰਪਨੀਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਵਰਤਿਆ ਜਾ ਸਕੇ। ਇਸ ਕਾਨੂੰਨੀ ਪੈਨਲ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਕੁਦਰਤੀ ਸਾਧਨਾਂ 'ਤੇ ਕਬਜ਼ਾ, ਉਨ੍ਹਾਂ ਦੀ ਦੁਰਵਰਤੋਂ, ਉਨ੍ਹਾਂ ਦੀ ਦਿੱਖ ਤੇ ਨਿਆਮਤਾਂ ਨੂੰ ਮੁਨਾਫਾ ਉਪਜਾਉਣ ਲਈ ਵਰਤਣਾ ਅਤੇ ਇਨ੍ਹਾਂ ਕੁਦਰਤੀ ਜੀਵਨ-ਪ੍ਰਬੰਧਾਂ 'ਤੇ ਨਿਰਭਰ ਜੀਵਨ-ਜਾਚ ਨੂੰ ਖਤਮ ਕਰਨ ਦੀ ਕੋਸ਼ਿਸ ਕਰਨਾ, ਮਨੁੱਖੀ ਅਧਿਕਾਰਾਂ ਤੇ ਮਨੁੱਖੀ ਜ਼ਿੰਦਗੀ 'ਤੇ ਹਮਲਾ ਕਰਨ ਦੇ ਤੁੱਲ ਹੈ।

ਕੁਲਦੀਪ ਕੌਰ
ਫੋਨ: +91-98554-04330

ਇਸ ਕਾਨੂੰਨ ਬਾਰੇ ਵਿਚਾਰ-ਚਰਚਾ ਸ਼ੁਰੂ ਹੋਣ ਦਾ ਸਮਾਂ ਵੀ ਬਹੁਤ ਮਹਤਵਪੂਰਨ ਹੈ। ਯਾਦ ਰਹੇ ਕਿ ਇਸ ਸਾਲ ਨਿਊਰਮਵਰਗ ਜੰਗ ਦੇ ਮੁਜਰਮਾਂ (ਨਾਜ਼ੀ ਲੀਡਰਾਂ) 'ਤੇ ਇਸ ਅਦਾਲਤ ਵਿਚ ਚਲਾਏ ਮੁਕੱਦਮਿਆਂ ਦੀ 75ਵੀਂ ਵਰ੍ਹੇਗੰਢ ਹੈ। ਇੰਨਾ ਸਮਾਂ ਫਾਸ਼ੀਵਾਦ ਖਿਲਾਫ ਮੋਰਚਾਬੰਦੀ ਕਰਨ ਦੇ ਬਾਵਜੂਦ ਅੱਜ ਫਿਰ ਆਲਮੀ ਪੱਧਰ 'ਤੇ ਮਨੁੱਖੀ ਸਭਿਅਤਾ ਦਾ ਚੱਕਾ ਫਾਸ਼ੀਵਾਦ ਤੇ ਪ੍ਰਾਈਵੇਟ ਕੰਪਨੀਆਂ ਦੇ ਮੁਨਾਫਾ ਮੱਕੜ ਜਾਲ ਦੀ ਜਿੱਲ੍ਹਣ ਵਿਚ ਜਾ ਧਸਿਆ ਹੈ। ਤਕਨੀਕੀ ਤੇ ਮਸ਼ੀਨੀ ਵਿਕਾਸ ਦੀਆਂ ਅਨੇਕਾਂ ਪੌੜੀਆਂ ਚੜ੍ਹਨ ਦੇ ਬਾਵਜੂਦ ਆਮ ਲੋਕਾਈ ਦੀ ਪੀੜਾਂ ਪਰੁੰਨੀ ਹੋਂਦ ਨੇ ਮਨੁੱਖੀ ਚੇਤਨਾ ਅਤੇ ਸਿਆਸਤ ਸਾਹਮਣੇ ਨਵੇਂ ਸੁਲਗਦੇ ਸਵਾਲ ਖੜ੍ਹੇ ਕੀਤੇ ਹਨ। ਆਲਮੀ ਪੱਧਰ 'ਤੇ ਸ਼ੋਸ਼ਕਾਂ ਤੇ ਸ਼ੋਸ਼ਿਤ ਧਿਰ ਬਾਰੇ ਚਰਚਾ ਵੀ ਸ਼ੁਰੂ ਹੋ ਚੁੱਕੀ ਹੈ ਜਿਸ ਬਾਰੇ ਗੱਲ ਤੋਰਨੀ ਜ਼ਰੂਰੀ ਹੈ। ਸ਼ੋਸ਼ਕਾਂ ਦੇ ਪ੍ਰਚਾਰ-ਤੰਤਰ ਦਾ ਇਹ ਮੰਨਣਾ ਹੈ ਕਿ ਹੁਣ ਨਾ ਤਾਂ ਪਹਿਲਾ ਵਾਲਾ ਫਾਸ਼ੀਵਾਦ ਹੈ ਅਤੇ ਨਾ ਹੀ ਪੂੰਜੀਪਤੀ ਵਰਗ ਦੀ ਇਜਾਰੇਦਾਰੀ ਹੈ ਸਗੋਂ ਇਹ ਤਾਂ 'ਚਾਰੇ ਪਾਸਿਓਂ' ਖੁੱਲ੍ਹੀਆਂ ਮੰਡੀਆਂ ਦਾ ਦੌਰ ਹੈ। ਆਪਣਾ ਸੌਦਾ ਵੇਚੋ-ਖਰੀਦੋ ਤੇ ਤੁਰਦੇ ਬਣੋ। ਇਸ ਦਲੀਲ ਦੇ ਹੱਕ ਵਿਚ ਤਰਕਾਂ ਦੀ ਅਟੁੱਟ ਲੜੀ ਹੈ ਜਿਹੜੀ ਇਹ ਸਾਬਿਤ ਕਰ ਸਕਦੀ ਹੈ ਕਿ ਕਿਰਤੀ ਤੇ ਪੂੰਜੀਪਤੀ ਦੋਵੇਂ ਇੱਕੋ ਤਰ੍ਹਾਂ ਦੇ ਹਾਲਾਤ ਵਿਚ, ਇੱਕੋ ਤਰ੍ਹਾਂ ਦੀਆਂ ਸ਼ਰਤਾਂ ਤੇ ਨਿਯਮਾਂ ਅਨੁਸਾਰ ਖੱਟ-ਕਮਾ ਰਹੇ ਹਨ। ਇੱਥੇ ਇਹ ਤੱਥ ਨਜ਼ਰ-ਅੰਦਾਜ਼ ਕਰ ਦਿੱਤੇ ਜਾਂਦੇ ਹਨ ਕਿ ਕਿਰਤੀ ਅਤੇ ਪੂੰਜੀਪਤੀ ਦੇ ਆਲੇ-ਦੁਆਲੇ ਕੰਮ ਕਰਦੇ ਦਿਸਦੇ-ਅਣਦਿਸਦੇ ਸੱਤਾ ਢਾਂਚੇ ਕਿਵੇਂ ਉਨ੍ਹਾਂ ਵਿਚਲੀਆਂ ਸਮਾਜਕ, ਆਰਥਕ, ਸਭਿਆਚਾਰਕ ਤੇ ਸਿਆਸੀ ਖਾਈਆਂ ਨੂੰ ਲਗਾਤਾਰ ਚੌੜਾ ਕਰਦੇ ਰਹਿੰਦੇ ਹਨ। ਕਿਰਤੀ ਤੇ ਪੂੰਜੀਪਤੀ ਇੱਕੋ ਉਤਪਾਦ, ਇੱਕੋ ਕੀਮਤ 'ਤੇ ਵੇਚ ਕੇ ਵੀ ਬਰਾਬਰ ਨਹੀਂ ਹੋ ਸਕਦੇ। ਇੱਥੇ ਅਦਾ ਕੀਤੀ 'ਕੀਮਤ' ਨੂੰ ਤੁਸੀਂ ਪੈਸਿਆਂ ਜਾਂ ਨੋਟਾਂ ਨਾਲ ਨਹੀਂ ਗਿਣ ਸਕਦੇ। ਇਸ 'ਖੁੱਲ੍ਹੇ ਬਾਜ਼ਾਰ' ਦੇ ਕੁਝ ਅਣਲਿਖੇ ਤੇ ਅਣਦਿਸਦੇ ਕਾਨੂੰਨ ਹਨ। ਇਨ੍ਹਾਂ ਕਾਨੂੰਨਾਂ ਨੂੰ ਇਸ ਢੰਗ ਨਾਲ ਘੜਿਆ ਗਿਆ ਹੈ ਕਿ ਇਨ੍ਹਾਂ ਦੀ ਛਤਰ-ਛਾਇਆ ਹੇਠ ਸਿਰਜਣ, ਉਗਾਉਣ, ਮੌਲਣ, ਵਿਗਸਣ ਤੇ ਦੇਣ/ਵੰਡਣ ਦੇ ਫਲਸਫੇ ਦੀ ਜਗ੍ਹਾ ਮੁੱਲ ਲਗਾਉਣਾ, ਵੱਟਣਾ, ਕਮਾਉਣਾ, ਦਲਾਲੀ ਅਤੇ ਵਿਚੋਂ ਮੁਨਾਫਾ ਕੱਢਣ ਦਾ ਵਰਤਾਰਾ ਸਦੀ-ਦਰ-ਸਦੀ ਲਗਾਤਾਰ ਜਾਰੀ ਰਹਿੰਦਾ ਹੈ। ਮੌਜੂਦਾ ਕਿਸਾਨੀ ਘੋਲ ਦੀ ਉਦਾਹਰਨ ਹੀ ਲੈ ਲਵੋ। ਕੀ ਕਿਸਾਨਾਂ ਕੋਲ ਬੈਂਕਾਂ ਦੀ ਮਾਲਕੀ ਹੈ? ਤੱਥ ਇਹ ਹੈ ਕਿ ਬੈਂਕ ਪੂੰਜੀ ਪ੍ਰਬੰਧਨ ਦੀ ਮੁੱਖ ਧੁਰੀ ਹਨ? ਕੀ ਕਿਸਾਨ ਪਿਛਲੇ ਦਸਾਂ ਕੁ ਸਾਲਾਂ ਵਿਚ ਸਭ ਤੋਂ ਵੱਧ ਮੁਨਾਫੇ ਵਾਲੇ ਖੇਤਰ 'ਘਰ ਤੇ ਇਮਾਰਤ ਉਸਾਰੀ' ਦੇ ਮਾਲਕ ਹਨ? ਇਸ ਬਾਬਤ ਤੱਥ ਇਹ ਹਨ ਕਿ ਇਸ ਖੇਤਰ ਨੇ ਲੱਖਾਂ ਹੈਕਟੇਅਰ ਉਪਜਾਊ ਜ਼ਮੀਨਾਂ 'ਤੇ ਕਾਨੂੰਨੀ/ਗੈਰ-ਕਾਨੂੰਨੀ ਕਬਜ਼ੇ ਕੀਤੇ ਹੋਏ ਹਨ। ਕਿੰਨੇ ਕੁ ਕਿਸਾਨਾਂ ਨੇ ਖੇਤੀਬਾੜੀ ਦੇ ਮੁਨਾਫੇ ਦੇ ਸਿਰ 'ਤੇ ਫੈਕਟਰੀਆਂ ਅਤੇ ਕਾਰਖਾਨੇ ਲਗਾ ਲਏ ਹਨ? ਇਸੇ ਤਰ੍ਹਾਂ ਕਿਹੜੇ ਮਜ਼ਦੂਰ ਨੇ ਮਜ਼ਦੂਰੀ ਤੋਂ ਕਮਾਈਆਂ ਕਰਕੇ ਫੈਕਟਰੀਆਂ ਜਾਂ ਕਾਰਖਾਨੇ ਲਗਾ ਲਏ ਹਨ?

ਇੱਥੇ ਕੁਝ ਮਹਤੱਵਪੂਰਨ ਨੁਕਤੇ ਉਭਰਦੇ ਹਨ। ਜੇ ਪਿਛਲੇ ਤਿੰਨ-ਚਾਰ ਦਹਾਕਿਆਂ ਦੀ ਵੱਖ-ਵੱਖ ਮੁਲਕਾਂ ਦੀ ਸਿਆਸਤ, ਪੂੰਜੀ ਦੇ ਵਿਹਾਅ ਤੇ ਪਸਾਰ ਦੀ ਦਿਸ਼ਾ, ਵਿਕਾਸ ਨਾਲ ਸਬੰਧਿਤ ਨੀਤੀਆਂ ਅਤੇ ਸਰਕਾਰੀ ਮਸ਼ੀਨਰੀ ਦੇ ਕੰਮ-ਕਾਜ ਨੂੰ ਜਾਂਚਿਆ-ਪਰਖਿਆ ਜਾਵੇ ਤਾਂ ਕੁਝ ਰੁਝਾਨ ਬੜੇ ਤਿੱਖੇ ਰੂਪ ਵਿਚ ਸਾਹਮਣੇ ਆਉਂਦੇ ਹਨ। ਪਹਿਲਾ, ਇਨ੍ਹਾਂ ਮੁਲਕਾਂ ਦੀ ਸੱਤਾ ਦੇ ਸੰਗਠਨ ਅਤੇ ਕਾਰਜ-ਸ਼ੈਲੀ ਵਿਚ ਉਤਪਾਦਨ, ਸਿਰਜਣ ਤੇ ਕਿਰਤ ਨਾਲ ਸਬੰਧਿਤ ਤਬਕਿਆਂ ਅਤੇ ਸਮੂਹਾਂ ਦੀ ਸ਼ਮੂਲੀਅਤ ਘਟੀ ਹੈ, ਜਮਹੂਰੀ ਚੋਣ ਪ੍ਰਬੰਧ ਦੀ ਸਾਰਥਿਕਤਾ ਖਤਮ ਹੋਈ ਹੈ ਅਤੇ ਸਿਆਸੀ ਫੈਸਲੇ ਕਰਨ ਦੀ ਮੁਖਤਾਰੀ ਨਸਲੀ, ਧਾਰਮਿਕ, ਜਮਾਤੀ ਤੇ ਵਰਗ ਪਛਾਣ 'ਤੇ ਆਧਾਰਿਤ ਸਮੂਹਾਂ ਦੇ ਹੱਥਾਂ ਵਿਚ ਕੇਂਦਰਿਤ ਹੋਈ ਹੈ। ਦੂਜਾ, ਸੰਸਾਰ ਭਰ ਵਿਚ ਪੂੰਜੀ ਦੇ ਵਹਾਅ ਦਾ ਵਰਤਾਰਾ ਤੇ ਪਸਾਰ ਇੰਨਾ ਅਮਿਣਵਾ ਤੇ ਬੇਥਵਾ ਹੈ ਕਿ ਇਸ ਨੇ ਛੋਟੀਆਂ ਤੇ ਸੀਮਾਂਤ ਇਕਾਈਆਂ ਤੇ ਅਦਾਰਿਆਂ ਨੂੰ ਇਕ ਵਾਢਿਓਂ ਹੀ ਹੂੰਝਾ ਮਾਰ ਦਿੱਤਾ ਹੈ। ਇਸ ਸਬੰਧ ਵਿਚ ਪਿਛਲੇ ਦਿਨਾਂ ਵਿਚ ਰਿਲੀਜ਼ ਹੋਈਆਂ ਕੁਝ ਰਿਪੋਰਟਾਂ ਦਾ ਜ਼ਿਕਰ ਜ਼ਰੂਰੀ ਹੈ ਜਿਹੜੀਆਂ ਵੈਸੇ ਕਾਰਪੋਰੇਟ ਦੀ ਹੀ 'ਸੇਵਾ' ਵਿਚ ਕੰਮ ਕਰ ਰਹੀਆਂ ਹਨ, ਇਸ ਦੇ ਬਾਵਜੂਦ ਇਨ੍ਹਾਂ ਵਿਚਲੇ ਤੱਥ ਚੌਂਕਾ ਦੇਣ ਵਾਲੇ ਹਨ।

ਪਹਿਲੀ ਰਿਪੋਰਟ ਇੰਟਰਨੈਸ਼ਨਲ ਮੌਨਟਰੀ ਫੰਡ ਦੀ ਹੈ ਜਿਸ ਅਨੁਸਾਰ ਕੋਵਿਡ-19 ਨੇ ਭਾਰਤ ਵਿਚ ਪਹਿਲਾਂ ਤੋਂ ਹੀ ਮੌਜੂਦ ਆਰਥਕ, ਸਭਿਆਚਾਰਕ ਤੇ ਸਮਾਜਕ ਖਾਈਆਂ ਤੇ ਵਰਗ-ਵੰਡ ਦੀ ਪ੍ਰਕਿਰਿਆ ਨੂੰ ਤਿਖੇਰਾ ਕਰ ਦਿੱਤਾ ਹੈ। ਇਸ ਸਬੰਧ ਵਿਚ ਕੁਝ ਹੋਰ ਤੱਥਾਂ ਦਾ ਜ਼ਿਕਰ ਜ਼ਰੂਰੀ ਹੈ। ਇਸ ਰਿਪੋਰਟ ਅਨੁਸਾਰ ਕੋਵਿਡ-19 ਮਹਾਮਾਰੀ ਦੇ ਕਹਿਰ ਕਾਰਨ ਪੂਰੀ ਦੁਨੀਆ ਵਿਚ ਨੱਬੇ ਲੱਖ ਲੋਕਾਂ ਨੇ ਗਰੀਬੀ ਰੇਖਾ ਤੋਂ ਥੱਲੇ ਚਲੇ ਜਾਣਾ ਤੇ ਇਸ ਵਿਚ ਚਾਲੀ ਲੱਖ ਲੋਕ ਭਾਰਤੀ ਹੋਣਗੇ। ਇਸ ਤੋਂ ਬਿਨਾ ਸਾਰੀ ਦੁਨੀਆ ਇਸ ਤੱਥ ਨੂੰ ਸਵੀਕਾਰ ਕਰ ਚੁੱਕੀ ਹੈ ਕਿ ਇਸ ਵਾਇਰਸ ਦਾ ਮੁਕਾਬਲਾ ਕਰਨ ਲਈ ਜਿੱਥੇ ਸਿਆਸੀ, ਸਮਾਜਕ, ਪ੍ਰਸ਼ਾਸਕੀ ਢਾਂਚਿਆਂ ਦਾ ਪੁਖਤਾ ਤੇ ਸਮਰੱਥ ਹੋਣਾ ਜ਼ਰੂਰੀ ਹੈ, ਉੱਥੇ ਇਸ ਦੀ ਜ਼ੱਦ ਵਿਚ ਆਇਆਂ ਬਾਰੇ ਕੀਤੇ ਆਰਜ਼ੀ ਤੇ ਲੰਮੇ ਸਮੇਂ ਦੇ ਪ੍ਰਬੰਧਾਂ ਦਾ ਵਿਤਕਰਿਆਂ ਤੇ ਸਮਾਜਕ ਭੇਦਭਾਵਾਂ ਤੋਂ ਰਹਿਤ ਹੋਣਾ ਮਰੀਜ਼ ਦਾ 'ਮਨੁੱਖਤਾ ਵਿਚ ਵਿਸ਼ਵਾਸ' ਬਹਾਲ ਕਰਦਾ ਹੈ।



ਇਸ 'ਮਨੁੱਖਤਾ ਵਿਚ ਵਿਸ਼ਵਾਸ' ਸੰਕਲਪ ਬਾਰੇ ਕੁਝ ਮੂਲ ਨੁਕਤੇ ਸਮਝਣੇ ਜ਼ਰੂਰੀ ਹਨ। ਇਸ ਸੰਕਲਪ ਦਾ ਸਭ ਤੋਂ ਪਹਿਲਾ ਤੇ ਤਿੱਖਾ ਵਿਰੋਧ ਵਿਕਾਸ ਅਤੇ ਤਰੱਕੀ ਦੇ ਮੌਜੂਦਾ ਤੈਅ ਕੀਤੇ ਮਿਆਰਾਂ ਨਾਲ ਹੈ। ਆਧੁਨਿਕ ਸਭਿਅਤਾ ਦਾ ਚਾਲ-ਚਲਨ ਤੇ ਜੀਵਨ ਵਰਤਾਰਾ ਕਿਸੇ ਕੁਦਰਤੀ ਜਾਂ ਦਾਰਸ਼ਨਿਕ ਲੀਹ ਦੀ ਥਾਂ ਉਦਯੋਗਿਕ ਕ੍ਰਾਂਤੀ ਰਾਹੀਂ ਹੋਂਦ ਵਿਚ ਆਇਆ ਹੈ ਅਤੇ ਇਸ ਵਿਚ 'ਮੁਨਾਫਾ' ਤੇ 'ਪੂੰਜੀ' ਸੱਤਾ ਦੇ ਸੰਗਠਨ ਤੇ ਕਾਰਜ-ਸ਼ੈਲੀ ਦੇ ਮੁੱਖ ਸੂਤਰ-ਧਾਰ ਹਨ। ਇਸ ਨਾਲ ਜੁੜੀਆਂ ਕੁਝ ਕੁ ਮਦਾਂ ਤੇ ਗੌਰ ਕਰੋ: ਸਟਾਕ ਮਾਰਕਿਟ ਕੀ ਹੈ? ਜੀ.ਡੀ.ਪੀ. ਦਾ ਕੀ ਅਰਥ ਬਣਦਾ ਹੈ? ਖੁੱਲ੍ਹੀ ਮੰਡੀ ਨੂੰ ਖੁੱਲ੍ਹੀ ਮੰਡੀ ਕਿਉਂ ਕਿਹਾ ਜਾਂਦਾ ਹੈ? ਦਰਾਮਦ-ਬਰਾਮਦ ਦਾ ਆਪਸੀ ਘਾਟਾ ਕੀ ਹੈ? ਬਜਟ ਕੀ ਹੈ? ਜੇ ਇਨ੍ਹਾਂ ਵਿਚ ਵਾਧੇ ਦੀ ਦਰ ਹੀ ਕਿਸੇ ਮੁਲਕ ਦੇ ਵਿਕਾਸ ਤੇ ਤਰੱਕੀ ਦਾ ਮਿਆਰ ਤੈਅ ਕਰਦੀ ਹੈ ਤਾਂ ਫਿਰ ਸਭ ਤੋਂ ਕਾਮਯਾਬ ਸਟਾਕ ਮਾਰਕਿਟ ਵਾਲੇ ਮੁਲਕਾਂ ਵਿਚ ਸੜਕਾਂ 'ਤੇ ਸੌਣ ਵਾਲੇ ਭੁੱਖੇ-ਨੰਗੇ ਲੋਕਾਂ ਦੀ ਗਿਣਤੀ ਕਿਉਂ ਲਗਾਤਾਰ ਵਧ ਰਹੀ ਹੈ? ਮਿਲੀਅਨ-ਟ੍ਰਿਲੀਅਨ ਦੇ ਦਾਅਵਿਆਂ ਵਾਲੀਆਂ ਸਰਕਾਰਾਂ ਦੇ ਰਾਜ ਵਿਚ ਲੱਖਾਂ-ਅਰਬਾਂ ਲੋਕ ਦੋ ਡੰਗ ਦੀ ਰੋਟੀ ਤੋਂ ਵੀ ਵਾਂਝੇ ਕਿਉਂ ਹਨ? ਆਖਰ ਕੀ ਕਾਰਨ ਹੈ ਕਿ ਆਪਣੀਆਂ ਸਾਲਾਨਾ ਰਿਪੋਰਟਾਂ ਤਿਆਰ ਕਰਦੇ ਸਮੇਂ ਵਿਕਸਿਤ ਤੇ ਵਿਕਾਸਸ਼ੀਲ, ਦੋਵੇਂ ਤਰ੍ਹਾਂ ਦੇ ਮੁਲਕਾਂ ਦੇ ਅਫਸਰਸ਼ਾਹ ਇਹ ਤਾਂ ਤਸਲੀਮ ਕਰਦੇ ਹਨ ਕਿ ਅਸੀਂ ਆਰਥਕ ਤੌਰ 'ਤੇ ਪਿਛਲੇ ਸਾਲਾਂ ਦੇ ਮੁਕਾਬਲੇ ਕਿੰਨੀ ਮੁਦਰਾ ਕਮਾਈ ਹੈ? ਮੁਲਕ ਦਾ ਕਿਹੜਾ ਅਦਾਰਾ ਜਾਂ ਇਕਾਈ ਘਾਟੇ ਵਿਚ ਜਾ ਵਾਧੇ ਵਿਚ ਹੈ ਪਰ ਇਸ ਵਿਚੋਂ ਬਹੁਤ ਚੁਸਤੀ ਨਾਲ ਗਰੀਬਾਂ ਤੇ ਬੇਰੁਜ਼ਗਾਰੀ ਨਾਲ ਸਬੰਧਿਤ ਅੰਕੜਿਆਂ ਨੂੰ ਫਾਈਲਾਂ ਵਿਚ ਹੀ ਦਫਨ ਕਰ ਦਿੰਦੇ ਹਨ? ਜਦੋਂ ਹਸਪਤਾਲ ਅਤੇ ਸਕੂਲ, ਕਾਲਜ ਦੇ ਕਾਇਦੇ-ਕਾਨੂੰਨ ਖੁੱਲ੍ਹੀ ਮੰਡੀ ਤੈਅ ਕਰਨ ਲੱਗ ਜਾਵੇ ਤਾਂ ਮਰੀਜ਼ਾਂ ਤੇ ਵਿਦਿਆਰਥੀਆਂ ਨੂੰ ਗਾਹਕ ਅਤੇ ਖਪਤਕਾਰ ਬਣਨ ਵਿਚ ਕਿੰਨੀ ਕੁ ਦੇਰ ਲੱਗਦੀ ਹੈ? ਗਾਹਕ ਬਣਨ-ਬਣਾਉਣ ਅਤੇ ਖਪਤਕਾਰੀ ਦੇ ਸਬਕ ਪੜ੍ਹਦੀ ਇਸ ਨਵੀਂ ਪਿਉਂਦ ਦੇ ਸਿਰ 'ਤੇ ਕਿਵੇਂ ਮਾਨਵੀ ਕਦਰਾਂ-ਕੀਮਤਾਂ ਨੂੰ ਪ੍ਰਣਨਾਇਆ ਸੰਵੇਦਨਸ਼ੀਲ ਸਮਾਜ ਸਿਰਜਿਆ ਜਾ ਸਕਦਾ ਹੈ? ਇਹ ਇਤਿਹਾਸ ਤੇ ਮਨੁੱਖੀ ਸਭਿਅਤਾ ਦੀ ਕਿਹੋ ਜਿਹੀ ਹੋਣੀ ਅਤੇ ਤਰਾਸਦੀ ਹੈ ਕਿ ਅਸੀਂ ਮਨੁੱਖ ਦੇ ਤੌਰ 'ਤੇ ਆਪਣਾ ਸਰੀਰ ਬਚਾਉਣ ਤੱਕ ਮਹਿਦੂਦ ਹੋ ਚੁੱਕੇ ਹਾਂ? ਕੀ ਖੇਤਾਂ ਵਿਚ ਪੁੰਗਰਦੇ ਬੀਜਾਂ ਨੂੰ ਖਤਮ ਕਰਕੇ ਅਤੇ ਮਨੁੱਖੀ ਦਿਮਾਗਾਂ ਵਿਚ ਉਪਜਦੇ ਨਵੇਂ ਵਿਚਾਰਾਂ ਦੀ ਸਿਰੀ ਨੱਪ ਕੇ ਅਸੀਂ ਮਨੁੱਖ ਹੋਣ ਦਾ ਦਾਅਵਾ ਕਰਨ ਦੇ ਯੋਗ ਰਹਿ ਜਾਂਵਾਗੇ?

ਇਸ ਸਬੰਧ ਵਿਚ ਚਿੰਤਕ ਤੇ ਦਾਰਸ਼ਨਿਕ ਕਾਰਲ ਮਾਰਕਸ ਦੀ ਟਿੱਪਣੀ ਬਹੁਤ ਮਹੱਤਵਪੂਰਨ ਹੈ। ਉਸ ਅਨੁਸਾਰ ਜ਼ਿੰਦਗੀ ਉਤਪਾਦਨਾਂ ਦੀਆਂ ਵੱਖੋ-ਵੱਖਰੀਆਂ ਪੱਧਤੀਆਂ ਮੁਤਾਬਿਕ ਖਾਸ ਆਕਾਰ ਵਿਚ ਢਲਦੀ ਹੈ। ਇਸ ਵਿਚ ਪੂੰਜੀ ਦੁਆਰਾ ਸਿਰਜੀ ਦੁਨੀਆ ਵਿਚ 'ਜ਼ਰੂਰਤਾਂ' ਦੀ ਧੁਰੀ ਦੁਆਲੇ ਊਰੀ ਵਾਂਗ ਘੁੰਮਣਾ ਚੱਕਰ ਦੀ ਤਰ੍ਹਾਂ ਵਾਰ-ਵਾਰ ਵਾਪਰਦਾ ਹੈ ਜਿਸ ਵਿਚ ਹੌਲੀ-ਹੌਲੀ ਨਿਰਜੀਵ ਚੀਜ਼ਾਂ ਦਾ ਮੁੱਲ ਜ਼ਿੰਦਾ ਤੇ ਮਹਿਸੂਸ ਕਰਨ ਵਾਲੀਆਂ ਚੀਜ਼ਾਂ ਤੋਂ ਵਧਦਾ ਜਾਂਦਾ ਹੈ। ਇਸ ਨੂੰ ਜੇ ਪੂੰਜੀਵਾਦ ਦੇ ਬਿੰਬਾਂ ਤੇ ਪ੍ਰਤੀਕਾਂ ਦੇ ਰੂਪ ਵਿਚ ਸਮਝਣ ਦੀ ਕੋਸ਼ਿਸ ਕੀਤੀ ਜਾਵੇ ਤਾਂ ਇਹ ਸਮਝ ਆ ਜਾਂਦਾ ਹੈ ਕਿ ਪੂੰਜੀਵਾਦੀ ਮੁੱਲਾਂ ਦਾ ਮੁੱਖ ਤੇ ਸਭ ਤੋਂ ਤਿੱਖਾ ਵਾਰ ਜ਼ਿੰਦਗੀ ਦੀ ਨੈਤਿਕਤਾ ਅਤੇ ਅਸੂਲਪ੍ਰਸਤੀ 'ਤੇ ਹੁੰਦਾ ਹੈ ਜਦ ਕਿ ਪੂੰਜੀ ਅਤੇ ਮੰਡੀ ਦੋਵੇਂ ਜ਼ੋਰਾਂ-ਸ਼ੋਰਾਂ ਨਾਲ ਨਿਰਪੱਖ ਹੋਣ, ਤੇ ਸਿਰਫ ਆਰਥਕ ਹੋਣ ਦਾ ਦਾਅਵਾ ਕਰਦੀਆਂ ਹਨ ਬਲਕਿ 'ਪੈਸੇ' ਰੂਪੀ ਸ਼ੈਅ ਨੂੰ ਜਿਊਣ ਦੀ ਪਹਿਲੀ ਤੇ ਅੰਤਿਮ ਸ਼ਰਤ ਮੰਨਦੀਆਂ ਹਨ।

ਕਾਰਲ ਮਾਰਕਸ ਦੀ ਇਸ ਟਿੱਪਣੀ ਦਾ ਮੌਜੂਦਾ ਪ੍ਰਸੰਗ ਕਰੋਨਾ ਮਹਾਮਾਰੀ ਦੇ ਦੌਰ ਵਿਚ ਆਪਣੇ ਪਿਆਰੇ ਮੁਲਕ ਇਟਲੀ ਵਿਚ ਹਜ਼ਾਰਾਂ ਜ਼ਿੰਦਗੀਆਂ ਦੀ ਬੇਵਕਤੀ ਅਤੇ ਆਸਾਨੀ ਨਾਲ ਰੋਕੀ ਜਾ ਸਕਣ ਵਾਲੀ ਮੌਤ ਤੇ ਗਮਗੀਨ ਹੋਏ ਦਾਰਸ਼ਨਿਕ ਅਗਮਬੇਨ ਦੀਆਂ ਲਿਖਤਾਂ ਵਿਚ ਜਾ ਖੁੱਲ੍ਹਦਾ ਹੈ ਜਿਸ ਵਿਚ ਉਹ ਰੋਮ ਤੇ ਇਟਲੀ ਦੇ ਮਹਾਨ ਦਾਰਸ਼ਨਿਕਾਂ ਸੁਕਰਾਤ, ਅਰਸਤੂ ਤੇ ਸੁਕਰਾਤ ਵਰਗਿਆਂ ਨੂੰ ਚੇਤੇ ਕਰਦਾ ਲਿਖਦਾ ਹੈ, 'ਜ਼ਿੰਦਗੀ ਕਦੇ ਵੀ ਪੂੰਜੀ ਦੀ ਸ਼ਕਲ ਵਿਚ ਬਰਕਰਾਰ ਨਹੀਂ ਰੱਖੀ ਜਾ ਸਕਦੀ, ਕਿਉਂਕਿ ਪੂੰਜੀ ਤਾਂ ਜ਼ਿੰਦਗੀ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਹੀ ਖਾ ਜਾਂਦੀ ਹੈ। ਜ਼ਿੰਦਗੀ 'ਜਿਊਣ' ਜਾਂ ਇਸ ਦੀ 'ਵਰਤੋਂ' ਦਾ ਸਹੀ ਅਰਥ ਕੀ ਬਣਦਾ ਹੈ? ਤੁਸੀਂ ਕੋਈ ਪੁਰਜ਼ਾ, ਸੰਦ ਜਾਂ ਨੰਬਰ ਬਣ ਕੇ ਨਹੀਂ ਜੀਅ ਸਕਦੇ। ਜਿਊਣ ਲਈ ਤੁਹਾਨੂੰ ਉਹ 'ਸੱਤਾ' ਜਿਹੜੀ ਕਾਨੂੰਨੀ ਨੇਮਾਂ ਤੇ ਨਿਯਮਾਂ ਦੀ ਬੰਨ੍ਹੀ ਹੋਈ ਹੈ, ਉਸ ਤੋਂ ਮੁਕਤ ਹੋਣਾ ਪਵੇਗਾ। ਕਾਨੂੰਨਾਂ ਅਨੁਸਾਰ ਜਿਊਂਦੇ ਸਰੀਰਾਂ ਦੀ ਕੀ ਬਿਸਾਤ? ਜਿਊਂਦੀ ਜਾਗਦੀ ਸ਼ੈਅ ਕਾਨੂੰਨਾਂ ਤੇ ਨਿਯਮਾਂ ਦੀ 'ਵਰਤੋਂ' ਵਿਚ ਆਈ ਮਹਿਜ਼ ਇੱਕ ਸਰੀਰਕ ਮਸ਼ੀਨ ਬਣ ਜਾਂਦੀ ਹੈ, ਜ਼ਿੰਦਾ ਇਨਸਾਨ ਨਹੀਂ।'

ਜਿਊਂਦੀ ਜਾਗਦੀ ਸ਼ੈਅ ਦੇ ਚੀਜ਼ ਵਿਚ ਵੱਟ ਜਾਣ ਦੀ ਪ੍ਰਕਿਰਿਆ ਦੌਰਾਨ ਇਨਸਾਨਾਂ ਦੇ ਅੰਦਰੋਂ ਕੀ ਖੁਰਦਾ ਜਾਂਦਾ ਹੈ? ਚਿੰਤਕ ਲੁਕਾਸ ਇਸ ਵਰਤਾਰੇ ਨੂੰ ਇਨਸਾਨੀ ਦਿਲਾਂ ਦਾ ਠੰਢੇ ਤੇ ਬੇਹਿੱਸ ਪੱਥਰ ਵਿਚ ਵਟ ਜਾਣ ਵਜੋਂ ਚਿਤਰਦਾ ਹੈ। ਉਹ ਇਸ ਨੂੰ 'ਬੇਲਾਗਤਾ ਤੇ ਬੇਗਾਨਗੀ' ਦਾ ਨਾਮ ਦਿੰਦਾ ਹੈ। ਉਸ ਅਨਸਾਰ ਇਸ ਦੀ ਜ਼ੱਦ ਵਿਚ ਆਏ ਲੋਕਾਂ ਲਈ ਜ਼ਿੰਦਗੀ ਦੀ ਅਰਥਪੂਰਨਤਾ ਅਜੀਬ ਤੇ ਖੁਰਦਰੀ ਹੋ ਜਾਂਦੀ ਹੈ। ਕੀ ਇਸ ਦਾ ਕਿਸੇ ਵੀ ਪੱਧਰ 'ਤੇ ਵਿਰੋਧ ਹੋ ਸਕਦਾ ਹੈ ਜਾਂ ਇਸ ਨੂੰ ਮੋੜਾ ਪਾਇਆ ਜਾ ਸਕਦਾ ਹੈ? ਇਸ ਸਬੰਧ ਵਿਚ ਪੂੰਜੀ ਤੇ ਵਾਤਾਵਰਨ ਦੀਆਂ ਆਪਸੀ ਵਿਰੋਧਤਾਈਆਂ ਤੇ ਦਵੰਦਾਂ ਬਾਰੇ ਲਗਾਤਾਰ ਸਰਗਰਮ ਰਹੇ ਡੇਵਿਡ ਹਾਰਵੇ ਦਾ ਮੰਨਣਾ ਹੈ ਕਿ ਪੂੰਜੀ ਦੇ ਇੱਕ ਖਾਸ ਕੇਂਦਰ ਵਿਚ ਇਕੇਂਦਰੀਕਰਨ ਹੋਣ ਦਾ ਉਲਟਾ ਤਰਕ ਹਰ ਤਰ੍ਹਾਂ ਦੇ 'ਕਬਜ਼ੇ' ਤੋਂ ਮੁਕਤ ਹੋਣਾ ਤੇ ਨਾਲ ਦੀ ਨਾਲ ਸਮੂਹਿਕ ਭਲਾਈ ਲਈ 'ਕਬਜ਼ਿਆਂ' ਤੋਂ 'ਮੁਕਤ' ਕਰਨਾ ਹੈ। ਪੂੰਜੀ ਦਾ ਆਰਥਕਤਾ ਉਪਰ ਅਸਰ ਤਾਂ ਹਰ ਕਿਸੇ ਨੂੰ ਦਿਸਦਾ ਹੈ ਪਰ ਕੀ ਅਸੀਂ ਪੂੰਜੀ ਦੁਆਰਾ ਸਾਡੇ ਇਤਿਹਾਸ, ਸਭਿਆਚਾਰ ਤੇ ਜੀਵਨ-ਵਿਹਾਰ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਮੰਡੀ ਦੀਆਂ ਚੀਜ਼ਾਂ ਵਿਚ ਤਬਦੀਲ ਹੁੰਦੇ ਦੇਖ ਕੇ ਅਣਡਿਠ ਕਰ ਸਕਦੇ ਹਾਂ? ਪੂੰਜੀ ਜਦੋਂ ਤੁਹਾਡੀਆਂ ਰਗਾਂ ਵਿਚਲੇ ਲਹੂ ਦਾ ਰੰਗ ਤੱਕ ਬਦਲ ਦੇਣ ਦੀ ਹਾਲਤ ਵਿਚ ਪਹੁੰਚ ਜਾਵੇ ਤਾਂ ਇਸ ਨੂੰ ਪੂਰੀ ਮਨੁੱਖੀ ਪ੍ਰਜਾਤੀ ਨੂੰ ਸਾਂਝੇ ਡਿਪਰੈਸ਼ਨ ਜਾਂ ਹੇਰਵੇ ਜਾਂ ਇੱਕ-ਦੂਜੇ ਲਈ ਨਫਰਤੀ ਜਨੂਨ ਵਿਚ ਧੱਕਣ ਲਈ ਭਲਾ ਕਿੰਨੀ ਕੁ ਕੋਸ਼ਿਸ਼ ਕਰਨੀ ਪੈਣੀ ਹੈ?

ਪਿਛਲੇ ਦਹਾਕਿਆਂ ਵਿਚ ਇਸ ਦੀਆਂ ਕਈ ਮਿਸਾਲਾਂ ਸਾਹਮਣੇ ਆਈਆਂ ਹਨ। ਉਤਪਾਦਕੀ ਪੂੰਜੀ ਦੇ ਵਿੱਤੀ ਪੂੰਜੀ ਵਿਚ ਤਬਦੀਲ ਹੋਣ ਕਾਰਨ ਹਰ ਤਰ੍ਹਾਂ ਦੀਆਂ ਵਸਤਾਂ ਦੇ ਸਟੋਰਾਂ ਦੀਆਂ ਬਹੁਤ ਸਾਰੀਆਂ ਲੜੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਦੇ ਕਾਲ-ਸੈਂਟਰਾਂ ਅਤੇ ਖਰੀਦਣ ਵਾਲਿਆਂ ਵਿਚਕਾਰ ਕੁਝ ਸ਼ਬਦ ਲੱਖਾਂ ਦੀ ਗਿਣਤੀ ਵਿਚ ਵਰਤੇ ਜਾ ਰਹੇ ਹਨ। ਉਹ ਸ਼ਬਦ ਹਨ: ਈ.ਐਮ.ਆਈ, ਕਰਜ਼ਾ, ਡਿਸਕਾਊਂਟ, ਸੇਲ ਤੇ ਬਰਾਂਡ। ਕਰਜ਼ੇ ਦਾ ਇੰਨੇ ਵੱਡੇ ਪੱਧਰ 'ਤੇ ਵਿਛਾਇਆ ਮੱਕੜ-ਜਾਲ ਇੰਨਾ ਬਾਰੀਕ ਹੈ ਕਿ ਇਸ ਨੇ ਮਨੁੱਖੀ ਸਮਾਜਾਂ ਨੂੰ ਇਨ੍ਹਾਂ ਦੇ ਖੁਦ ਦੀ ਹੋਂਦ ਦੇ ਖਿਲਾਫ ਭੁਗਤਾ ਦਿੱਤਾ ਹੈ। ਕਿੰਨੇ ਲੋਕਾਂ ਨੂੰ ਇਸ ਗੱਲ ਦੀ ਭਿਣਕ ਤੱਕ ਵੀ ਲੱਗੀ ਹੈ ਕਿ ਇਸ ਤਿਲਿਸਮੀ ਸੌਦਿਆਂ ਨੇ ਉਨ੍ਹਾਂ ਦੇ ਆਪਣੇ ਸ਼ਹਿਰਾਂ ਤੇ ਪਿੰਡਾਂ ਦੇ ਕਿਰਤੀਆਂ, ਮਜ਼ਦੂਰਾਂ ਤੇ ਮਿਹਨਤਕਸ਼ਾਂ ਨੂੰ ਕੁਝ ਸਾਲਾਂ ਵਿਚ ਹੀ ਭੁੱਖਮਰੀ ਦੀ ਕਾਗਾਰ 'ਤੇ ਖਿੱਚ ਲਿਆਂਦਾ ਹੈ। ਇਸ ਨੂੰ ਅਸੀਂ ਸਾਡੀ ਜ਼ਿੰਦਗੀ ਤੇ ਰਿਸ਼ਤਿਆਂ ਨੂੰ ਕੰਟਰੋਲ ਕਰਨ ਵਾਲੀ 'ਸੱਤਾ' ਦੇ ਰੂਪ 'ਚ ਕਦੋਂ ਸਮਝਾਂਗੇ?

ਇਸ ਸਵਾਲ ਨੂੰ ਇੱਕ ਹੋਰ ਤਰ੍ਹਾਂ ਨਾਲ ਵੀ ਸੰਬੋਧਿਤ ਹੋਇਆ ਜਾ ਸਕਦਾ ਹੈ। ਇਹ ਜਿਹੜੀ ਅਣ-ਦਿਸਦੀ ਤੇ ਜਾਦੂ ਵਾਂਗ ਨਜ਼ਰ ਆਉਣ ਵਾਲੀ ਸੱਤਾ ਹੈ ਇਸ ਦਾ ਨਾਗਰਿਕਾਂ ਦੀ ਪ੍ਰਤੀਨਿਧੀ ਦੇ ਤੌਰ 'ਤੇ ਚੁਣੀ/ਵਰਤੀ ਜਾ ਰਹੀ ਸਰਕਾਰੀ ਮਸ਼ੀਨਰੀ ਦੇ ਤੌਰ 'ਤੇ ਵਿਚਰ ਰਹੀ ਸੱਤਾ ਨਾਲ ਕੀ ਰਿਸ਼ਤਾ ਹੈ? ਇਸ ਸਬੰਧ ਵਿਚ ਅਹਿਮ ਕਿਤਾਬ ਦਾ ਜ਼ਿਕਰ ਜ਼ਰੂਰੀ ਹੈ। ਆਪਣੀ ਕਿਤਾਬ 'ਦਿ ਸਬਜੈਕਟ ਆਫ ਔਬਜੈਕਟ' ਵਿਚ ਐਲੀਸਨ ਕੋਲੇ ਲਿਖਦੀ ਹੈ ਕਿ ਇਸ ਪੂੰਜੀਵਾਦ ਦਾ ਕਿਰਦਾਰ ਨਿਰਜੀਵ ਚੀਜ਼ਾਂ ਨੂੰ ਸੱਤਾ ਦੀ ਏਜੰਸੀ ਵਿਚ ਬਦਲ ਦੇਣ ਵਾਲਾ ਹੈ। ਉਹ ਇਸ ਗੱਲ 'ਤੇ ਵਾਰ-ਵਾਰ ਹੈਰਾਨ ਹੁੰਦੀ ਹੈ ਕਿ ਕਿਵੇਂ ਚੀਜ਼ਾਂ ਦੇ ਨਿਰਜੀਵ ਸੰਸਾਰ ਨੂੰ ਚੱਲਦਾ ਰੱਖਣ ਲਈ ਜਿਊਂਦੀਆਂ ਜਾਗਦੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਗਾ ਦਿੱਤਾ ਜਾਂਦਾ ਹੈ। ਇੱਥੇ ਜ਼ਰੂਰੀ ਨੁਕਤਾ ਇਹ ਹੈ ਕਿ ਅਸਲ ਵਿਚ ਨਾਗਰਿਕਾਂ ਦੀ ਪ੍ਰਤੀਨਿਧੀ ਦੇ ਤੌਰ 'ਤੇ ਚੁਣੀ/ਵਰਤੀ ਜਾ ਰਹੀ ਤੇ ਸਰਕਾਰੀ ਮਸ਼ੀਨਰੀ ਦੇ ਤੌਰ 'ਤੇ ਵਿਚਰ ਰਹੀ ਸੱਤਾ ਇਨ੍ਹਾਂ ਚੀਜ਼ਾਂ ਦੀ ਕੀਮਤ ਮਨੁੱਖੀ ਦਿਲਾਂ-ਦਿਮਾਗਾਂ ਤੋਂ ਵੱਧ ਰੱਖਣ ਦੀ ਸਿਆਸਤ ਕਰਦੀ ਹੈ।

ਇਸ ਮੋਰਚੇ ਨੇ ਅਜਿਹੀ ਗੈਰ-ਮਾਨਵੀ ਸਿਆਸਤ ਖਿਲਾਫ ਸੰਭਾਵਨਾ ਪੈਦਾ ਕੀਤੀ ਹੈ ਕਿ ਬੰਦਾ ਆਪਣੀਆਂ ਇਤਿਹਾਸਕ ਹਾਲਾਤ ਦੀ ਖੁਦ ਹੀ ਉਸਾਰੀ ਕਰ ਸਕਦਾ ਤੇ ਉਨ੍ਹਾਂ ਨੂੰ ਬਦਲਦੇ ਹਾਲਾਤ ਅਨੁਸਾਰ ਬਦਲ ਵੀ ਸਕਦਾ ਹੈ। ਇਸ ਵਿਚ ਵਿਗਿਆਨ, ਤਰਕ ਤੇ ਜ਼ਿੰਦਗੀ ਦੀ ਸਮਾਜਕ ਵਿਆਖਿਆ ਦੀ ਜ਼ਰੂਰਤ ਦਾ ਵਾਰ-ਵਾਰ ਜ਼ਿਕਰ ਆਉਣਾ ਹੈ। ਬਾਕੀ ਸਭ ਅਜੇ ਵਕਤ ਦੀ ਤਹਿ ਵਿਚ ਪਿਆ ਹੈ।

## ਤਾਲਿਬਾਨ ਦੀ ਚੜ੍ਹਤ ਦੇ ਅਸਰ

*(ਪਿਛਲੇ ਸਫੇ ਦੀ ਬਾਕੀ)*

ਘੱਟਗਿਣਤੀ ਬਣ ਰਿਹਾ ਹੈ। ਇੰਝ ਜੇ ਇਹ ਅੱਗ ਅੱਗੇ ਫੈਲਦੀ ਹੈ ਤਾਂ ਇਹ ਸੂਬਾ ਸਿੰਧ ਵਿਚ ਮੁਹਾਜਿਰ ਕੌਮੀ ਮੂਵਮੈਂਟ (ਐਮ.ਕਿਊ.ਐਮ.) ਦੀ ਅਗਵਾਈ ਵਿਚ ਚੱਲਦੀ ਖਾਮੋਸ਼ ਵੱਖਵਾਦੀ ਮੁਹਿੰਮ ਨੂੰ ਵੀ ਚੰਗਿਆੜੀ ਲਾ ਸਕਦੀ ਹੈ। ਐਮ.ਕਿਊ.ਐਮ. ਵੰਡ ਵੇਲੇ ਭਾਰਤ ਵਿਚੋਂ ਹਿਜਰਤ ਕਰ ਕੇ ਗਏ ਮੁਹਾਜਿਰ ਜਾਂ ਸ਼ਰਨਾਰਥੀ ਮੁਸਲਮਾਨਾਂ ਦੀ ਸੰਸਥਾ ਹੈ ਜੋ ਉਥੇ ਇਨ੍ਹਾਂ ਲੋਕਾਂ ਨੂੰ ਅੱਜ ਵੀ ਮਾੜੀ ਨਜ਼ਰ ਨਾਲ ਦੇਖੇ ਜਾਣ ਤੇ ਬਰਾਬਰੀ ਨਾ ਦਿੱਤੇ ਜਾਣ ਖਿਲਾਫ ਸੰਘਰਸ਼ ਕਰਦੀ ਹੈ। ਇਸ ਸੂਰਤ ਵਿਚ ਪਾਕਿਸਤਾਨ ਜੋ ਅਜਿਹਾ ਖਿੱਤਾ ਹੈ ਜਿਥੇ ਸਦੀਆਂ ਤੋਂ ਤਬਾਹਕੁਨ ਸਿੱਟਿਆਂ ਕਾਰਨ ਭੂਗੋਲਿਕ ਸਰਹੱਦਾਂ ਮੁੜ-ਮੁੜ ਕੇ ਵਾਹੀਆਂ ਜਾਂਦੀਆਂ ਰਹੀਆਂ ਹਨ, ਕੋਲ ਮਹਿਜ਼ ਲਹਿੰਦਾ ਪੰਜਾਬ ਹੀ ਕੁੱਲ ਮਿਲਾ ਕੇ ਸਥਿਰ ਤੇ ਗੜਬੜ ਰਹਿਤ ਸੂਬਾ ਰਹਿ ਜਾਵੇਗਾ।

ਸਾਫ ਹੈ ਕਿ ਇਸ ਵਜ੍ਹਾ ਨਾਲ ਪਾਕਿਸਤਾਨ ਕੋਲ ਤਾਲਿਬਾਨ ਦੀ ਇਸ ਜਿੱਤ ਦੀ ਖੁਸ਼ੀ ਮਨਾਉਣ ਦਾ ਕੋਈ ਕਾਰਨ ਨਹੀਂ। ਤਾਲਿਬਾਨ ਦੀ ਇਹ ਜਿੱਤ ਉਸ ਲਈ ਪਖਤੂਨ ਕਾਡਰ ਦੀ ਬਗਾਵਤ ਦਾ ਖਤਰਾ ਖੜ੍ਹਾ ਕਰਦੀ ਹੈ ਜਿਨ੍ਹਾਂ ਦੀਆਂ ਸਦੀਆਂ ਲੰਮੀਆਂ ਯਾਦਾਂ ਤੇ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆਉਂਦੀਆਂ ਦੁਸ਼ਮਣੀਆਂ ਹਨ।

# ਬਰਗਾੜੀ ਮੋਰਚਾ: ਕਾਂਗਰਸੀ ਆਗੂਆਂ ਵੱਲੋਂ ਮੁਤਵਾਜ਼ੀ ਜਥੇਦਾਰ ਨੂੰ ਸਪੱਸ਼ਟੀਕਰਨ

**ਅੰਮ੍ਰਿਤਸਰ:** ਬੇਅਦਬੀ ਮਾਮਲੇ ਵਿਚ ਨਿਆਂ ਪ੍ਰਾਪਤੀ ਲਈ ਬਰਗਾੜੀ ਵਿਚ ਲਾਏ ਮੋਰਚੇ ਦੀਆਂ ਮੰਗਾਂ ਨੂੰ ਕਾਂਗਰਸ ਸਰਕਾਰ ਵੱਲੋਂ ਵਿਸਾਰ ਦਿੱਤੇ ਜਾਣ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਣੇ ਦੋ ਵਿਧਾਇਕਾਂ ਨੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੂੰ ਪੱਤਰ ਦੇ ਰੂਪ ਵਿਚ ਆਪਣਾ ਸਪੱਸ਼ਟੀਕਰਨ ਸੌਂਪਿਆ ਹੈ।

ਭਾਈ ਮੰਡ ਨੇ ਦੋਸ਼ ਲਾਇਆ ਸੀ ਕਿ ਕਾਂਗਰਸ ਸਰਕਾਰ ਇਸ ਮਾਮਲੇ ਵਿਚ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅਤੇ ਸੰਗਤ ਦੀ ਹਾਜ਼ਰੀ ਵਿਚ ਮੋਰਚੇ ਦੀਆਂ ਮੰਗਾਂ ਮੰਨਣ ਦਾ ਵਾਅਦਾ ਕਰ ਕੇ ਭੱਜ ਗਈ ਹੈ। ਇਸ ਸਬੰਧੀ ਉਨ੍ਹਾਂ ਸਰਕਾਰ ਦੇ ਨੁਮਾਇੰਦੇ ਬਣ ਕੇ ਆਏ ਕੈਬਨਿਟ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਣੇ 3 ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਸ਼ਲਦੀਪ ਸਿੰਘ ਢਿੱਲੋਂ ਤੇ ਕੁਲਬੀਰ ਸਿੰਘ ਜ਼ੀਰਾ ਕੋਲੋਂ 23 ਜੁਲਾਈ ਨੂੰ ਸਪੱਸ਼ਟੀਕਰਨ ਮੰਗਿਆ ਸੀ। ਤਿੰਨ ਵਾਰ ਸਪੱਸ਼ਟੀਕਰਨ ਦਾ ਮੌਕਾ ਦੇਣ 'ਤੇ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ ਪੁੱਜਾ। ਹੁਣ ਇਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਣੀ ਸੀ ਪਰ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਦੋ ਵਿਧਾਇਕ ਹਰਮਿੰਦਰ ਸਿੰਘ ਗਿੱਲ ਅਤੇ ਕੁਲਬੀਰ ਸਿੰਘ ਜ਼ੀਰਾ ਇਥੇ ਪੁੱਜੇ। ਇਨ੍ਹਾਂ ਇਕ ਪੱਤਰ ਦੇ ਰੂਪ ਵਿਚ ਜਥੇਦਾਰ ਨੂੰ ਸਪੱਸ਼ਟੀਕਰਨ ਦਿੱਤਾ ਹੈ। ਇਸ ਸਬੰਧੀ ਭਾਈ ਮੰਡ ਨੇ ਆਖਿਆ ਕਿ ਉਹ ਆਪਣੇ ਸਾਥੀ ਪੰਜ ਪਿਆਰਿਆਂ ਨਾਲ ਪੱਤਰ ਨੂੰ ਖੋਲ੍ਹਣਗੇ ਅਤੇ ਇਸ 'ਤੇ 30 ਅਗਸਤ ਨੂੰ ਇਸ ਬਾਰੇ ਕੋਈ ਅਗਲਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੋਰਚੇ ਨਾਲ ਵਿਸ਼ਵਾਸਘਾਤ ਕੀਤਾ ਹੈ।



ਦੱਸਣਯੋਗ ਹੈ ਕਿ ਮੁਤਵਾਜ਼ੀ ਜਥੇਦਾਰ ਵੱਲੋਂ ਇਸ ਮਾਮਲੇ 'ਚ ਹੁਣ 30 ਅਗਸਤ ਨੂੰ ਅਗਲਾ ਫੈਸਲਾ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਸਹਿਯੋਗ ਨਾ ਦੇਣ ਦਾ ਦੋਸ਼ ਲਾਇਆ ਸੀ।

ਉਧਰ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਾਂਗਰਸ ਦੇ ਮੰਤਰੀ ਤੇ ਵਿਧਾਇਕਾਂ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਦੋਸ਼ ਲਾਇਆ ਕਿ ਉਹ ਸਿੱਖ ਕੌਮ ਨੂੰ ਦੁਫਾੜ ਕਰਨ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਇਨ੍ਹਾਂ ਆਗੂਆਂ ਨੇ ਕੁਝ ਦਿਨ ਪਹਿਲਾਂ ਹੀ ਭਾਈ ਮੰਡ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਉਸ ਨੂੰ ਸਿੱਖ ਪੰਥ ਦੀਆਂ ਨੁਮਾਇੰਦਾ ਸੰਸਥਾਵਾਂ ਵੱਲੋਂ ਜਥੇਦਾਰ ਵਜੋਂ ਕੋਈ ਮਾਨਤਾ ਨਹੀਂ ਹੈ, ਇਸ ਲਈ ਉਹ ਉਸ ਕੋਲ ਪੇਸ਼ ਨਹੀਂ ਹੋ ਸਕਦੇ, ਪਰ ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਲਾਜ਼ਾ ਵਿਚ ਪੇਸ਼ੀ ਦਾ ਨਾਟਕ ਕਰ ਕੇ ਉਨ੍ਹਾਂ ਅਕਾਲ ਤਖਤ ਦੀਆਂ ਪਰੰਪਰਾਵਾਂ ਤੇ ਮਾਣ ਮਰਿਆਦਾ ਦਾ ਘਾਣ ਕੀਤਾ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਕਾਂਗਰਸ ਦੇ ਮਨਸੂਬਿਆਂ ਤੋਂ ਚੌਕਸ ਰਹੇ।

## ਕਾਂਗਰਸੀਆਂ ਨੇ ਪਰੰਪਰਾਵਾਂ ਦਾ ਘਾਣ ਕੀਤਾ: ਜਗੀਰ ਕੌਰ

ਬਰਗਾੜੀ ਮੋਰਚੇ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਅਤੇ ਦੋ ਵਿਧਾਇਕਾਂ ਵੱਲੋਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਕੋਲ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ 'ਤੇ ਸ਼੍ਰੋਮਣੀ ਕਮੇਟੀ ਨੇ ਸਖਤ ਇਤਰਾਜ਼ ਕਰਦਿਆਂ ਆਖਿਆ ਕਿ ਇਸ ਨਾਲ ਜਥੇਦਾਰ ਦੀ ਮਰਿਆਦਾ ਨੂੰ ਢਾਹ ਲੱਗੀ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਾਂਗਰਸ ਦੇ ਮੰਤਰੀ ਤੇ ਵਿਧਾਇਕਾਂ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਦੋਸ਼ ਲਾਇਆ ਕਿ ਉਹ ਸਿੱਖ ਕੌਮ ਨੂੰ ਦੁਫਾੜ ਕਰਨ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਵਿਧਾਇਕ ਕੁਲਬੀਰ ਸਿੰਘ ਜ਼ੀਰਾ ਤੇ ਹਰਮਿੰਦਰ ਸਿੰਘ ਗਿੱਲ ਨੇ ਅਕਾਲ ਤਖ਼ਤ ਤੋਂ ਬਾਹਰ ਸੜਕ 'ਤੇ ਖੜ੍ਹੇ ਹੋ ਕੇ ਮੁਤਵਾਜ਼ੀ ਜਥੇਦਾਰ ਦੇ ਸਾਹਮਣੇ ਪੇਸ਼ ਹੋ ਕੇ ਜੋ ਕੁਝ ਕੀਤਾ, ਉਹ ਗਲਤ ਹੈ।

# ਪੰਜਾਬ ਨੂੰ ਖਾਨਾਜੰਗੀ ਵੱਲ ਧੱਕਿਆ ਜਾ ਰਿਹੈ: ਜਥੇਦਾਰ



**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 36ਵੀਂ ਬਰਸੀ ਮੌਕੇ ਗੁਰਦੁਆਰਾ ਕੈਂਬੋਵਾਲ ਸਾਹਿਬ ਵਿਚ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਹਾਜ਼ਰ ਸਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਕਿਹਾ ਕਿ ਪੰਜਾਬ ਨੂੰ ਖਾਨਾਜੰਗੀ ਵਾਲੇ ਪਾਸੇ ਧੱਕਿਆ ਜਾ ਰਿਹਾ ਹੈ। ਪੰਜਾਬ ਵਿਚ ਗਵਰਨਰੀ ਰਾਜ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕੇਂਦਰ ਵੱਲੋਂ ਕਿਸਾਨਾਂ ਦਾ ਕਿਸਾਨਾਂ ਨਾਲ ਹੀ ਟਕਰਾਅ ਕਰਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ 'ਚ ਧਰਮ ਅਤੇ ਸਿਆਸਤ ਦਾ ਬਹੁਤ ਵਧੀਆ ਸੁਮੇਲ ਹੈ। ਸਿਆਸਤ ਧਰਮ ਤੋਂ ਉਪਰ ਨਹੀਂ ਹੈ ਸਗੋਂ ਧਰਮ ਉਪਰ ਹੈ ਪਰ ਸਾਡੀਆਂ ਖ਼ੁਦਗਰਜ਼ੀਆਂ ਅਤੇ ਲਾਲਸਾਵਾਂ ਵੱਲੋਂ ਸਿਆਸਤ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਗਤ ਨੇ ਹਰ ਸੰਘਰਸ਼ ਵਿਚ ਕਿਸਾਨਾਂ ਦੇ ਹੱਕਾਂ 'ਤੇ ਪਹਿਰਾ ਦਿੱਤਾ ਹੈ ਜਿਸ ਦੀ ਮਿਸਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਲੜੇ ਗਏ ਮੋਰਚਿਆਂ ਤੋਂ ਮਿਲਦੀ ਹੈ। ਸੰਤ ਲੌਂਗੋਵਾਲ ਵਰਗੇ ਦਰਵੇਸ਼ ਆਗੂ ਦੇ ਸ਼ਰਧਾਂਜਲੀ ਸਮਾਗਮ ਵਿਚ ਕਿਸਾਨਾਂ ਵੱਲੋਂ ਕੀਤਾ ਵਿਰੋਧ ਸਹੀ ਨਹੀਂ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਡੇ ਘਰਾਣਿਆਂ ਦੇ ਦਬਾਅ ਹੇਠ ਆ ਕੇ ਕਿਸਾਨਾਂ ਅਤੇ ਸਿੱਖ ਸੰਗਤ ਵਿਚਕਾਰ ਤਰੇੜਾਂ ਪੈਦਾ ਕਰਕੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ ਜਿਸ ਤੋਂ ਸਮੁੱਚੀ ਸੰਗਤ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵੱਲੋਂ ਗੁਰਦੁਆਰਾ ਸਾਹਿਬ ਭਾਈ ਮਨੀ ਸਿੰਘ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 36ਵੀਂ ਬਰਸੀ ਮੌਕੇ ਸ਼ਹੀਦੀ ਸਮਾਗਮ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕੀਤਾ ਗਿਆ। ਸਮਾਗਮ ਦੌਰਾਨ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨ ਅੰਦੋਲਨ ਦੀ ਜਿੱਤ ਲਈ ਸੰਗਤ ਰੂਪੀ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਮੌਜੂਦਾ ਸਮੇਂ ਸੰਤਾਂ ਦੀ ਸੋਚ ਮੁਤਾਬਕ ਅਸਲੀ ਸੋਚ ਦੇ ਅਕਾਲੀ ਦਲ ਨੂੰ ਅੱਗੇ ਲਿਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਸ਼ੁਰੂ ਤੋਂ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਾ ਆ ਰਿਹਾ ਹੈ।

## ਗੁਜਰਾਤ ਘੱਟ ਗਿਣਤੀ ਕਮਿਸ਼ਨ ਵੱਲੋਂ ਜਗੀਰ ਕੌਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਗੁਜਰਾਤ ਘੱਟ ਗਿਣਤੀ ਕਮਿਸ਼ਨ ਦੀ ਡਾਇਰੈਕਟਰ ਤੇ ਸਿੱਖ ਫਾਊਂਡੇਸ਼ਨ ਗੁਜਰਾਤ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਛਾਬੜਾ ਨੇ ਮੁਲਾਕਾਤ ਕੀਤੀ। ਉਨ੍ਹਾਂ ਗੁਜਰਾਤ ਵਿਚ ਸਿੱਖੀ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਚਾਰ-ਚਰਚਾ ਕੀਤੀ। ਮੁਲਾਕਾਤ ਦੌਰਾਨ ਬੀਬੀ ਜਗੀਰ ਕੌਰ ਨੇ ਗੁਜਰਾਤ ਦੇ ਸਿੱਖਾਂ ਨਾਲ ਸਬੰਧਤ ਮਸਲਿਆਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਧਰਮ ਪ੍ਰਚਾਰ ਦੇ ਖੇਤਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਬੀਬੀ ਛਾਬੜਾ ਨੇ ਉਨ੍ਹਾਂ ਨੂੰ ਕੱਛ ਜ਼ਿਲ੍ਹੇ ਵਿਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਲਖਪੱਤ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਗੁਜਰਾਤ ਦੇ ਵੱਖ-ਵੱਖ ਗੁਰੂ ਘਰਾਂ ਅੰਦਰ ਪਾਵਨ ਸਰੂਪਾਂ ਦੀ ਲੋੜ ਹੈ ਅਤੇ ਸਰੂਪ ਭੇਜਣ ਦਾ ਪ੍ਰਬੰਧ ਕੀਤਾ ਜਾਵੇ।

# ਜਥੇਦਾਰ ਰੋਡੇ ਦਾ ਪੁੱਤਰ ਹਥਿਆਰਾਂ ਸਣੇ ਗ੍ਰਿਫਤਾਰ

**ਜਲੰਧਰ:** ਪੰਜਾਬ ਪੁਲਿਸ ਨੇ ਇਥੋਂ ਦੇ ਹਰਦਿਆਲ ਨਗਰ 'ਚ ਰਹਿੰਦੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਦੇ ਪੁੱਤਰ ਗੁਰਮੁਖ ਸਿੰਘ ਬਰਾੜ ਉਰਫ ਜੀਬੀ ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਭਾਰੀ ਮਾਤਰਾ 'ਚ ਅਸਲਾ ਅਤੇ ਧਮਾਕਾਖੇਜ਼ ਸਮੱਗਰੀ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਪੁਲਿਸ ਨੇ ਇਸ ਮਾਮਲੇ ਵਿਚ ਫਗਵਾੜਾ ਤੋਂ ਉਸ ਦੇ ਇਕ ਦੋਸਤ ਗਗਨਦੀਪ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਸੀ। ਪੁਲਿਸ ਨੇ ਉਨ੍ਹਾਂ ਕੋਲੋਂ ਇਕ ਟਿਫਿਨ ਬੰਬ, ਪੰਜ ਹੱਥ ਗੋਲੇ, ਇਕ ਡੱਬਾ ਡੈਟੋਨੇਟਰ, ਦੋ ਟਿਊਬਾਂ (ਜਿਨ੍ਹਾਂ ਵਿਚ ਆਰਡੀਐਕਸ ਹੋਣ ਦਾ ਸ਼ੱਕ), 30 ਬੋਰ ਦਾ ਇਕ ਪਿਸਤੌਲ, ਚਾਰ ਪਿਸਟਲ ਮੈਗਜ਼ੀਨ, ਵੱਡਾ ਧਮਾਕਾ ਕਰਨ ਦੇ ਸਮਰੱਥ ਇਕ ਪੀਲੀ ਤਾਰ, 3 ਲੱਖ 75 ਹਜ਼ਾਰ ਰੁਪਏ, 14 ਪਾਸਪੋਰਟ, ਦੋ ਐਸ.ਯੂ.ਵੀ. ਬਰਾਮਦ ਕੀਤੀਆਂ ਹਨ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਸਾਜ਼ਿਸ਼ ਪਿੱਛੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਪੰਜਾਬ 'ਚ ਅਤਿਵਾਦ ਦੀ ਸੁਰਜੀਤੀ ਅਤੇ ਫਿਰਕੂ ਮਾਹੌਲ ਖਰਾਬ ਕਰਨ ਦੀ ਸਾਜ਼ਿਸ਼ ਘੜੀ ਗਈ ਸੀ। ਪੁਲਿਸ ਤਰਜਮਾਨ ਨੇ ਦੱਸਿਆ ਕਿ ਇਹ ਹਥਿਆਰ ਪਾਕਿਸਤਾਨ ਵੱਲੋਂ ਪਿਛਲੇ ਕੁਝ ਸਮੇਂ ਦੌਰਾਨ ਡਰੋਨਾਂ ਰਾਹੀਂ ਭੇਜੇ ਗਏ ਸਨ।

ਗਗਨਦੀਪ ਨੇ ਖੁਲਾਸਾ ਕੀਤਾ ਕਿ ਸਾਰੇ ਹਥਿਆਰ ਉਸ ਦੇ ਦੋਸਤ ਗੁਰਮੁਖ ਸਿੰਘ ਦੇ ਘਰ ਰੱਖੇ ਹੋਏ ਹਨ ਜਿਸ ਮਗਰੋਂ ਛਾਪਾ ਮਾਰ ਕੇ ਹਥਿਆਰ ਬਰਾਮਦ ਕੀਤੇ ਗਏ ਹਨ। ਉਧਰ, ਭਾਈ ਜਸਵੀਰ ਸਿੰਘ ਰੋਡੇ ਨੇ ਦੱਸਿਆ ਕਿ ਪੁਲਿਸ ਰਾਤ ਕੰਧਾਂ ਟੱਪ ਕੇ ਉਨ੍ਹਾਂ ਦੇ ਘਰ ਦਾਖਲ ਹੋਈ। ਉਨ੍ਹਾਂ ਦੱਸਿਆ ਕਿ ਪੁੱਤਰ ਗੁਰਮੁਖ ਸਿੰਘ ਘਰ ਦੀ ਉਪਰਲੀ ਮੰਜ਼ਿਲ 'ਤੇ ਸੁੱਤਾ ਹੋਇਆ ਸੀ ਅਤੇ ਪੁਲਿਸ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਗੁਰਮੁਖ ਸਿੰਘ ਕੋਲੋਂ ਇਤਰਾਜ਼ਯੋਗ ਸਮੱਗਰੀ ਬਰਾਮਦ ਕਰਨੀ ਹੈ।


ਜਥੇਦਾਰ ਰੋਡੇ ਨੇ ਦਾਅਵਾ ਕੀਤਾ ਕਿ ਜਦੋਂ ਛਾਪੇ ਮਾਰਨ ਵਾਲੀ ਟੀਮ ਗੁਰਮੁਖ ਸਿੰਘ ਨੂੰ ਨਾਲ ਲੈ ਕੇ ਗਈ ਸੀ ਤਾਂ ਉਦੋਂ ਉਨ੍ਹਾਂ ਕੋਲ ਕੋਈ ਵੀ ਸਾਮਾਨ ਨਹੀਂ ਸੀ ਪਰ ਇਕ ਘੰਟੇ ਬਾਅਦ ਪੁਲਿਸ ਫਿਰ ਆਈ ਅਤੇ ਗੁਰਮੁਖ ਸਿੰਘ ਦੇ ਕਮਰੇ ਦੀ ਮੁੜ ਤਲਾਸ਼ੀ ਲੈਣ ਲੱਗ ਪਈ। ਉਨ੍ਹਾਂ ਕਿਹਾ ਕਿ ਸਿਹਤ ਠੀਕ ਨਾ ਹੋਣ ਕਰਕੇ ਉਹ ਪੌੜੀਆਂ ਨਹੀਂ ਚੜ੍ਹ ਸਕਦੇ ਸਨ, ਇਸ ਲਈ ਪੁਲਿਸ ਵਾਲੇ ਇਕੱਲੇ ਹੀ ਉਪਰ ਗਏ ਅਤੇ ਦੋ-ਤਿੰਨ ਘੰਟੇ ਲਾ ਕੇ ਕਮਰੇ ਦੀ ਤਲਾਸ਼ੀ ਲਈ ਤੇ ਦੋ-ਤਿੰਨ ਬੈਗ ਲੈ ਕੇ ਹੇਠਾਂ ਆਏ। ਜਾਂਦੇ ਹੋਏ ਉਹ ਗੁਰਮੁਖ ਸਿੰਘ ਦੀ ਗੱਡੀ ਵੀ ਨਾਲ ਲੈ ਕੇ ਚਲੇ ਗਏ। ਜਥੇਦਾਰ ਰੋਡੇ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਕਿ ਬੈਗਾਂ ਵਿਚ ਕੀ ਸੀ ਜਾਂ ਬੈਗ ਉਹ ਆਪਣੇ ਕੋਲੋਂ ਲੈ ਕੇ ਆਏ ਸਨ।

# ਖੇਤ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਲਈ ਕਰਜ਼ਾ ਰਾਹਤ ਸਕੀਮ ਦੀ ਸ਼ੁਰੂਆਤ

**ਸ੍ਰੀ ਆਨੰਦਪੁਰ ਸਾਹਿਬ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੇਤੀ ਕਾਨੂੰਨਾਂ ਖਿਲਾਫ ਮੁਜ਼ਾਹਰਾ ਕਰ ਰਹੇ ਕਿਸਾਨਾਂ ਦੀ ਲਗਾਤਾਰ ਹਮਾਇਤ ਦਾ ਐਲਾਨ ਕਰਦਿਆਂ 2.85 ਲੱਖ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਲਈ 520 ਕਰੋੜ ਰੁਪਏ ਦੀ ਕਰਜ਼ਾ ਰਾਹਤ ਸਕੀਮ ਦੀ ਸ਼ੁਰੂਆਤ ਕੀਤੀ।

ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਸ਼ਰਧਾਂਜਲੀ ਦਿੰਦਿਆਂ ਇਹ ਯੋਜਨਾ ਉਨ੍ਹਾਂ ਦੇ ਗਰੀਬੀ ਮੁਕਤ ਸੁਪਨੇ ਨੂੰ ਸਮਰਪਿਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ 520 ਕਰੋੜ ਰੁਪਏ ਦੇ ਕਰਜ਼ੇ 31 ਜੁਲਾਈ, 2017 ਨੂੰ ਉਨ੍ਹਾਂ ਦੇ ਸਹਿਕਾਰੀ ਕਰਜ਼ਿਆਂ 'ਤੇ ਬਣਦੀ ਅਸਲ ਰਕਮ ਅਤੇ 6 ਮਾਰਚ, 2019 ਤੱਕ ਉਪਰੋਕਤ ਰਕਮ 'ਤੇ ਸਾਲਾਨਾ 7 ਫੀਸਦੀ ਆਮ ਵਿਆਜ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਉਨ੍ਹਾਂ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਕਰਜ਼ਾ ਰਾਹਤ ਦੇ ਸਰਟੀਫਿਕੇਟ ਵੀ ਵੰਡੇ।

ਕੈਪਟਨ ਨੇ ਕਿਹਾ,"ਮੇਰਾ ਦਿਲ ਦਿੱਲੀ ਦੀਆਂ ਸਰਹੱਦਾਂ 'ਤੇ ਮੁਜ਼ਾਹਰਾ ਕਰ ਰਹੇ ਕਿਸਾਨਾਂ ਦੇ ਨਾਲ ਹੈ। ਮੈਂ ਕੇਂਦਰ ਸਰਕਾਰ ਦੁਆਰਾ ਕਿਸਾਨਾਂ ਪ੍ਰਤੀ ਅਪਣਾਏ ਗਏ ਰੁਖ਼ ਨਾਲ ਸਹਿਮਤ ਨਹੀਂ ਹਾਂ।" ਉਨ੍ਹਾਂ ਸਵਾਲ ਕੀਤਾ ਕਿ 127 ਵਾਰ ਸੰਵਿਧਾਨ ਵਿਚ ਸੋਧ ਹੋ ਚੁੱਕੀ ਹੈ ਤਾਂ ਕਿਸਾਨਾਂ ਲਈ ਅਜਿਹਾ ਕਿਉਂ ਨਹੀਂ ਕਰ ਸਕਦੇ ਹਾਂ? 'ਭਾਰਤ ਸਰਕਾਰ ਖੇਤੀ ਕਾਨੂੰਨਾਂ ਨੂੰ ਇੱਜ਼ਤ ਦਾ ਸਵਾਲ ਬਣਾ ਕੇ ਕਿਉਂ ਅੜੀ ਹੋਈ ਹੈ?' ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਸਪੱਸ਼ਟ ਆਖ ਚੁੱਕੇ ਹਨ ਕਿ ਖੇਤੀ ਕਾਨੂੰਨ ਰੱਦ ਕੀਤੇ ਜਾਣ। ਮੁੱਖ ਮੰਤਰੀ ਨੇ ਕਿਹਾ,"ਇਹ ਛੋਟੇ ਕਿਸਾਨ ਆਪਣੇ ਲਈ ਨਹੀਂ ਸਗੋਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਲੜ ਰਹੇ ਹਨ। ਕੇਂਦਰ ਸਰਕਾਰ ਨੂੰ ਕਿਸਾਨਾਂ ਦਾ ਦਰਦ ਨਜ਼ਰ ਕਿਉਂ ਨਹੀਂ ਆ ਰਿਹਾ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਦੇ ਅਜਿਹੇ ਕਿਸਾਨਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਦੀ ਮਦਦ ਦੇ ਰਹੀ ਹੈ ਜਿਨ੍ਹਾਂ ਦਾ ਰੁਜ਼ਗਾਰ ਖੁੱਸ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ 200 ਨੂੰ ਤਾਂ ਨਿਯੁਕਤੀ ਪੱਤਰ ਮਿਲ ਵੀ ਚੁੱਕੇ ਹਨ। ਕੈਪਟਨ ਨੇ ਕਿਹਾ ਕਿ ਕੋਵਿਡ ਮਹਾਮਾਰੀ ਨੇ ਹੁਣ ਤੱਕ 16 ਹਜ਼ਾਰ ਤੋਂ ਜ਼ਿਆਦਾ ਪੰਜਾਬੀਆਂ ਦੀਆਂ ਜਾਨਾਂ ਲਈਆਂ ਹਨ ਪਰ ਇਸ ਦੇ ਬਾਵਜੂਦ ਕਿਸਾਨਾਂ ਨੇ ਭਰਪੂਰ ਫਸਲ ਪੈਦਾ ਕਰ ਕੇ ਸੂਬੇ ਦੇ ਅਰਥਚਾਰੇ ਵਿਚ ਆਪਣਾ ਯੋਗਦਾਨ ਪਾਇਆ ਹੈ। ਸਪੀਕਰ ਰਾਣਾ ਕੇਪੀ ਸਿੰਘ ਵੱਲੋਂ ਕੋਵਿਡ ਮਹਾਮਾਰੀ ਦੌਰਾਨ ਛੋਟੇ ਵਪਾਰੀਆਂ ਅਤੇ ਸ਼ਹਿਰੀ ਦੁਕਾਨਦਾਰਾਂ ਦੀ ਹਾਲਤ 'ਤੇ ਪ੍ਰਗਟਾਈ ਗਈ ਚਿੰਤਾ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਇਨ੍ਹਾਂ ਲੋਕਾਂ ਦੀ ਭਲਾਈ ਲਈ ਵੀ ਕਦਮ ਚੁੱਕੇ ਜਾਣਗੇ ਅਤੇ ਹੋਰ ਲੌਕਡਾਊਨ ਨਹੀਂ ਲਾਗੂ ਕੀਤਾ ਜਾਵੇਗਾ।



ਇਸ ਮੌਕੇ ਮੁੱਖ ਮੰਤਰੀ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਯੂਥ ਕਲੱਬਾਂ ਲਈ ਇਕ ਕਰੋੜ ਰੁਪਏ ਦੀ ਰਕਮ ਦਾ ਐਲਾਨ ਵੀ ਕੀਤਾ। ਇਸ ਤੋਂ ਪਹਿਲਾਂ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੀ ਕਰਜ਼ਾ ਰਾਹਤ ਯੋਜਨਾ ਨੂੰ ਰਾਜੀਵ ਗਾਂਧੀ ਦੀ ਸੋਚ ਪੂਰੀ ਕਰਨ ਵੱਲ ਇਕ ਇਤਿਹਾਸਕ ਕਦਮ ਦੱਸਿਆ। ਕੈਪਟਨ ਅਮਰਿੰਦਰ ਸਿੰਘ ਨੂੰ ਵਿਕਾਸਪੁਰਸ਼ ਅਤੇ ਸੂਬੇ ਦੇ ਹੱਕਾਂ ਦਾ ਰਾਖਾ ਕਹਿੰਦੇ ਹੋਏ ਵੇਰਕਾ ਨੇ ਕਿਹਾ ਕਿ ਸ਼ੁਰੂ ਕੀਤੀ ਗਈ ਸਕੀਮ 'ਖੁਸ਼ਹਾਲ ਪੰਜਾਬ' ਵੱਲ ਪਹਿਲਾ ਕਦਮ ਹੈ। ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪਾਕਿਸਤਾਨ ਅਤੇ ਆਈ.ਐਸ.ਆਈ. ਦੀ ਵਧਦੀ ਦਖਲਅੰਦਾਜ਼ੀ ਤੇ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਨੂੰ ਚੰਗੀ ਤਰ੍ਹਾਂ ਚਲਾਇਆ ਹੈ ਅਤੇ ਕੋਵਿਡ ਸੰਕਟ ਦਾ ਸਾਹਮਣਾ ਕਰਨ ਵਿੱਚ ਸ਼ਲਾਘਾਯੋਗ ਅਗਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰਸ਼ਾਸਨ ਸਿਰਫ ਤਕਰੀਰਾਂ ਅਤੇ ਝੂਠੇ ਵਾਅਦਿਆਂ ਨਾਲ ਨਹੀਂ ਸਗੋਂ ਤਜਰਬੇ ਨਾਲ ਚਲਦਾ ਹੈ ਜੋ ਕੈਪਟਨ ਅਮਰਿੰਦਰ ਸਿੰਘ ਕੋਲ ਹੈ।

# ਪੰਜਾਬ ਵਿਧਾਨ ਸਭਾ ਚੋਣਾਂ ਅਤੇ ਭਾਜਪਾ

***ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ ਅਤੇ ਪੰਜਾਬ ਦੀ ਹਰ ਸਿਆਸੀ ਧਿਰ ਆਪੋ-ਆਪਣੇ ਵਿਤ ਮੁਤਾਬਿਕ ਆਪਣਾ ਪਿੜ ਵਿਸ਼ਾਲ ਕਰਨ ਲਈ ਜ਼ੋਰ ਲਾ ਰਹੀ ਹੈ। ਭਾਜਪਾ ਇਸ ਵਕਤ ਬੇਹੱਦ ਕਸੂਤੀ ਹਾਲਤ ਵਿਚ ਫਸੀ ਹੋਈ ਹੈ। ਮੋਦੀ ਸਰਕਾਰ ਦੇ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨਾਂ ਦੇ ਰੋਹ ਨੇ ਪੰਜਾਬ ਵਿਚ ਇਸ ਦੀ ਹਰ ਸਰਗਰਮੀ ਲੱਗਭੱਗ ਠੱਪ ਕੀਤੀ ਹੋਈ ਹੈ। ਸ. ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਭਾਜਪਾ ਦੇ ਇਸ ਹਾਲ ਅਤੇ ਪੰਜਾਬ ਦੇ ਸਮੁੱਚੇ ਦ੍ਰਿਸ਼ ਬਾਰੇ ਟਿੱਪਣੀਆਂ ਕੀਤੀਆਂ ਹਨ।***

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਫਰਵਰੀ 2022 ਵਿਚ ਹੋਣ ਦੀ ਸੰਭਾਵਨਾ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਨੇ ਕੁਝ ਸਮੇਂ ਤੋਂ ਚੋਣਾਂ ਦੀਆਂ ਤਿਆਰੀਆਂ ਵਿੱਢੀਆਂ ਹੋਈਆਂ ਹਨ। ਇਨ੍ਹਾਂ ਚੋਣਾਂ ਲਈ ਗੱਠਜੋੜ ਬਣਾਉਣ, ਛਲਾਵੇ ਰੂਪੀ ਚੋਣ ਵਾਅਦੇ ਕਰਨ, ਧਰਮ, ਜਾਤ ਆਦਿ 'ਤੇ ਆਧਾਰਿਤ ਨਾਅਰੇ ਅਤੇ ਮੁਫਤ ਸਹੂਲਤਾਂ ਦੇਣ ਦੇ ਨਾਅਰਿਆਂ ਦੀ ਦੌੜ ਸ਼ੁਰੂ ਹੋ ਚੁੱਕੀ ਹੈ। ਇਸ ਦੌੜ ਵਿਚ ਪੰਜਾਬ ਦੇ ਮੌਜੂਦਾ ਅਤੇ ਅਸਲ ਮੁੱਦੇ ਗਾਇਬ ਹੁੰਦੇ ਜਾ ਰਹੇ ਹਨ। ਜਿੱਥੇ ਬਾਕੀ ਪਾਰਟੀਆਂ ਚੋਣਾਂ ਦੀ ਤਿਆਰੀ ਵਿਚ ਮਸਰੂਫ ਹਨ, ਉਥੇ ਭਾਰਤੀ ਜਨਤਾ ਪਾਰਟੀ (ਭਾਜਪਾ) ਵੀ ਆਪਣੇ ਪਰ ਤੋਲ ਰਹੀ ਹੈ।



**ਨਰਿੰਦਰ ਸਿੰਘ ਢਿੱਲੋਂ**
ਫੋਨ: 587-436-4032

ਭਾਜਪਾ ਦਾ ਅਕਾਲੀ ਦਲ ਨਾਲ ਗੱਠਜੋੜ 1997 ਤੋਂ ਹੁਣ ਤਕ ਚੱਲਦਾ ਰਿਹਾ ਹੈ ਅਤੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿਚ ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਵਜ਼ੀਰ ਵੀ ਸੀ। ਅਕਾਲੀ ਦਲ ਨੇ ਕੇਂਦਰ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਦੀ ਜਨਤਕ ਹਮਾਇਤ ਕੀਤੀ ਲੇਕਿਨ ਜਦ 2020 ਵਿਚ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਤਾਂ ਕਿਸਾਨਾਂ ਅੰਦਰ ਅਕਾਲੀ ਦਲ ਦਾ ਵਿਰੋਧ ਵਧਣ ਕਰਕੇ ਹਰਸਿਮਰਤ ਕੌਰ ਬਾਦਲ ਨੂੰ ਵਜ਼ੀਰੀ ਤੋਂ ਅਸਤੀਫਾ ਦੇਣਾ ਪਿਆ ਅਤੇ ਮਗਰੋਂ ਅਕਾਲੀ ਦਲ ਨੂੰ ਐਨ.ਡੀ.ਏ. ਵਿਚੋਂ ਵੀ ਬਾਹਰ ਆਉਣਾ ਪਿਆ। ਇਸ ਹਾਲਤ ਵਿਚ ਹੁਣ ਭਾਜਪਾ ਇਕੱਲੀ ਹੀ ਚੋਣਾਂ ਲਈ ਤਿਆਰੀਆਂ ਕਰ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨ ਸੰਘਰਸ਼ ਪ੍ਰਤੀ ਅਪਣਾਏ ਨਾਂਹ ਪੱਖੀ ਵਤੀਰੇ ਅਤੇ ਕਈ ਭਾਜਪਾ ਲੀਡਰਾਂ ਦੀਆਂ ਭੜਕਾਊ ਟਿੱਪਣੀਆਂ ਕਾਰਨ ਵੈਸੇ ਤਾਂ ਸਾਰੇ ਦੇਸ਼ ਵਿਚ ਹੀ ਕਿਤੇ ਘੱਟ ਅਤੇ ਕਿਤੇ ਵੱਧ, ਭਾਜਪਾ ਦਾ ਵਿਰੋਧ ਹੋ ਰਿਹਾ ਹੈ ਲੇਕਿਨ ਪੰਜਾਬ ਵਿਚ ਭਾਜਪਾ ਨੂੰ ਕਿਸਾਨਾਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਆਗੂਆਂ ਨੇ ਆਪਣੀਆਂ ਗੱਡੀਆਂ ਤੋਂ ਪਾਰਟੀ ਦੇ ਝੰਡੇ ਉਤਾਰ ਦਿੱਤੇ ਹਨ, ਬਾਹਰ ਅੰਦਰ ਜਾਣ ਲਈ ਪਹਿਲਾਂ ਕਿਸਾਨਾਂ ਦੇ ਵਿਰੋਧ ਦਾ ਖਿਆਲ ਕਰਨਾ ਪੈਂਦਾ ਹੈ ਅਤੇ ਮਾਸਕ ਪਾ ਕੇ ਆਪਣੀ ਪਛਾਣ ਲੁਕਾ ਕੇ ਜਾਣਾ ਪੈਂਦਾ ਹੈ। ਫਿਰ ਵੀ ਭਾਜਪਾ ਦੇ ਇਹ ਆਗੂ ਵਿਰੋਧ ਕਰ ਰਹੇ ਕਿਸਾਨਾਂ ਨੂੰ ਕਦੇ ਤਾਂ ਇਹ ਕਹਿੰਦੇ ਸਨ ਕਿ ਵਿਰੋਧ ਕੇਵਲ ਪੰਜਾਬ ਦੇ ਕਿਸਾਨ ਕਰ ਰਹੇ ਹਨ, ਬਾਕੀ ਦੇਸ਼ ਦੇ ਕਿਸਾਨ ਤਾਂ ਖੇਤੀ ਕਾਨੂੰਨਾਂ ਤੇ ਖੁਸ਼ ਹਨ। ਜਦ ਦੇਸ਼ ਦੇ ਬਾਕੀ ਰਾਜਾਂ ਵਿਚ ਭਾਜਪਾ ਦੀ ਥੂ-ਥੂ ਹੋਣ ਲੱਗ ਪਈ ਤਾਂ ਫਿਰ ਇਹ ਕਹਿੰਦੇ ਰਹੇ ਕਿ ਇਹ ਕਿਸਾਨ ਹੀ ਨਹੀਂ ਅਤੇ ਹੁਣ ਕਦੇ ਇਹ ਕਹਿੰਦੇ ਹਨ ਕਿ ਇਹ ਕਾਂਗਰਸ ਅਤੇ 'ਆਪ' ਦੇ ਗੁੰਡੇ ਹਨ। ਕਿਸਾਨਾਂ ਨੂੰ ਕਦੇ ਅਤਿਵਾਦੀ, ਖਾਲਿਸਤਾਨੀ, ਨਕਸਲੀ, ਕਮਿਊਨਿਸਟ ਤੇ ਮਾਓਵਾਦੀ ਆਖਿਆ ਗਿਆ ਅਤੇ ਕਦੀ ਇਨ੍ਹਾਂ ਨੂੰ ਪਾਕਿਸਤਾਨ ਤੇ ਕਦੇ ਚੀਨ ਨਾਲ ਜੋੜਨ ਦੀਆਂ ਗੱਲਾਂ ਹੋਈਆਂ। ਪਾਰਟੀ ਆਗੂਆਂ ਦੇ ਕਿਸਾਨਾਂ ਪ੍ਰਤੀ ਮਾੜੇ ਵਿਹਾਰ ਅਤੇ ਮਾਮਲੇ ਨੂੰ ਠੀਕ ਢੰਗ ਨਾਲ ਨਾ ਨਜਿੱਠਣ ਕਾਰਨ ਭਾਜਪਾ ਦੇ ਬਹੁਤ ਸਾਰੇ ਵਰਕਰ ਅਤੇ ਨੇਤਾ ਪਾਰਟੀ ਤੋਂ ਬਾਹਰ ਹੋ ਗਏ ਹਨ ਜਿਨ੍ਹਾਂ ਵਿਚ ਅੰਮ੍ਰਿਤਸਰ ਤੋਂ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਭਾਜਪਾ ਦੇ ਸਾਬਕਾ ਤਰਜਮਾਨ ਤੇ ਮੁੱਖ ਆਗੂ ਮਲਵਿੰਦਰ ਸਿੰਘ ਕੰਗ ਸ਼ਾਮਲ ਹਨ। ਸਾਬਕਾ ਮੰਤਰੀ ਮਾਸਟਰ ਮੋਹਨ ਲਾਲ ਅਤੇ ਹੋਰ ਬਹੁਤ ਸਾਰੇ ਆਗੂ ਪਾਰਟੀ ਦਾ ਜਨਤਕ ਵਿਰੋਧ ਕਰ ਰਹੇ ਹਨ ਅਤੇ ਕਿਸਾਨਾਂ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ। ਇਨ੍ਹਾਂ ਆਗੂਆਂ ਦਾ ਵਿਚਾਰ ਹੈ ਕਿ ਪਾਰਟੀ ਦੇ ਲੀਡਰਾਂ ਨੂੰ ਕਿਸਾਨ ਮਾਮਲਿਆਂ ਦੀ ਸਮਝ ਹੀ ਨਹੀਂ ਅਤੇ ਇਹ ਮਾਮਲਾ ਹੱਲ ਕਰਨ ਲਈ ਪਾਰਟੀ ਸੰਜੀਦਾ ਵੀ ਨਹੀਂ। ਭਾਜਪਾ ਵਿਰੁੱਧ ਲੋਕਾਂ ਦਾ ਗੁੱਸਾ ਹੋਣ ਕਰਕੇ ਪਿੱਛੇ ਜਿਹੇ ਹੋਈਆਂ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਲਈ ਭਾਜਪਾ ਨੂੰ ਲੋੜੀਂਦੇ ਉਮੀਦਵਾਰ ਵੀ ਨਹੀਂ ਲੱਭੇ ਸਨ ਅਤੇ ਜੋ ਲੱਭੇ, ਉਨ੍ਹਾਂ ਵਿਚੋਂ ਵੀ ਕਈਆਂ ਨੇ ਪਾਰਟੀ ਨਿਸ਼ਾਨ 'ਤੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਸੀ ਜਿਸ ਕਰਕੇ ਪਾਰਟੀ ਦੀ ਇਨ੍ਹਾਂ ਚੋਣਾਂ ਵਿਚ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਸੀ। ਭਾਜਪਾ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ ਜੋ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ ਕਿਸਾਨਾਂ ਦੇ ਹੱਕ ਵਿਚ ਬੋਲਦਾ ਸੀ, ਕੇਂਦਰੀ ਲੀਡਰਾਂ ਨਾਲ ਮਿਲਣ ਤੋਂ ਬਾਅਦ ਉਸ ਨੇ ਆਪਣੀ ਬੋਲੀ ਹੀ ਬਦਲ ਲਈ। ਜਿਆਣੀ ਅਤੇ ਹਰਜੀਤ ਸਿੰਘ ਗਰੇਵਾਲ ਦੀ ਤਲਖ-ਕਲਾਮੀ ਨੇ ਕਿਸਾਨਾਂ ਵਿਚ ਗੁੱਸਾ ਹੋਰ ਵਧਾ ਦਿੱਤਾ ਜਿਸ ਦਾ ਖਮਿਆਜ਼ਾ ਹੇਠਲੇ ਵਰਕਰਾਂ ਨੂੰ ਵੀ ਭੁਗਤਣਾ ਪੈ ਰਿਹਾ ਹੈ।

2022 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਭਾਜਪਾ ਸਮਝਦੀ ਹੈ ਕਿ ਸ਼ਹਿਰਾਂ ਵਿਚ ਹਿੰਦੂ ਵੋਟ ਉਨ੍ਹਾਂ ਦਾ ਆਧਾਰ ਹੈ। ਹੁਣ ਉਹ ਆਰ.ਐਸ.ਐਸ. ਦੀ ਅਗਵਾਈ ਵਿਚ ਕੰਮ ਕਰਦੀ ਰਾਸ਼ਟਰੀ ਸਿੱਖ ਸੰਗਤ ਰਾਹੀਂ ਪਿੰਡਾਂ ਵਿਚ ਦਾਖਲ ਹੋਣ ਦੇ ਯਤਨ ਵਿਚ ਹੈ। ਇਸ ਵੇਲੇ ਪਿੰਡਾਂ ਵਿਚ ਭਾਜਪਾ ਦਾ ਜਿਨ੍ਹਾਂ ਵਿਰੋਧ ਹੈ, ਉਸ ਤੋਂ ਖਤਰਾ ਪੈਦਾ ਹੁੰਦਾ ਹੈ ਕਿ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ ਜਿਸ ਨਾਲ ਅਮਨ ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਭਾਜਪਾ ਆਗੂਆਂ ਦਆਿਂ ਕਿਸਾਨ ਅੰਦੋਲਨ ਵਿਰੁੱਧ ਮਾੜੀ ਦੂਸ਼ਣਬਾਜ਼ੀ ਅਜੇ ਵੀ ਜਾਰੀ ਹੈ। ਭਾਜਪਾ ਲੀਡਰ ਕਿਸਾਨ ਸੰਘਰਸ਼ ਨੂੰ ਫਿਰਕੂ ਰੰਗਤ ਦਿੰਦਿਆਂ ਟੇਢੇ ਢੰਗ ਨਾਲ ਅਤਿਵਾਦੀਆਂ ਨਾਲ ਜੋੜ ਕੇ ਲੋਕਾਂ ਅਤੇ ਵਿਸ਼ੇਸ਼ ਤੌਰ ਤੇ ਹਿੰਦੂ ਭਾਈਚਾਰੇ ਵਿਚ ਖੌਫ ਦਾ ਮਾਹੌਲ ਪੈਦਾ ਕਰਕੇ ਰੱਖਣਾ ਚਾਹੁੰਦੇ ਹਨ ਤਾਂ ਜੋ ਚੋਣਾਂ ਵਿਚ ਵੋਟਾਂ ਬਟੋਰੀਆਂ ਜਾ ਸਕਣ। ਇਸ ਕੁਕਰਮ ਲਈ ਮੀਡੀਏ ਦਾ ਖਰੀਦਿਆ ਜਾਂ ਡਰਿਆ ਹੋਇਆ ਇੱਕ ਹਿੱਸਾ ਵੀ ਭਾਜਪਾ ਦਾ ਸਾਥ ਦੇ ਰਿਹਾ ਹੈ।

ਪੰਜਾਬ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਜਿੱਥੇ ਭਾਜਪਾ ਦੂਜੀਆਂ ਪਾਰਟੀਆਂ ਵਿਚੋਂ ਲੀਡਰ ਖਿੱਚਣ ਦੇ ਆਹਰ ਵਿਚ ਹੈ, ਉੱਥੇ ਵਿਸ਼ੇਸ਼ ਵਿਅਕਤੀ, ਬੁੱਧੀਜੀਵੀ, ਲੇਖਕ, ਕਲਾਕਾਰ, ਵਕੀਲ, ਰਿਟਾਇਰਡ ਅਫਸਰ, ਡਾਕਟਰ ਜਾਂ ਵਿਦਵਾਨ ਆਦਿ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਚਿਹਰਿਆਂ ਨੂੰ ਆਪਣੇ ਵਿਚ ਸ਼ਾਮਲ ਕਰਕੇ ਆਪਣੇ ਪੱਖ ਵਿਚ ਵਾਤਾਵਰਨ ਪੈਦਾ ਕਰਕੇ ਸਾਬਤ ਕਰਨਾ ਚਾਹੁੰਦੀ ਹੈ ਕਿ ਸਿੱਖ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਹੁਤ ਖੁਸ਼ ਹਨ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਸਭ ਨੂੰ ਚੋਣ ਵੀ ਲੜਾਈ ਜਾਵੇ। ਇਸੇ ਕਰਕੇ ਚਰਚਾ ਹੈ ਕਿ ਦੂਜੀਆਂ ਪਾਰਟੀਆਂ ਦੇ ਕੁਝ ਨਾਰਾਜ਼ ਨੇਤਾ ਵੀ ਭਾਜਪਾ ਦੇ ਸੰਪਰਕ ਵਿਚ ਹੋ ਸਕਦੇ ਹਨ। ਇਸ ਮੁਹਿੰਮ ਵਿਚ ਭਾਵੇਂ ਅਜੇ ਤੱਕ ਭਾਜਪਾ ਨੂੰ ਸਫਲਤਾ ਨਹੀਂ ਹੋ ਰਹੀ ਅਤੇ ਕੁਝ ਇਕ ਆਧਾਰ ਰਹਿਤ ਅਤੇ ਗੈਰ ਮਹੱਤਵ ਵਾਲੇ ਚਿਹਰੇ ਜਿਨ੍ਹਾਂ ਦੀ ਹੋਰ ਕਿਤੇ ਵੁੱਕਤ ਨਹੀਂ ਸੀ ਉਹ ਹੀ ਭਾਜਪਾ ਵਿਚ ਸ਼ਾਮਲ ਹੋਏ ਹਨ।

ਭਾਜਪਾ ਕੋਲ ਪੰਜਾਬ ਵਿਚ ਚੋਣ ਹਲਕਾ ਪੱਧਰ ਦੇ ਇੱਕਾ ਦੁੱਕਾ ਨੂੰ ਛੱਡ ਕੇ ਕੋਈ ਸਿੱਖ ਚਿਹਰੇ ਨਹੀਂ ਹਨ ਜੋ ਲੀਡਰਸ਼ਿਪ ਲਈ ਚਿੰਤਾ ਦਾ ਵਿਸ਼ਾ ਹੈ। ਉਂਜ ਵੀ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਜਾਂ ਕੈਪਟਨ ਅਮਰਿੰਦਰ ਸਿੰਘ ਵਰਗੇ ਵੱਡੇ ਸਿਆਸੀ ਕੱਦ ਵਾਲੇ ਨੇਤਾਵਾਂ ਵਾਂਗ ਇਨ੍ਹਾਂ ਕੋਲ ਕੋਈ ਨੇਤਾ ਨਹੀਂ ਹਨ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਹਾਈ ਕਮਾਨ ਨੇ ਪੰਜਾਬ ਦੇ ਭਾਜਪਾ ਲੀਡਰਾਂ ਨੂੰ ਦਿੱਲੀ ਸੱਦ ਕੇ ਚੋਣ ਲੜਨ ਦੀ ਨੀਤੀ 'ਤੇ ਵਿਚਾਰ ਕਰਦਿਆਂ ਹਰ ਚੋਣ ਹਲਕੇ ਵਿਚ ਤਿੰਨ ਚਾਰ ਸੌ ਵਰਕਰਾਂ ਦੀ ਭਾਲ ਕਰਨ ਅਤੇ ਸਿੱਖ ਚਿਹਰਿਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਆਦੇਸ਼ ਦਿੱਤਾ ਸੀ। ਇਹ ਵੀ ਚਰਚਾ ਹੈ ਕਿ ਭਾਜਪਾ ਦੇ ਪੰਜਾਬ ਯੂਨਿਟ ਨੇ ਕੇਂਦਰੀ ਲੀਡਰਸ਼ਿਪ ਤੋਂ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ ਕਿਤਾਬਚਾ ਛਪਵਾ ਕੇ ਪੰਜਾਬ ਵਿਚ ਵੰਡਣ ਲਈ ਦੇਵੇ ਜੋ ਹਰ ਚੋਣ ਹਲਕੇ ਵਿਚ ਘੱਟੋ-ਘੱਟ 150 ਸਿੱਖ ਪਰਿਵਾਰਾਂ ਵਿਚ ਘੱਟੋ-ਘੱਟ ਜ਼ਿਲ੍ਹਾ ਪੱਧਰ ਦੇ ਪਾਰਟੀ ਨੇਤਾ ਆਪ ਜਾ ਕੇ ਵੰਡਣ ਤੇ ਫੋਟੋਆਂ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀਆਂ ਜਾਣ ਤਾਂ ਕਿ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਕਿਸਾਨ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਭਾਜਪਾ ਦੇ ਵਿਰੁੱਧ ਨਹੀਂ ਹਨ। ਉਨ੍ਹਾਂ ਸਲਾਹ ਦਿੱਤੀ ਸੀ ਕਿ ਕਿਤਾਬਚੇ ਵਿਚ ਨਰਿੰਦਰ ਮੋਦੀ ਦੇ ਸਿੱਖਾਂ ਨਾਲ ਸੁਖਾਵੇਂ ਸਬੰਧ ਪ੍ਰਗਟ ਕੀਤੇ ਜਾਣ, 1984 ਦੇ ਸਿੱਖ ਵਿਰੋਧੀ ਕਤਲੇਆਮ ਵਿਚ ਕਾਂਗਰਸ ਦਾ ਰੋਲ, ਕਰਤਾਰਪੁਰ ਲਾਂਘਾ, 2019 ਵਿਚ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਦੀ 550ਵੀਂ ਵਰ੍ਹੇਗੰਢ ਮਨਾਉਣ ਆਦਿ ਦਾ ਵਰਣਨ ਕੀਤਾ ਹੋਣਾ ਚਾਹੀਦਾ ਹੈ।

ਭਾਜਪਾ ਭਾਵੇਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਕਰ ਰਹੀ ਹੈ ਪਰ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਸੰਘਰਸ਼ ਕਰਕੇ ਉਨ੍ਹਾਂ ਲਈ ਸਥਿਤੀ ਸੌਖੀ ਨਹੀਂ ਹੈ। ਉਹ ਇਸ ਚੋਣ ਨੂੰ ਆਪਣੀ ਸ਼ਕਤੀ ਵਧਾਉਣ ਲਈ ਵੀ ਵਰਤਣਾ ਚਾਹੁੰਦੀ ਹੈ। ਜਿੱਥੇ ਭਾਜਪਾ ਔਖੀ ਸਥਿਤੀ ਵਿਚ ਹੈ, ਉਥੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਤੋਂ ਵੱਖ ਹੋਣ ਦਾ ਖਮਿਆਜ਼ਾ ਅਕਾਲੀ ਦਲ ਨੂੰ ਭਾਜਪਾ ਨਾਲੋਂ ਵੱਧ ਭੁਗਤਣਾ ਪਵੇਗਾ ਪਰ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕਰਕੇ ਅਕਾਲੀ ਦਲ ਨੇ ਆਪਣੀ ਸਥਿਤੀ ਵਿਚ ਕੁਝ ਕੁ ਸੁਧਾਰ ਕਰ ਲਿਆ ਹੈ। ਭਾਜਪਾ ਨੂੰ ਅਜੇ ਚੋਣ ਸਮਝੌਤੇ ਲਈ ਕੋਈ ਧਿਰ ਨਹੀਂ ਮਿਲੀ। ਉਹ ਸੁਖਦੇਵ ਸਿੰਘ ਢੀਂਡਸਾ ਨਾਲ ਸਮਝੌਤਾ ਕਰਨਾ ਚਾਹੁੰਦੇ ਹਨ ਪਰ ਕਿਸਾਨ ਸੰਘਰਸ਼ ਕਾਰਨ ਢੀਂਡਸਾ ਇਹ ਨਹੀਂ ਕਰ ਸਕਦੇ।

ਦੂਸਰੀਆਂ ਪਾਰਟੀਆਂ ਵਾਂਗ ਭਾਜਪਾ ਵੀ ਦਲਿਤ ਪੱਤਾ ਖੇਡਣ ਦੇ ਯਤਨ ਵਿਚ ਹੈ, ਭਾਵੇਂ ਵਿਚਾਰਧਾਰਕ ਤੌਰ 'ਤੇ ਇਹ ਦਲਿਤ ਵਿਰੋਧੀ ਹੈ ਜਿਸ ਦੀਆਂ ਦੇਸ਼ ਭਰ ਵਿਚ ਕਈ ਮਿਸਾਲਾਂ ਹਨ। ਇਸ ਮੰਤਵ ਲਈ ਉਨ੍ਹਾਂ ਕੋਲ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਜੋ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਹਨ ਅਤੇ ਸਾਬਕਾ ਮੰਤਰੀ ਵਿਜੇ ਸਾਂਪਲਾ ਜੋ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਹਨ, ਦੇ ਦਲਿਤ ਚਿਹਰਿਆਂ ਦੀ ਵਰਤੋਂ ਕਰਨ ਦਾ ਯਤਨ ਕਰ ਰਹੀ ਹੈ, ਫਿਰ ਵੀ




ਭਾਜਪਾ ਦਾ ਧਿਆਨ ਸਿੱਖ ਵੋਟਰਾਂ ਤੇ ਕੇਂਦਰਤ ਹੈ।

ਵੈਸੇ ਤਾਂ ਸਮੂਹ ਪੰਜਾਬੀਆਂ, ਵਿਸ਼ੇਸ਼ ਤੌਰ 'ਤੇ ਸਿੱਖਾਂ ਦੇ ਮਨ ਵਿਚ ਮਲੇਰਕੋਟਲੇ ਦੇ ਮੁਸਲਮਾਨ ਭਾਈਚਾਰੇ ਪ੍ਰਤੀ ਬਹੁਤ ਸਤਿਕਾਰ ਹੈ, ਪੰਜਾਬ ਵਿਚ ਵੱਖ ਵੱਖ ਫਿਰਕਿਆਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਬਹੁਤ ਪੱਕੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਮੁਗਲ ਹਾਕਮ ਵੱਲੋਂ ਨੀਂਹਾਂ ਵਿਚ ਚਿਣਨ ਦੇ ਫੈਸਲੇ ਦਾ ਉਸ ਸਮੇਂ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਵਿਰੋਧ ਕੀਤਾ ਸੀ। ਉਸ ਸਮੇਂ ਤੋਂ ਪੰਜਾਬੀਆਂ ਵੱਲੋਂ ਮਲੇਰਕੋਟਲੇ ਦੇ ਮੁਸਲਮਾਨਾਂ ਦਾ ਵਿਸ਼ੇਸ਼ ਸਤਿਕਾਰ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ ਇਸ ਸ਼ਰਧਾ ਅਤੇ ਭਾਈਚਾਰਕ ਏਕਤਾ ਵਜੋਂ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਫੈਸਲਾ ਕੀਤਾ ਹੈ ਪਰ ਭਾਜਪਾ ਨੇ ਆਪਣੀ ਫਿਰਕੂ ਨੀਤੀ ਦਾ ਪ੍ਰਗਟਾਵਾ ਕਰਦਿਆਂ ਪਹਿਲਾਂ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਇਸ ਦਾ ਵਿਰੋਧ ਕੀਤਾ ਸੀ ਤੇ ਫਿਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਵੀ ਵਿਰੋਧ ਕੀਤਾ ਸੀ ਜਦ ਕਿ ਧਰਮ ਅਤੇ ਜਾਤ ਆਧਾਰਿਤ ਗੈਰ ਕਾਨੂੰਨੀ ਕਾਰਜ ਵਿਧੀ ਅਤੇ ਮੰਦਭਾਗੀ ਘਟਨਾਵਾਂ ਸਭ ਤੋਂ ਵੱਧ ਯੂ.ਪੀ. ਵਿਚ ਹੋ ਰਹੀਆਂ ਹਨ। ਭਾਜਪਾ ਸ਼ਾਸਤ ਦੂਸਰੇ ਰਾਜਾਂ ਵਿਚ ਵੀ ਫਿਰਕੂ ਹਿੰਸਾ ਦੀਆਂ ਮੁਸਲਮਾਨਾਂ ਅਤੇ ਦਲਿਤਾਂ ਵਿਰੁੱਧ ਅਕਸਰ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ।

ਭਾਜਪਾ ਵਿਰੁੱਧ ਪੰਜਾਬ ਦੇ ਲੋਕਾਂ ਵਿਚ ਗੁੱਸਾ ਹੋਣ ਦੇ ਬਾਵਜੂਦ ਭਾਜਪਾ ਦੀ ਮੁਹਿੰਮ ਨੂੰ ਹਲਕੇ ਵਿਚ ਨਹੀਂ ਲਿਆ ਜਾ ਸਕਦਾ। ਉਸ ਦਾ ਕੁਝ ਲੋਕਾਂ ਵਿਚ ਪੱਕਾ-ਠੱਕਾ ਆਧਾਰ ਹੈ ਜਿਨ੍ਹਾਂ ਵੱਲੋਂ ਹਰ ਸਥਿਤੀ ਵਿਚ ਭਾਜਪਾ ਨਾਲ ਖੜ੍ਹਾ ਰਹਿਣ ਦੀ ਸੰਭਾਵਨਾ ਹੈ ਲੇਕਿਨ ਚੋਣ ਮੁਹਿੰਮ ਵਿਚ ਭਾਜਪਾ ਨੂੰ ਲੋਕਾਂ ਵਿਚ ਬਹੁਤ ਸਾਰੀਆਂ ਗੱਲਾਂ ਦਾ ਜੁਆਬ ਦੇਣਾ ਪਵੇਗਾ ਜਿਸ ਨਾਲ ਉਹਦੀ ਸਥਿਤੀ ਲੋਕਾਂ ਵਿਚ ਹਾਸੋਹੀਣੀ ਹੋ ਸਕਦੀ ਹੈ। ਰੋਜ਼ਾਨਾ ਖਾਣ ਵਾਲੀਆਂ ਚੀਜ਼ਾਂ ਜਿਵੇਂ ਆਟਾ, ਦਾਲਾਂ, ਖੰਡ, ਚੌਲ, ਤੇਲ, ਘਿਓ ਆਦਿ ਅਤੇ ਵਰਤੋਂ ਵਾਲੀਆਂ ਚੀਜ਼ਾਂ ਜਿਵੇਂ ਪੈਟਰੋਲ, ਡੀਜ਼ਲ, ਰਸੋਈ ਗੈਸ ਆਦਿ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ ਜਿਸ ਕਰਕੇ ਆਮ ਲੋਕਾਂ ਦਾ ਜੀਣਾ ਔਖਾ ਹੋ ਗਿਆ ਹੈ ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਦੂਜੇ ਲੀਡਰ ਇਸ ਉੱਤੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹਨ। ਸਭ ਨੂੰ ਯਾਦ ਹੋਵੇਗਾ ਕਿ ਸਿਟੀਜ਼ਨ ਸੋਧ ਐਕਟ ਨੇ ਘੱਟ ਗਿਣਤੀਆਂ, ਵਿਸ਼ੇਸ਼ ਤੌਰ 'ਤੇ ਮੁਸਲਮਾਨ ਭਾਈਚਾਰੇ ਵਿਰੁੱਧ ਭਾਜਪਾ ਦੇ ਨਫਰਤ ਦੇ ਮਨਸੂਬਿਆਂ ਨੂੰ ਬੇਪਰਦ ਕਰ ਦਿੱਤਾ ਹੈ। ਭਾਜਪਾ ਦੇਸ਼ ਵਿਚ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕਾਲਾਬਾਜ਼ਾਰੀ, ਕਿਸਾਨਾਂ-ਮਜ਼ਦੂਰਾਂ ਦੀਆਂ ਮੁਸ਼ਕਲਾਂ ਆਦਿ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਇ ਇਨ੍ਹਾਂ ਦੇ ਹੱਲ ਕਰਨ ਦੀ ਮੰਗ ਕਰਨ ਵਾਲਿਆਂ ਦੇ ਵਿਰੁੱਧ ਨਫਰਤ ਅਤੇ ਅਸਹਿਣਸ਼ੀਲਤਾ ਦੀ ਰਾਜਨੀਤੀ ਕਰ ਰਹੀ ਹੈ। ਜਾਮੀਆ ਮਿਲੀਆ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਆਦਿ ਵਿਚ ਜੋ ਘਟਨਾਵਾਂ ਵਾਪਰੀਆਂ, ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਘਟਨਾਵਾਂ ਵਾਪਰਨ ਦਾ ਦੋਸ਼ ਵੀ ਭਾਜਪਾ ਉਤੇ ਹੀ ਲੱਗਦਾ ਹੈ। ਸ਼ਾਹੀਨ ਬਾਗ ਵਿਚ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕਰ ਰਹੇ ਲੋਕਾਂ ਉੱਤੇ ਭਾਜਪਾ ਆਗੂਆਂ ਨੇ ਪੁਲਿਸ ਦੀ ਹਾਜ਼ਰੀ ਵਿਚ ਨੰਗੇ ਚਿੱਟੇ ਰੂਪ ਵਿਚ ਹਿੰਸਕ ਕਾਰਵਾਈਆਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਘਟਨਾਵਾਂ ਦਾ ਭਾਜਪਾ ਕੀ ਜੁਆਬ ਦੇਵੇਗੀ।

ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖ ਰੂਹ ਨੂੰ ਖਤਮ ਕਰਦਿਆਂ ਦੇਸ਼ ਦੇ ਫੈਡਰਲ ਢਾਂਚੇ ਤੇ ਵੀ ਹਮਲੇ ਕੀਤੇ ਜਾ ਰਹੇ ਹਨ। ਭਾਜਪਾ ਨਿਆਂਪਾਲਿਕਾ, ਚੋਣ ਕਮਿਸ਼ਨ, ਪੁਲਿਸ, ਵਿਜੀਲੈਂਸ, ਸੀ.ਬੀ.ਆਈ., ਐਨ.ਆਈ.ਏ., ਇਨਫੋਰਸਮੈਂਟ ਡਾਇਰੈਕਟੋਰੇਟ ਆਦਿ ਕਾਰਜਪਾਲਿਕਾ ਅਤੇ ਮੀਡੀਆ ਅਦਾਰਿਆਂ ਵਿਚ ਡਰ ਦਾ ਮਾਹੌਲ ਪੈਦਾ ਕਰਕੇ ਇਨ੍ਹਾਂ ਦਾ ਸਿਆਸੀਕਰਨ ਕਰ ਰਹੀ ਤਾਨਾਸ਼ਾਹੀ ਵੱਲ ਵਧਦੀ ਜਾਪ ਰਹੀ ਹੈ। ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਵਿਚ ਕੁਝ ਮੈਂਬਰਾਂ ਵੱਲੋਂ ਵਾਰ-ਵਾਰ ਕੰਮ ਰੋਕੂ ਮਤੇ ਦੇਣ ਤੋਂ ਬਾਅਦ ਕਿਸੇ ਮਤੇ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਚਰਚਾ ਅਧੀਨ ਕੇਵਲ ਤਿੰਨ ਮੁੱਦੇ ਮੁੱਖ ਸਨ। ਕਿਸਾਨ ਖੇਤੀ ਬਿੱਲ, ਪੈਗਾਸਸ ਜਸੂਸੀ ਮਾਮਲਾ ਅਤੇ ਮਹਿੰਗਾਈ। ਅਸਲ ਵਿਚ ਭਾਜਪਾ ਦੀ ਅਗਵਾਈ ਵਿਚ ਕੇਂਦਰ ਸਰਕਾਰ ਆਪਣੇ 'ਮਨ ਕੀ ਬਾਤ' ਸੁਣਾਉਣਾ ਚਾਹੁੰਦੀ ਹੈ, 'ਲੋਕਾਂ ਦੇ ਮਨ ਕੀ ਬਾਤ' ਸੁਣਨਾ ਨਹੀਂ ਚਾਹੁੰਦੀ। ਇਨ੍ਹਾਂ ਤਿੰਨਾਂ ਮੁੱਦਿਆਂ ਉੱਤੇ ਸਰਕਾਰ ਕਿਸੇ ਬਹਿਸ ਲਈ ਤਿਆਰ ਨਹੀਂ ਹੋਈ। ਵਿਰੋਧੀ ਪਾਰਟੀਆਂ ਵੱਲੋਂ ਬਹਿਸ ਦੀ ਮੰਗ ਕਰਦਿਆਂ ਇਜਲਾਸ ਵਿਚ ਰੌਲਾ ਰੱਪਾ ਪੈਂਦਾ ਰਿਹਾ ਤੇ ਇਜਲਾਸ ਦੋ ਦਿਨ ਪਹਿਲਾਂ ਹੀ ਖਤਮ ਕਰ ਦਿੱਤਾ। ਪਾਰਲੀਮੈਂਟ ਦੇ ਸੰਚਾਲਨ ਵਿਚ ਆਈ ਖੜੋਤ ਨੂੰ ਤੋੜਨ ਲਈ ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਦਖਲਅੰਦਾਜ਼ੀ ਨਹੀਂ ਕੀਤੀ। ਜੋ ਬਿੱਲ ਪਾਸ ਕੀਤੇ ਗਏ, ਸਵਾਇ ਓ.ਬੀ.ਸੀ. ਬਿੱਲ ਦੇ ਜਿਸ ਬਾਰੇ ਮਾਮੂਲੀ ਜਿਹੀ ਬਹਿਸ ਹੋਈ ਅਤੇ ਵਿਰੋਧੀ ਪਾਰਟੀਆਂ ਨੇ ਵੀ ਇਸ ਬਿੱਲ ਦਾ ਸਮਰਥਨ ਕੀਤਾ; ਬਾਕੀ ਬਿਲ ਬਿਨਾ ਕਿਸੇ ਵਿਚਾਰ-ਵਟਾਂਦਰੇ ਤੋਂ ਰੌਲੇ-ਰੱਪੇ ਵਿਚ ਹੀ ਪਾਸ ਕੀਤੇ ਗਏ। ਇਸ ਤਰ੍ਹਾਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਪਾਰਲੀਮੈਂਟ ਨੂੰ ਵੀ ਮਜ਼ਾਕ ਬਣਾ ਦਿੱਤਾ ਹੈ।

ਇਸ ਤੋਂ ਇਹੋ ਪ੍ਰਭਾਵ ਮਿਲਦਾ ਹੈ ਕਿ ਸਰਕਾਰ ਨੂੰ ਲੋਕ ਰਾਏ ਦੀ ਕੋਈ ਕਦਰ ਨਹੀਂ। ਚੋਣ ਮੁਹਿੰਮ ਵਿਚ ਇਨ੍ਹਾਂ ਗੱਲਾਂ ਦਾ ਭਾਜਪਾ ਲੀਡਰਾਂ ਨੂੰ ਜੁਆਬ ਦੇਣਾ ਪਵੇਗਾ। ਕਾਰਪੋਰੇਟ ਘਰਾਣਿਆਂ ਨੂੰ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਆਮ ਲੋਕਾਂ 'ਤੇ ਟੈਕਸ ਲਾਏ ਜਾ ਰਹੇ ਹਨ। ਇਲੈਕਟ੍ਰੋਲ ਬਾਂਡ ਦੇ ਨਾਂ 'ਤੇ ਚੋਣਾਂ ਸਮੇਂ ਰਿਸ਼ਵਤ ਨੂੰ ਕਾਨੂੰਨੀ ਰੂਪ ਦਿੱਤਾ ਗਿਆ ਹੈ। ਇਸ ਨਾਂ 'ਤੇ ਭਾਜਪਾ ਨੂੰ ਪੈਸੇ ਦੇਣ ਵਾਲੇ ਕਾਰਪੋਰੇਟਾਂ ਨਾਲ ਸਾਂਝ ਪੱਕੀ ਹੋ ਰਹੀ ਹੈ। ਭਾਜਪਾ ਦੀ ਅਗਵਾਈ ਵਿਚ ਮੋਦੀ ਸਰਕਾਰ ਰੇਲਵੇ, ਪੈਟਰੋਲੀਅਮ ਅਦਾਰੇ, ਹਵਾਈ ਅੱਡੇ, ਏਅਰ ਇੰਡੀਆ ਆਦਿ ਸਰਕਾਰੀ ਅਦਾਰੇ ਵੇਚਣ ਲੱਗੀ ਹੋਈ ਹੈ। ਕਰੋਨਾ ਦੀ ਦੂਜੀ ਲਹਿਰ ਵਿਚ ਕੇਂਦਰ ਸਰਕਾਰ ਦੀ ਸਿਹਤ ਸੇਵਾਵਾਂ ਪ੍ਰਤੀ ਪੋਲ ਖੁੱਲ੍ਹ ਗਈ ਹੈ। ਵੱਡੀ ਗਿਣਤੀ ਵਿਚ ਲੋਕ ਕਰੋਨਾ ਵੈਕਸੀਨ ਲਈ ਤਰਸਦੇ ਅਤੇ ਆਕਸੀਜਨ ਦੀ ਘਾਟ ਕਰਕੇ ਜ਼ਿੰਦਗੀ ਤੋਂ ਹੱਥ ਧੋ ਬੈਠੇ। ਗੰਗਾ ਨਦੀ ਵਿਚ ਤਰਦੀਆਂ ਅਤੇ ਕੰਢਿਆਂ 'ਤੇ ਦੱਬੀਆਂ ਲਾਸ਼ਾਂ ਵੇਖ ਕੇ ਵੀ ਕੇਂਦਰ ਸਰਕਾਰ ਨੇ ਨਮੋਸ਼ੀ ਮਹਿਸੂਸ ਨਹੀਂ ਕੀਤੀ। ਕਰੋਨਾ ਨਾਲ ਮੌਤਾਂ ਦਾ ਸਰਕਾਰੀ ਅੰਕੜਾ ਵੀ ਘਟਾ ਕੇ ਪੇਸ਼ ਕਰਨ ਦੀ ਚਰਚਾ ਹੈ।

ਸਰਕਾਰ ਨੂੰ ਪਰਦੇ ਪਿੱਛੇ ਚਲਾਉਣ ਅਤੇ ਪਾਰਦਰਸ਼ਤਾ ਤੋਂ ਦੂਰ ਰੱਖਣ ਨਾਲ ਦੇਸ਼ ਨਹੀਂ ਚੱਲ ਸਕਦਾ। ਭਾਜਪਾ ਸਿਆਸੀ ਮਤਭੇਦਾਂ ਨੂੰ ਦੇਸ਼ ਧ੍ਰੋਹ ਦਾ ਨਾਂ ਦੇਣ ਤਕ ਚਲੀ ਗਈ ਹੈ। ਸੰਕੀਰਨ ਸੋਚ ਕਰਕੇ ਸਾਡੇ ਗੁਆਂਢੀ ਦੇਸ਼ਾਂ ਨਾਲ ਵੀ ਸਬੰਧ ਸੁਖਾਵੇਂ ਨਹੀਂ ਹਨ। ਕਈ ਥਾਈਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਕਾਨੂੰਨ ਨੂੰ ਗੈਰ ਕਾਨੂੰਨੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਭਾਜਪਾ ਧਰਮ ਆਧਾਰਿਤ ਰਾਜਨੀਤੀ ਕਰ ਰਹੀ ਹੈ ਅਤੇ ਧਰਮ ਆਧਾਰਿਤ ਰਾਜਨੀਤੀ ਹਮੇਸ਼ਾ ਆਮ ਲੋਕਾਂ ਦੇ ਵਿਰੋਧ ਵਿਚ ਖਲੋਂਦੀ ਹੈ। ਧਰਮ ਆਧਾਰਿਤ ਰਾਜਨੀਤੀ ਹੀ ਸਮਾਜ ਵਿਚ ਊਚ ਨੀਚ ਪੈਦਾ ਕਰਦੀ ਹੈ ਅਤੇ ਲੋਕਾਂ ਵਿਚ ਫੁੱਟ ਦੇ ਬੀਜ ਬੀਜਦੀ ਹੈ। ਸਮਾਜ ਵਿਚ ਸਿਹਤਮੰਦ ਕਦਰਾਂ ਕੀਮਤਾਂ ਦੇ ਵਿਕਾਸ ਲਈ ਅੰਦੋਲਨ ਜ਼ਰੂਰੀ ਹੈ ਤੇ ਅੰਦੋਲਨ ਕਰਨ ਵਾਸਤੇ ਜਮਹੂਰੀਅਤ ਜ਼ਰੂਰੀ ਹੈ ਪਰ ਕੇਂਦਰ ਸਰਕਾਰ ਜਮਹੂਰੀਅਤ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ। ਇਹ ਰਾਹ ਦੇਸ਼ ਨੂੰ ਬਰਬਾਦ ਕਰਨ ਦਾ ਰਾਹ ਹੈ। ਕਿਸਾਨ ਅੰਦੋਲਨ ਨਾ ਪੰਜਾਬ ਦਾ ਹੈ, ਨਾ ਸਿੱਖਾਂ ਦਾ ਹੈ, ਨਾ ਅਤਿਵਾਦੀਆਂ ਦਾ, ਨਾ ਖਾਲਿਸਤਾਨੀਆਂ ਦਾ, ਨਾ ਕਮਿਊਨਿਸਟਾਂ ਦਾ, ਨਾ ਪਾਕਿਸਤਾਨ ਅਤੇ ਚੀਨ ਦਾ ਹੈ; ਇਹ ਦੇਸ਼ ਦੇ ਅੰਨਦਾਤਾ ਦਾ ਹੈ, ਦੇਸ਼ ਦੇ ਕਿਸਾਨਾਂ ਦਾ ਹੈ। ਭਾਜਪਾ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੂੰ ਇਸ ਪ੍ਰਤੀ ਠੀਕ ਪਹੁੰਚ ਅਪਨਾ ਕੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ ਤਾਂ ਹੀ ਉਸ ਨੂੰ ਲੋਕਾਂ ਦੇ ਗੁੱਸੇ ਤੋਂ ਮੁਕਤੀ ਮਿਲ ਸਕਦੀ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਮੁੱਦਿਆਂ ਤੇ ਭਾਜਪਾ ਨੇਤਾਵਾਂ ਨੂੰ ਜੁਆਬ ਦੇਣਾ ਪਵੇਗਾ। ਸਵਾਲ ਤਾਂ ਲੋਕ ਕਾਂਗਰਸ, ਅਕਾਲੀ ਦਲ ਅਤੇ 'ਆਪ' ਤੋਂ ਵੀ ਪੁੱਛਣਗੇ ਲੇਕਿਨ ਇਸ ਲੇਖ ਵਿਚ ਅਸੀਂ ਕੇਵਲ ਭਾਜਪਾ ਦੀ ਗੱਲ ਕਰ ਰਹੇ ਹਾਂ। ਭਾਜਪਾ ਲੀਡਰਾਂ ਨੂੰ ਉਹ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਜਿਸ ਉਤੇ ਕੱਲ੍ਹ ਨੂੰ ਭਾਜਪਾ ਆਗੂਆਂ ਨੂੰ ਪਛਤਾਉਣਾ ਅਤੇ ਸ਼ਰਮਿੰਦੇ ਹੋਣਾ ਪਵੇ। ਅਸਲ ਵਿਚ ਭੱਦੀ ਬੋਲੀ ਬੋਲਣ ਵਾਲੇ ਭਾਜਪਾ ਆਗੂਆਂ ਨੂੰ ਇਸ ਗੱਲ ਦੀ ਝਾਕ ਜਾਪਦੀ ਹੈ ਕਿ ਪਾਰਟੀ ਉਨ੍ਹਾਂ ਨੂੰ ਇਸ ਇਵਜ਼ ਵਿਚ ਕਿਸੇ ਵੱਡੀ ਕੁਰਸੀ 'ਤੇ ਬਿਠਾ ਦੇਵੇਗੀ।

ਜੇ ਭਾਜਪਾ ਪੰਜਾਬ ਵਿਚ ਸਿਆਸੀ ਜਗ੍ਹਾ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਕਿਸਾਨਾਂ ਦੀਆਂ ਮੁਸ਼ਕਿਲਾਂ ਦੀ ਹਕੀਕਤ ਨੂੰ ਸਮਝਦਿਆਂ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ। ਸੰਵਿਧਾਨਕ ਤੌਰ 'ਤੇ ਖੇਤੀ ਰਾਜਾਂ ਦਾ ਵਿਸ਼ਾ ਹੈ, ਇਸ ਲਈ ਕੇਂਦਰ ਨੂੰ ਰਾਜਾਂ ਦੇ ਅਧਿਕਾਰਾਂ ਵਿਚ ਦਖਲ ਦੇ ਕੇ ਇਨ੍ਹਾਂ ਨੂੰ ਖੋਰਾ ਨਹੀਂ ਲਾਉਣਾ ਚਾਹੀਦਾ। ਹਰ ਉਹ ਬੰਦਾ ਜੋ ਭਾਜਪਾ ਜਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਾ ਹੈ, ਉਸ ਨੂੰ ਦੇਸ਼ ਧ੍ਰੋਹੀ ਕਹਿਣਾ ਠੀਕ ਨਹੀਂ। ਭਾਜਪਾ ਨੂੰ ਅਸਹਿਣਸ਼ੀਲਤਾ ਦਾ ਇਹ ਰਸਤਾ ਤਿਆਗ ਕੇ ਲੋਕਾਂ ਨੂੰ ਠੀਕ ਅਗਵਾਈ ਦੇਣੀ ਚਾਹੀਦੀ ਹੈ ਅਤੇ ਸੰਵਿਧਾਨਕ ਢੰਗ ਨਾਲ ਦੇਸ਼ ਚਲਾਉਂਦਿਆਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨਾ ਚਾਹੀਦਾ ਹੈ। ਪੰਜਾਬ ਦੇ ਆਗੂ ਵੀ ਪੰਜਾਬ ਦੇ ਹਿੱਤਾਂ ਨੂੰ ਪਹਿਲ ਦੇ ਕੇ ਪੰਜਾਬ ਵਿਚ ਪਾਰਟੀ ਦੀ ਥਾਂ ਤਲਾਸ਼ ਸਕਦੇ ਹਨ।

# ਸੰਤਾਲੀ ਦੀ ਵੰਡ ਅਤੇ ਸਿੱਖ ਲੀਡਰਸ਼ਿਪ ਦਾ ਰੋਲ-2

***ਸਿੱਖਾਂ ਦੇ ਸੁਚੇਤ ਹਲਕਿਆਂ ਵਿਚ ਸਦਾ ਹੀ ਇਹ ਜਾਣਨ ਦੀ ਇੱਛਾ ਰਹੀ ਹੈ ਕਿ ਭਾਰਤ ਦੀ ਵੰਡ ਸਮੇਂ ਸਿੱਖ ਲੀਡਰਸ਼ਿਪ ਦਾ ਕੀ ਰੋਲ ਸੀ ਅਤੇ ਕੌਣ ਕਿਥੇ ਖੜ੍ਹਾ ਸੀ। ਕੀ ਉਸ ਸਮੇਂ ਸਿੱਖਾਂ ਨੂੰ ਵੱਖਰਾ ਮੁਲਕ ਮਿਲਦਾ ਸੀ ਜਾਂ ਮਿਲ ਸਕਦਾ ਸੀ? ਕੀ ਅੰਗਰੇਜ਼ ਸਿੱਖਾਂ ਨੂੰ ਕੁਝ ਦੇਣਾ ਚਾਹੁੰਦੇ ਸਨ? ਉਨ੍ਹਾਂ ਦੇ ਸਾਹਮਣੇ ਵੱਡੀਆਂ ਰੁਕਾਵਟਾਂ ਕਿਹੜੀਆਂ ਸਨ? ਇਤਿਹਾਸ ਦੀਆਂ ਉਨ੍ਹਾਂ ਘੜੀਆਂ ਵਿਚ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਦੀ ਸਿਆਸੀ ਮਾਨਸਿਕਤਾ ਕਿਹੋ ਜਿਹੀ ਸੀ? ਅਜਿਹੇ ਅਹਿਮ ਸਵਾਲਾਂ ਬਾਰੇ ਚਰਚਾ ਸੁਖਦੀਪ ਸਿੰਘ ਬਰਨਾਲਾ ਦੇ ਆਪਣੇ ਇਸ ਲੰਮੇ ਲੇਖ ਵਿਚ ਕੀਤੀ ਹੈ ਜਿਸ ਦੀ ਦੂਜੀ ਤੇ ਆਖਰੀ ਕਿਸ਼ਤ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜਦੋਂ ਵੰਡ ਬਾਰੇ ਫੈਸਲੇ ਹੋ ਰਹੇ ਸਨ, ਉਦੋਂ ਭਾਰਤੀ ਖਿੱਤੇ ਵਿਚ ਮੁਸਲਿਮ ਆਬਾਦੀ 9 ਕਰੋੜ ਸੀ ਤੇ ਹਿੰਦੂ 24 ਕਰੋੜ ਸੀ। ਘੱਟ-ਗਿਣਤੀ ਕੌਮ ਹੋਣ ਕਾਰਨ ਸਿੱਖ ਆਗੂ ਅਜਿਹੇ ਕਰੜੇ ਫੈਸਲੇ ਕਰਨ ਤੋਂ ਡਰੂ ਪਹੁੰਚ ਅਪਨਾ ਰਹੇ ਸਨ। ਜਿਹੋ ਜਿਹੇ ਫੈਸਲੇ ਜਿਨਾਹ ਕਰ ਰਿਹਾ ਸੀ; ਮਸਲਨ, ਜਦੋਂ ਮੁਸਲਿਮ ਲੀਗ ਨੂੰ ਪਾਕਿਸਤਾਨ ਦੀ ਕਾਇਮੀ ਬਾਰੇ ਵਿਸ਼ਵਾਸ ਨਹੀਂ ਸੀ ਬੱਝ ਰਿਹਾ ਤਾਂ ਹੋਣ ਵਾਲੇ ਕਿਸੇ ਅਗਾਊਂ ਧੋਖੇ ਤੋਂ ਸਾਵਧਾਨ ਲੀਗ ਦੀ ਕੌਂਸਲ ਨੇ 29 ਜੁਲਾਈ 1946 ਦੀ ਬੰਬਈ ਦੀ ਬੈਠਕ ਵਿਚ ਫੈਸਲਾ ਕੀਤਾ ਕਿ ਪਾਕਿਸਤਾਨ ਦੀ ਪ੍ਰਾਪਤੀ ਲਈ ਸਿੱਧੀ ਕਾਰਵਾਈ ਕੀਤੀ ਜਾਵੇ, 16 ਅਗਸਤ ਨੂੰ 'ਡਾਇਰੈਕਟ ਐਕਸ਼ਨ ਡੇਅ' ਮਿਥਿਆ ਗਿਆ। ਇਸ ਦਿਨ ਮੁਸਲਮਾਨਾਂ ਨੇ ਵੱਡੀ ਗਿਣਤੀ ਵਿਚ ਸੜਕਾਂ 'ਤੇ ਆ ਕੇ ਪਾਕਿਸਤਾਨ ਦੇ ਹੱਕ ਵਿਚ ਮੁਜ਼ਾਹਰੇ ਕਰਨੇ ਸਨ। ਇਸ ਦੀ ਵਜ੍ਹਾ ਨਾਲ 16 ਅਗਸਤ ਨੂੰ ਕਲਕੱਤੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਦੰਗੇ ਭੜਕ ਗਏ; ਬੇਸ਼ੱਕ ਵੰਡ ਨੇ ਬਾਅਦ ਵਿਚ ਸਿੱਖਾਂ ਦਾ ਕਿਤੇ ਵੱਧ ਜਾਨੀ-

**ਸੁਖਦੀਪ ਸਿੰਘ ਬਰਨਾਲਾ**

ਮਾਲੀ ਨੁਕਸਾਨ ਕਰ ਦਿੱਤਾ ਪਰ ਫੈਸਲਾਕੁਨ ਦੌਰ ਦੌਰਾਨ ਸਿੱਖ ਆਗੂ ਅਜਿਹੇ ਸਖਤ ਫੈਸਲੇ ਕਰਨ ਤੋਂ ਖੁੰਝ ਗਏ, ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੈ। ਲੀਗ ਦਾ ਦੂਜਾ ਫੈਸਲਾ ਸੀ ਕਿ ਜਿਨਾਹ ਨੇ ਅੰਤਰਿਮ ਸਰਕਾਰ ਵਿਚ ਸ਼ਾਮਿਲ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ, ਇਹ ਫੈਸਲਾ ਸਿੱਖ ਆਗੂ ਵੀ ਕਰ ਸਕਦੇ ਸਨ ਪਰ ਹੁਣ ਸਰਦਾਰ ਬਲਦੇਵ ਸਿੰਘ ਅਕਾਲੀ ਦਲ ਦੇ ਕਹਿਣੇ ਤੋਂ ਬਾਹਰ ਸੀ; ਉਲਟਾ ਉਸ ਦਾ ਧਨਾਢ ਵਪਾਰੀ ਹੋਣ ਕਰਕੇ ਸਿੱਖ ਆਗੂਆਂ 'ਤੇ ਪ੍ਰਭਾਵ ਸੀ। ਸਿੱਖ ਲੀਡਰਸ਼ਿਪ ਦੀ ਇਸ ਗਲਤੀ ਲਈ ਵੀ ਮਾਸਟਰ ਤਾਰਾ ਸਿੰਘ ਅਤੇ ਬਾਕੀ ਆਗੂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ, ਉਹ ਅੰਤਰਿਮ ਸਰਕਾਰ ਵਿਚ ਸ਼ਾਮਿਲ ਹੋਣ ਦੀ ਜ਼ਿਦ ਬਦਲੇ ਸਰਦਾਰ ਬਲਦੇਵ ਸਿੰਘ ਨੂੰ ਬਰਖਾਸਤ ਕਰ ਸਕਦੇ ਹਨ। ਇਸ ਬਾਰੇ ਵੀ ਭੰਬਲਭੂਸਾ ਹੈ ਕਿ ਸਰਦਾਰ ਬਲਦੇਵ ਸਿੰਘ 1946 ਵਿਚ ਬਣੀ ਕੰਮ ਚਲਾਊ ਸਰਕਾਰ ਅਤੇ ਬਾਅਦ ਵਿਚ ਬਣੀ ਨਹਿਰੂ ਕੈਬਨਿਟ ਵਿਚ ਅਕਾਲੀ ਦਲ ਦੇ ਨੁਮਾਇੰਦੇ ਸਨ ਜਾਂ ਆਪਣੀ ਪੰਥਕ ਪਾਰਟੀ ਦੇ ਜਿਸ ਦੇ ਕਰਤਾ ਧਰਤਾ ਬਲਦੇਵ ਸਿੰਘ ਖੁਦ ਸਨ ਤੇ ਇਸ ਪਾਰਟੀ ਦਾ ਬਾਅਦ ਵਿਚ ਕਾਂਗਰਸ ਵਿਚ ਰਲੇਵਾਂ ਕਰ ਦਿੱਤਾ ਗਿਆ ਸੀ, ਬਲਦੇਵ ਸਿੰਘ ਦਾ ਬਾਕੀ ਸਿੱਖ ਆਗੂਆਂ ਨਾਲੋਂ ਫਰਕ ਇਹ ਸੀ ਕਿ ਸਿੱਖ ਸਟੇਟ ਬਾਰੇ ਮੁਢਲੀ ਭੱਜ-ਨੱਠ ਤੋਂ ਬਾਅਦ ਬਲਦੇਵ ਸਿੰਘ ਨੇ ਅਗਾਊਂ ਸਿੱਟਾ ਕੱਢ ਲਿਆ ਕਿ ਵੱਖਰੇ ਸਿੱਖ ਰਾਜ ਲਈ ਅੰਗਰੇਜ਼ ਕਦੇ ਹਾਮੀ ਨਹੀਂ ਭਰਨਗੇ ਤੇ ਨਾ ਹੀ ਨਹਿਰੂ-ਗਾਂਧੀ ਮੰਨਣਗੇ। ਇਸ ਤੋਂ ਬਾਅਦ ਚਲਾਕ ਵਪਾਰੀ ਵਜੋਂ ਬਲਦੇਵ ਸਿੰਘ ਨੇ ਜੋ ਵੀ ਕਦਮ ਪੁੱਟੇ, ਉਹ ਬਣ ਰਹੀ ਸ਼ਕਤੀਸ਼ਾਲੀ ਸਟੇਟ ਭਾਰਤ ਦੇ ਮੁਖੀ ਨਹਿਰੂ ਦਾ ਵਿਸ਼ਵਾਸ ਜਿੱਤਣ ਵੱਲ ਹੀ ਪੁੱਟੇ, ਇਹ ਦੋ-ਤਰਫਾ ਖਿੱਚ ਸੀ। ਨਹਿਰੂ ਨੇ ਵੀ ਸਰਦਾਰ ਬਲਦੇਵ ਸਿੰਘ ਨੂੰ ਅੰਤਰਿਮ ਸਰਕਾਰ ਵਿਚ ਰੱਖਿਆ ਮਹਿਕਮਾ ਦੇ ਕੇ ਆਪਣੇ ਨਾਲ ਗੰਢ ਲਿਆ ਸੀ। ਇਹ ਵੀ ਅਜੀਬ ਮਾਨਸਿਕਤਾ ਹੈ ਕਿ ਕਿਸੇ ਕੌਮੀ ਕੰਮ ਲਈ ਬੰਦਾ ਬਣਦਾ-ਸਰਦਾ ਜ਼ੋਰ ਲਾ ਲਵੇ ਤੇ ਥੱਕ ਜਾਵੇ, ਤੇ ਫਿਰ ਨਿੱਜੀ ਨਫੇ-ਨੁਕਸਾਨ ਦਾ ਹਿਸਾਬ-ਕਿਤਾਬ ਲਾ ਕੇ ਸਥਾਪਤੀ ਦੀ ਝੋਲੀ ਜਾ ਡਿੱਗੇ। ਮੌਜੂਦਾ ਖਾਲਿਸਤਾਨੀ ਸੰਘਰਸ਼ ਦੌਰਾਨ ਵੀ ਹਰਮਿੰਦਰ ਸਿੰਘ ਗਿੱਲ ਵਾਂਗ ਇਸ ਤਰ੍ਹਾਂ ਦੀਆਂ 'ਕੌਮੀ ਸੰਘਰਸ਼ ਤੋਂ ਸਥਾਪਤੀ ਦੀ ਬੁੱਕਲ ਤੱਕ ਦੇ ਸਫਰ' ਦੀਆਂ ਸੈਂਕੜੇ ਉਦਾਹਰਨਾਂ ਹਨ, ਹਾਲਾਂਕਿ ਇਹ ਬਹੁਤ ਛੋਟੀ ਉਦਾਹਰਨ ਹੈ। ਇਸ ਤੋਂ ਕਿਤੇ ਵਜ਼ਨਦਾਰ ਤੱਥ ਪਏ ਹਨ। ਖੈਰ, ਇਹੀ ਕੁਝ ਬਲਦੇਵ ਸਿੰਘ ਦੇ ਮਾਮਲੇ 'ਚ ਵਾਪਰਿਆ, ਪੰਜਾਬ ਦੀ ਵੰਡ ਨੂੰ ਮੰਨਣ ਤੋਂ ਲੈ ਕੇ ਭਾਰਤ ਦੇ ਨਾਲ ਰਲਣ ਅਤੇ ਇਵਜ਼ ਵਿਚ ਰੱਖਿਆ ਮਹਿਕਮਾ ਮਾਣਨ ਵਰਗੇ ਮੁੱਖ ਫੈਸਲੇ ਬਲਦੇਵ ਸਿੰਘ ਨੇ ਨਹਿਰੂ ਦੀ ਕਿਰਪਾ ਦਾ ਪਾਤਰ ਬਣਨ ਲਈ ਪੰਥ ਨੂੰ ਪਿੱਠ ਦੇ ਕੇ ਕੀਤੇ। 3 ਜੂਨ 1947 ਨੂੰ ਮਾਊਂਟਬੈਟਨ ਪਲਾਨ ਦਾ ਜਨਤਕ ਤੌਰ 'ਤੇ ਐਲਾਨ ਜਿਨਾਹ ਅਤੇ ਨਹਿਰੂ ਨੇ ਬਲਦੇਵ ਸਿੰਘ ਨੂੰ ਨਾਲ ਬਿਠਾ ਕੇ ਕੀਤਾ। ਇਸ ਵਿਚ ਪਹਿਲਾ ਵੱਡਾ ਐਲਾਨ ਸੀ ਕਿ ਭਾਰਤ ਦੀ ਆਜ਼ਾਦੀ ਦੀ ਤਾਰੀਖ ਜੂਨ 1948 ਦੀ ਬਜਾਇ 15 ਅਗਸਤ 1947 ਦੱਸੀ ਗਈ। ਜਿਸ ਖਿੱਤੇ 'ਤੇ ਅੰਗਰੇਜ਼ਾਂ ਨੇ ਤਕਰੀਬਨ 250 ਸਾਲ ਰਾਜ ਕੀਤਾ ਸੀ, ਉਸ ਨੂੰ ਛੱਡਣ ਦੀਆਂ ਤਿਆਰੀਆਂ ਲਈ ਸਿਰਫ 73 ਦਿਨ ਦਾ ਸਮਾਂ ਮਿਥਿਆ ਗਿਆ। ਵਾਇਸਰਾਏ ਮੁਤਾਬਿਕ ਜ਼ਿਆਦਾ ਵਕਤ ਦਾ ਮਤਲਬ ਫਿਰਕੂ ਮਾਹੌਲ ਨੂੰ ਜ਼ਿਆਦਾ ਸਮਾਂ ਬਰਦਾਸ਼ਿਤ ਕਰਨਾ ਸੀ।

ਤਿੰਨ ਜੂਨ ਸ਼ਾਮ ਨੂੰ ਮਾਊਂਟਬੈਟਨ, ਨਹਿਰੂ, ਜਿਨਾਹ ਅਤੇ ਬਲਦੇਵ ਸਿੰਘ ਨੇ ਆਲ ਇੰਡੀਆ ਰੇਡੀਓ ਤੋਂ ਇਸ ਪਲਾਨ ਬਾਰੇ ਲੋਕਾਂ ਨੂੰ ਸੰਬੋਧਨ ਕੀਤਾ। ਇਸ ਪਲਾਨ ਮੁਤਾਬਿਕ ਪੰਜਾਬ ਅਤੇ ਬੰਗਾਲ ਵਿਧਾਨ ਸਭਾਵਾਂ ਦੇ ਸਿੱਖ, ਹਿੰਦੂ ਅਤੇ ਮੁਸਲਮਾਨ ਮੈਂਬਰਾਂ ਨੇ ਵੋਟਾਂ ਰਾਹੀਂ ਇਹ ਦੱਸਣਾ ਸੀ ਕਿ ਉਹ ਆਪਣੇ ਰਾਜਾਂ ਦੀ ਵੰਡ ਚਾਹੁੰਦੇ ਹਨ ਜਾਂ ਨਹੀਂ। ਸਿੰਧ ਅਤੇ ਬਲੋਚਿਸਤਾਨ ਨੇ ਆਪਣਾ ਫੈਸਲਾ ਆਪ ਕਰਨਾ ਸੀ, ਨਾਰਥ ਵੈਸਟ ਫਰੰਟੀਅਰ ਪ੍ਰੋਵਿੰਸ ਅਤੇ ਅਸਾਮ ਦੇ 'ਸਾਇਲਹਿਟ' ਜ਼ਿਲ੍ਹੇ ਨੂੰ ਰੈਫਰੈਂਡਮ ਦਾ ਅਧਿਕਾਰ ਦਿੱਤਾ ਗਿਆ। ਕਾਂਗਰਸ ਨੇ ਨਾਰਥ ਵੈਸਟ ਫਰੰਟੀਅਰ ਪ੍ਰੋਵਿੰਸ ਦੇ ਰੈਫਰੈਂਡਮ ਦਾ ਬਾਈਕਾਟ ਕਰ ਦਿੱਤਾ। ਬਾਅਦ ਵਿਚ ਇਹ ਪਾਕਿਸਤਾਨ ਵਿਚ ਸ਼ਾਮਿਲ ਹੋ ਗਿਆ। ਇਸ ਪਲਾਨ ਦੀ ਆਖਰੀ ਮਦ ਸੀ ਕਿ ਵੰਡ ਦੀ ਮੰਗ ਦੀ ਸੂਰਤ ਵਿਚ ਹੱਦਬੰਦੀ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਅਗਲੇ ਦਿਨ 4 ਜੂਨ ਨੂੰ 'ਦਿ ਟਾਈਮਜ਼' ਅਖਬਾਰ ਨੇ ਇਸ ਪਲਾਨ, ਸਿੱਖਾਂ ਦੀ ਪੁਜ਼ੀਸ਼ਨ ਅਤੇ ਇੰਡੀਅਨ ਸਟੇਟਸ ਬਾਰੇ ਵਿਸਥਾਰ ਨਾਲ ਦੱਸਿਆ। ਇੱਕ ਹੋਰ ਅਖਬਾਰ 'ਦਿ ਡੇਲੀ ਹੇਰਾਲਡ' ਨੇ ਪੰਜਾਬ ਅਤੇ ਬੰਗਾਲ ਦੀ ਸੰਭਾਵੀ ਵੰਡ ਦਾ ਨਕਸ਼ਾ ਵੀ ਛਾਪਿਆ।


ਅਸਲ ਵਿਚ, ਧਰਾਤਲ ਤੋਂ ਪਹਿਲਾਂ ਵੰਡ ਦਿਲਾਂ ਅਤੇ ਦਿਮਾਗਾਂ ਦੀ ਹੋਈ ਸੀ। 23 ਜੂਨ ਨੂੰ ਪੰਜਾਬ ਵਿਧਾਨ ਸਭਾ ਨੇ ਪੰਜਾਬ ਦੀ ਵੰਡ ਦੇ ਪੱਖ ਵਿਚ ਫੈਸਲਾ ਕਰ ਦਿੱਤਾ। ਸੂਬੇ ਦੇ ਸਾਬਕਾ ਮੁੱਖ ਮੰਤਰੀ ਖਿਜ਼ਰ ਹਯਾਤ ਟਿਵਾਣਾ ਅਤੇ ਯੂਨੀਅਨਇਸਟ ਪਾਰਟੀ ਦੇ ਹੋਰ ਮੈਂਬਰਾਂ ਨੇ ਮੁਸਲਿਮ ਲੀਗ ਦੇ ਹੱਕ ਵਿਚ, ਭਾਵ ਵੰਡ ਦੇ ਖਿਲਾਫ ਵੋਟਾਂ ਪਾਈਆਂ। ਉਂਜ, ਇਹ ਦੋਵੇਂ ਪਾਰਟੀਆਂ ਇੱਕ ਦੂਜੇ ਦੀਆਂ ਸਿਆਸੀ ਵਿਰੋਧੀ ਰਹੀਆਂ ਸਨ। ਸਰਦਾਰ ਬਲਦੇਵ ਸਿੰਘ 1942 ਵਿਚ ਇਸੇ ਯੂਨੀਅਨਇਸਟ ਪਾਰਟੀ ਦੀ ਸਰਕਾਰ ਵਿਚ ਮੰਤਰੀ ਬਣੇ ਸਨ। ਪੰਜਾਬ ਅਸੈਂਬਲੀ ਦੇ 32 ਸਿੱਖ ਮੈਂਬਰਾਂ ਅਤੇ ਹਿੰਦੂ ਕਾਂਗਰਸ ਦੇ ਮੈਂਬਰਾਂ ਨੇ ਵੰਡ ਦੇ ਹੱਕ ਵਿਚ ਵੋਟਾਂ ਪਾਈਆਂ। ਵੰਡ ਤੈਅ ਸੀ ਅਤੇ ਹੱਦਬੰਦੀ ਕਮਿਸ਼ਨ ਦੀ ਕਾਇਮੀ ਵੀ ਲਾਜ਼ਮੀ ਸੀ। ਸਿੱਖ ਮੈਂਬਰਾਂ ਨੇ ਹੱਦਬੰਦੀ ਕਮਿਸ਼ਨ ਦੇ ਨਾਮ ਪੱਤਰ ਵੀ ਲਿਖਿਆ ਜਿਸ ਵਿਚ ਹੱਦਾਂ ਮਿਥਣ ਵੇਲੇ ਆਬਾਦੀ ਤੋਂ ਇਲਾਵਾ 'ਹੋਰ ਕਾਰਨਾਂ' ਨੂੰ ਧਿਆਨ ਵਿਚ ਰੱਖਣ ਲਈ ਕਿਹਾ ਗਿਆ; ਇਹ ਹੋਰ ਕਾਰਨ ਸਨ- 'ਧਾਰਮਿਕ ਸਥਾਨ ਅਤੇ ਜ਼ਮੀਨਾਂ ਦੀ ਮਾਲਕੀ'। ਇਸ ਵਿਚ ਇਹ ਮੰਗ ਵੀ ਕੀਤੀ ਗਈ ਕਿ ਪੂਰਬੀ ਪੰਜਾਬ ਦੀ ਹੱਦ ਝਨਾਬ ਦਰਿਆ ਤੱਕ ਰੱਖੀ ਜਾਵੇ ਤਾਂ ਜੋ 90 ਫੀਸਦ ਸਿੱਖ ਆਬਾਦੀ ਇਕੱਠੀ ਬਚ ਸਕੇ।

ਆਪਣੀ ਕਿਤਾਬ 'ਡਿਵਾਈਡ ਐਂਡ ਕੁਇਟ' ਦੇ ਵੇਰਵਿਆਂ ਮੁਤਾਬਿਕ ਮਾਊਂਟਬੈਟਨ ਪਲਾਨ ਦੇ ਜਨਤਕ ਐਲਾਨ ਤੋਂ ਬਾਅਦ ਅੰਗਰੇਜ਼ ਅਫਸਰ ਪੈਂਡਰਲ ਮੂਨ ਨੇ ਅਕਾਲੀ ਲੀਡਰਾਂ ਨਾਲ ਦੁਬਾਰਾ ਸੰਪਰਕ ਕੀਤਾ ਅਤੇ ਸੁਝਾਅ ਦਿੱਤਾ ਕਿ ਸਿੱਖਾਂ ਨੂੰ ਪੰਜਾਬ ਵਿਚ ਮੁਸਲਮਾਨਾਂ ਨਾਲ ਰਲ ਕੇ ਪਾਕਿਸਤਾਨ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਵੰਡ ਦੀ ਲੋੜ ਨਾ ਪਵੇ।

ਜੂਨ ਦੇ ਅਖੀਰ ਵਿਚ ਪੈਂਡਰਲ ਮੂਨ ਨੇ ਵਾਇਸਰਾਏ ਦੇ ਚੀਫ ਆਫ ਸਟਾਫ ਲਾਰਡ ਇਸਮੇ ਨੂੰ ਪੱਤਰ ਲਿਖਿਆ ਕਿ ਮੁਸਲਿਮ ਲੀਗ ਅਤੇ ਅਕਾਲੀ ਦਲ ਵਿਚਕਾਰ ਸਮਝੌਤੇ ਦੀਆਂ ਸੰਭਾਵਨਾਵਾਂ ਦੁਬਾਰਾ ਤਲਾਸ਼ੀਆਂ ਜਾਣ। ਸਿੱਖਾਂ ਦੇ ਭਵਿੱਖ ਸਬੰਧੀ ਜ਼ਰੂਰੀ ਸੁਰੱਖਿਆ ਮੁਹੱਈਆ ਕਰਵਾ ਕੇ ਪੂਰੇ ਪੰਜਾਬ ਨੂੰ ਪਾਕਿਸਤਾਨ ਵਿਚ ਸ਼ਾਮਿਲ ਕਰਵਾ ਦਿੱਤਾ ਜਾਵੇ। ਲਾਰਡ ਇਸਮੇ ਨੇ ਮੂਨ ਨੂੰ ਜੁਆਬ ਦਿੱਤਾ ਕਿ ਬਲਦੇਵ ਸਿੰਘ ਕੁਝ ਚਿਰ ਪਹਿਲਾਂ ਵਾਇਸਰਾਏ ਨੂੰ ਮਿਲਿਆ ਹੈ ਅਤੇ ਉਸ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਕੋਈ ਸੰਭਾਵਨਾ ਨਹੀਂ ਦਿਸਦੀ ਕਿ ਵੱਡੀਆਂ ਪਾਰਟੀਆਂ ਲੀਗ ਅਤੇ ਕਾਂਗਰਸ ਸਿੱਖਾਂ ਨੂੰ ਕੋਈ ਰਿਆਇਤ ਦੇਣ।

ਕੁਝ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਆਗੂ ਗਿਆਨੀ ਕਰਤਾਰ ਸਿੰਘ ਪਾਕਿਸਤਾਨ ਨਾਲ ਰਲਣ ਦੇ ਖਿਲਾਫ ਨਹੀਂ ਸਨ ਬਸ਼ਰਤੇ ਸ਼ਰਤਾਂ ਲਿਖਤੀ ਰੂਪ ਵਿਚ ਮੰਨ ਲਈਆਂ ਜਾਣ। ਲਿਖਤੀ ਰੂਪ ਵਾਲੀ ਗੱਲ ਵਜ਼ਨਦਾਰ ਤਾਂ ਸੀ ਪਰ ਹੈਰਾਨੀ ਦੀ ਗੱਲ ਇਹ ਸੀ ਕਿ ਕਾਂਗਰਸ ਪਾਰਟੀ ਜਾਂ ਨਹਿਰੂ, ਗਾਂਧੀ ਕੋਲੋਂ ਕੁਝ ਵੀ ਲਿਖਤੀ ਰੂਪ ਵਿਚ ਨਹੀਂ ਲਿਆ ਗਿਆ।

ਪੰਜਾਬ ਦੀ ਭੂਗੋਲਿਕ ਵੰਡ ਕਰਨ ਲਈ ਆਬਾਦੀ ਨੂੰ ਮੁੱਖ ਤੱਤ ਮੰਨਿਆ ਜਾਣਾ ਸੀ। 1941 ਦੀ ਮਰਦਮਸ਼ੁਮਾਰੀ ਦੇ ਅੰਕੜੇ ਸਿੱਖਾਂ ਲਈ ਚੰਗੇ ਨਹੀਂ ਸਨ। ਪੰਜਾਬ ਦੀ ਕੁੱਲ ਅਬਾਦੀ ਵਿਚੋਂ 53.2 ਫੀਸਦ ਮੁਸਲਮਾਨ ਸਨ, 29.1 ਫੀਸਦ ਹਿੰਦੂ ਅਤੇ ਕੇਵਲ 14.9 ਫੀਸਦੀ ਸਿੱਖ ਸਨ। ਇਸ ਤੋਂ ਇਲਾਵਾ 1.5 ਫੀਸਦ ਈਸਾਈ ਅਤੇ ਬਾਕੀ ਹੋਰਨਾਂ ਦੀ ਆਬਾਦੀ 1.3 ਫੀਸਦ ਸੀ।




***ਅੰਗਰੇਜ਼ ਅਫਸਰ ਪੈਂਡਰਲ ਮੂਨ ਦੀ ਕਿਤਾਬ 'ਡਿਵਾਈਡ ਐਂਡ ਕੁਇਟ' ਦਾ ਮੁਖੜਾ।***

ਆਜ਼ਾਦੀ ਜਾਂ ਖੁਦਮੁਖਤਾਰ ਸਟੇਟ ਦੀ ਚਾਹਨਾਂ ਰੱਖਣ ਵਾਲੀਆਂ ਧਿਰਾਂ ਉਤੇ ਵੱਡਾ ਸਿਆਸੀ, ਕੂਟਨੀਤਕ ਤੇ ਮਾਨਸਿਕ ਦਬਾਅ ਬਣਾਇਆ ਗਿਆ ਸੀ। ਵੰਡ ਦੇ ਘੇਰੇ ਵਿਚ ਕੁੱਲ ਸਰਕਾਰੀ ਸੰਪਤੀ, ਬ੍ਰਿਟਿਸ਼ ਇੰਡੀਅਨ ਆਰਮੀ, ਰੇਲਵੇ ਅਤੇ ਇੰਡੀਅਨ ਸਿਵਲ ਸਰਵਿਸਜ਼ ਵੀ ਸ਼ਾਮਿਲ ਸਨ। ਅੰਗਰੇਜ਼ਾਂ ਦੇ ਜਾਣ ਤੋਂ ਪਹਿਲਾਂ ਗਾਂਧੀ, ਨਹਿਰੂ ਅਤੇ ਪਟੇਲ ਦੀ ਤਿੱਕੜੀ ਲਈ ਵੱਡੀ ਸਮੱਸਿਆ ਭਾਰਤ ਵਿਚਲੀਆਂ ਸ਼ਾਹੀ ਰਿਆਸਤਾਂ ਨਾਲ ਸਿੱਝਣਾ ਸੀ। ਇਨ੍ਹਾਂ ਰਿਆਸਤਾਂ ਦੀ ਗਿਣਤੀ 662 ਦੇ ਕਰੀਬ ਸੀ। ਰਿਆਸਤਾਂ ਦੇ ਬਹੁਤੇ ਰਾਜੇ ਹਿੰਦੂ ਸਨ। ਇਨ੍ਹਾਂ ਦੀ ਪਾਕਿਸਤਾਨ ਨਾਲ ਰਲਣ ਦੀ ਕੋਈ ਸੰਭਾਵਨਾ ਨਹੀਂ ਸੀ ਪਰ ਕਾਂਗਰਸ ਦਾ ਡਰ ਸੀ ਕਿ ਇਹ ਰਿਆਸਤਾਂ ਆਪਣੇ ਆਪ ਨੂੰ ਸੁਤੰਤਰ ਰਾਜ ਨਾ ਐਲਾਨ ਦੇਣ। ਇਨ੍ਹਾਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਿਲ ਕਰਵਾਉਣ ਲਈ ਸਾਮ, ਦਾਮ, ਦੰਡ, ਭੇਦ ਦੀ ਵਰਤੋਂ ਕੀਤੀ ਗਈ। ਜੁਲਾਈ 1946 ਵਿਚ ਨਹਿਰੂ ਨੇ ਬਿਆਨ ਦਿੱਤਾ ਸੀ ਕਿ ਭਾਰਤੀ ਫੌਜ ਦੇ ਬਰਾਬਰ ਕਿਸੇ ਵੀ ਰਿਆਸਤ ਨੂੰ ਫੌਜ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ। ਜਨਵਰੀ 1947 ਵਿਚ ਕਿਹਾ ਗਿਆ ਕਿ ਰਾਜਿਆਂ ਦੇ ਵਿਸ਼ੇਸ਼ ਅਧਿਕਾਰ ਬਰਦਾਸ਼ਤ ਨਹੀਂ ਕੀਤੇ ਜਾਣਗੇ। ਮਈ 1947 ਵਿਚ ਕਿਹਾ ਗਿਆ ਕਿ ਜਿਹੜੀ ਰਿਆਸਤ ਸੰਵਿਧਾਨਕ ਅਸੈਂਬਲੀ ਵਿਚ ਸ਼ਾਮਿਲ ਹੋਣ ਤੋਂ ਇਨਕਾਰੀ ਹੋਵੇਗੀ, ਉਸ ਨਾਲ ਦੁਸ਼ਮਣ ਦੇਸ਼ ਵਾਂਗ ਸਲੂਕ ਕੀਤਾ ਜਾਵੇਗਾ। ਨਹਿਰੂ ਦੇ ਧਮਕਾਉਣ ਤੋਂ ਬਾਅਦ ਪਟੇਲ ਦੀ ਵਰਗਲਾਉਣ ਦੀ ਨੀਤੀ ਸ਼ੁਰੂ ਹੋਈ। 5 ਜੁਲਾਈ ਨੂੰ ਪਟੇਲ ਨੇ ਅੰਤ੍ਰਿਮ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਦੀ ਹੈਸੀਅਤ ਵਿਚ ਰਿਆਸਤਾਂ ਨੂੰ ਮਿੱਤਰਤਾਪੂਰਨ ਸਮਝੌਤੇ ਦੀ ਅਪੀਲ ਕੀਤੀ। ਵਾਇਸਰਾਏ ਲਾਰਡ ਮਾਊਂਟਬੈਟਨ 25 ਜੁਲਾਈ ਨੂੰ ਇਨ੍ਹਾਂ ਰਿਆਸਤਾਂ ਦੇ ਰਾਜਿਆਂ ਨੂੰ ਮਿਲੇ। ਉਨ੍ਹਾਂ ਅੰਗਰੇਜ਼ੀ ਸਰਕਾਰ ਦੌਰਾਨ ਇਨ੍ਹਾਂ ਰਿਆਸਤਾਂ ਦੇ ਚੰਗੇ ਵਿਹਾਰ ਦੀ ਸ਼ਲਾਘਾ ਕੀਤੀ ਅਤੇ ਆਪਣੇ ਭਾਸ਼ਣ ਦੇ ਅਖੀਰ ਤੱਕ ਜਾਂਦਿਆਂ-ਜਾਂਦਿਆਂ ਉਨ੍ਹਾਂ ਦੇ ਸ਼ਬਦਾਂ ਵਿਚ ਨਸੀਹਤ ਝਲਕਣ ਲੱਗੀ ਸੀ। ਉਨ੍ਹਾਂ ਕਿਹਾ ਕਿ ਤੁਹਾਡੇ ਗੁਆਂਢ ਵਿਚ ਨਵੇਂ ਸ਼ਕਤੀਸ਼ਾਲੀ ਦੇਸ਼ ਜਨਮ ਲੈ ਰਹੇ ਹਨ, ਤੁਸੀਂ ਇਨ੍ਹਾਂ ਕੋਲੋਂ ਭੱਜ ਨਹੀਂ ਸਕਦੇ।

ਇਕ ਪਾਸੇ ਕਾਂਗਰਸ ਅਤੇ ਮੁਸਲਿਮ ਲੀਗ ਦੇ ਆਗੂਆਂ ਨੇ ਹੱਦਬੰਦੀ ਕਮਿਸ਼ਨ ਦੀਆਂ ਸਿਫਾਰਸ਼ਾਂ ਮੰਨਣ ਦੀਆਂ ਸਹੁੰਆਂ ਜਨਤਕ ਸਮਾਗਮਾਂ ਵਿਚ ਖਾਧੀਆਂ ਸਨ ਪਰ ਸਿੱਖ ਆਗੂਆਂ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਸ਼ਰੇਆਮ ਐਲਾਨ ਕੀਤਾ ਕਿ ਜੇ ਫੈਸਲਾ ਉਨ੍ਹਾਂ ਦੀ ਪਸੰਦ ਮੁਤਾਬਿਕ ਨਾ ਹੋਇਆ ਤਾਂ ਉਹ ਵਿਰੋਧ ਕਰਨਗੇ, ਉਹ ਝਨਾਬ ਦਰਿਆ ਤੱਕ ਪੂਰਬੀ ਪੰਜਾਬ ਦੀ ਹੱਦ ਮੰਗ ਰਹੇ ਸਨ ਪਰ ਢਿੱਡੋਂ ਉਹ ਜਾਣਦੇ ਸਨ ਕਿ ਅਜਿਹਾ ਹੋਣਾ ਮੁਸ਼ਕਿਲ ਹੈ। ਗਿਆਨੀ ਕਰਤਾਰ ਸਿੰਘ ਨੇ ਪੰਜਾਬ ਦੇ ਗਵਰਨਰ ਸਰ ਈਵਾਨ ਜੇਨਕਿੰਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਹੱਦਬੰਦੀ ਦੀ ਸਮੱਸਿਆ ਠੀਕ ਤਰ੍ਹਾਂ ਹੱਲ ਨਾ ਹੋਈ ਤਾਂ ਇੱਥੇ ਖੂਨ-ਖਰਾਬਾ ਹੋਵੇਗਾ। 'ਮਾਊਂਟਬੈਟਨ ਐਂਡ ਦਿ ਪਾਰਟੀਸ਼ਨ ਆਫ ਇੰਡੀਆ' ਦੇ ਕਰਤਾ ਜ਼ਿਕਰ ਕਰਦੇ ਹਨ ਕਿ 30 ਜੁਲਾਈ ਨੂੰ ਗਿਆਨੀ ਕਰਤਾਰ ਸਿੰਘ ਪੰਜਾਬ ਦੇ ਗਵਰਨਰ ਨੂੰ ਦੁਬਾਰਾ ਮਿਲੇ ਅਤੇ ਦੋ ਮੁੱਦਿਆਂ ਤੇ ਗੱਲਬਾਤ ਕੀਤੀ। ਪਹਿਲਾ, 'ਬਲਦੇਵ ਸਿੰਘ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਹੈ ਕਿ ਹੱਦਬੰਦੀ ਕਮਿਸ਼ਨ ਦੇ ਫੈਸਲੇ ਨੂੰ ਸਵੀਕਾਰ ਕਰਨ ਬਾਬਤ ਕੋਈ ਬਿਆਨ ਜਾਰੀ ਕਰੇ'। ਦੂਜਾ, 'ਗਿਆਨੀ ਜੀ ਨੇ ਜਿਨਾਹ ਦੀ ਇੱਕ ਚੰਗੀ ਪੇਸ਼ਕਸ਼ ਦੇਖੀ ਹੈ ਪਰ ਉਸ 'ਤੇ ਭਰੋਸਾ ਨਹੀਂ ਹੈ'। ਗਵਰਨਰ ਨੇ ਗਿਆਨੀ ਜੀ ਦਾ ਇਹ ਸੁਨੇਹਾ ਮਾਊਂਟਬੈਟਨ ਨੂੰ ਭੇਜ ਦਿੱਤਾ ਅਤੇ ਨਾਲ ਲਿਖ ਦਿੱਤਾ- 'ਮੈਨੂੰ ਲੱਗਿਆ ਕਿ ਗਿਆਨੀ ਕਰਤਾਰ ਸਿੰਘ ਦੁਬਿਧਾ ਵਿਚ ਹੈ, ਇਹਨੇ ਅਤੇ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਮਸਲੇ ਨੂੰ ਬੁਰੀ ਤਰ੍ਹਾਂ ਉਲਝਾ ਦਿੱਤਾ ਹੈ। ਮਸਲੇ ਦਾ ਅਸਲ ਹੱਲ ਸੀ ਕਿ ਗੈਰ ਪੰਜਾਬੀ ਬੋਲਦੇ ਜ਼ਿਲ੍ਹੇ ਛੱਡ ਕੇ ਬਾਕੀ ਪੰਜਾਬ ਪਾਕਿਸਤਾਨ ਵਿਚ ਰਹਿੰਦਾ। ਮੈਨੂੰ ਲਗਦਾ, ਸਿੱਖ ਇਸ ਦੀ ਸ਼ਲਾਘਾ ਕਰਦੇ ਪਰ ਹੁਣ ਕੁਝ ਵੀ ਕਰਨ ਲਈ ਬਹੁਤ ਦੇਰ ਹੋ ਚੁੱਕੀ ਹੈ'।

ਉਧਰ ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਸਰ ਸਿਰਿਲ ਰੈਡਕਲਿਫ ਦੇ ਚਿਹਰੇ 'ਤੇ ਤਣਾਅ ਸਾਫ ਝਲਕਦਾ ਸੀ। ਉਨ੍ਹਾਂ ਨੂੰ ਹੱਦਬੰਦੀ ਲਈ ਦਿੱਤੀ ਸਮਾਂ ਸੀਮਾ ਬਹੁਤ ਘੱਟ ਸੀ। ਉਨ੍ਹਾਂ ਦੇ ਹੱਥ ਸਾਢੇ ਚਾਰ ਲੱਖ ਸਕੁਏਅਰ ਕਿਲੋਮੀਟਰ ਦੇ ਰਕਬੇ ਵਿਚ ਵਸਦੇ ਤਕਰੀਬਨ 9 ਕਰੋੜ ਲੋਕਾਂ ਦੀ ਕਿਸਮਤ ਦਾ ਫੈਸਲਾ ਸੀ। ਉਨ੍ਹਾਂ ਦੇ ਰਸਤੇ ਵਿਚ ਕਈ ਮੁਸ਼ਕਿਲਾਂ ਸਨ। ਪੰਜਾਬ ਨਾਲ ਸਬੰਧਿਤ ਗੁਰਦਾਸਪੁਰ ਦੀਆਂ ਚਾਰ ਤਹਿਸੀਲਾਂ ਸ਼ਕਰਗੜ੍ਹ, ਬਟਾਲਾ, ਪਠਾਨਕੋਟ ਅਤੇ ਗੁਰਦਾਸਪੁਰ ਸ਼ਹਿਰ ਬਾਰੇ ਰੇੜਕਾ ਸੀ। 1941 ਦੇ ਅੰਕੜੇ ਸ਼ਕਰਗੜ੍ਹ ਸਮੇਤ ਇਸ ਇਲਾਕੇ ਵਿਚ ਮੁਸਲਿਮ ਬਹੁਗਿਣਤੀ ਦਿਖਾਉਂਦੇ ਸਨ। ਮੁੱਖ ਰੂਪ ਵਿਚ ਇਥੇ ਅਹਿਮਦੀਆ ਜਮਾਤ ਦੀ ਬਹੁਗਿਣਤੀ ਸੀ ਜਿਸ ਦੇ ਮੁਸਲਿਮ ਸਮਾਜ ਨਾਲ ਗੰਭੀਰ ਮੱਤਭੇਦ ਸਨ। ਸ਼ਕਰਗੜ੍ਹ ਤਹਿਸੀਲ ਨੂੰ ਰਾਵੀ ਦਾ ਪਾਣੀ ਲਗਦਾ ਸੀ। ਬਾਕੀ ਤਹਿਸੀਲਾਂ ਦਾ ਸਿੰਜਾਈ ਸਿਸਟਮ ਅੰਮ੍ਰਿਤਸਰ ਨਾਲ ਮੇਲ ਖਾਂਦਾ ਸੀ। ਇਸ ਕਰਕੇ ਸ਼ਕਰਗੜ੍ਹ ਤਹਿਸੀਲ ਨੂੰ ਪਾਕਿਸਤਾਨ ਦੇ ਸਿਆਲਕੋਟ ਨਾਲ ਜੋੜਨ ਦੇ ਚਰਚੇ ਸਨ। ਬਾਕੀ ਤਿੰਨ ਤਹਿਸੀਲਾਂ ਭਾਰਤੀ ਪੰਜਾਬ ਦੇ ਹਿੱਸੇ ਆਉਣੀਆਂ ਸਨ। ਮੁਸਲਿਮ ਲੀਗ ਦਾ ਇਲਜ਼ਾਮ ਸੀ ਕਿ ਇਸ ਫੈਸਲੇ ਪਿੱਛੇ ਭਾਰਤ ਨੂੰ ਕਸ਼ਮੀਰ ਤੱਕ ਦਾ ਸੜਕੀ ਰਸਤਾ ਮੁਹੱਈਆ ਕਰਵਾਏ ਜਾਣ ਦੀ ਚਾਲ ਸੀ। ਕੁਝ ਇਸ ਤਰ੍ਹਾਂ ਦਾ ਰੇੜਕਾ ਜ਼ਿਲ੍ਹਾ ਫਿਰੋਜ਼ਪੁਰ ਦੇ ਕੁਝ ਇਲਾਕਿਆਂ ਬਾਰੇ ਵੀ ਸੀ। ਪੰਜਾਬ ਹੱਦਬੰਦੀ ਕਮਿਸ਼ਨ ਦੇ ਮੈਂਬਰ ਜਸਟਿਸ ਦੀਨ ਮੁਹੰਮਦ ਨੇ ਪਾਕਿਸਤਾਨ ਦੇ ਪ੍ਰਸਿੱਧ ਅਖਬਾਰ 'ਡਾਨ' ਦੇ 25 ਅਪਰੈਲ 1958 ਦੇ ਅੰਕ ਵਿਚ ਦਾਅਵਾ ਕੀਤਾ ਸੀ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਕੁਝ ਹਿੱਸੇ ਪਹਿਲਾਂ ਪਾਕਿਸਤਾਨੀ ਪੰਜਾਬ ਵਿਚ ਸ਼ਾਮਿਲ ਕੀਤੇ ਗਏ ਸਨ ਪਰ ਐਨ ਮੌਕੇ 'ਤੇ ਇਹ ਫੈਸਲਾ ਬਦਲ ਦਿੱਤਾ ਗਿਆ ਸੀ। ਅਜਿਹਾ ਹੀ ਦਾਅਵਾ ਕਮਿਸ਼ਨ ਦੇ ਦੂਸਰੇ ਮੈਂਬਰ ਜਸਟਿਸ ਮੁਹੰਮਦ ਮੁਨੀਰ ਨੇ 23 ਜੂਨ 1964 ਦੇ 'ਪਾਕਿਸਤਾਨ ਟਾਈਮਜ਼' ਵਿਚ ਲਿਖੇ ਆਪਣੇ ਲੇਖ ਵਿਚ ਕੀਤਾ ਸੀ। ਇਸੇ ਕਿਸਮ ਦੇ ਕੁਝ ਵਿਵਾਦ ਬੰਗਾਲ ਦੇ ਕੁਝ ਇਲਾਕਿਆਂ ਬਾਰੇ ਵੀ ਸਨ। ਭਾਰਤ ਦਾ ਇਲਜ਼ਾਮ ਸੀ ਕਿ ਚਿਟਗਾਂਗ ਹਿੱਲ ਟਰੈਕਟ ਵਿਚ 97 ਫੀਸਦੀ ਬੋਧੀ ਵਸੋਂ ਹੋਣ ਦੇ ਬਾਵਜੂਦ ਇਹ ਇਲਾਕਾ ਪਾਕਿਸਤਾਨ ਵਿਚ ਸ਼ਾਮਿਲ ਕੀਤਾ ਗਿਆ। ਇਸੇ ਤਰ੍ਹਾਂ ਬੰਗਾਲ ਦੇ ਮੁਰਸ਼ਦਾਬਾਦ ਅਤੇ ਮਾਲਦਾ ਵਿਚ ਲੋਕਾਂ ਨੇ ਘਰਾਂ ਉਤੇ 14 ਅਗਸਤ ਦੀ ਰਾਤ ਪਾਕਿਸਤਾਨ ਦੇ ਝੰਡੇ ਲਾ ਲਏ ਪਰ ਅਗਲੇ ਦਿਨ ਪਤਾ ਲੱਗਿਆ ਕਿ ਇਹ ਇਲਾਕੇ ਤਾਂ ਭਾਰਤ ਵਿਚ ਰਹਿ ਗਏ ਹਨ।

ਸਿੱਖਾਂ ਦੀ ਸਿਆਸੀ ਜਮਾਤ ਅਕਾਲੀ ਦਲ ਦੇ ਨੁਮਾਇੰਦੇ ਦਾ ਹੱਦਬੰਦੀ ਕਮਿਸ਼ਨ ਵਿਚ ਨਾ ਹੋਣਾ ਸਿੱਖਾਂ ਲਈ ਵੱਡਾ ਝਟਕਾ ਸੀ। ਇਸ ਦਾ ਖਮਿਆਜ਼ਾ ਸਿੱਖਾਂ ਨੂੰ ਵੱਡੀ ਬਰਬਾਦੀ ਦੇ ਰੂਪ ਵਿਚ ਭੁਗਤਣਾ ਪਿਆ। ਮਹਾਰਾਜਾ ਪਟਿਆਲਾ ਨੂੰ ਬਹੁਤ ਦੇਰ ਨਾਲ 8 ਅਗਸਤ ਨੂੰ ਪੰਜਾਬ ਦੀ ਸੰਭਾਵੀ ਹੱਦਬੰਦੀ ਬਾਰੇ ਖਿਆਲ ਆਇਆ।

ਅਮਰੀਕਨ ਹਫਤਾਵਾਰੀ ਮੈਗਜ਼ੀਨ 'ਕੌਲੀਅਰ'ਜ਼' ਦੇ 4 ਅਗਸਤ 1951 ਦੇ ਅੰਕ ਵਿਚ ਛਪੀ ਰਿਪੋਰਟ ਮੁਤਾਬਿਕ 'ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ 8 ਅਗਸਤ ਨੂੰ ਪੰਜਾਬ ਦੀ ਹੱਦਬੰਦੀ ਬਾਰੇ ਰਾਇ ਦੇਣ ਲਈ ਆਪਣਾ ਨੁਮਾਇੰਦਾ ਵਾਇਸਰਾਏ ਕੋਲ ਭੇਜਿਆ ਸੀ। ਇਹ ਨੁਮਾਇੰਦਾ ਮਾਊਂਟਬੈਟਨ ਦੇ ਪਰਸਨਲ ਸੈਕਟਰੀ ਜੌਰਜ ਐਬਿਲ ਨੂੰ ਮਿਲਿਆ। ਜੌਰਜ ਐਬਿਲ ਨੇ ਇਸ ਬਾਰੇ ਮਾਊਂਟਬੈਟਨ ਨੂੰ ਲਿਖਿਆ ਸੀ ਕਿ 'ਹੁਣ ਹੱਦਬੰਦੀ ਕਮਿਸ਼ਨ ਬਾਰੇ ਕੋਈ ਫੇਰਬਦਲ ਸੰਭਵ ਨਹੀਂ ਹੈ ਕਿਉਂਕਿ ਕਮਿਸ਼ਨ ਲਗਭਗ ਆਪਣਾ ਫੈਸਲਾ ਕਰ ਚੁੱਕਿਆ ਹੈ। ਸੋ, ਇਹੀ ਠੀਕ ਰਹੇਗਾ ਕਿ ਮਹਾਰਾਜਾ ਪਟਿਆਲਾ ਨੂੰ ਕੋਈ ਜਵਾਬ ਨਾ ਭੇਜਿਆ ਜਾਵੇ'।

ਇਸ ਤੋਂ ਪਹਿਲਾਂ ਪੰਜਾਬ ਦੇ ਗਵਰਨਰ ਈਵਾਨ ਜੇਨਕਿੰਸ ਨੇ ਵੀ 21 ਜੁਲਾਈ ਨੂੰ ਵਾਇਸਰਾਏ ਨੂੰ ਪੱਤਰ ਲਿਖਿਆ ਸੀ ਕਿ ਉਹ ਪੰਜਾਬ ਬਾਰੇ ਹੱਦਬੰਦੀ ਕਮਿਸ਼ਨ ਦੇ ਫੈਸਲੇ ਦੀ ਅਗਾਊਂ ਜਾਣਕਾਰੀ ਚਾਹੁੰਦੇ ਹਨ। ਵਾਇਸਰਾਏ ਦੇ ਪਰਸਨਲ ਸੈਕਟਰੀ ਜੌਰਜ ਐਬਿਲ ਨੇ ਸਿਰਿਲ ਰੈਡਕਲਿਫ ਦੇ ਸੈਕਟਰੀ ਕ੍ਰਿਸਟੋਫਰ ਬਿਊਮੌਂਟ ਤੋਂ ਇਸ ਬਾਰੇ ਜਾਣਕਾਰੀ ਮੰਗੀ ਸੀ। ਬਿਊਮੌਂਟ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਜੌਰਜ ਐਬਿਲ ਨੇ ਪੰਜਾਬ ਦੇ ਗਵਰਨਰ ਦੇ ਸੈਕਟਰੀ ਸਟੂਅਰਟ ਐਬਟ ਨੂੰ 8 ਅਗਸਤ ਨੂੰ ਨਕਸ਼ੇ ਦੀ ਕਾਪੀ ਭੇਜੀ ਸੀ ਜਿਸ ਵਿਚ ਪੰਜਾਬ ਦੀ ਸੰਭਾਵੀ ਹੱਦਬੰਦੀ ਬਾਰੇ ਦੱਸਿਆ ਗਿਆ ਸੀ, ਨਾਲ ਹੀ ਲਿਖਿਆ ਸੀ ਕਿ ਇਸ ਵਿਚ ਬਹੁਤੇ ਫੇਰਬਦਲ ਦੀ ਸੰਭਾਵਨਾ ਨਹੀਂ ਹੈ।

*ਤੀਜਾ ਫੈਸਲਾ ਸੀ ਭਾਰਤ ਨਾਲ ਰਲਣ ਦਾ। ਕਾਰਨ ਕੋਈ ਵੀ ਹੋਣ, ਭਾਰਤ ਨਾਲ ਰਲਣ ਦਾ ਫੈਸਲਾ ਸਿੱਖਾਂ ਲਈ ਓਨਾਂ ਹੀ ਘਾਤਕ ਸਾਬਿਤ ਹੋਇਆ ਜਿੰਨੇ ਖਦਸ਼ੇ ਮਾਸਟਰ ਜੀ ਨੂੰ ਪਾਕਿਸਤਾਨ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਵਿਧਾਨ ਸਭਾ ਚੋਣਾਂ ਅਤੇ ਸਿਆਸੀ ਧਿਰਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵਕਤ ਵਿਧਾਨ ਸਭਾ ਚੋਣਾਂ ਦੇ ਰਾਹ ਉੱਤੇ ਪੈ ਚੁਕਾ ਹੈ। ਅਗਸਤ ਲੰਘਣ ਪਿੱਛੋਂ ਮਸਾਂ ਛੇ ਮਹੀਨੇ ਇਸ ਸਰਕਾਰ ਦੇ ਬਾਕੀ ਰਹਿ ਜਾਣਗੇ। ਪਿਛਲੀ ਵਾਰੀ ਚਾਰ ਫਰਵਰੀ ਨੂੰ ਵੋਟਾਂ ਪਈਆਂ ਅਤੇ ਗਿਆਰਾਂ ਮਾਰਚ ਨੂੰ ਨਤੀਜੇ ਆਏ ਸਨ ਤੇ ਸੋਲਾਂ ਮਾਰਚ ਨੂੰ ਕੈਪਟਨ ਸਰਕਾਰ ਬਣੀ ਸੀ। ਨਤੀਜੇ ਵਾਲੀ ਉਸ ਤਾਰੀਖ ਦਾ ਹਿਸਾਬ ਰੱਖਿਆ ਜਾਵੇ ਤਾਂ ਇੱਕ ਮਹੀਨਾ ਹੋਰ ਗਿਣ ਸਕਦੇ ਹਾਂ, ਪਰ ਚੋਣ ਜ਼ਾਬਤਾ ਸ਼ਾਇਦ ਇਸ ਵਾਰ ਨਵਾਂ ਸਾਲ ਚੜ੍ਹਦੇ ਸਾਰ ਲਾ ਦਿੱਤਾ ਜਾਵੇ, ਕਿਉਂਕਿ ਪੰਜਾਬ ਦੇ ਨਾਲ ਹੀ ਉੱਤਰ ਪ੍ਰਦੇਸ਼ ਅਤੇ ਤਿੰਨ ਹੋਰ ਰਾਜਾਂ ਵਿਚ ਵੀ ਚੋਣਾਂ ਹੋਣੀਆਂ ਹਨ। ਭਾਰਤ ਦਾ ਚੋਣ ਕਮਿਸ਼ਨ ਕਹਿਣ ਨੂੰ ਨਿਰਪੱਖ ਹੈ, ਪਰ ਅਸਲ ਵਿਚ ਕੇਂਦਰ ਦਾ ਰਾਜ ਚਲਾ ਰਹੀ ਧਿਰ ਜੇ ਤਾਕਤਵਰ ਹੋਵੇ ਤਾਂ ਉਸ ਦੇ ਕਹੇ ਬਿਨਾ ਖੰਘਦਾ ਨਹੀਂ ਹੁੰਦਾ ਤੇ ਉਸ ਪਾਰਟੀ ਦੀ ਲੋੜ ਦੇ ਹਿਸਾਬ ਹੀ ਅਗਲੀਆਂ ਚੋਣਾਂ ਦੀਆਂ ਤਰੀਕਾਂ ਮਿਥਦਾ ਹੁੰਦਾ ਹੈ। ਇਸ ਵਾਰੀ ਭਾਜਪਾ ਉੱਤਰ ਪ੍ਰਦੇਸ਼ ਵਿਚਲੇ ਹਿੱਤਾਂ ਦਾ ਖਿਆਲ ਕਰ ਕੇ ਉਸ ਨੂੰ ਕੁਝ ਅਗੇਤਾ ਇਹ ਕਦਮ ਚੁੱਕਣ ਨੂੰ ਆਖ ਸਕਦੀ ਹੈ, ਪਰ ਜੇ ਮਿਥੇ ਟਾਈਮ ਮੁਤਾਬਕ ਵੀ ਸਾਰਾ ਕੁਝ ਹੁੰਦਾ ਗਿਆ ਤਾਂ ਛੇ ਮਹੀਨੇ ਤੋਂ ਵੱਧ ਚੋਣਾਂ ਵਿਚ ਬਾਕੀ ਨਹੀਂ।

ਅੱਜ ਦੀ ਘੜੀ ਵਿਚ ਜਿੰਨਾ ਮੰਦਾ ਹਾਲ ਪੰਜਾਬ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਦਾ ਜਾਪਦਾ ਹੈ, ਉਸ ਤੋਂ ਵੱਧ ਪੰਜਾਬ ਵਿਚ ਭਾਜਪਾ ਨੂੰ ਛੱਡ ਕੇ ਕਿਸੇ ਵੀ ਹੋਰ ਪਾਰਟੀ ਦਾ ਸ਼ਾਇਦ ਨਹੀਂ ਹੋਣਾ। ਬੀਤੇ ਪੰਜ ਸਾਲਾਂ ਵਿਚ ਇਸ ਪਾਰਟੀ ਨੇ ਹਰ ਹੋਰ ਪਾਰਟੀ ਵਾਂਗ ਕੁਝ ਕੰਮ ਚੰਗੇ ਵੀ ਕੀਤੇ, ਜਾਂ ਕਹਿ ਲਓ ਕਿ ਇਸ ਤੋਂ ਹੋ ਗਏ ਹੋਣਗੇ, ਪਰ ਪਾਪਾਂ ਦੀ ਪੰਡ ਭਾਰੀ ਕਰਨ ਵਿਚ ਵੀ ਇਸ ਨੇ ਕੋਈ ਕਸਰ ਨਹੀਂ ਰੱਖੀ। ਚੋਣਾਂ ਵਿਚ ਕੁੱਦਣ ਵੇਲੇ ਕਿਸੇ ਜੰਗ ਵਿਚ ਚੱਲੀ ਫੌਜ ਵਿਚ ਤਾਲਮੇਲ ਦੀ ਲੋੜ ਵਾਂਗ ਰਾਜਸੀ ਮੈਦਾਨ ਦੀ ਹਰ ਧਿਰ ਨੂੰ ਵੀ ਪੂਰੇ ਤਾਲਮੇਲ ਦੀ ਲੋੜ ਹੁੰਦੀ ਹੈ ਅਤੇ ਜਿਸ ਪਾਰਟੀ ਦੇ ਤਾਲਮੇਲ ਦੀ ਘਾਟ ਹੋਵੇ, ਉਹ ਚੋਣਾਂ ਦੌਰਾਨ ਚੰਗੇ ਸਿੱਟੇ ਨਹੀਂ ਕੱਢ ਸਕਦੀ। ਇੱਕ ਵਕਤ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦੇ ਦੋ ਵੱਡੇ ਮਹਾਂਰਥੀ-ਜਗਦੇਵ ਸਿੰਘ ਤਲਵੰਡੀ ਤੇ ਗੁਰਚਰਨ ਸਿੰਘ ਟੌਹੜਾ ਚੋਣਾਂ ਮੌਕੇ ਏਨਾ ਦੁਖੀ ਕਰਦੇ ਹੁੰਦੇ ਸਨ ਕਿ ਆਖਰ ਨੂੰ ਲੜਾਈ ਕਾਂਗਰਸ ਨਾਲ ਘੱਟ ਤੇ ਆਪੋ ਵਿਚ ਇੱਕ-ਦੂਸਰੇ ਦੇ ਬੰਦੇ ਹਰਾਉਣ ਵਾਲੀ ਵੱਧ ਬਣ ਜਾਂਦੀ ਹੁੰਦੀ ਸੀ। ਫਿਰ ਕਾਂਗਰਸ ਵਿਚ ਇੱਕ ਮੌਕੇ ਇਹੋ ਕੁਝ ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਧੜਿਆਂ ਵੱਲੋਂ ਕੀਤਾ ਸੁਣਿਆ ਸੀ ਤੇ ਨਤੀਜਾ ਉਸ ਪਾਰਟੀ ਦੀ ਹੱਦੋਂ ਵੱਧ ਸ਼ਰਮਨਾਕ ਹਾਰ ਵਿਚ ਨਿਕਲਿਆ ਸੀ। ਉਸ ਦੇ ਬਾਅਦ ਦੋ ਵਾਰੀ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਧੜਿਆਂ ਦੀ ਖਹਿਬਾਜ਼ੀ ਨੇ ਇਸ ਪਾਰਟੀ ਦੀ ਬੇੜੀ ਡੋਬੀ ਸੀ। ਇਸ ਵਕਤ ਇਸ ਪਾਰਟੀ ਮੂਹਰੇ ਫਿਰ ਇਹੋ ਔਕੜ ਸਿਰ ਚੁੱਕੀ ਖੜੋਤੀ ਦਿੱਸਦੀ ਹੈ। ਕਈ ਲੋਕ ਕਾਂਗਰਸ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਇਸ ਸਥਿਤੀ ਦਾ ਦੋਸ਼ ਦੇ ਰਹੇ ਹਨ ਅਤੇ ਕਈ ਹੋਰ ਕੈਪਟਨ ਧੜੇ ਉੱਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਅੰਦਰ-ਖਾਤੇ ਵਾਲੇ ਸਮਝੌਤੇ ਦੀ ਨੰਗੀ-ਮੁੰਗੀ ਚਰਚਾ ਵੀ ਚਸਕੇ ਲੈ-ਲੈ ਕਰਦੇ ਹਨ। ਪਾਰਟੀ ਡੁੱਬਣ ਦੀ ਚਿੰਤਾ ਦੋਵਾਂ ਧੜਿਆਂ ਨੂੰ ਕੋਈ ਨਹੀਂ ਜਾਪਦੀ।

ਦੂਸਰੇ ਪਾਸੇ ਅਕਾਲੀ ਦਲ ਦਾ ਪ੍ਰਧਾਨ ਆਪਣੇ ਨਾਲੋਂ ਟੁੱਟੇ ਧਿਰਾਂ ਅਤੇ ਧੜਿਆਂ ਨੂੰ ਅੱਖੋਂ ਪਰੋਖੇ ਕਰਨ ਦੇ ਬਾਅਦ ਹਰ ਮੰਦੇ-ਚੰਗੇ ਬੰਦੇ ਨੂੰ ਆਪਣੇ ਨਾਲ ਜੋੜ ਕੇ ਆਪਣਾ ਲਸ਼ਕਰ ਭਾਰਾ ਕਰਨ ਰੁੱਝਾ ਪਿਆ ਹੈ। ਜਿਨ੍ਹਾਂ ਨੇ ਕੱਲ੍ਹ ਤੱਕ ਬਾਦਲ ਬਾਪ-ਬੇਟੇ ਖਿਲਾਫ ਕਈ ਊਟ-ਪਟਾਂਗ ਕਿੱਸੇ ਸਟੇਜਾਂ ਲਾ-ਲਾ ਕੇ ਲੋਕਾਂ ਨੂੰ ਸੁਣਾਏ ਸਨ, ਸੁਖਬੀਰ ਸਿੰਘ ਬਾਦਲ ਉਨ੍ਹਾਂ ਦੇ ਨਾਲ ਵੀ ਨੇੜਤਾ ਬਣਾ ਰਿਹਾ ਹੈ। ਦੂਸਰੀਆਂ ਪਾਰਟੀਆਂ ਵਿਚੋਂ ਲੋਕਾਂ ਵਿਚ ਮਾੜਾ-ਮੋਟਾ ਅਸਰ ਰੱਖਦੇ ਹਰ ਬੰਦੇ ਨੂੰ ਤੋੜਨ ਲਈ ਉਹ ਰਾਤ-ਦਿਨ ਇੱਕ ਕਰੀ ਜਾਂਦਾ ਹੈ। ਭਾਜਪਾ ਨਾਲੋਂ ਗੱਠਜੋੜ ਟੁੱਟਣ ਦੇ ਬਾਅਦ ਸਮਝਿਆ ਜਾਂਦਾ ਸੀ ਕਿ ਉਸ ਦੀ ਪਾਰਟੀ ਤੋਂ ਕੇਰਾ ਸ਼ੁਰੂ ਹੋ ਸਕਦਾ ਹੈ, ਪਰ ਹੋਇਆ ਇਸ ਤੋਂ ਉਲਟ ਕਿ ਉਹ ਭਾਜਪਾ ਦੇ ਕਈ ਵੱਡੇ ਲੀਡਰਾਂ ਅਤੇ ਸਾਬਕਾ ਮੰਤਰੀਆਂ ਜਾਂ ਵਿਧਾਇਕਾਂ ਨੂੰ ਖਿੱਚ ਕੇ ਆਪਣੇ ਨਾਲ ਲੈ ਆਇਆ ਹੈ। ਉਸ ਨੂੰ ਇਸ ਗੱਲ ਦੀ ਖੁੱਲ੍ਹ ਹੈ ਕਿ ਕਿਸੇ ਨੂੰ ਕਿਸੇ ਹਲਕੇ ਵਿਚ ਉਮੀਦਵਾਰ ਐਲਾਨਣਾ ਹੈ ਤਾਂ ਨਾ ਕਾਂਗਰਸ ਵਾਂਗ ਸੋਨੀਆ ਗਾਂਧੀ ਦੇ ਦਰਬਾਰੀਆਂ ਤੋਂ ਲਿਸਟ ਪਾਸ ਕਰਾਉਣੀ ਪੈਂਦੀ ਹੈ ਤੇ ਨਾ ਅਰਵਿੰਦ ਕੇਜਰੀਵਾਲ ਦੇ ਕਿਸੇ ਹਵਾਈ ਕਮਾਂਡਰ ਨੂੰ ਪੁੱਛਣਾ ਪੈਂਦਾ ਹੈ। ਅੱਜ ਕਿਸੇ ਨੂੰ ਉਹ ਪਾਰਟੀ ਵਿਚ ਸ਼ਾਮਲ ਕਰੇ ਅਤੇ ਖੜ੍ਹੇ ਪੈਰ ਕਿਸੇ ਹਲਕੇ ਦਾ ਉਮੀਦਵਾਰ ਐਲਾਨ ਵੀ ਕਰ ਦੇਵੇ ਤਾਂ ਕੋਈ ਉਸ ਨੂੰ ਪੁੱਛਣ ਵਾਲਾ ਨਹੀਂ, ਆਪਣੇ-ਆਪ ਵਿਚ ਸਮੁੱਚੀ ਹਾਈ-ਕਮਾਂਡ ਉਹ ਖੁਦ ਹੀ ਹੈ, ਬਾਕੀ ਅਹੁਦੇਦਾਰ ਸਿਰਫ ਹਾਂ ਵਿਚ ਹਾਂ ਮਿਲਾਉਣ ਨੂੰ ਰੱਖੇ ਹਨ। ਜਿਹੜਾ ਜ਼ਰਾ ਕੁ ਹਾਮੀ ਨਾ ਭਰਦਾ ਜਾਪੇ, ਉਸ ਦਾ ਆਪਣਾ ਪੱਤਾ ਕੱਟਿਆ ਜਾ ਸਕਦਾ ਹੈ। ਪੰਜਾਬ ਕਾਂਗਰਸ ਦੇ ਕਈ ਲੀਡਰ ਪਿਛਲੇ ਦਿਨਾਂ ਵਿਚ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ ਤਾਂ ਇਹ ਚਰਚਾ ਆਮ ਹੈ ਕਿ ਉਨ੍ਹਾਂ ਨੂੰ ਇੱਕ ਖਾਸ ਧੜਾ ਇੱਕ ਨੀਤੀ ਅਧੀਨ ਖੁਦ ਉਸ ਪਾਸੇ ਭੇਜ ਰਿਹਾ ਹੈ, ਪਰ ਕਾਂਗਰਸ ਇਸ ਚਰਚਾ ਦਾ ਖੰਡਨ ਵੀ ਨਹੀਂ ਕਰਦੀ।

ਭਾਜਪਾ ਆਪਣੀ ਹਾਈ ਕਮਾਂਡ ਉੱਤੇ ਟੇਕ ਰੱਖੀ ਬੈਠੀ ਹੈ। ਉਨ੍ਹਾਂ ਨੂੰ ਅੱਜ ਦੀ ਘੜੀ ਪਿੰਡਾਂ-ਸ਼ਹਿਰਾਂ ਵਿਚ ਜਾਣ ਲੱਗਿਆਂ ਇਹ ਡਰ ਰਹਿੰਦਾ ਹੈ ਕਿ ਕੋਈ ਕਿਸਾਨ ਜਥਾ ਰਾਹ ਘੇਰਨ ਨਾ ਆ ਜਾਵੇ, ਪਰ ਇਹ ਆਸ ਉਨ੍ਹਾਂ ਦੇ ਹਰ ਛੋਟੇ-ਵੱਡੇ ਆਗੂ ਨੂੰ ਹੈ ਕਿ ਅਗਲੇ ਦਿਨਾਂ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਨੇ ਕਿਸਾਨਾਂ ਦਾ ਮੁੱਦਾ ਇਸ ਤਰ੍ਹਾਂ ਸਿਰੇ ਲਾ ਦੇਣਾ ਹੈ ਕਿ ਪੱਕੇ ਹੋਏ ਬੇਰ ਵਾਂਗ ਪੰਜਾਬ ਉਨ੍ਹਾਂ ਦੀ ਝੋਲੀ ਵਿਚ ਆ ਪਵੇਗਾ। ਸਾਨੂੰ ਇਸ ਵਿਚ ਕੋਈ ਦਮ ਨਹੀਂ ਜਾਪਦਾ, ਪਰ ਭਾਜਪਾ ਲੀਡਰ ਇਸ ਬਾਰੇ ਮੁਕੰਮਲ ਭਰੋਸੇ ਵਿਚ ਹਨ। ਸ਼ਾਇਦ ਉਨ੍ਹਾਂ ਨੂੰ ਕੇਂਦਰੀ ਲੀਡਰਾਂ ਨੇ ਕੰਨਾਂ ਵਿਚ ਇਹ ਫੂਕ ਮਾਰੀ ਹੋਵੇ, ਇਸ ਲਈ ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਹਾਲ ਦੀ ਘੜੀ ਪੰਜਾਬ ਦੀ ਕੋਈ ਸਿਆਸੀ ਧਿਰ ਉਨ੍ਹਾਂ ਨਾਲ ਕੋਈ ਸਬੰਧ ਰੱਖਣ ਬਾਰੇ ਸੋਚ ਤੱਕ ਨਹੀਂ ਸਕਦੀ ਅਤੇ ਇਕੱਲੀ ਭਾਜਪਾ ਇਸ ਰਾਜ ਵਿਚ ਚੋਣਾਂ ਜਿੱਤਣ ਦਾ ਸੁਫਨਾ ਜਿੰਨਾ ਮਰਜ਼ੀ ਲਵੇ, ਅੰਗੂਰ ਉਸ ਲਈ ਅਜੇ ਖੱਟੇ ਜਾਪਦੇ ਹਨ।

ਪੰਜਾਬ ਦੇ ਲੋਕਾਂ ਵਿਚ ਇਸ ਵੇਲੇ ਇੱਕ ਧਿਰ ਆਮ ਆਦਮੀ ਪਾਰਟੀ ਦੀ ਆਪਣੀ ਥਾਂ ਬਣਾਈ ਜਾ ਰਹੀ ਹੈ। ਸੋਚਣ ਦੇ ਪੱਖ ਤੋਂ ਲੋਕ ਉਸ ਦੇ ਹੱਕ ਵਿਚ ਬੋਲਦੇ ਜਾਪਦੇ ਹਨ ਅਤੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਸਭ ਨੂੰ ਵੇਖ ਚੁਕੇ ਹਾਂ, ਇਸ ਵਾਰੀ ਇਹ ਨਵੀਂ ਧਿਰ ਵੇਖਣੀ ਹੈ, ਪਰ ਇਹ ਗੱਲ ਉਹੀ ਲੋਕ ਕਹਿੰਦੇ ਹਨ, ਜਿਹੜੇ ਚੁੱਪ ਨਹੀਂ ਰਹਿਣ ਵਾਲੇ। ਹਰ ਚੋਣ ਵਿਚ ਇੱਕ ਚੁੱਪ ਬਹੁ-ਗਿਣਤੀ ਹੁੰਦੀ ਹੈ, ਜਿਹੜੀ ਕੁਝ ਬੋਲਦੀ ਨਹੀਂ ਹੁੰਦੀ, ਅੰਤਲੇ ਨਿਰਣੇ ਵਿਚ ਕਿਸ ਦੇ ਵੱਲ ਨੂੰ ਭੁਗਤ ਜਾਵੇ, ਕਦੇ ਵੀ ਪਤਾ ਨਹੀਂ ਲੱਗਦਾ ਹੁੰਦਾ। ਇਸ ਵਾਰੀ ਲੋਕਾਂ ਵਿਚ ਚਰਚਾ ਦਾ ਰੰਗ ਵੇਖਣਾ ਹੈ ਤਾਂ ਇਸ ਪਾਰਟੀ ਦੇ ਪੱਖ ਵਿਚ ਦਿੱਸਦਾ ਹੈ, ਪਰ ਇਹੋ ਜਿਹਾ ਰੰਗ ਪਿਛਲੀ ਵਾਰੀ ਵੀ ਦਿੱਸਦਾ ਸੀ, ਬਾਅਦ ਵਿਚ ਜਦੋਂ ਅਸਲੀ ਪ੍ਰਭਾਵ ਚੋਣਾਂ ਦੀ ਨਬਜ਼ ਪਰਖਣ ਵਾਲੇ ਪੱਤਰਕਾਰਾਂ ਨੂੰ ਦਿੱਸ ਚੁਕਾ ਸੀ, ਇਸ ਦੀ ਲੀਡਰਸ਼ਿਪ ਉਦੋਂ ਵੀ ਸੱਚ ਵੇਖਣ ਨੂੰ ਤਿਆਰ ਨਹੀਂ ਸੀ ਹੋ ਰਹੀ। ਅੱਜ ਕੱਲ੍ਹ ਉਸ ਦੇ ਆਗੂ ਮੰਨਦੇ ਹਨ ਕਿ ਪਿਛਲੀ ਵਾਰੀ ਉਨ੍ਹਾਂ ਨੇ ਜਿੱਤੀ ਹੋਈ ਚੋਣ ਹਾਰੀ ਸੀ ਤੇ ਇਸ ਵਾਰੀ ਪਿਛਲੀਆਂ ਭੁੱਲਾਂ ਤੋਂ ਸਿੱਖ ਕੇ ਚੱਲਣਗੇ, ਪਰ ਗਲਤੀਆਂ ਕਰਨ ਤੋਂ ਉਹ ਅਜੇ ਵੀ ਨਹੀਂ ਹਟਦੇ। ਇਹ ਗੱਲ ਹਰ ਕੋਈ ਕਹਿੰਦਾ ਹੈ ਕਿ ਇਹ ਪਾਰਟੀ ਜਦੋਂ ਤੱਕ ਇਸ ਰਾਜ ਦੇ ਲੋਕਾਂ ਸਾਹਮਣੇ ਮੁੱਖ ਮੰਤਰੀ ਦਾ ਕੋਈ ਸਾਊ ਚਿਹਰਾ ਅਤੇ ਉਹ ਵੀ ਪੰਜਾਬੀ ਲੋਕਾਂ ਦਾ ਜਾਣਿਆ-ਪਛਾਣਿਆ ਪੇਸ਼ ਨਹੀਂ ਕਰ ਦਿੰਦੀ, ਇਸ ਬਾਰੇ ਆਪਣੀ ਰਾਏ ਬਣਾਉਣੀ ਔਖੀ ਹੈ। ਆਮ ਆਦਮੀ ਪਾਰਟੀ ਦੇ ਕੇਂਦਰੀ ਦਫਤਰ ਨੂੰ ਵਾਰ-ਰੂਮ ਸਮਝ ਕੇ ਨੀਤੀਆਂ ਚਲਾਉਣ ਵਾਲਿਆਂ ਨੂੰ ਇਸ ਉਲਝਣ ਦਾ ਕੋਈ ਹੱਲ ਅਜੇ ਤੱਕ ਨਹੀਂ ਲੱਭਾ, ਜਾਂ ਉਹ ਢੁਕਵੇਂ ਵਕਤ ਦੀ ਉਡੀਕ ਵਿਚ ਹਨ, ਇਹ ਗੱਲ ਸਿਰਫ ਉਹੀ ਜਾਣਦੇ ਹੋ ਸਕਦੇ ਹਨ।

ਅੱਜ ਦੀ ਘੜੀ ਜਿੰਦਾਂ ਦੇ ਹਾਲਾਤ ਹਨ, ਉਨ੍ਹਾਂ ਦੇ ਹੁੰਦਿਆਂ ਸਭ ਤੋਂ ਮਾੜੀ ਹਾਲਤ ਭਾਜਪਾ ਦੀ, ਉਸ ਪਿੱਛੋਂ ਪਾਟਕ ਦਾ ਸ਼ਿਕਾਰ ਹੋਈ ਕਾਂਗਰਸ ਦੀ ਹੈ ਤੇ ਟੱਕਰ ਦੀਆਂ ਧਿਰਾਂ ਦੂਸਰੀਆਂ ਦੋ ਜਾਪਦੀਆਂ ਹਨ, ਪਰ ਅਗਲੇ ਦਿਨਾਂ ਵਿਚ ਇਹੋ ਜਿਹਾ ਪ੍ਰਭਾਵ ਕਾਇਮ ਰਹੇਗਾ, ਇਸ ਦੀ ਗਾਰੰਟੀ ਨਹੀਂ। ਕਾਂਗਰਸ ਦੀ ਇੱਕ ਵੱਡੀ ਧਿਰ ਅੱਜ ਵੀ ਇਸ ਵਹਿਮ ਵਿਚ ਹੈ ਕਿ ਸਾਡੇ ਮੁਕਾਬਲੇ ਦੀ ਕੋਈ ਟੀਮ ਹੀ ਮੌਜੂਦ ਨਹੀਂ ਤਾਂ ਲੋਕਾਂ ਨੂੰ ਅਗਲੀਆਂ ਚੋਣਾਂ ਵਿਚ ਫਿਰ ਸਾਡੇ ਪੱਖ ਵਿਚ ਹੀ ਭੁਗਤਣਾ ਪੈਣਾ ਹੈ। ਜਦੋਂ ਪਾਰਟੀ ਦੀ ਗੱਡ ਚਿੱਕੜ ਵਿਚ ਫਸੀ ਸਾਰੇ ਲੋਕਾਂ ਨੂੰ ਦਿੱਸਦੀ ਹੈ, ਉਦੋਂ ਵੀ ਇਸ ਦੇ ਸਵਾਰ ਜੂਲੇ ਉੱਤੇ ਬਹਿਣ ਲਈ ਲੜੀ ਜਾਂਦੇ ਹਨ। ਜਿਹੜਾ ਇੱਕ ਹੋਰ ਪੱਖ ਇਸ ਵਾਰੀ ਇਸ ਰਾਜ ਦੀ ਚੋਣ ਵਿਚ ਅਸਰ ਪਾਉਣ ਵਾਲਾ ਹੈ, ਉਹ ਪੰਜਾਬ ਦੀ ਅਫਸਰਸ਼ਾਹੀ ਹੈ, ਜਿਸ ਨੇ ਪਹਿਲੀ ਵਾਰ ਪੂਰੇ ਪੰਜ ਸਾਲ ਖੁਦ ਸਰਕਾਰ ਚਲਾ ਕੇ ਵੇਖੀ ਹੈ ਤੇ ਅਗਲੀ ਵਾਰੀ ਲਈ ਫਿਰ ਇਸ ਕੋਸ਼ਿਸ਼ ਵਿਚ ਹੈ ਕਿ ਉਸ ਪਾਰਟੀ ਨੂੰ ਜਿਤਾਉਣ ਦਾ ਜ਼ੋਰ ਲਾਇਆ ਜਾਵੇ, ਜਿਹੜੀ ਉਨ੍ਹਾਂ ਦੇ ਖਾਣ-ਪੀਣ ਵਿਚ ਕੋਈ ਵਿਘਨ ਨਾ ਪਾਵੇ। ਜਿਹੜੇ ਨਜ਼ਾਰੇ ਇਸ ਸ਼੍ਰੇਣੀ ਨੇ ਪਿਛਲੇ ਪੰਜ ਸਾਲ ਬਿਨਾ ਰੋਕ ਤੋਂ ਮਾਣੇ ਹਨ, ਉਨ੍ਹਾਂ ਕਾਰਨ ਇਸ ਚੋਣ ਵਿਚ ਇਹ ਵੀ ਇੱਕ ਅਣਦਿੱਸਦੀ ਧਿਰ ਜ਼ਰੂਰ ਬਣੇਗੀ।

---

# ਸੰਤਾਲੀ ਦੀ ਵੰਡ ਅਤੇ ਸਿੱਖ ਲੀਡਰਸ਼ਿਪ ਦਾ ਰੋਲ-2

*(ਪਿਛਲੇ ਸਫੇ ਦੀ ਬਾਕੀ)*

ਨਾਲ ਰਲਣ ਬਾਰੇ ਸਨ। ਇਸ ਫੈਸਲੇ ਲਈ ਸਿੱਖ ਆਗੂ ਕਰੜੀ ਅਲੋਚਨਾ ਦੇ ਹੱਕਦਾਰ ਹਨ ਪਰ ਉਹ ਉਸ ਵਕਤ ਠੱਗੇ ਗਏ ਸਨ। ਠੱਗੇ ਜਾਣ ਵਾਲਾ ਬਰਾਬਰ ਦਾ ਦੋਸ਼ੀ ਨਹੀਂ ਹੋ ਸਕਦਾ, ਦੋਸ਼ੀ ਠੱਗਣ ਵਾਲਾ ਹੁੰਦਾ ਹੈ। ਅਸੀਂ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕਰਨ ਵਾਲੇ, ਉਸ ਦਾ ਧਰਮ, ਮਾਂ, ਬਚਪਨ, ਰਾਜ, ਹੱਕ, ਵਿਰਾਸਤ ਖੋਹਣ ਵਾਲੇ ਅੰਗਰੇਜ਼ਾਂ ਨੂੰ 1947 ਦੇ ਸਮੁੱਚੇ ਵਰਤਾਰੇ ਵਿਚੋਂ ਬੜੀ ਸਫਾਈ ਨਾਲ ਬਰੀ ਹੀ ਨਹੀਂ ਕਰਦੇ, ਉਲਟਾ ਸੋਹਲੇ ਗਾਉਣ ਲਗਦੇ ਹਾਂ ਕਿ ਅੰਗਰੇਜ਼ ਤਾਂ ਸਾਨੂੰ ਵੱਖਰਾ ਰਾਜ ਦਿੰਦੇ ਸਨ ਪਰ ਸਾਡੇ ਲੀਡਰ ਖਤਾ ਖਾ ਗਏ। ਇਉਂ ਨਹਿਰੂ-ਗਾਂਧੀ ਸਾਡੇ ਲਈ ਦੂਜੇ ਦਰਜੇ ਦੇ ਦੋਸ਼ੀ ਹੋ ਨਿਬੜਦੇ ਹਨ।

ਮੇਰੀ ਅੱਜ ਤੱਕ ਦੀ ਖੋਜ ਮੁਤਾਬਿਕ ਇਕ ਵੀ ਤੱਥ ਅਜਿਹਾ ਨਹੀਂ ਮਿਲਿਆ ਜਿੱਥੇ ਅੰਗਰੇਜ਼ ਸਿੱਖਾਂ ਨੂੰ ਵੱਖਰਾ ਰਾਜ ਪੇਸ਼ ਕਰ ਰਹੇ ਹੋਣ ਪਰ ਇਹ ਗੱਲ ਪ੍ਰਚਾਰੀ ਇਸੇ ਤਰ੍ਹਾਂ ਗਈ ਹੈ। ਇਹ ਓਨਾ ਈ ਵੱਡਾ ਝੂਠ ਹੈ, ਜਿਵੇਂ ਡਾਕਟਰ ਅੰਬੇਡਕਰ ਦੇ ਸਿੱਖੀ ਧਾਰਨ ਨਾ ਕਰਨ ਪਿੱਛੇ ਜ਼ਿੰਮੇਵਾਰ ਮਾਸਟਰ ਤਾਰਾ ਸਿੰਘ ਨੂੰ ਬਣਾਇਆ ਗਿਆ ਹੈ, ਜਿਵੇਂ ਜੱਲਿਆਂਵਾਲਾ ਬਾਗ ਦੇ ਸਾਕੇ ਲਈ ਦਾਨਸ਼ਿਵਰ ਸਿੱਖ ਆਗੂ ਸਰ ਸੁੰਦਰ ਸਿੰਘ ਮਜੀਠੀਆ ਜ਼ਿੰਮੇਵਾਰ ਬਣਾਇਆ ਜਾ ਰਿਹਾ ਹੈ। ਗੱਲ ਇਵੇਂ ਪ੍ਰਚਾਰੀ ਗਈ ਹੈ ਜਿਵੇਂ ਖਾਲਿਸਤਾਨ ਲੱਡੂਆਂ ਦਾ ਡੱਬਾ ਹੋਵੇ ਤੇ ਮਾਊਂਟਬੈਟਨ ਮਾਸਟਰ ਜੀ ਨੂੰ ਪੇਸ਼ ਕਰਨ ਆਇਆ ਹੋਵੇ ਤੇ ਅੱਗਿਓਂ ਉਨ੍ਹਾਂ ਲੈਣ ਤੋਂ ਇਨਕਾਰ ਕਰ ਦਿੱਤਾ ਹੋਵੇ। ਇਹ ਸਾਡੇ ਅੰਦਰ ਵਸੀ ਅੰਗਰੇਜ਼-ਭਗਤੀ ਦਾ ਰੰਗ ਹੈ।

ਅੱਜ ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਬਰਤਾਨੀਆ ਸ਼ਾਸਨ ਦੀਆਂ ਨੀਤੀਆਂ ਦੇ ਰੰਗ ਉਘੜ ਰਹੇ ਹਨ, ਤੇ ਅਸੀਂ ਇਸ ਭਰਮ ਵਿਚ ਹਾਂ ਕਿ ਅੰਗਰੇਜ਼ ਸ਼ਾਸਕ ਤਾਂ ਚੰਗੇ ਬੜੇ ਸਨ। ਇਹ ਗੱਲ ਮੈਂ 2018 ਵਿਚ ਸੈਨ ਫਰਾਂਸਿਸਕੋ ਨਗਰ ਕੀਰਤਨ ਦੌਰਾਨ ਕਹੀ ਸੀ ਕਿ ਸਿੱਖਾਂ ਵਿਚ ਹੀਣ-ਭਾਵਨਾ ਭਰੀ ਜਾ ਰਹੀ ਹੈ ਕਿ ਤੁਹਾਡੇ ਦੁੱਖਾਂ ਲਈ ਤੁਸੀਂ ਖੁਦ ਜ਼ਿੰਮੇਵਾਰ ਹੋ, ਇਹਦਾ ਸ਼ਿਕਾਰ 1947 ਦੇ ਪ੍ਰਸੰਗ ਵਿਚ ਮਾਸਟਰ ਤਾਰਾ ਸਿੰਘ ਵੀ ਬਣਿਆ ਹੈ। ਇਸ ਗੱਲ ਦੇ ਦਰਜਨਾਂ ਸਬੂਤ ਹਨ ਕਿ ਸਿੱਖ ਆਗੂ ਵੱਖਰਾ ਸਿੱਖ ਰਾਜ ਮੰਗ ਰਹੇ ਸਨ, ਇਸ ਗੱਲ ਦੇ ਵੀ ਸਬੂਤ ਹਨ ਕਿ ਅੰਗਰੇਜ਼ ਸਿੱਖਾਂ ਨੂੰ ਵੱਖਰਾ ਰਾਜ ਦੇਣ ਤੋਂ ਇਨਕਾਰੀ ਸਨ ਪਰ ਜਿਨ੍ਹਾਂ ਦਾ ਹੁਣ ਤੱਕ ਦਾ ਕੋਰਸ ਇਹ ਰਿਹਾ ਕਿ ਅੰਗਰੇਜ਼ ਬੜੇ ਚੰਗੇ ਸਨ, ਸਾਡੇ ਲੀਡਰ ਹੀ ਗੱਦਾਰ ਨਿਕਲੇ, ਉਹ ਮੰਨਦੇ ਨਹੀਂ। ਅੰਗਰੇਜ਼ ਤਾਂ ਹਿੰਦੋਸਤਾਨ ਦਾ ਹਾਕਮ ਸੀ, ਉਸ ਫੈਸਲਾ ਕਰਨਾ ਸੀ, ਜਿਵੇਂ ਮਰਜ਼ੀ ਕਰ ਸਕਦਾ ਸੀ। ਜੇ ਉਸ ਸਿੱਖਾਂ ਨੂੰ ਵੱਖਰਾ ਦੇਸ਼ ਦੇਣਾ ਹੁੰਦਾ ਤਾਂ ਕੌਣ ਰੋਕ ਸਕਦਾ ਸੀ? ਮਹਾਰਾਣੀ ਜਿੰਦ ਕੌਰ ਦਾ ਦੇਸ ਪੰਜਾਬ ਦੀ ਧਰਤੀ 'ਤੇ ਸਸਕਾਰ ਨਾ ਕਰਨ ਦੇਣ ਵਾਲੇ ਗੋਰੇ ਸਾਨੂੰ ਵੱਖਰਾ ਰਾਜ ਦੇ ਰਹੇ ਸਨ? ਮਹਾਰਾਜਾ ਦਲੀਪ ਸਿੰਘ ਦੀ ਰਾਖ ਰੋਲਣ ਵਾਲੇ ਸਾਨੂੰ ਤਾਜ ਮੋੜ ਰਹੇ ਸਨ? ਪਰ ਸੈਨ ਫਰਾਂਸਿਸਕੋ ਦੀ ਉਸੇ ਸਟੇਜ ਤੋਂ ਸਿੱਖ ਵਿਦਵਾਨ ਡਾਕਟਰ ਅਮਰਜੀਤ ਸਿੰਘ ਵਾਸ਼ਿੰਗਟਨ ਅਤੇ ਸਿੱਖਸ ਫਾਰ ਜਸਟਿਸ ਦੇ ਜਤਿੰਦਰ ਸਿੰਘ ਗਰੇਵਾਲ ਨੇ ਮੈਥੋਂ ਬਾਅਦ ਕੀਤੇ ਭਾਸ਼ਣ ਵਿਚ ਮੇਰੀ ਅਲੋਚਨਾ ਕੀਤੀ। ਸ਼ਾਮ ਨੂੰ ਫਰੀਮਾਂਟ ਗੁਰਦੁਆਰੇ ਵਿਚ ਮੋਹਤਬਰ ਸਿੱਖਾਂ ਦੀ ਗੈਰ ਰਸਮੀ ਮੁਲਾਕਾਤ ਵਿਚ ਇਸ ਤੱਥ ਬਾਰੇ ਚਰਚਾ ਹੋਈ।



*ਇਕ ਮੀਟਿੰਗ ਦੌਰਾਨ ਜਵਾਹਰ ਲਾਲ ਨਹਿਰੂ, ਸਰ ਸਿਰਿਲ ਰੈਡਕਲਿਫ ਅਤੇ ਮੁਹੰਮਦ ਅਲੀ ਜਿਨਾਹ।*

ਮੈਂ ਸਰ ਸਟੈਫਰਡ ਕ੍ਰਿਪਸ ਦਾ ਵਲੈਤ ਦੀ ਸੰਸਦ ਵਿਚ ਦਿੱਤਾ ਉਹ ਬਿਆਨ ਦਿਖਾਇਆ ਜਿਸ ਵਿਚ ਕ੍ਰਿਪਸ ਮੰਨਦਾ ਹੈ ਕਿ ਸਿੱਖ ਵੱਖਰਾ ਦੇਸ਼ ਮੰਗ ਰਹੇ ਹਨ। ਜਸਜੀਤ ਸਿੰਘ (ਬਲੈਕ ਪ੍ਰਿੰਸ) ਨੇ ਕਿਹਾ ਕਿ ਮੈਂ ਇੰਗਲੈਂਡ ਜਾ ਕੇ ਇਸ ਮੁੱਦੇ ਬਾਰੇ ਹੋਰ ਤੱਥ ਲੱਭਾਂਗਾ।

ਮੈਂ ਸਰ ਕ੍ਰਿਪਸ ਦੇ ਜੁਲਾਈ 1946 ਵਾਲੇ ਭਾਸ਼ਣ ਦਾ ਉਹ ਟੁਕੜਾ ਸਾਂਝਾ ਕਰਦਾ ਹਾਂ। ਕ੍ਰਿਪਸ ਦੇ ਸ਼ਬਦ ਸਨ: "ਮੁਸ਼ਕਿਲ ਇਸ ਗੱਲ ਦੀ ਨਹੀਂ ਕਿ ਅਸੀਂ ਸਿੱਖਾਂ ਦੀ ਮਹੱਤਤਾ ਨਹੀਂ ਸਮਝਦੇ ਸਗੋਂ ਮੁਸ਼ਕਿਲ ਉਥੋਂ ਦੇ ਭੂਗੋਲਿਕ ਤੱਥ ਹਨ। ਉਹ ਕੁਝ ਖਾਸ ਕਿਸਮ ਦਾ ਸਥਾਨ ਮੰਗ ਰਹੇ ਹਨ ਜਿਵੇਂ ਮੁਸਲਮਾਨਾਂ ਨੂੰ ਦਿੱਤਾ ਜਾ ਰਿਹਾ ਹੈ ਪਰ ਸਿੱਖ ਸਿਰਫ 55 ਲੱਖ ਦੀ ਗਿਣਤੀ ਵਾਲੀ ਬਹੁਤ ਛੋਟੀ ਕੌਮ ਹੈ। ਐਸ ਵੇਲੇ ਕੋਈ ਭੂਗੋਲਿਕ ਖੇਤਰ ਅਜਿਹਾ ਨਹੀਂ ਹੈ ਜਿਥੇ ਸਿੱਖਾਂ ਦਾ ਬਹੁਮਤ ਹੋਵੇ ਪਰ ਮੈਂ ਇਹ ਨਹੀਂ ਕਹਿੰਦਾ ਕਿ ਅਜਿਹਾ ਕੋਈ ਖੇਤਰ ਭਵਿੱਖ ਵਿਚ ਨਿਰਧਾਰਿਤ ਹੀ ਨਹੀਂ ਕੀਤਾ ਜਾ ਸਕਦਾ।"

ਖੈਰ, ਮਾਸਟਰ ਤਾਰਾ ਸਿੰਘ ਨੂੰ 21 ਫਰਵਰੀ 1949 ਨੂੰ ਨਰੇਲਾ ਰੇਲਵੇ ਸਟੇਸ਼ਨ ਤੋਂ ਦੇਸ਼ ਧ੍ਰੋਹ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ ਗਿਆ। ਉਹ ਇਕ ਕਾਨਫਰੰਸ ਵਿਚ ਭਾਗ ਲੈਣ ਦਿੱਲੀ ਜਾ ਰਹੇ ਸਨ। ਉਨ੍ਹਾਂ ਨੂੰ ਯੂਪੀ ਦੀ ਅਲਮੋੜਾ ਜੇਲ੍ਹ ਭੇਜਿਆ ਗਿਆ। ਜੇਲ੍ਹ ਵਿਚ ਸਾਰੇ ਮੁਸਲਿਮ, ਸਿੱਖ ਤੇ ਹਿੰਦੂ ਕੈਦੀਆਂ ਨੂੰ ਗੀਤ ਗਾਉਣ ਲਈ ਮਜਬੂਰ ਕੀਤਾ ਗਿਆ, ਇਹ ਗੀਤ ਸੀ: ਰਘੁਪਤੀ ਰਾਘਵ ਰਾਜਾ ਰਾਮ। ਜੇਲ੍ਹ ਦਾ ਮੁਸਲਿਮ ਜੇਲ੍ਹਰ ਆਪਣੀ ਨੌਕਰੀ ਖੁੱਸ ਜਾਣ ਦੇ ਡਰੋਂ ਇਸ ਧੱਕੇਸ਼ਾਹੀ ਖਿਲਾਫ ਬੋਲਣ ਤੋਂ ਡਰਦਾ ਸੀ। ਮਾਸਟਰ ਤਾਰਾ ਸਿੰਘ ਨੇ ਇਸ ਦਾ ਵਿਰੋਧ ਕੀਤਾ।

ਇਸ ਤੋਂ ਪਹਿਲਾਂ 26 ਫਰਵਰੀ 1948 ਨੂੰ 'ਦਿ ਟ੍ਰਿਬਿਊਨ' ਰਾਹੀਂ ਮਾਸਟਰ ਜੀ ਨੇ ਬਿਆਨ ਦਿੱਤਾ ਸੀ ਕਿ ਅਸੀਂ ਅਜਿਹਾ ਸੂਬਾ ਚਾਹੁੰਦੇ ਹਾਂ ਜਿੱਥੇ ਅਸੀਂ ਆਪਣੇ ਸੱਭਿਆਚਾਰ ਅਤੇ ਰੀਤੀ ਰਿਵਾਜਾਂ ਨੂੰ ਸੁਰੱਖਿਅਤ ਕਰ ਸਕੀਏ। ਸਾਡਾ ਸੱਭਿਆਚਾਰ ਹਿੰਦੂਆਂ ਨਾਲੋਂ ਵੱਖਰਾ ਹੈ। ਸਾਡਾ ਸੱਭਿਆਚਾਰ ਗੁਰਮੁਖੀ ਸੱਭਿਆਚਾਰ ਹੈ। ਸਾਡਾ ਸਾਹਿਤ ਵੀ ਗੁਰਮੁਖੀ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਇਹ ਫਿਰਕੂ ਮੰਗ ਹੈ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਇਹ ਅਧਿਕਾਰ ਹੈ ਕਿ ਪੰਥ ਲਈ ਧਾਰਮਕ, ਸਮਾਜਕ ਅਤੇ ਰਾਜਨੀਤਕ ਹੱਕ ਮੰਗਾਂ। ਜੇ ਤੁਸੀਂ ਇਸ ਨੂੰ ਫਿਰਕੂ ਸਮਝਦੇ ਹੋ ਤਾਂ ਹਾਂ, ਮੈਂ ਫਿਰਕੂ ਹਾਂ। ਮਾਸਟਰ ਜੀ ਨੂੰ ਸਿੱਖ ਕੋਟੇ ਵਿਚੋਂ ਰੱਖਿਆ ਮੰਤਰੀ ਬਣੇ ਬਲਦੇਵ ਸਿੰਘ ਤੋਂ ਕੋਈ ਸਹਿਯੋਗ ਨਹੀਂ ਸੀ ਮਿਲ ਰਿਹਾ।

ਭਾਰਤ ਦੀ ਸੰਵਿਧਾਨਕ ਅਸੈਂਬਲੀ ਨੂੰ ਮਾਸਟਰ ਜੀ ਨੇ 1948 ਦੇ ਅੱਧ ਵਿਚ ਮੰਗ ਪੱਤਰ ਵੀ ਦਿੱਤਾ। ਇਹ ਲਗਭਗ ਉਹੀ ਮੰਗਾਂ ਸਨ ਜਿਨ੍ਹਾਂ ਦੀ ਪੇਸ਼ਕਸ਼ ਜਿਨਾਹ ਨੇ ਸਿੱਖ ਆਗੂਆਂ ਨੂੰ ਕੀਤੀ ਸੀ। ਇਨ੍ਹਾਂ ਵਿਚ ਦਰਜ ਸੀ:

ਪੰਜਾਬ ਦੀ ਵਿਧਾਨ ਸਭਾ ਅਤੇ ਕੈਬਨਿਟ ਵਿਚ ਸਿੱਖਾਂ ਲਈ 50 ਫੀਸਦੀ ਰਾਖਵਾਂਕਰਨ ਹੋਵੇ।

ਪੰਜਾਬ ਵਿਚ ਗਵਰਨਰ ਅਤੇ ਮੁੱਖ ਮੰਤਰੀ ਵਿਚੋਂ ਹਮੇਸ਼ਾ ਇੱਕ ਸਿੱਖ ਅਤੇ ਇੱਕ ਹਿੰਦੂ ਹੋਵੇ।

ਪੰਜਾਬ ਦੀਆਂ ਨੌਕਰੀਆਂ ਵਿਚ 40 ਫੀਸਦੀ ਸਿੱਖ ਅਤੇ 60 ਫੀਸਦੀ ਹਿੰਦੂਆਂ ਲਈ ਰਾਖਵਾਂਕਰਨ ਹੋਵੇ।

ਕੇਂਦਰੀ ਅਸੈਂਬਲੀ ਵਿਚ ਸਿੱਖਾਂ ਲਈ 5 ਫੀਸਦੀ ਰਾਂਖਵਾਂਕਰਨ ਹੋਵੇ।

ਕੇਂਦਰ ਸਰਕਾਰ ਵਿਚ ਹਮੇਸ਼ਾ ਇੱਕ ਸਿੱਖ ਮੰਤਰੀ ਅਤੇ ਇੱਕ ਡਿਪਟੀ ਮੰਤਰੀ ਹੋਵੇ।

ਇਸ ਪੱਤਰ 'ਤੇ ਪ੍ਰਤਾਪ ਸਿੰਘ ਕੈਰੋਂ ਤੋਂ ਇਲਾਵਾ ਸਾਰੇ ਸਿੱਖ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ ਸੀ।

ਇਹ ਮੰਗ ਪੱਤਰ ਸੰਵਿਧਾਨ ਕਮੇਟੀ ਨੇ ਸਵੀਕਾਰ ਨਹੀਂ ਕੀਤਾ। ਹੈਰਾਨੀ ਦੀ ਗੱਲ ਸੀ ਕਿ ਤੀਜੀ ਸਿਆਸੀ ਧਿਰ ਹੋਣ ਦੇ ਬਾਵਜੂਦ ਮਹੱਤਵਪੂਰਨ ਸੰਵਿਧਾਨ ਕਮੇਟੀਆਂ ਵਿਚ ਕੋਈ ਵੀ ਸਿੱਖ ਨੁਮਾਇੰਦਾ ਫੈਸਲਾਕੁਨ ਹੈਸੀਅਤ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਮੈਂਬਰਾਂ ਦੀ ਹੈਸੀਅਤ ਵਿਚ ਕੁਝ ਸਿੱਖ ਸ਼ਾਮਿਲ ਸਨ ਜਿਨ੍ਹਾਂ ਵਿਚ ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਸਰਦਾਰ ਬਲਦੇਵ ਸਿੰਘ, ਸਰਦਾਰ ਹੁਕਮ ਸਿੰਘ, ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਚਾਚਾ ਸਰਦਾਰ ਭੁਪਿੰਦਰ ਸਿੰਘ ਮਾਨ ਦੇ ਨਾਮ ਵਰਣਨਯੋਗ ਹਨ। ਸੰਵਿਧਾਨ ਵਿਚ 25ਬੀ ਵਰਗੀਆਂ ਧਾਰਾਵਾਂ ਨੇ ਸਿੱਖਾਂ ਦੇ ਜ਼ਖਮਾਂ ਤੇ ਲੂਣ ਛਿੜਕਣ ਦਾ ਕੰਮ ਕੀਤਾ।

1909 ਦੇ ਅਨੰਦ ਮੈਰਿਜ ਐਕਟ ਨੂੰ ਰੱਦ ਕਰਕੇ ਹਿੰਦੂ ਮੈਰਿਜ ਐਕਟ, ਹਿੰਦੂ ਲੈਂਡ ਐਕਟ ਵਰਗੇ ਕਾਨੂੰਨਾਂ ਅਧੀਨ ਸਿੱਖਾਂ ਦੀ ਵੱਖਰੀ ਹਸਤੀ ਨੂੰ ਜਕੜ ਲਿਆ। ਅਕਸਰ ਕਿਹਾ ਜਾਂਦਾ ਹੈ ਕਿ ਦੋ ਸਿੱਖ ਨੁਮਾਇੰਦਿਆਂ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਨੇ ਸਿੱਖ ਕੌਮ ਦੇ ਹਿੱਤਾਂ ਦੀ ਰਾਖੀ ਨਾ ਕਰ ਸਕਣ ਦੇ ਰੋਸ ਵਜੋਂ ਸੰਵਿਧਾਨ 'ਤੇ ਦਸਤਖਤ ਨਹੀਂ ਸਨ ਕੀਤੇ। ਇਸ ਗੱਲ ਦੀ ਪੁਖਤਾ ਜਾਣਕਾਰੀ ਲਈ ਸਾਨੂੰ ਸੰਵਿਧਾਨ ਦੀ ਪਹਿਲੀ ਕਾਪੀ ਪ੍ਰਾਪਤ ਨਹੀਂ ਹੋ ਸਕੀ ਪਰ ਇਹ ਗੱਲ ਜ਼ਰੂਰ ਸਾਹਮਣੇ ਆਈ ਕਿ ਸਰਦਾਰ ਹੁਕਮ ਸਿੰਘ ਇਸ ਤੋਂ ਬਾਅਦ ਭਾਰਤ ਸਰਕਾਰ ਵਿਚ ਕਾਫੀ ਉਚ ਅਹੁਦਿਆਂ 'ਤੇ ਰਹੇ। ਉਹ ਪਹਿਲੀ ਅਤੇ ਦੂਜੀ ਲੋਕ ਸਭਾ ਵਿਚ ਡਿਪਟੀ ਸਪੀਕਰ ਰਹੇ। ਪਹਿਲਾਂ ਅਕਾਲੀ ਦਲ ਦੀ ਟਿਕਟ 'ਤੇ ਜਿੱਤੇ, ਫਿਰ ਕੱਟੜ ਹਿੰਦੂ ਲੀਡਰ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਪਾਰਟੀ ਵਿਚ ਸ਼ਾਮਿਲ ਹੋ ਗਏ। ਤੀਜੀ ਵਾਰ ਪਟਿਆਲਾ ਤੋਂ ਕਾਂਗਰਸ ਦੀ ਟਿਕਟ 'ਤੇ ਜਿੱਤੇ। 1967 ਤੋਂ 1972 ਤੱਕ ਉਹ ਰਾਜਸਥਾਨ ਦੇ ਰਾਜਪਾਲ ਵੀ ਰਹੇ।

ਖੈਰ, ਛੇਤੀ ਹੀ ਸਮੇਂ ਅਤੇ ਸਿਆਸਤਦਾਨਾਂ ਨੇ ਰੰਗ ਬਦਲ ਲਏ। ਬਲਦੇਵ ਸਿੰਘ ਨੂੰ ਕੁਝ ਸਮੇਂ ਬਾਅਦ ਹੀ ਪੰਡਤ ਨਹਿਰੂ ਨੇ ਅਹਿਸਾਸ ਕਰਵਾ ਦਿੱਤਾ ਕਿ ਰਾਜਾ ਕੌਣ ਹੈ! ਬਲਦੇਵ ਸਿੰਘ 1952 ਵਿਚ ਕਾਂਗਰਸ ਦੀ ਟਿਕਟ 'ਤੇ ਮੈਂਬਰ ਪਾਰਲੀਮੈਂਟ ਤਾਂ ਬਣ ਗਿਆ ਪਰ ਉਸ ਨੂੰ ਨਹਿਰੂ ਕੈਬਨਿਟ ਵਿਚ ਜਗ੍ਹਾ ਨਹੀਂ ਮਿਲ ਸਕੀ।

*(ਸਮਾਪਤ)*

# ਕੈਮਰਾ ਪਾਵੇ ਦਰਦ ਦੀਆਂ ਬਾਤਾਂ...

ਕਲਾ ਪਰਿਕਰਮਾ

ਯਮਨ ਦੀ ਜੰਮਪਲ ਤਸਵੀਰਸਾਜ਼ ਬੁਸ਼ਰਾ ਅਲਮੁਤਵਾਕਲ ਅੱਜਕੱਲ੍ਹ ਪੈਰਿਸ ਵਿਚ ਰਹਿੰਦੀ ਹੈ। ਹਿਜਾਬ ਸੀਰੀਜ਼ ਵਾਲੀ ਤਸਵੀਰਾਂ ਬੁਸ਼ਰਾ ਨੇ ਚਿਰ ਪਹਿਲਾਂ ਖਿੱਚੀਆਂ ਸਨ ਪਰ ਹੁਣ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਇਨ੍ਹਾਂ ਤਸਵੀਰਾਂ ਬਾਰੇ ਚਰਚਾ ਇਕ ਵਾਰ ਫਿਰ ਛਿੜ ਗਈ ਹੈ; ਨਾਲ ਹੀ ਸੰਸਾਰ ਪੱਧਰ 'ਤੇ ਮਰਦ ਦੀ ਹੈਂਕੜ ਝੱਲ-ਝੱਲ ਕੇ ਬੁਰੀ ਤਰ੍ਹਾਂ ਹੰਭੀ-ਹੁੱਟੀ ਔਰਤ ਬਾਰੇ ਜ਼ਿਕਰ ਹੋਇਆ ਹੈ ਕਿ ਕਿਸ ਤਰ੍ਹਾਂ ਸੌੜੀ ਜਗੀਰੂ/ਧਾਰਮਿਕ ਮਾਨਸਿਕਤਾ ਔਰਤ ਦੇ ਪੈਰਾਂ ਨਾਲ ਪਹਾੜ ਵਾਂਗ ਬੱਝ ਗਈ ਹੈ ਤੇ ਇਸ ਦੀ ਹੋਣੀ ਬਣ ਗਈ ਹੈ...।







ਬੁਸ਼ਰਾ ਅਲਮੁਤਵਾਕਲ ਦੀਆਂ ਹਿਜਾਬ ਸੀਰੀਜ਼ ਨਾਲ ਸਬੰਧਿਤ ਤਸਵੀਰਾਂ। ਇਨ੍ਹਾਂ ਤਸਵੀਰਾਂ ਵਿਚ ਔਰਤ ਦੀ ਗੁਲਾਮੀ ਬੇਹੱਦ ਮਾਰਮਿਕ ਰੂਪ ਵਿਚ ਬਿਆਨ ਕੀਤੀ ਗਈ ਹੈ।



**ਬੜੇ ਸਿਦਕ ਅਤੇ ਸਬਰ ਨਾਲ ਤੇ ਬੇਖਫ ਹੋ ਕੇ ਤਸਵੀਰਸਾਜ਼ੀ ਕਰਦੀ ਹੈ ਬੁਸ਼ਰਾ ਅਲਮੁਤਵਾਕਲ!**






ਤਸਵੀਰਸਾਜ਼ ਬੁਸ਼ਰਾ ਅਲਮੁਤਵਾਕਲ ਦੇ ਕੁਝ ਵੱਖ-ਵੱਖ ਅੰਦਾਜ਼।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਸਤੰਬਰ 2021 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-497



ਹਯਾਤੀ ਰੁਲ ਗਈ ਹੈ ਹਾਕਮਾਂ ਦੇ ਲਾਰਿਆਂ ਅੰਦਰ।
ਪੱਲੇ ਦੁੱਖ ਹੀ ਪੈਂਦੇ ਇਨ੍ਹਾਂ ਦੇ ਕਾਰਿਆਂ ਅੰਦਰ।
ਕੋਈ ਹੋਕਾ ਤਾਂ ਲਾ ਦੇਖੋ, ਕੋਈ ਤਦਬੀਰ ਤਾਂ ਸੋਚੋ,
ਬੜਾ ਕੁਝ ਟੁੱਟਦਾ ਹੈ ਰੋਜ਼, ਕਿਸਮਤ ਮਾਰਿਆਂ ਅੰਦਰ।

### ਕੈਪਸ਼ਨ ਮੁਕਾਬਲਾ-495



ਝੱਖੜ ਤੂਫਾਨ ਧੱਪ ਕੁਦਰਤ ਦੇ ਵੱਸ
ਲੰਗਰਾਂ ਦੀ ਸੇਵਾ ਬੀਬੀਆਂ ਦੇ ਹੱਥ।
ਕਿਰਤੀ-ਕਿਸਾਨਾਂ ਜ਼ੋਰ ਲਾਇਆ ਖਿੱਚ ਕੇ
ਹਾਰਨੀ ਨਾ ਜੰਗ ਇਹ, ਮੁੜਾਂਗੇ ਜਿੱਤ ਕੇ।
*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਘਰੋਂ ਬੇਘਰ ਹੋ ਕੇ ਬੈਠੇ ਹਾਂ
ਅਸੀਂ ਪਿਛਲੇ ਨੌਂ ਮਹੀਨੇ ਤੋਂ,
ਪਰ ਬੇਹਯਾ ਨੇ ਸਰਕਾਰਾਂ
ਨਾ ਗੱਲ ਸਰੇ ਨੇਤਾ ਕਮੀਨੇ ਤੋਂ।
ਸਾਡੇ ਵੋਟ ਲੈ ਬਣ ਕੇ ਰਾਜੇ
ਦਇਆ ਧਰਮ ਸਭ ਭੁੱਲ ਬੈਠੇ,
ਕਾਮਾ ਕਿਸਾਨ ਸੜਕੀਂ ਸੌਂਵੇ
ਖੇਤ ਬਚਾਵਣ ਲਈ ਤੁੱਲ ਬੈਠੇ।
*-ਸੇਵਾ ਸਿੰਘ ਨੂਰਪੁਰੀ*

---

'ਕੱਠੀਆਂ ਹੋ ਪੰਜਾਬੋਂ ਆਈਆਂ
ਘੋਲ 'ਚ ਹਿੱਸਾ ਪਾਵਣ ਦੇ ਲਈ।
ਆ ਕੇ ਦਿੱਲੀ ਤਵੀ ਚਾੜ੍ਹ ਲਈ
ਗੁਰੂ ਦਾ ਲੰਗਰ ਪਕਾਵਣ ਦੇ ਲਈ।
ਜਿੱਤ ਕੇ ਮੁੜਨ ਦੀ ਧਾਰ ਲਈ ਹੈ
ਆਪਣੇ ਖੇਤ ਬਚਾਵਣ ਦੇ ਲਈ।
*-ਜਗਮੀਤ ਸਿੰਘ ਪੰਧੇਰ*

---

ਬੀਬੀਆਂ ਦੀ ਢਾਣੀ ਰੋਟੀਆਂ ਪਕਾਵੇ,
ਭੱਠੀ ਮੋਹਰੇ ਮੁੜ੍ਹਕੋ ਮੁੜ੍ਹਕਾ ਹੋਏ ਜੀ।
ਕਿੰਨੀਆਂ ਪਰਾਤਾਂ ਆਟੇ ਦੀਆਂ ਗੁੱਨ੍ਹੀਆਂ,
ਧੜਾ ਧੜ ਪਕਾਈ ਜਾਣ, ਨਾ ਗਿਣੀਆਂ।
ਖਾਣ ਵਾਲੇ ਮੋਰਚੇ ਤੇ ਰੱਜ ਰੱਜ ਖਾਣ,
ਫੁੱਲੇ ਨਾ ਸਮਾਉਣ, ਸੁਆਣੀਆਂ 'ਤੇ ਮਾਣ।
ਮੋਰਚਾ ਜਿੱਤੇ ਬਿਨ ਘਰਾਂ ਨੂੰ ਜਾਣਾ ਨਹੀਂ,
ਆਫਤਾਂ ਸਾਹਮਣੇ ਭੋਰਾ ਘਬਰਾਉਣਾ ਨਹੀਂ।
*-ਕਲਵੰਤ ਸਿੰਘ ਸਹੋਤਾ*

---

ਸੱਥਾਂ ਦੇ ਵਿਚ ਮਤੇ ਪੈ ਗਏ,
ਚਲੋ ਲਾਮ 'ਤੇ ਨਰ ਤੇ ਨਾਰੀ।
ਜੰਗ ਦੇ ਮੈਦਾਨ 'ਚ ਮਰਦ ਅਗੰਮੜੇ,
ਔਰਤਾਂ ਸਿਰ ਚੁੱਲ੍ਹੇ ਦੀ ਜ਼ਿੰਮੇਵਾਰੀ।
ਲੱਗਣ ਅਤੇ ਸ਼ਵਾਕ ਵੇਖ ਕੇ,
ਕੰਬ ਗਿਆ ਤੰਤਰ ਸਰਕਾਰੀ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਬਿਪਤਾ ਵਿਚ ਬਹੁੜੀਆਂ ਔਰਤਾਂ
ਅੰਦੋਲਨ 'ਚ ਪਾਈ ਜਾਨ।
ਥਾਂ ਥਾਂ ਲੰਗਰ ਸੇਵਾ ਚਲਾਈ
ਮੇਰੇ ਦੇਸ਼ ਦੀ ਔਰਤ ਮਹਾਨ।
ਚੜ੍ਹਦੀ ਕਲਾ 'ਚ ਅੰਨਦਾਤਾ ਕੀਤਾ
ਫੁੱਟਪਾਊ ਹਾਕਮ ਹੋਇਆ ਬਦਨਾਮ।
ਸਰਕਾਰਾਂ ਨਸ਼ੇ ਫੈਲਾਏ ਰੁਜ਼ਗਾਰ ਬੰਦ
ਲਾਚਾਰ ਕਿਰਤੀ ਕੀਤੇ ਨਾਕਾਮ।
*-ਅਮਰਜੀਤ ਸਿੰਘ ਤੂਰ*

---

ਨਿੱਕੀ ਚੰਗਿਆੜੀ ਸੁੱਕੀ ਖੇਰੀ ਨੂੰ
ਭਾਂਬੜ ਬਣ ਫਲਦੀ ਝੱਟ,
ਇਰਦ ਗਿਰਦ ਜਿਵੇਂ, ਉਵੇਂ ਹੀ
ਅੱਗ ਭਬੂਕਾ ਟੁੰਬਦੀ ਸੀਨੇ
ਅਸੀਂ ਅੰਨ ਉਗਾਈਏ
ਤੇ ਭਰੀਏ ਢਿੱਡ ਸਭ ਦਾ
ਰਹੀਏ ਫਿਰ ਕਿਉਂ ਵਾਂਝੇ
ਆਪਣੀ ਹੀ ਜ਼ਮੀਨ ਦੇ ਹੱਕ ਤੋਂ
ਸਣੇ ਤਰਮੀਮਾਂ ਕਰ ਕਮਰਕੱਸੇ
ਚੱਲ ਪਏ ਕਿਸਾਨੀ ਸੰਯੁਕਤ ਮੋਰਚੇ ਵੱਲ।
*-ਦਰਸ਼ਨਪਾਲ ਦੋਸਾਂਝ*

---

ਸਿਆਣੀਆਂ ਰਲ ਕੇ ਲੰਗਰ
ਬਣਾ ਰਹੀਆਂ ਨੇ ਤੇ ਨਾਲੇ
ਅਰਦਾਸ ਵੀ ਕਰ ਰਹੀਆਂ ਨੇ
ਐ ਮੇਰੇ ਮਾਲਕ
ਖਾਲੀ ਝੋਲੀਆਂ ਸਭ ਦੀਆਂ ਭਰਦੇ ਰਹੋ
ਤੇਰੇ ਚਰਨਾਂ 'ਚ ਸੀਸ ਝੁਕਾ ਦਿੱਤਾ ਹੈ
ਕਿਸਾਨਾਂ ਤੇ ਹੋਰਾਂ ਦੇ ਦੁੱਖ ਦੂਰ ਕਰਦੇ ਰਹੋ।
*-ਬੱਲਾ ਲਬਾਣਾ, ਨਿਊ ਯਾਰਕ*

# ਟੋਕੀਓ ਓਲੰਪਿਕਸ ਖੇਡਾਂ ਦਾ ਖੁਲਾਸਾ

ਪ੍ਰਿੰ. ਸਰਵਣ ਸਿੰਘ

ਟੋਕੀਓ ਦੁਨੀਆ ਦਾ ਸਭ ਤੋਂ ਵੱਡਾ ਸ਼ਹਿਰ ਹੈ। ਉਥੇ 32ਵੀਆਂ ਓਲੰਪਿਕ ਖੇਡਾਂ ਸਫਲਤਾ ਨਾਲ ਸੰਪੂਰਨ ਹੋਈਆਂ। 23 ਜੁਲਾਈ ਤੋਂ 8 ਅਗਸਤ ਤਕ ਕਰੋੜਾਂ-ਅਰਬਾਂ ਨਜ਼ਰਾਂ ਉਧਰ ਲੱਗੀਆਂ ਰਹੀਆਂ। ਹਰ ਰੋਜ਼ ਖੇਡਾਂ ਵਿਚ ਹਾਰਾਂ-ਜਿੱਤਾਂ ਦੀ ਚਰਚਾ ਹੁੰਦੀ ਰਹੀ। ਹੁਣ ਖੁਲਾਸਾ ਕਰਨ ਦਾ ਸਮਾਂ ਹੈ। ਟੋਕੀਓ ਵਿਚ ਇਹ ਖੇਡਾਂ ਪਹਿਲੀ ਵਾਰ ਨਹੀਂ ਹੋਈਆਂ। 1940 ਦੀਆਂ ਬਾਰ੍ਹਵੀਆਂ ਓਲੰਪਿਕ ਖੇਡਾਂ ਵੀ ਟੋਕੀਓ ਨੂੰ ਸੌਂਪੀਆਂ ਗਈਆਂ ਸਨ, ਜੋ 21 ਸਤੰਬਰ ਤੋਂ 6 ਅਕਤੂਬਰ ਤੱਕ ਹੋਣੀਆਂ ਸਨ, ਪਰ 1938 ਵਿਚ ਜੰਗ ਦੇ ਆਸਾਰ ਵੇਖਦਿਆਂ ਜਾਪਾਨ ਨੇ ਅਸਮਰੱਥਾ ਪਰਗਟ ਕਰ ਦਿੱਤੀ ਸੀ। ਫਿਰ ਕੌਮਾਂਤਰੀ ਓਲੰਪਿਕ ਕਮੇਟੀ ਨੇ ਇਹ ਖੇਡਾਂ ਹੈਲਸਿੰਕੀ ਨੂੰ ਦੇ ਦਿੱਤੀਆਂ ਸਨ, ਜੋ 20 ਜੁਲਾਈ ਤੋਂ 4 ਅਗਸਤ ਤੱਕ ਹੋਣੀਆਂ ਸਨ, ਪਰ 1939 ਵਿਚ ਦੂਜੀ ਵਿਸ਼ਵ ਜੰਗ ਲੱਗ ਜਾਣ ਕਾਰਨ ਬਾਰ੍ਹਵੀਆਂ ਖੇਡਾਂ ਹੋ ਹੀ ਨਾ ਸਕੀਆਂ। 1944 ਦੀਆਂ ਤੇਰ੍ਹਵੀਆਂ ਖੇਡਾਂ ਲੰਡਨ ਨੂੰ ਦਿੱਤੀਆਂ ਗਈਆਂ, ਜੋ ਜੰਗ ਜਾਰੀ ਰਹਿਣ ਕਾਰਨ ਹੋ ਨਾ ਸਕੀਆਂ। 1948 ਦੀਆਂ 14ਵੀਆਂ ਖੇਡਾਂ ਲੰਡਨ ਵਿਖੇ ਹੋਈਆਂ। ਉਥੇ ਜਰਮਨੀ ਤੇ ਜਾਪਾਨ ਨੂੰ ਖੇਡਾਂ ਤੋਂ ਲਾਂਭੇ ਰੱਖਿਆ ਗਿਆ। ਲੱਖਾਂ ਜੁਆਨ ਜੰਗ ਦੀ ਭੇਟਾ ਚੜ੍ਹ ਜਾਣ ਕਾਰਨ ਉਥੇ ਸਿਰਫ ਚਾਰ ਨਵੇਂ ਵਿਸ਼ਵ ਰਿਕਾਰਡ ਕਾਇਮ ਹੋ ਸਕੇ।

1964 ਦੀਆਂ 18ਵੀਆਂ ਓਲੰਪਿਕ ਖੇਡਾਂ ਲਈ ਚਾਰ ਸ਼ਹਿਰ ਟੋਕੀਓ, ਡਿਟਰਾਇਟ, ਵਿਆਨਾ ਤੇ ਬਰੱਸਲਜ਼ ਉਮੀਦਵਾਰ ਸਨ, ਜਿਨ੍ਹਾਂ ਨੂੰ ਕ੍ਰਮਵਾਰ 34, 10, 9, 5, ਵੋਟਾਂ ਪਈਆਂ। ਇਓਂ ਏਸ਼ੀਆ ਵਿਚ ਪਹਿਲੀ ਵਾਰ ਟੋਕੀਓ ਵਿਖੇ ਇਹ ਖੇਡਾਂ 10 ਅਕਤੂਬਰ ਤੋਂ 24 ਅਕਤੂਬਰ ਤੱਕ ਹੋਈਆਂ। ਉਦੋਂ 19 ਸਪੋਰਟਸ ਦੇ 163 ਈਵੈਂਟ ਸਨ, ਜਿਨ੍ਹਾਂ ਵਿਚ 93 ਦੇਸ਼ਾਂ ਦੇ 5140 ਖਿਡਾਰੀਆਂ ਨੇ ਹਿੱਸਾ ਲਿਆ। ਭਾਰਤ ਵਲੋਂ 53 ਖਿਡਾਰੀ ਟੋਕੀਓ ਗਏ, ਜਿਨ੍ਹਾਂ ਵਿਚ ਅੱਧੋਂ ਵੱਧ ਪੰਜਾਬੀ ਸਨ। ਬਾਰਾਂ ਪੰਜਾਬੀ ਤਾਂ ਹਾਕੀ ਟੀਮ ਦੇ ਹੀ ਮੈਂਬਰ ਸਨ। 4+400 ਮੀਟਰ ਰਿਲੇਅ ਦੌੜਨ ਵਾਲੇ ਵੀ ਚਾਰੇ ਸਿੰਘ ਸਨ। ਉਦੋਂ ਤੱਕ ਟੋਕੀਓ ਦੀਆਂ ਓਲੰਪਿਕ ਖੇਡਾਂ ਦੀਆਂ ਸਭ ਤੋਂ ਮਹਿੰਗੀਆਂ ਖੇਡਾਂ ਸਨ, ਜਿਨ੍ਹਾਂ ਉਤੇ 190 ਕਰੋੜ ਡਾਲਰ ਖਰਚ ਆਏ। ਉਹ ਖੇਡਾਂ ਸੈਟੇਲਾਈਟ ਰਾਹੀਂ ਸਾਰੀ ਦੁਨੀਆ ਨੂੰ ਵਿਖਾਈਆਂ ਗਈਆਂ। ਖੇਡਾਂ ਦੀ ਜੋਤ ਯੋਸ਼ੀਨੋਰੀ ਸਕਾਈ ਨੇ ਜਗਾਈ ਸੀ, ਜਿਹੜਾ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟਣ ਵਾਲੇ ਦਿਨ 6 ਅਗਸਤ 1945 ਨੂੰ ਹੀਰੋਸ਼ੀਮਾ ਵਿਚ ਹੀ ਜੰਮਿਆ ਸੀ। ਓਲੰਪਿਕ ਮਸ਼ਾਲ ਦਾ ਸਫਰ ਓਲਿੰਪੀਆ ਤੋਂ ਸ਼ੁਰੂ ਹੋ ਕੇ ਇਸਤੰਬੋਲ, ਅੰਕਾਰਾ, ਬੈਰੂਤ, ਦਮੱਸਕਸ, ਬਗਦਾਦ, ਤਹਿਰਾਨ, ਕਾਬਲ, ਲਾਹੌਰ, ਨਵੀਂ ਦਿੱਲੀ, ਕਠਮੰਡੂ, ਕਲਕੱਤਾ, ਢਾਕਾ, ਰੰਗੂਨ, ਬੈਂਕਾਕ, ਕੁਆਲਾਲੰਪੁਰ, ਸਿੰਘਾਪੁਰ, ਜਕਾਰਤਾ, ਮਨੀਲਾ, ਤੈਪਈ, ਹਾਂਗਕਾਂਗ, ਸਿਓਲ ਤੇ ਜਾਪਾਨ ਦੇ ਸ਼ਹਿਰਾਂ ਵਿਚ ਦੀ ਟੋਕੀਓ ਪਹੁੰਚ ਕੇ ਪੂਰਾ ਹੋਇਆ ਸੀ। ਉਥੇ ਪਹਿਲੀ ਵਾਰ ਔਰਤਾਂ ਦੀਆਂ ਟੀਮਾਂ ਦੇ ਮੁਕਾਬਲੇ ਵੀ ਸ਼ੁਰੂ ਹੋਏ ਸਨ ਤੇ ਵਾਲੀਬਾਲ ਦਾ ਸੋਨ ਤਗਮਾ ਜਪਾਨ ਦੀ ਟੀਮ ਨੇ ਜਿੱਤਿਆ ਸੀ। ਉਥੇ 77 ਓਲੰਪਿਕ ਤੇ 35 ਵਰਲਡ ਰਿਕਾਰਡ ਟੁੱਟੇ ਸਨ।

ਚਰਨਜੀਤ ਸਿੰਘ ਦੀ ਕਪਤਾਨੀ ਵਿਚ ਭਾਰਤੀ ਹਾਕੀ ਟੀਮ ਨੇ ਬੈਲਜੀਅਮ ਨੂੰ 2-0, ਹਾਂਗਕਾਂਗ ਨੂੰ 6-0, ਕੈਨੇਡਾ ਨੂੰ 3-0 ਤੇ ਹਾਲੈਂਡ ਨੂੰ 2-1 ਗੋਲਾਂ 'ਤੇ ਹਰਾਇਆ ਸੀ। ਜਰਮਨੀ ਤੇ ਸਪੇਨ ਵਿਰੁੱਧ ਮੈਚ 1-1 ਗੋਲਾਂ ਨਾਲ ਬਰਾਬਰ ਰਹੇ ਸਨ। ਭਾਰਤ ਨੇ ਸੈਮੀ ਫਾਈਨਲ ਵਿਚ ਆਸਟ੍ਰੇਲੀਆ ਨੂੰ 3-1 ਤੇ ਫਾਈਨਲ ਵਿਚ ਪਾਕਿਸਤਾਨ ਨੂੰ 1-0 ਗੋਲ ਨਾਲ ਹਰਾ ਕੇ ਸੱਤਵੀਂ ਵਾਰ ਗੋਲਡ ਮੈਡਲ ਜਿੱਤਿਆ ਸੀ। ਪ੍ਰਿਥੀਪਾਲ ਸਿੰਘ ਨੇ 11 ਗੋਲ ਕੀਤੇ ਸਨ, ਜਿਸ ਕਰਕੇ ਉਸ ਨੂੰ ਪੈਨਲਟੀ ਕਾਰਨਰ ਦਾ ਬਾਦਸ਼ਾਹ ਕਿਹਾ ਗਿਆ ਸੀ। ਅਮਰੀਕਾ 36, 25, 28, ਸੋਵੀਅਤ ਰੂਸ 30, 31, 35 ਤੇ ਜਾਪਾਨ 16, 5, 8, ਤਗ਼ਮਿਆਂ ਨਾਲ ਸਭ ਤੋਂ ਉਪਰ ਰਹੇ ਅਤੇ ਭਾਰਤ ਤਗਮਾ ਸੂਚੀ ਵਿਚ 24ਵੇਂ ਥਾਂ ਆਇਆ ਸੀ।



ਓਲੰਪਿਕ ਖੇਡਾਂ ਦੁਨੀਆਂ ਦਾ ਸਭ ਤੋਂ ਸੋਹਣਾ, ਸਿਹਤਮੰਦ ਤੇ ਨਰੋਆ ਜੋੜ ਮੇਲਾ ਹੁੰਦੀਆਂ ਹਨ। ਇਸ ਮੇਲੇ ਵਿਚ ਦੁਨੀਆਂ ਭਰ ਦੀ ਜੁਆਨੀ, ਜ਼ੋਰ, ਜੁਗਤ ਤੇ ਜਿਗਰੇ ਦੇ ਦਰਸ਼ਨ ਦੀਦਾਰੇ ਹੁੰਦੇ ਹਨ; ਪਰ 2020 ਦੀਆਂ 32ਵੀਆਂ ਓਲੰਪਿਕ ਖੇਡਾਂ ਕਰਾਉਣੀਆਂ ਕੋਵਿਡ-19 ਕਰਕੇ ਖਤਰੇ ਵਿਚ ਪੈ ਗਈਆਂ ਸਨ। ਇਸ ਲਈ 2020 ਦੀਆਂ ਖੇਡਾਂ 2021 'ਚ ਪਾ ਦਿੱਤੀਆਂ ਗਈਆਂ। ਟੀਸੀ ਦੀ ਫਾਰਮ ਉਤੇ ਪੁੱਜੇ ਖਿਡਾਰੀਆਂ ਲਈ ਇਹ ਖਾਸਾ ਵੱਡਾ ਝਟਕਾ ਸੀ। ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਚੁਕੇ ਤੇ ਕਰਨ ਵਾਲਿਆਂ ਦੀ ਤਿਆਰੀ ਦਾ ਪ੍ਰੋਗਰਾਮ ਉਲਟ-ਪੁਲਟ ਹੋ ਗਿਆ ਸੀ। ਸਾਲ ਭਰ ਦੁਚਿੱਤੀ ਬਣੀ ਰਹੀ ਸੀ ਕਿ ਓਲੰਪਿਕ ਖੇਡਾਂ ਦੁਬਾਰਾ ਮਿਥੇ ਪ੍ਰੋਗਰਾਮ ਅਨੁਸਾਰ ਹੋਣਗੀਆਂ ਵੀ ਜਾਂ ਨਹੀਂ? ਇਹ ਦੁਚਿੱਤੀ ਖੇਡਾਂ ਸ਼ੁਰੂ ਹੋਣ ਤੋਂ ਕੁਝ ਹਫਤੇ ਪਹਿਲਾਂ ਤਕ ਵੀ ਬਣੀ ਰਹੀ। ਜਾਪਾਨ ਵਿਚ ਮੁਜਾਹਰੇ ਵੀ ਹੋਏ ਕਿ ਖੇਡਾਂ ਨਾ ਕਰਾਈਆਂ ਜਾਣ। ਅੱਸੀ ਹਜ਼ਾਰ ਵਾਲੰਟੀਅਰਾਂ ਵਿਚੋਂ ਦਸ ਹਜ਼ਾਰ ਵਲੰਟੀਅਰਾਂ ਨੇ ਆਪਣੇ ਨਾਂ ਕਟਵਾ ਲਏ ਕਿ ਅਸੀਂ ਖੇਡਾਂ ਦੌਰਾਨ ਹਾਜ਼ਰ ਨਹੀਂ ਹੋ ਸਕਾਂਗੇ।

ਓਲੰਪਿਕ ਖੇਡਾਂ ਕਰਾਉਣ ਲਈ ਖੇਡ ਭਵਨ ਬਣਾਉਣ, ਸਟੇਡੀਅਮ ਨਵਿਆਉਣ ਤੇ ਹੋਰ ਅਨੇਕਾਂ ਪ੍ਰਬੰਧ ਕਰਨ 'ਤੇ ਅਰਬਾਂ-ਖਰਬਾਂ ਦਾ ਖਰਚਾ ਹੋ ਚੁਕਾ ਸੀ। ਖਰਚੇ ਦੀ ਪੂਰਤੀ ਕਰਨ ਲਈ ਖੇਡਾਂ ਦੀ ਵੱਡੀ ਕਮਾਈ ਟਿਕਟਾਂ 'ਤੇ ਵੀ ਕਾਟਾ ਵੱਜ ਚੁਕਾ ਸੀ। ਦਰਸ਼ਕਾਂ ਨੂੰ ਵੇਚਣ ਲਈ ਕਰੋੜਾਂ ਡਾਲਰਾਂ ਦੀਆਂ ਲੱਖਾਂ ਟਿਕਟਾਂ ਰੱਦੀ ਹੋ ਗਈਆਂ ਸਨ। ਜਿਹੜੀਆਂ ਅਗਾਊਂ ਵੇਚੀਆਂ, ਉਨ੍ਹਾਂ ਦੇ ਪੈਸੇ ਮੋੜਨੇ ਪੈਣੇ ਸਨ। ਆਕਸਫੋਰਡ ਯੂਨੀਵਰਸਿਟੀ ਦੇ ਲੇਖਾਕਾਰਾਂ ਨੇ 15.4 ਅਰਬ ਡਾਲਰ ਦੇ ਖਰਚੇ ਦਾ ਅਨੁਮਾਨ ਲਾਇਆ ਹੈ, ਪਰ ਅਸ਼ਕੇ ਜਾਈਏ ਜਾਪਾਨੀਆਂ ਦੇ, ਜਿਨ੍ਹਾਂ ਨੇ ਅਚਾਨਕ ਆਏ ਸੰਕਟ ਦੇ ਬਾਵਜੂਦ ਓਲੰਪਿਕ ਖੇਡਾਂ ਨਾ ਸਿਰਫ ਕਰਵਾਈਆਂ, ਸਗੋਂ ਪਹਿਲੀਆਂ ਖੇਡਾਂ ਤੋਂ ਬਿਹਤਰ ਕਰਵਾਈਆਂ। ਦਰਸ਼ਕਾਂ ਦੀ ਹਾਜ਼ਰੀ ਤੇ ਹੱਲਾਸ਼ੇਰੀ ਤੋਂ ਬਿਨਾ ਵੀ ਸੁੰਨੇ ਤੇ ਸੱਖਣੇ ਸਟੇਡੀਅਮਾਂ ਵਿਚ ਸਿਰੇ ਦੇ ਕਾਂਟੇਦਾਰ ਮੁਕਾਬਲੇ ਕਰਵਾਏ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਦਰਸ਼ਕਾਂ ਦੀ ਗੈਰ-ਹਾਜ਼ਰੀ ਤੇ ਮਾਸਕਾਂ ਦੀਆਂ ਮੁਸ਼ਕਾਂ 'ਚ ਖੇਡਾਂ ਨੇਪਰੇ ਚਾੜ੍ਹੀਆਂ ਗਈਆਂ। ਇਥੋਂ ਤਕ ਕਿ ਜੇਤੂਆਂ ਨੇ ਆਪਣੇ ਮੈਡਲ ਵੀ ਆਪਣੇ ਹੱਥੀਂ ਟ੍ਰੇਆਂ 'ਚੋਂ ਚੁੱਕ ਕੇ ਆਪਣੇ ਗਲੀਂ ਪਾਏ!

ਓਲੰਪਿਕ ਖੇਡਾਂ ਵਿਚ ਨਾ ਰੰਗ ਦਾ ਵਿਤਕਰਾ ਸੀ, ਨਾ ਨਸਲ ਦਾ, ਨਾ ਦੇਸ਼ ਦਾ ਤੇ ਨਾ ਹੀ ਕੌਮ ਜਾਂ ਜਾਤ ਦਾ।

ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚ 206 ਮੁਲਕਾਂ ਦੇ 11326 ਖਿਡਾਰੀਆਂ ਨੂੰ ਅਤੇ ਉਨ੍ਹਾਂ ਦੇ ਕੌਮੀ ਪਰਚਮਾਂ ਤੇ ਕੌਮੀ ਤਰਾਨਿਆਂ ਨੂੰ ਇਕੋ ਜਿਹਾ ਮਾਣ ਸਤਿਕਾਰ ਮਿਲਿਆ। ਜਿਹੜਾ ਵੀ ਖਿਡਾਰੀ ਜਿੱਤਿਆ ਉਹਦੇ ਦੇਸ ਦਾ ਕੌਮੀ ਤਰਾਨਾ ਗੂੰਜਿਆ, ਜਿਸ ਦਾ ਵਿਸ਼ਵ ਭਰ ਦੇ ਦਰਸ਼ਕਾਂ ਨੇ ਸਤਿਕਾਰ ਕੀਤਾ। ਸਾਂਵਲੇ, ਕਣਕਵੰਨੇ ਤੇ ਗੋਰੇ-ਪੀਲੇ ਰੰਗਾਂ ਦੇ ਖਿਡਾਰੀ ਇਕੋ ਮੇਜ਼ 'ਤੇ ਖਾਣਾ ਖਾਂਦੇ ਤੇ ਓਲੰਪਿਕ ਪਿੰਡ ਵਿਚ ਇਕੱਠੇ ਰਹਿੰਦੇ ਰਹੇ। ਓਲੰਪਿਕ ਖੇਡਾਂ ਨੇ ਦੂਰ-ਦੁਰਾਡੀਆਂ ਥਾਂਵਾਂ ਦੇ ਜੰਮਿਆਂ-ਪਲਿਆਂ ਨੂੰ ਕੁਝ ਦਿਨਾਂ ਲਈ ਇਕ ਦੂਜੇ ਦੇ ਨੇੜੇ ਕਰ ਦਿੱਤਾ ਸੀ। ਉਹ ਭਾਵੇਂ ਇਕ ਦੂਜੇ ਦੀ ਬੋਲੀ ਨਹੀਂ ਸਨ ਸਮਝਦੇ, ਪਰ ਉਨ੍ਹਾਂ ਦੀਆਂ ਤੱਕਣੀਆਂ ਆਪਮੁਹਾਰੇ ਸਦਭਾਵਨਾ ਦੇ ਸੁਨੇਹੇ ਦੇ ਰਹੀਆਂ ਸਨ। ਖੇਡਾਂ ਵਿਚ ਖੁਸ਼ੀ ਵੀ ਵੇਖੀ ਤੇ ਗਮੀ ਵੀ। ਜਿਹੜੇ ਜਿੱਤ ਜਾਂਦੇ, ਉਨ੍ਹਾਂ ਦੀਆਂ ਕਿਆ ਰੀਸਾਂ ਸਨ! ਉਹ ਹਵਾ ਵਿਚ ਉਡੇ ਫਿਰਦੇ। ਤੇ ਜਿਹੜੇ ਹਾਰਦੇ ਕਿੰਨਾ ਚਿਰ ਹੀ ਡਿੱਗੇ ਢਹੇ ਹੰਝੂ ਵਹਾਈ ਜਾਂਦੇ। ਜੇਤੂਆਂ ਨੂੰ ਕੋਈ ਥਕੇਵਾਂ ਨਹੀਂ ਸੀ ਹੁੰਦਾ ਤੇ ਹਾਰ ਗਿਆਂ ਤੋਂ ਉੱਠਿਆ ਨਹੀਂ ਸੀ ਜਾਂਦਾ। ਹੰਝੂ ਹਾਰ 'ਚ ਵੀ ਵਹਿੰਦੇ ਵੇਖੇ ਤੇ ਜਿੱਤ ਵਿਚ ਵੀ, ਪਰ ਜਿੱਤ-ਹਾਰ ਦੇ ਹੰਝੂਆਂ ਵਿਚ ਬੜਾ ਫਰਕ ਸੀ। ਕਿਥੇ ਹਾਕੀ ਦੇ ਸੈਮੀ ਫਾਈਨਲ ਜਿੱਤਣ ਪਿੱਛੋਂ ਜੇਤੂ ਟੀਮਾਂ ਦੇ ਹਾਸਿਆਂ ਨਾਲ ਹੱਸਦੇ ਹੰਝੂ ਤੇ ਕਿਥੇ ਹਾਰ ਦੀ ਨਮੋਸ਼ੀ ਵਿਚ ਚੁੱਪ-ਗੜੁੱਪ ਭਾਰਤੀ ਹਾਕੀ ਖਿਡਾਰੀਆਂ ਤੇ ਖਿਡਾਰਨਾਂ ਦੇ ਅੱਥਰੂ!

ਬੀਜਿੰਗ ਓਲੰਪਿਕ-2008 ਦੀ ਤਗਮਾ ਸੂਚੀ ਵਿਚ ਭਾਰਤ ਦਾ 50ਵਾਂ ਨੰਬਰ ਸੀ। ਲੰਡਨ-2012 ਵਿਚ 55ਵੇਂ ਥਾਂ ਰਿਹਾ ਸੀ। ਰੀਓ-2016 ਦੀ ਮੈਡਲ ਸੂਚੀ ਵਿਚ 67ਵੇਂ ਥਾਂ ਜਾ ਪਿਆ ਸੀ! ਬੀਜਿੰਗ ਵਿਚ ਚੀਨ ਨੇ 51 ਸੋਨੇ, 21 ਚਾਂਦੀ ਤੇ 28 ਤਾਂਬੇ ਦੇ ਤਗਮੇ ਜਿੱਤੇ ਸਨ। ਅਮਰੀਕਾ 36, 38, 36 ਤਗਮਿਆਂ ਨਾਲ ਦੂਜੇ ਥਾਂ ਸੀ। ਕ੍ਰਮਵਾਰ ਚੀਨ, ਅਮਰੀਕਾ, ਰੂਸ, ਬਰਤਾਨੀਆ, ਜਰਮਨੀ, ਆਸਟ੍ਰੇਲੀਆ, ਦੱਖਣੀ ਕੋਰੀਆ, ਜਾਪਾਨ, ਇਟਲੀ ਤੇ ਫਰਾਂਸ ਉਪਰਲੇ ਦਸਾਂ ਦੇਸ਼ਾਂ ਵਿਚ ਸਨ। ਭਾਰਤ ਨੇ 1 ਸੋਨੇ ਤੇ 2 ਤਾਂਬੇ ਦੇ ਤਗਮੇ ਜਿੱਤੇ ਸਨ। ਉਥੇ 86 ਮੁਲਕ ਇਕ ਜਾਂ ਵੱਧ ਮੈਡਲ ਜਿੱਤ ਸਕੇ, ਜਦ ਕਿ 118 ਮੁਲਕ ਕੋਈ ਵੀ ਮੈਡਲ ਨਹੀਂ ਸੀ ਜਿੱਤ ਸਕੇ।

ਲੰਡਨ-2012 ਵਿਚ ਅਮਰੀਕਾ ਨੇ 46 ਸੋਨੇ, 29 ਚਾਂਦੀ, 29 ਤਾਂਬੇ; ਚੀਨ ਨੇ 38, 27, 24; ਬਰਤਾਨੀਆ ਨੇ 29, 17, 19; ਰੂਸ ਨੇ 24, 27, 32, ਦੱਖਣੀ ਕੋਰੀਆ ਨੇ 13, 8, 7; ਜਰਮਨੀ ਨੇ 11, 19, 14; ਫਰਾਂਸ ਨੇ 11, 11, 12; ਇਟਲੀ ਨੇ 8, 9, 11; ਹੰਗਰੀ ਨੇ 8, 4, 5 ਤੇ ਆਸਟ੍ਰੇਲੀਆ ਨੇ 7, 6, 12 ਤਗ਼ਮੇ ਜਿੱਤੇ ਸਨ। ਲੰਡਨ ਵਿਚ ਭਾਰਤ ਨੇ 2 ਚਾਂਦੀ ਤੇ 4 ਤਾਂਬੇ ਦੇ ਤਗ਼ਮੇ ਜਿੱਤੇ। ਉਥੇ 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਗਮੇ ਹਾਸਲ ਕਰ ਸਕੇ। 119 ਮੁਲਕ ਖਾਲੀ ਹੱਥ ਰਹੇ।

2016 ਵਿਚ ਰੀਓ ਦੀ ਅੰਤਿਮ ਤਗਮਾ ਸੂਚੀ ਅਨੁਸਾਰ ਅਮਰੀਕਾ ਨੇ 46 ਸੋਨੇ, 37 ਚਾਂਦੀ, 38 ਤਾਂਬੇ, ਬਰਤਾਨੀਆ ਨੇ 27, 13, 17; ਚੀਨ ਨੇ 26, 18, 26; ਰੂਸ 19, 18, 19; ਜਰਮਨੀ 17, 19, 15; ਜਾਪਾਨ 12, 8, 21; ਫਰਾਂਸ 10, 18, 14; ਦੱਖਣੀ ਕੋਰੀਆ 9, 3, 9; ਇਟਲੀ 8, 12, 8 ਤੇ ਆਸਟ੍ਰੇਲੀਆ ਨੇ 8, 11, 8 ਤਗਮੇ ਜਿੱਤੇ ਸਨ। ਭਾਰਤ ਨੇ 1 ਚਾਂਦੀ ਤੇ 1 ਤਾਂਬੇ ਦਾ ਤਗਮਾ ਹੀ ਜਿੱਤਿਆ ਸੀ। 59 ਦੇਸ਼ ਐਸੇ ਸਨ, ਜਿਨ੍ਹਾਂ ਨੇ 1 ਜਾਂ ਵੱਧ ਗੋਲਡ ਮੈਡਲ ਹਾਸਲ ਕੀਤੇ। 73 ਮੁਲਕਾਂ ਨੇ ਚਾਂਦੀ ਤੇ 87 ਮੁਲਕਾਂ ਦੇ ਖਿਡਾਰੀਆਂ ਨੇ ਕਾਸੀ ਦੇ ਮੈਡਲ ਜਿੱਤੇ। ਇਓਂ 87 ਮੁਲਕਾਂ ਦੇ ਖਿਡਾਰੀ ਜਿੱਤ-ਮੰਚ 'ਤੇ ਚੜ੍ਹੇ। ਦੁਨੀਆਂ ਦੇ 206 ਮੁਲਕਾਂ ਤੇ 1 ਰੀਫਿਊਜ਼ੀ ਦਲ 'ਚੋਂ 120 ਦੇਸ਼ ਖਾਲੀ ਹੱਥ ਰਹੇ। ਉਥੇ 48% ਮੈਡਲ ਯੂਰਪ, 22% ਅਮਰੀਕਾ, 21% ਏਸ਼ੀਆ, 5% ਅਫਰੀਕਾ ਤੇ 5% ਓਸ਼ਨੀਆ ਮਹਾਂਦੀਪ ਦੇ ਖਿਡਾਰੀਆਂ ਨੇ ਜਿੱਤੇ।

ਟੋਕੀਓ ਵਿਚ ਅਮਰੀਕਾ ਤੇ ਚੀਨ ਵਿਚਕਾਰ ਵਧੇਰੇ ਮੈਡਲ ਜਿੱਤਣ ਦਾ ਮੁਕਾਬਲਾ ਅਖੀਰਲੇ ਦਿਨ ਤਕ ਚਲਦਾ ਰਿਹਾ। ਆਖਰੀ ਦਿਨ ਅਮਰੀਕਾ ਬਾਜ਼ੀ ਮਾਰ ਗਿਆ। ਅਮਰੀਕਾ ਦੇ ਖਿਡਾਰੀਆਂ ਨੇ 39 ਸੋਨੇ, 41 ਚਾਂਦੀ, 33 ਤਾਂਬੇ, ਚੀਨ 38, 32, 18; ਜਾਪਾਨ 27, 14, 17; ਬਰਤਾਨੀਆ 22, 21, 22; ਰੂਸ 20, 28, 23; ਆਸਟ੍ਰੇਲੀਆ 17, 07, 22; ਨੀਦਰਲੈਂਡਜ਼ 10, 12, 14; ਫਰਾਂਸ 10, 12, 11; ਜਰਮਨੀ 10, 11, 16; ਇਟਲੀ 10, 10, 20 ਤੇ ਕੈਨੇਡਾ 7, 6, 11 ਜਦ ਕਿ ਭਾਰਤ ਨੇ 1 ਸੋਨੇ, 2 ਚਾਂਦੀ ਤੇ 4 ਤਾਂਬੇ ਦੇ ਤਗਮੇ ਜਿੱਤੇ। ਨੀਰਜ ਚੋਪੜਾ ਨੇ ਗੋਲਡ ਮੈਡਲ, ਮੀਰਬਾਈ ਚੰਨੂੰ ਤੇ ਰਵੀ ਦਾਹੀਆ ਨੇ ਸਿਲਵਰ, ਪੀਵੀ ਸਿੰਧੂ, ਲਵਲੀਨਾ, ਬਜਰੰਗ ਪੂਨੀਆ ਤੇ ਮਰਦਾਂ ਦੀ ਹਾਕੀ ਟੀਮ ਨੇ ਬਰਾਂਜ਼ ਮੈਡਲ ਜਿੱਤੇ। ਇੰਜ ਇਸ ਵਾਰ ਭਾਰਤ ਪਹਿਲਾਂ ਨਾਲੋਂ ਵਧੇਰੇ ਤਗਮੇ ਜਿੱਤ ਸਕਿਆ ਤੇ ਖੁਸ਼ੀ ਵੀ ਵਧੇਰੇ ਮਨਾ ਰਿਹੈ। ਖਾਸ ਖੁਸ਼ੀ ਅਥਲੈਟਿਕਸ ਦਾ ਗੋਲਡ ਮੈਡਲ ਅਤੇ ਹਾਕੀ ਦਾ ਬਰਾਂਜ਼ ਮੈਡਲ ਜਿੱਤਣ ਦੀ ਵੀ ਹੈ।

ਏਸ਼ੀਆ ਵਿਚ ਕੇਵਲ 4 ਵਾਰ ਓਲੰਪਿਕ ਖੇਡਾਂ ਹੋਈਆਂ ਹਨ। ਪਹਿਲੀ ਵਾਰ ਟੋਕੀਓ, ਦੂਜੀ ਵਾਰ ਸਿਓਲ, ਤੀਜੀ ਵਾਰ ਬੀਜਿੰਗ ਤੇ ਚੌਥੀ ਵਾਰ ਫਿਰ ਟੋਕੀਓ। 2016 ਦੀਆਂ ਓਲੰਪਿਕ ਖੇਡਾਂ ਪਹਿਲੀ ਵਾਰ ਦੱਖਣੀ ਅਮਰੀਕਾ ਵਿਚ ਹੋਈਆਂ ਸਨ। 2024 ਦੀਆਂ ਓਲੰਪਿਕ ਖੇਡਾਂ ਪੈਰਿਸ, 2028 ਦੀਆਂ ਲਾਸ ਏਂਜਲਸ ਤੇ 2032 ਦੀਆਂ ਆਸਟ੍ਰੇਲੀਆ ਦੇ ਸ਼ਹਿਰ ਬ੍ਰਿਜ਼ਬੇਨ 'ਚ ਹੋਣਗੀਆਂ। ਭਾਰਤ ਨੇ ਓਲੰਪਿਕ ਖੇਡਾਂ ਕਰਾਉਣ ਦੀ ਕਦੇ ਪੇਸ਼ਕਸ਼ ਹੀ ਨਹੀਂ ਕੀਤੀ, ਹਾਲਾਂਕਿ ਆਬਾਦੀ ਪੱਖੋਂ ਵਿਸ਼ਵ ਦਾ ਦੂਜਾ ਵੱਡਾ ਦੇਸ਼ ਹੈ। ਅਫਰੀਕਾ ਮਹਾਂਦੀਪ ਵਿਚ ਓਲੰਪਿਕ ਖੇਡਾਂ ਕਦੇ ਵੀ ਨਹੀਂ ਹੋਈਆਂ। ਉਂਜ ਓਲੰਪਿਕ ਖੇਡਾਂ ਦੇ ਆਪਸ ਵਿਚ ਪਰੋਏ ਪੰਜ ਚੱਕਰ ਪੰਜਾਂ ਮਹਾਂਦੀਪਾਂ ਦੀ ਨੁਮਾਇੰਦਗੀ ਕਰਦੇ ਹਨ। ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ 43 ਵਿਸ਼ਵ ਰਿਕਾਰਡ ਟੁੱਟੇ ਸਨ, ਲੰਡਨ ਵਿਚ 30, ਰੀਓ ਵਿਚ 19 ਜਦ ਕਿ ਟੋਕੀਓ ਵਿਚ 17 ਵਰਲਡ ਰਿਕਾਰਡ ਟੁੱਟੇ ਹਨ।

ਟੋਕੀਓ ਵਿਚ ਮਰਦਾਂ ਦੀਆਂ ਟੀਮ ਖੇਡਾਂ ਵਿਚੋਂ ਹਾਕੀ ਦਾ ਓਲੰਪਿਕ ਚੈਂਪੀਅਨ ਬੈਲਜੀਅਮ, ਫੁੱਟਬਾਲ ਦਾ ਬ੍ਰਾਜ਼ੀਲ, ਵਾਲੀਬਾਲ ਦਾ ਫਰਾਂਸ, ਬਾਸਕਟਬਾਲ ਦਾ ਅਮਰੀਕਾ, ਹੈਂਡਬਾਲ ਦਾ ਫਰਾਂਸ ਤੇ ਵਾਟਰ ਪੋਲੋ ਦਾ ਸਰਬੀਆ ਬਣਿਆ। ਔਰਤਾਂ ਦੀਆਂ ਟੀਮ ਖੇਡਾਂ ਵਿਚ ਬਾਸਕਟਬਾਲ ਦੀ ਚੈਂਪੀਅਨ ਟੀਮ ਅਮਰੀਕਾ, ਵਾਲੀਬਾਲ ਦੀ ਅਮਰੀਕਾ, ਤੇ ਵਾਟਰ ਪੋਲੋ ਦੀ ਵੀ ਅਮਰੀਕਾ ਹੈ। ਹਾਕੀ ਦੀ ਨੀਦਰਲੈਂਡਜ਼, ਫੁੱਟਬਾਲ ਦੀ ਕੈਨੇਡਾ ਤੇ ਹੈਂਡਬਾਲ ਦੀ ਫਰਾਂਸ। 1896 ਤੋਂ 2021 ਤਕ ਹੋਈਆਂ 29 ਓਲੰਪਿਕ ਖੇਡਾਂ ਵਿਚੋਂ ਅਮਰੀਕਾ ਨੇ 27 ਖੇਡਾਂ ਵਿਚ ਭਾਗ ਲੈਂਦਿਆਂ 1051 ਸੋਨੇ, 830 ਚਾਂਦੀ, 733 ਤਾਂਬੇ ਯਾਨਿ ਕੁਲ 2614 ਤਗਮੇ ਜਿੱਤ ਕੇ ਵਿਸ਼ਵ 'ਤੇ ਝੰਡੀ ਕੀਤੀ ਹੋਈ ਹੈ। ਸੋਵੀਅਤ ਰੂਸ ਨੇ 10 ਓਲੰਪਿਕ ਖੇਡਾਂ ਵਿਚ ਭਾਗ ਲੈ ਕੇ ਕੁਲ 1010 ਤਗਮੇ, ਬਰਤਾਨੀਆ ਨੇ 28 ਖੇਡਾਂ ਵਿਚੋਂ 851 ਅਤੇ ਚੀਨ ਨੇ 10 ਖੇਡਾਂ ਵਿਚੋਂ 546 ਤਗਮੇ ਜਿੱਤੇ ਹਨ। ਫਰਾਂਸ ਦੇ 28 ਖੇਡਾਂ ਵਿਚੋਂ 716, ਇਟਲੀ ਨੇ 27 ਖੇਡਾਂ 'ਚੋਂ 577, ਜਰਮਨੀ ਨੇ 16 ਖੇਡਾਂ ਚੋਂ 615, ਹੰਗਰੀ ਨੇ 26 ਖੇਡਾਂ 'ਚੋਂ 491, ਪੂਰਬੀ ਜਰਮਨੀ ਨੇ 5 ਖੇਡਾਂ 'ਚੋਂ 409, ਆਸਟ੍ਰੇਲੀਆ ਨੇ 28 ਖੇਡਾਂ 'ਚੋਂ 554, ਰੂਸ ਨੇ 6 ਖੇਡਾਂ 'ਚੋਂ 426, ਜਾਪਾਨ ਨੇ 22 ਖੇਡਾਂ 'ਚੋਂ 439, ਦੱਖਣੀ ਕੋਰੀਆ ਨੇ 17 ਖੇਡਾਂ 'ਚੋਂ 267, ਕੈਨੇਡਾ ਨੇ 26 ਖੇਡਾਂ 'ਚੋਂ 302 ਅਤੇ ਗੁਲਾਮ ਇੰਡੀਆ ਤੇ ਆਜ਼ਾਦ ਭਾਰਤ ਨੇ 25 ਖੇਡਾਂ 'ਚੋਂ 35 ਤਗਮੇ ਜਿੱਤੇ ਹਨ। ਉਨ੍ਹਾਂ ਵਿਚੋਂ ਦੋ ਤਗਮੇ ਬਰਤਾਨਵੀ ਅਥਲੀਟ ਨਾਰਮਨ ਪ੍ਰਿਚਰਡ ਦੇ ਹਨ, ਜੋ ਇੰਡੀਆ ਦੇ ਬਣਦੇ ਤਾਂ ਨਹੀਂ, ਪਰ ਰਿਕਾਰਡ ਵਿਚ ਗਿਣੇ ਜਾਂਦੇ ਹਨ।

1951 ਵਿਚ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ 'ਚ ਚੀਨ ਤੇ ਕੋਰੀਆ ਭਾਰਤ ਤੋਂ ਪਿੱਛੇ ਸਨ, ਹੁਣ ਕਿਤੇ ਮੂਹਰੇ ਹਨ। ਜਾਪਾਨ ਬਰਾਬਰੀ 'ਤੇ ਸੀ, ਜੋ ਕਿਤੇ ਅੱਗੇ ਨਿਕਲ ਗਿਐ। ਇਹ ਮਹਾਨ ਭਾਰਤ ਹੀ ਹੈ, ਜੋ ਅੱਗੇ ਵਧਦਾ ਪਿੱਛੇ ਮੁੜਿਆ। ਭਾਰਤ ਨੇ ਬੀਜਿੰਗ ਤੋਂ 3 ਮੈਡਲ ਜਿੱਤੇ ਸਨ, ਲੰਡਨ ਤੋਂ 6 ਪਰ ਰੀਓ ਤੋਂ 2 ਮੈਡਲ ਹੀ ਜਿੱਤ ਸਕਿਆ ਸੀ। ਬ੍ਰਿਟਿਸ਼ ਇੰਡੀਆ ਤੇ ਆਜ਼ਾਦ ਭਾਰਤ ਨੇ ਓਲੰਪਿਕ ਖੇਡਾਂ 'ਚੋਂ ਹੁਣ ਤਕ 10 ਗੋਲਡ, 9 ਸਿਲਵਰ ਤੇ 16 ਬਰਾਂਜ਼ ਮੈਡਲ ਜਿੱਤੇ ਹਨ। ਗੋਲਡ ਮੈਡਲਾਂ ਵਿਚ 8 ਹਾਕੀ ਦੇ ਹਨ, 1 ਸ਼ੂਟਿੰਗ ਤੇ 1 ਅਥਲੈਟਿਕਸ ਦਾ। ਸਿਲਵਰ ਤੇ ਬਰਾਂਜ ਮੈਡਲ ਹਾਕੀ, ਸ਼ੂਟਿੰਗ, ਕੁਸ਼ਤੀ, ਮੁੱਕੇਬਾਜ਼ੀ, ਟੈਨਿਸ, ਵੇਟ ਲਿਫਟਿੰਗ ਤੇ ਬੈਡਮਿੰਟਨ ਦੇ ਹਨ।

ਆਸਟ੍ਰੇਲੀਆ ਦੀ ਆਬਾਦੀ ਇਕ ਕਰੋੜ ਦੇ ਆਸ-ਪਾਸ ਹੈ, ਪਰ ਉਹ 497 ਮੈਡਲ ਜਿੱਤ ਚੁੱਕੈ। ਸਾਢੇ ਤਿੰਨ ਕਰੋੜ ਲੋਕਾਂ ਦਾ ਮੁਲਕ ਕੈਨੇਡਾ 302 ਮੈਡਲਾਂ 'ਤੇ ਪਹੁੰਚ ਗਿਐ। ਹੁਣ ਤਕੜੇ ਮਾੜੇ ਦਾ ਨਿਰਣਾ ਜੰਗੇ ਮੈਦਾਨ ਦੀ ਥਾਂ ਖੇਡ ਮੈਦਾਨ ਵਿਚ ਹੁੰਦਾ ਹੈ। 29 ਵਾਰ ਹੋਈਆਂ ਓਲੰਪਿਕ ਖੇਡਾਂ ਰਾਹੀਂ ਅਮਰੀਕਾ ਨੇ 18 ਵਾਰ ਵਿਸ਼ਵ 'ਤੇ ਝੰਡੀ ਕੀਤੀ ਹੈ। 7 ਵਾਰ ਸੋਵੀਅਤ ਦੇਸ਼ ਨੇ ਜੇਤੂ ਪਰਚਮ ਲਹਿਰਾਇਆ ਹੈ। ਇਕ ਵਾਰ ਫਰਾਂਸ, ਇਕ ਵਾਰ ਬਰਤਾਨੀਆ, ਇਕ ਵਾਰ ਜਰਮਨੀ ਤੇ ਇਕ ਵਾਰ ਚੀਨ ਨੇ ਝੰਡੇ ਗੱਡੇ ਹਨ। ਖੇਡਾਂ ਦੇ ਰਿਕਾਰਡ ਹਰੇਕ ਓਲੰਪਿਕ ਵਿਚ ਟੁੱਟਦੇ ਰਹੇ ਹਨ। 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਇਕ ਕੁਇੰਟਲ ਵਜ਼ਨ ਦਾ ਬਾਲਾ ਕੱਢਣ ਨਾਲ ਹੀ ਗੋਲਡ ਮੈਡਲ ਮਿਲ ਗਿਆ ਸੀ, ਜੋ ਹੁਣ ਢਾਈ ਕੁਇੰਟਲ ਵਜ਼ਨ ਦਾ ਬਾਲਾ ਕੱਢਣ ਨਾਲ ਵੀ ਨਹੀਂ ਮਿਲਦਾ! ਟੋਕੀਓ ਵਿਚ ਜਾਰਜੀਆ ਦੇ ਲਾਸ਼ਾ ਤਲਖਾਡਜ਼ ਨੇ 265 ਕਿਲੋਗਰਾਮ ਦਾ ਬਾਲਾ ਕੱਢ ਕੇ ਗੋਲਡ ਮੈਡਲ ਜਿੱਤਿਆ ਹੈ। ਮਨੁੱਖ ਦਿਨੋ ਦਿਨ ਹੋਰ ਜ਼ੋਰਾਵਰ ਤੇ ਹੋਰ ਜੁਗਤੀ ਹੋ ਰਿਹੈ, ਜਿਸ ਕਰਕੇ ਕੋਈ ਵੀ ਰਿਕਾਰਡ ਸਦੀਵੀ ਨਹੀਂ ਰਹਿੰਦਾ। ਓਲੰਪਿਕ ਖੇਡਾਂ ਦਾ ਤਾਂ ਮਾਟੋ ਹੀ ਹੈ: ਹੋਰ ਤੇਜ਼, ਹੋਰ ਉੱਚਾ, ਹੋਰ ਅੱਗੇ!

## ਸ਼੍ਰੋਮਣੀ ਕਮੇਟੀ ਨੇ ਹਾਕੀ ਟੀਮ ਦੀਆਂ ਤਿੰਨ ਖਿਡਾਰਨਾਂ ਦਾ ਸਨਮਾਨ ਕੀਤਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਟੋਕੀਓ ਉਲੰਪਿਕ ਵਿਚ ਖੇਡਣ ਵਾਲੀਆਂ ਭਾਰਤੀ ਮਹਿਲਾ ਹਾਕੀ ਟੀਮ ਦੀਆਂ ਹਰਿਆਣਾ ਨਾਲ ਸਬੰਧਤ ਤਿੰਨ ਖਿਡਾਰਨਾਂ- ਨਵਜੋਤ ਕੌਰ, ਨਵਰੀਤ ਕੌਰ ਤੇ ਰਾਣੀ ਰਾਮਪਾਲ ਨੂੰ ਪੰਜ-ਪੰਜ ਲੱਖ ਰੁਪਏ ਦੇ ਚੈੱਕ, ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਤੇ ਸਿਰੋਪਿਆਂ ਨਾਲ ਸਨਮਾਨਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਂਸੇ ਦਾ ਤਗਮਾ ਜੇਤੂ ਭਾਰਤੀ ਮਰਦ ਹਾਕੀ ਟੀਮ ਦੇ ਖਿਡਾਰੀਆਂ ਨੂੰ ਵਿਸ਼ੇਸ਼ ਸਨਮਾਨ ਸਮਾਗਮ ਵਿਚ ਸਨਮਾਨਿਤ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਇਨ੍ਹਾਂ ਖਿਡਾਰਨਾਂ ਦਾ ਸਨਮਾਨ ਕਰਨ ਮੌਕੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਭਾਰਤੀ ਹਾਕੀ ਖਿਡਾਰੀਆਂ ਨੇ ਆਪਣੀ ਮਿਹਨਤ ਸਦਕਾ ਭਾਰਤੀ ਹਾਕੀ ਨੂੰ ਦੁਬਾਰਾ ਵਿਸ਼ਵ ਕਤਾਰਬੰਦੀ ਵਿਚ ਸਿਖਰ 'ਤੇ ਲਿਆਉਣ ਦਾ ਕੰਮ ਕੀਤਾ ਹੈ। ਉਨ੍ਹਾਂ



ਲੜਕੀਆਂ ਦੀ ਹਾਕੀ ਟੀਮ ਦੇ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਵਿੱਖ ਵਿਚ ਦੇਸ਼ ਨੂੰ ਉਨ੍ਹਾਂ ਤੋਂ ਵੱਡੀਆਂ ਆਸਾਂ ਹਨ। ਹਰਿਆਣਾ ਦੀਆਂ ਹਾਕੀ ਟੀਮ ਦੀਆਂ ਤਿੰਨ ਖਿਡਾਰਨਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋ ਕੇ ਸ਼ੁਕਰਾਨਾ ਅਦਾ ਕਰਨ ਆਈਆਂ ਸਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਆ ਗਿਆ ਹੈ। ਉਨ੍ਹਾਂ ਖਿਡਾਰਨਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਹਾਕੀ ਖਿਡਾਰਨਾਂ ਨੇ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ।

## ਪੰਜਾਬ ਅਤੇ ਹਰਿਆਣਾ ਦੇ ਇਕ ਇਕ ਅਧਿਆਪਕ ਨੂੰ ਮਿਲੇਗਾ ਕੌਮੀ ਇਨਾਮ

**ਚੰਡੀਗੜ੍ਹ:** ਸਿੱਖਿਆ ਮੰਤਰਾਲੇ ਵੱਲੋਂ ਇਸ ਵਾਰ ਦੇਸ਼ ਭਰ ਦੇ 44 ਅਧਿਆਪਕਾਂ ਨੂੰ 5 ਸਤੰਬਰ ਨੂੰ ਕੌਮੀ ਐਵਾਰਡ ਦਿੱਤੇ ਜਾਣਗੇ। ਇਸ ਵਾਰ ਪੰਜਾਬ ਤੇ ਹਰਿਆਣਾ ਦੇ ਇਕ-ਇਕ ਅਧਿਆਪਕ ਨੂੰ ਐਵਾਰਡ ਦਿੱਤਾ ਜਾਵੇਗਾ ਜਦਕਿ ਚੰਡੀਗੜ੍ਹ ਤੋਂ ਕਿਸੇ ਵੀ ਅਧਿਆਪਕ ਦੀ ਇਨਾਮ ਲਈ ਚੋਣ ਨਹੀਂ ਕੀਤੀ ਗਈ।

ਇਹ ਲਗਾਤਾਰ ਚੌਥਾ ਸਾਲ ਹੈ ਜਦੋਂ ਇਸ ਐਵਾਰਡ ਤੋਂ ਚੰਡੀਗੜ੍ਹ ਨੂੰ ਵਾਂਝਾ ਰੱਖਿਆ ਗਿਆ ਹੈ। ਇਸ ਵਾਰ ਪੰਜਾਬ ਦੇ ਖਮਾਣੋਂ ਦੇ ਮਨੈਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕ ਜਗਤਾਰ ਸਿੰਘ ਦੀ ਕੌਮੀ ਐਵਾਰਡ ਲਈ ਚੋਣ ਹੋਈ ਹੈ ਜਦਕਿ ਹਰਿਆਣਾ ਦੇ ਭਿਵਾਨੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੀ ਲੈਕਚਰਾਰ ਮਮਤਾ ਪਾਲੀਵਾਲ ਦੀ ਚੋਣ ਹੋਈ ਹੈ। ਚੰਡੀਗੜ੍ਹ ਦੇ ਕਿਸੇ ਅਧਿਆਪਕ ਨੂੰ ਇਨਾਮ ਨਾ ਮਿਲਣ ਕਾਰਨ ਅਧਿਆਪਕ ਵਰਗ ਵਿਚ ਰੋਸ ਹੈ।


## ਕਿਰਪਾਨ 'ਤੇ ਲੱਗੀ ਰੋਕ ਹਟਾਉਣ ਦਾ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਜਗੀਰ ਕੌਰ ਨੇ ਆਸਟਰੇਲੀਆ ਦੇ ਨਿਊ ਸਾਊਥ ਵੇਲਜ ਵਿਚ ਸਕੂਲਾਂ 'ਚ ਸਿੱਖ ਬੱਚਿਆਂ ਦੇ ਕਿਰਪਾਨ ਪਾਉਣ 'ਤੇ ਲੱਗੀ ਰੋਕ ਹਟਾਉਣ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਣੇ ਸਿੱਖ ਸੰਗਤ ਨੇ ਇਸ ਦਾ ਵਿਰੋਧ ਕੀਤਾ ਸੀ। ਆਸਟਰੇਲੀਆ ਦੇ ਸਿੱਖ ਆਗੂਆਂ ਅਤੇ ਗੁਰਦੁਆਰਾ ਕਮੇਟੀਆਂ ਨੇ ਉਥੋਂ ਦੇ ਸਿੱਖਿਆ ਵਿਭਾਗ ਨਾਲ ਇਸ ਸਮੱਸਿਆ ਦੇ ਹੱਲ ਲਈ ਯਤਨ ਕੀਤੇ ਸਨ ਤੇ ਸਫਲ ਰਹੇ।

# ਕਿਸਾਨ ਮੋਰਚਾ ਬਨਾਮ ਭੇਡੀਆਂ ਗਊਆਂ

ਜਰਨੈਲ ਬਹੁਤ ਖੁਸ਼ ਸੀ। ਮੈਨੂੰ ਘੁੱਟ ਘੁੱਟ ਜੱਫੀਆਂ ਪਾ ਰਿਹਾ ਸੀ। ਗੱਲ ਈ ਇਹੋ ਜਿਹੀ ਸੀ। ਖੁਸ਼ੀ ਨਾਲ ਸਾਡੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ। ਉਹ ਪੁੱਛ ਰਿਹਾ ਸੀ, 'ਭਾਅ ਜੀ ਤੈਨੂੰ ਕਿਵੇਂ ਪਤਾ ਸੀ ਕਿ ਏਨੀ ਵੱਡੀ ਤਬਦੀਲੀ ਵੀ ਹੋ ਸਕਦੀ ਐ?'

ਗੱਲ ਦਰਅਸਲ ਦੋ ਮਹੀਨੇ ਪੁਰਾਣੀ ਐ। ਜਰਨੈਲ ਡਰਾਈਵ ਕਰ ਰਿਹਾ ਸੀ ਤੇ ਮੈਂ ਨਾਲ ਬੈਠਾ ਉਸ ਨਾਲ ਗੱਲੀਂ ਜੁਟਿਆ ਹੋਇਆ ਸੀ। ਫੋਟੋਗਰਾਫੀ ਮੇਰਾ ਜਨੂੰਨ ਹੈ...ਖਾਸ ਕਰ ਕੁਦਰਤੀ ਦ੍ਰਿਸ਼ਾਂ ਨੂੰ ਸੰਭਾਲ ਕੇ ਉਨ੍ਹਾਂ ਦੀ ਆਪਣੇ ਵਡੇਰੇ ਪਰਿਵਾਰ ਨਾਲ ਸਾਂਝ ਪੁਆਉਣ 'ਚ ਮੈਨੂੰ ਬਹੁਤ ਸਕੂਨ ਮਿਲਦੈ। ਮੇਰੀ ਇਹ ਆਦਤ ਵੀ ਬਣ ਗਈ ਹੈ ਕਿ ਜਦ ਵੀ ਕਦੇ ਆਲੇ-ਦੁਆਲੇ ਮੀਲਾਂ ਤੱਕ ਫੈਲੀਆਂ ਚਰਾਂਦਾਂ 'ਚ ਗਊਆਂ ਚਰਦੀਆਂ ਦੇਖਦਾ ਹਾਂ ਤਾਂ ਹੱਥ ਆਪ-ਮੁਹਾਰੇ ਫੋਨ 'ਤੇ ਚਲੇ ਜਾਂਦੇ ਹਨ। ਕੈਮਰਾ ਆਨ ਕਰਕੇ ਤਸਵੀਰਾਂ ਉਤਾਰਨ ਲੱਗ ਜਾਂਦਾ ਹਾਂ। ਪਤਾ ਵੀ ਹੈ ਕਿ ਏਨੀ ਦੂਰੋਂ ਫੋਟੋ ਸਾਫ ਨਹੀਂ ਖਿੱਚੀ ਜਾ ਸਕਦੀ, ਪਰ ਫੇਰ ਵੀ ਕਲਿੱਕ ਕਰਨੋਂ ਰਿਹਾ ਨਹੀਂ ਜਾਂਦਾ। ਸ਼ਾਇਦ ਇਨ੍ਹਾਂ ਗਊਆਂ ਨੂੰ ਦੇਖ ਕੇ ਮੇਰੇ ਮਨ ਅੰਦਰ ਕਿਤੇ ਆਪਣੀ ਗਾਂ ਦਾ ਹੇਰਵਾ ਜਾਗ ਉੱਠਦਾ ਹੈ! ਬਹੁਤ ਪਿਆਰੀ, ਨਿੱਕੇ-ਨਿੱਕੇ ਸਿੰਙਾਂ ਵਾਲੀ ਮੇਰੀ ਉਸ ਗਾਂ ਦੀ ਮੌਤ ਬਹੁਤ ਦਰਦਨਾਕ ਢੰਗ ਨਾਲ ਹੋਈ ਸੀ। ਕਿਸੇ 'ਭਲੇ ਮਨੁੱਖ' ਨੇ ਉਸ ਨੂੰ ਸੂਈਆਂ ਖੁਆ ਦਿੱਤੀਆਂ ਸਨ। ਇਹ ਭੇਤ ਉਸ ਦੀ ਮੌਤ ਪਿੱਛੋਂ ਸਾਹਮਣੇ ਆਇਆ ਸੀ।



ਇੰਦਰਜੀਤ ਚੁਗਾਵਾਂ

ਕਾਫੀ ਦੇਰ ਬਾਅਦ ਜਰਨੈਲ ਸਿੰਘ ਨਾਲ ਟੀਮ-ਲੋਡ ਲੈ ਕੇ ਜਾਣ ਦਾ ਸਬੱਬ ਬਣਿਆ ਸੀ। ਰਸਤੇ 'ਚ ਜਦ ਗਊਆਂ ਚਰਦੀਆਂ ਦੇਖੀਆਂ ਤਾਂ ਹੱਥ ਆਪਣਾ ਕੰਮ ਕਰਨ ਲੱਗ ਪਏ। ਜਰਨੈਲ ਇਹ ਦੇਖ ਕੇ ਹੱਸਿਆ, 'ਗਊਆਂ ਦੇਖ ਕੇ ਮੈਂ ਸੋਚ ਰਿਹਾ ਸੀ ਕਿ ਦੇਖੋ ਭਾਅ ਜੀ ਫੋਟੋ ਖਿੱਚਦੇ ਆ ਜਾਂ ਨਹੀਂ, ਪਰ ਤੁਹਾਨੂੰ ਚੇਤਾ ਨਹੀਂ ਭੁੱਲਿਆ!...ਤੁਹਾਡੇ ਫੋਨ ਵਿਚਲੀਆਂ ਫੋਟੋਆਂ 'ਚ ਕਾਫੀ ਹਿੱਸਾ ਤਾਂ ਗਊਆਂ ਦਾ ਈ ਹੋਣੈ!'

ਮੈਂ ਹੱਸ ਪਿਆ, ਪਰ ਉਸ ਦੀ ਗੱਲ ਦਾ ਜੁਆਬ ਨਹੀਂ ਦਿੱਤਾ। ਉਹ ਪਤਾ ਨਹੀਂ ਕਿਹੜੇ ਰੌਂਅ 'ਚ ਸੀ ਕਿ ਗਊਆਂ ਦੀ ਗੱਲ ਦਾ ਖਹਿੜਾ ਈ ਨਹੀਂ ਸੀ ਛੱਡ ਰਿਹਾ। ਮੈਂ ਰੋਕਿਆ ਵੀ, ਪਰ ਕਿੱਥੇ! ਪੁੱਛਣ ਲੱਗਾ, 'ਭਾਅ ਜੀ, ਵਲੈਤੀ ਗਊਆਂ ਦੇ ਸਿੰਙ ਕਿਉਂ ਦਾਗ ਦਿੱਤੇ ਜਾਂਦੇ ਐ?'

ਗੱਲ ਖਤਮ ਕਰਨ ਲਈ ਮੈਂ ਕਿਹਾ, 'ਚੱਲ ਛੱਡ ਵੀ ਹੁਣ! ਦੇਸੀ ਗਊਆਂ ਦੇ ਸਿੰਙ ਤੁਸੀਂ ਨਾ ਦਾਗਿਆ ਕਰੋ।'

ਉਹ ਬੋਲਿਆ, 'ਦੇਸੀ ਗਊਆਂ ਰਹੀਆਂ ਈ ਕਿੱਥੇ!'

ਥੋੜ੍ਹੀ ਦੇਰ ਅਟਕ ਕੇ ਡੂੰਘਾ ਸਾਹ ਲੈ ਕੇ ਉਸ ਨੇ ਕਿਹਾ, 'ਗਊ ਤਾਂ ਗਊ ਈ ਐ, ਦੇਸੀ ਜਾਂ ਵਲੈਤੀ...! ਸੇਵਾ ਓਨੀ ਦੇਰ ਜਿੰਨੀ ਦੇਰ ਦੁੱਧ ਦਿੰਦੀ ਰਹੇ, ਦੋ ਵਾਰ ਗੱਭਣ ਨਾ ਹੋਵੇ ਤਾਂ ਚੱਲ ਬੁੱਚੜਾਂ ਹਵਾਲੇ!...ਮੇਰਾ ਵੱਸ ਚੱਲੇ ਤਾਂ ਸਾਰੀਆਂ ਗਊਆਂ ਦੇ ਸਿੰਙ ਤਿੱਖੇ ਕਰ ਦਿਆਂ!'

ਮੇਰੇ ਕੰਨ ਖੜ੍ਹੇ ਹੋ ਗਏ। ਉਸ ਦਾ ਅਕਸ ਮੇਰੇ ਮਨ 'ਚ ਇੱਕ ਅਗਾਂਹਵਧੂ ਸਿੱਖ ਵਾਲਾ ਸੀ, ਜੋ ਬਾਣੀ ਦੀ ਵਿਆਖਿਆ ਵੀ ਵਿਗਿਆਨਕ ਨਜ਼ਰੀਏ ਤੋਂ ਕਰਦਾ ਹੈ; ਪਰ ਇਹ ਤਾਂ ਅਗਾਂਹਵਧੂ ਸਿੱਖ ਵਾਲੀ ਸੋਚਣੀ ਨਹੀਂ ਹੈ! ਟੋਹਣ ਲਈ ਆਰ ਲਾਉਂਦਿਆਂ ਮੈਂ ਕਿਹਾ, 'ਭਗਵਾਂ ਰੰਗ ਕਿਹੜੇ ਲਲਾਰੀ ਤੋਂ ਚੜ੍ਹਾਇਐ ਸਿੰਘ ਸਾਹਿਬ ਜੀ?'

'ਕੋਈ ਰੰਗ ਨਹੀਂ ਚੜ੍ਹਿਆ! ਮੈਂ ਦੂਸਰੀਆਂ ਗਊਆਂ ਦੀ ਗੱਲ ਕਰ ਰਿਹਾਂ...ਦੋ ਲੱਤਾਂ ਵਾਲੀਆਂ ਭੇਡੀਆਂ ਗਊਆਂ ਦੀ...!' ਉਹ ਸੋਚਾਂ 'ਚ ਡੁੱਬਾ ਕਿਤੇ ਦੂਰ ਪਹੁੰਚਿਆ ਹੋਇਆ ਸੀ! ਮੈਂ ਉਸ ਨੂੰ ਹੋਰ ਕੁਰੇਦਣਾ ਚਾਹੁੰਦਾ ਸੀ, ਪਰ ਮੌਕਾ ਢੁਕਵਾਂ ਨਹੀਂ ਸੀ। ਥੋੜ੍ਹੀ ਦੇਰ ਬਾਅਦ ਟੀ. ਏ. ਟਰੱਕ ਸਟਾਪ ਸੀ, ਜਿੱਥੇ ਅਸੀਂ ਰੁਕਣਾ ਸੀ ਫਿਊਲਿੰਗ ਲਈ ਤੇ ਇਸ਼ਨਾਨ-ਪਾਣੀ ਲਈ। ਸੋ ਇੰਤਜ਼ਾਰ ਕਰਨਾ ਬਿਹਤਰ ਸਮਝਿਆ।

ਮੈਂ ਕਿਸਾਨ ਮੋਰਚੇ ਬਾਰੇ ਵੀਡੀਓ ਦੇਖ ਕੇ ਹਟਿਆ ਸੀ ਤੇ ਉਸ ਬਾਰੇ ਜਰਨੈਲ ਨਾਲ ਗੱਲ ਕਰਨੀ ਚਾਹੁੰਦਾ ਸੀ, ਪਰ ਉਸ ਨੇ ਮੌਕਾ ਨਹੀਂ ਦਿੱਤਾ। ਟਰੱਕ ਸਟਾਪ ਤੋਂ ਤੁਰਦੇ ਸਾਰ ਉਹ ਬੋਲਿਆ, 'ਸੌਣਾਂ ਤਾਂ ਨਹੀਂ ਭਾਅ ਜੀ?' 'ਅਜੇ ਕਿੱਥੇ ਜਰਨੈਲ...ਥੋੜ੍ਹਾ ਅਟਕ ਕੇ ਫੇਰ ਦੇਖੂੰ ਜੇ ਨੀਂਦ ਆ ਜਾਵੇ ਤਾਂ', ਮੇਰਾ ਜੁਆਬ ਸੀ। ਪਤਾ ਲੱਗ ਗਿਆ ਸੀ ਮੈਨੂੰ ਕਿ ਹੁਣ ਜਨਾਬ ਖੁਦ-ਬ-ਖੁਦ ਦੱਸਣਗੇ! ਕਹਿਣ ਲੱਗਾ, 'ਆ ਜਾਓ, ਨਾਲ ਬੈਠੋ ਫੇਰ। ਗੱਲਾਂ-ਬਾਤਾਂ ਕਰਦੇ ਆਂ।'...ਤੇ ਫੇਰ ਉਹ ਮਨ ਦਾ ਬੋਝ ਲਾਹੁਣ ਹੋ ਤੁਰਿਆ।



'ਲੱਖਾ ਯਾਦ ਐ, ਇੱਕ ਵਾਰ ਰਸਤੇ 'ਚ ਮਿਲਾਇਆ ਸੀ ਤੁਹਾਨੂੰ! ਉਹੀ ਜਿਸ ਦਾ ਆਪਣੇ ਚਾਚੇ ਨਾਲ ਝਗੜਾ ਚੱਲ ਰਿਹਾ ਸੀ, ਜਿਸ ਦੀ ਇੱਕ ਵੀਡੀਓ ਬਣਾ ਕੇ ਉਸ ਦੀ ਬਦਨਾਮੀ ਕੀਤੀ ਸੀ ਉਸ ਨੇ! ਉਸ ਦਾ ਕੇਸ ਦੋ ਸਾਲ ਅੱਗੇ ਜਾ ਪਿਐ।' ਉਹ ਰੁਕਿਆ। ਡੂੰਘਾ ਸਾਹ ਲੈ ਕੇ ਫੇਰ ਬੋਲਣ ਲੱਗਾ, 'ਹੁਣ ਉਸ ਨੇ ਆਪਣੀ ਨਿੱਕੀ ਭੈਣ ਦਾ ਰਿਸ਼ਤਾ ਏਥੇ ਬਲਬੀਰ ਨਾਲ ਕਰ ਦਿੱਤੈ। ਭੈਣ ਉਸ ਦੀ ਬੀ.ਐਸਸੀ. ਕਰ ਰਹੀ ਐ। ...ਤੇ ਬਲਬੀਰ ਦਾ ਹਿਸਾਬ ਤੁਸੀਂ ਖੁਦ ਲਾ ਲਓ ਕਿ ਉਸ ਦੀ ਧੀ ਲੱਖੇ ਦੀ ਭੈਣ ਨਾਲੋਂ ਵੱਡੀ ਐ ਉਸ ਨੇ ਆਪਣੀ ਪਹਿਲੀ ਘਰਵਾਲੀ ਨੂੰ ਕਾਗਜ਼ੀ ਤਲਾਕ ਦਿੱਤਾ ਹੋਇਐ।...ਲੱਖਾ ਸੋਚਦੈ ਕਿ ਜੇ ਕੇਸ ਵੱਲ ਦੇਖਦਾ ਰਿਹਾ ਤਾਂ ਉਹ ਆਪਣਾ ਪਰਿਵਾਰ ਛੇਤੀ ਨਹੀਂ ਮੰਗਵਾ ਸਕੇਗਾ। ਇਸ ਲਈ ਉਸ ਨੇ ਇਹ ਰਾਹ ਕੱਢਿਐ ਕਿ ਕੁੜੀ ਦਾ ਵਿਆਹ ਬਲਬੀਰ ਨਾਲ ਕਰ ਦਿੰਦੇ ਆਂ। ਬਲਬੀਰ ਨੂੰ ਹੁਣੇ ਸਿਟੀਜ਼ਨਸ਼ਿਪ ਮਿਲੀ ਐ, ਕੁੜੀ ਜਲਦੀ ਪੱਕੀ ਹੋ ਜਾਊ ਤੇ ਫੇਰ ਬਾਕੀ ਪਰਿਵਾਰ ਲਈ ਆਪਣੇ ਆਪ ਰਾਹ ਖੁੱਲ੍ਹ ਜਾਊ। ਬਾਅਦ 'ਚ ਤਲਾਕ ਦੇ ਕੇ 'ਪੱਕਾ ਵਿਆਹ' ਕਰ ਦਿਆਂਗੇ। ਮਾਂ-ਬਾਪ, ਛੋਟਾ ਭਰਾ ਸਭ ਨੂੰ ਕੁੜੀ ਏਧਰ ਬੁਲਾ ਲਏਗੀ ਤੇ ਘਰਵਾਲੀ ਦਾ ਵੀ ਕੋਈ ਇਹੋ ਜਿਹਾ ਜੁਗਾੜ ਹੋ ਜਾਊ...!'

'ਇਹਦੇ ਵਿਚ ਤੇਰੀ ਪ੍ਰੇਸ਼ਾਨੀ ਕੀ ਐ? ਤੂੰ ਕੁਝ ਵੀ ਨਹੀਂ ਕਰ ਸਕਦਾ, ਐਵੇਂ ਟੈਨਸ਼ਨ ਨਾ ਲਿਆ ਕਰ। ਉਹ ਕੁੜੀ ਵੀ ਤਾਂ ਪੜ੍ਹੀ ਲਿਖੀ ਐ...ਉਹਦੇ ਮੂੰਹ 'ਚ ਜ਼ੁਬਾਨ ਤਾਂ ਹੋਵੇਗੀ।' ਮੈਂ ਉਸ ਨੂੰ ਸ਼ਾਂਤ ਕਰਨ ਲਈ ਆਖਦਾਂ।

ਉਹ ਫੇਰ ਸ਼ੁਰੂ ਹੋ ਗਿਆ, 'ਕੁੜੀ ਬਾਰੇ ਪਤਾ ਲੱਗਿਐ ਕਿ ਉਹ ਬਹੁਤ ਰੋਈ ਕੁਰਲਾਈ ਸੀ, ਪਰ ਉਹਦੀ ਸੁਣੀ ਕਿਸੇ ਨੇ ਨਹੀਂ। ਬਲਬੀਰ ਨਾਲ ਦਸ ਹਜ਼ਾਰ ਡਾਲਰ 'ਚ ਸੌਦਾ ਹੋਇਐ ਲੱਖੇ ਦਾ। ਸ਼ਰਤ ਇਹ ਐ ਕਿ ਕੁੜੀ ਸਿਟੀਜ਼ਨਸ਼ਿਪ ਮਿਲਣ ਤੱਕ ਉਹਦੇ ਨਾਲ ਈ ਰਹੇਗੀ। ਮੇਰੀ ਪ੍ਰੇਸ਼ਾਨੀ ਇਹ ਐ ਕਿ ਬਾਣੇ ਪੱਖੋਂ ਲੱਖਾ ਤੇ ਬਲਬੀਰ ਪੂਰੇ ਗੁਰਸਿੱਖ ਹਨ, ਗੁਰਦੁਆਰਾ ਕਮੇਟੀਆਂ 'ਚ ਪੂਰਾ ਰਸੂਖ ਐ, ਪਰ ਕਰਤੂਤਾਂ ਕੀ ਕਰ ਰਹੇ ਐ!...ਆਪਣੇ ਧਰਮ 'ਚ ਗੱਲੀਂ-ਬਾਤੀਂ ਤਾਂ ਔਰਤ ਨੂੰ ਪੂਰਾ ਸਤਿਕਾਰ ਦਿੱਤਾ ਗਿਐ, ਪਰ ਹਕੀਕਤ ਕੀ ਐ? ਦੱਸਣ ਦੀ ਲੋੜ ਐ ਭਲਾ! ਕੁੜੀਆਂ ਬੇਚਾਰੀਆਂ ਤਾਂ ਭੇਡੀਆਂ ਗਊਆਂ ਹਨ ਇਨ੍ਹਾਂ ਲਈ, ਇੱਕ ਕਿਲੇ ਤੋਂ ਦੂਸਰੇ ਕਿਲੇ ਜਦ ਚਾਹੋ ਬੰਨ੍ਹ ਦਿਓ...ਜਦ ਚਾਹੋ ਰੱਸਾ ਕਿਸੇ ਦੇ ਵੀ ਹੱਥ ਫੜਾ ਦਿਓ! ਇਹ ਤਾਂ ਗੁਰਬਤ ਦਾ ਸਾਗਰ ਪਾਰ ਕਰਨ ਵਾਲਾ ਜਹਾਜ਼ ਬਣਾ ਰੱਖੀਆਂ ਇਨ੍ਹਾਂ ਕੰਜਰਾਂ ਨੇ! ਗਾਉਂਦੇ ਹੁੰਦੇ ਆ ਨਾ...ਸਤਿਗੁਰਾਂ ਨੇ ਜਹਾਜ਼ ਬਣਾਇਆ, ਆ ਜੋ ਜੀਹਨੇ ਪਾਰ ਲੰਘਣਾ!' ਉਹ ਚੁੱਪ ਹੋ ਗਿਆ ਸੀ, ਪਰ ਸ਼ਾਂਤ ਨਹੀਂ। ਸਟੇਅਰਿੰਗ 'ਤੇ ਉਂਗਲਾਂ ਨਾਲ ਵੱਜ ਰਿਹਾ ਤਬਲਾ ਉਸ ਅੰਦਰ ਉੱਠ ਰਹੀਆਂ ਤੇਜ਼ ਛੱਲਾਂ ਦੀ ਗਵਾਹੀ ਭਰ ਰਿਹਾ ਸੀ। ਉਹ ਜਦ ਵੀ ਪ੍ਰੇਸ਼ਾਨ ਹੁੰਦੈ, ਤਬਲਾ ਵਜਾਉਣ ਲੱਗ ਪੈਂਦੈ। ਤਬਲਾਵਾਦਨ ਉਸ ਨੂੰ ਸਕੂਨ ਦਿੰਦੈ, ਇਹ ਗੱਲ ਮੈਨੂੰ ਪਤੈ।

ਚੁੱਪ ਤੋੜਨ ਲਈ ਮੈਂ ਕਿਹਾ, 'ਮੇਰੇ ਜ਼ਾਕਿਰ ਹੁਸੈਨ...,ਇਹ ਤਾਂ ਹੋ ਗਿਆ ਆਪਣਾ ਰੋਣ-ਧੋਣ! ਤੂੰ ਆਪਣਾ ਗੁੱਭ-ਗਲ੍ਹਾਟ ਕੱਢ ਲਿਐ, ਚੰਗੀ ਗੱਲ ਐ। ਮਸਲੇ ਦਾ ਹੱਲ ਕੀ ਐ ਤੇਰੇ ਕੋਲ?' ਮੈਂ ਜਰਨੈਲ ਵੱਲ ਗਹੁ ਨਾਲ ਦੇਖਦਿਆਂ ਕਿਹਾ।

'ਜੇ ਹੱਲ ਹੁੰਦਾ ਤਾਂ ਤੈਨੂੰ ਰਮਾਇਣ ਕਿਉਂ ਸੁਣਾਉਂਦਾ, ਇਸੇ ਲਈ ਤਾਂ ਰੋਣਾ ਰੋਇਆ ਤੇਰੇ ਕੋਲ', ਉਸ ਦਾ ਜੁਆਬ ਸੀ।

ਕਾਫੀ ਦੇਰ ਚੁੱਪ ਪੱਸਰੀ ਰਹੀ। ਮੇਰੇ ਜ਼ਿਹਨ 'ਚ ਕੇਸਕੀ ਸਜਾਈ ਉਹ ਕੁੜੀ ਬੇਚਾਰੀ ਜਿਹੀ ਬਣ ਕੇ ਖੜ੍ਹ ਗਈ, ਜਿਵੇਂ ਮੇਰੇ ਵੱਲ ਮਦਦ ਲਈ ਹੱਥ ਵਧਾ ਕੇ ਹਾੜ੍ਹੇ ਕੱਢ ਰਹੀ ਹੋਵੇ। ਅਚਾਨਕ ਇੱਕ ਖਿਆਲ ਮਨ 'ਚ ਆਇਆ। ਮੈਂ ਜਰਨੈਲ ਨੂੰ ਕਿਹਾ ਕਿ ਉਹ ਕਿਸੇ ਤਰ੍ਹਾਂ ਉਸ ਕੁੜੀ ਨੂੰ ਦਿੱਲੀ 'ਚ ਚੱਲ ਰਹੇ ਕਿਸਾਨ ਮੋਰਚੇ 'ਚ ਭੇਜੇ। ਆਸ-ਪਾਸ ਤੋਂ ਕੋਈ ਜਥਾ ਜਾ ਰਿਹਾ ਹੋਵੇ ਤਾਂ ਉਸ ਨਾਲ ਉਹ ਜਾ ਸਕਦੀ ਐ।

'ਇਹਦੇ ਨਾਲ ਕੀ ਫਰਕ ਪਊ,' ਉਸ ਦਾ ਜੁਆਬ ਸੀ।

'ਦੇਖਦੇ ਆਂ, ਸ਼ਾਇਦ ਕੋਈ ਫਰਕ ਪੈ ਈ ਜਾਵੇ,' ਮੈਂ ਕਿਹਾ। ਮੈਨੂੰ ਇਹ ਤਾਂ ਉਮੀਦ ਸੀ ਕਿ ਫਰਕ ਤਾਂ ਪਵੇਗਾ, ਪਰ ਕਿੰਨਾ ਪਵੇਗਾ, ਇਸ ਬਾਰੇ ਕੁਝ ਵੀ ਕਹਿ ਨਹੀਂ ਸੀ ਸਕਦਾ। ਨੀਂਦ ਆ ਰਹੀ ਸੀ ਤੇ ਜਰਨੈਲ ਤੋਂ ਇਜਾਜ਼ਤ ਲੈ ਕੇ ਮੈਂ ਲੇਟ ਗਿਆ। ਪੂਰੇ ਟਰਿੱਪ ਦੌਰਾਨ ਮੁੜ ਕੇ ਇਹ ਮੁੱਦਾ ਉਸ ਨੇ ਨਹੀਂ ਛੇੜਿਆ।

ਦੋ ਮਹੀਨੇ ਬਾਅਦ ਜਰਨੈਲ ਨਾਲ ਅਚਾਨਕ ਇੱਕ ਮਾਰਕਿਟ ਪਲਾਜ਼ੇ 'ਚ ਟਾਕਰੇ ਹੋ ਗਏ। 'ਭਾਅ ਜੀ ਕਮਾਲ ਈ ਹੋ ਗਈ! ਲੱਖੇ ਦੀ ਭੈਣ ਨੇ ਉਹ ਰਿਸ਼ਤਾ ਠੁਕਰਾ ਦਿੱਤੈ... ਸਾਰਾ ਪਰਿਵਾਰ ਬਥੇਰਾ ਕਲਪਿਆ, ਪਰ ਉਹ ਨਹੀਂ ਮੰਨੀ', ਉਹ ਦੱਸ ਰਿਹਾ ਸੀ ਤੇ ਪੁੱਛ ਰਿਹਾ ਸੀ ਕਿ ਮੈਨੂੰ ਕਿਵੇਂ ਪਤਾ ਸੀ ਕਿ ਏਨੀ ਵੱਡੀ ਤਬਦੀਲੀ ਵੀ ਹੋ ਸਕਦੀ ਐ।

'ਜਰਨੈਲ, ਹਰ ਸ਼ੈਅ, ਹਰ ਜੀਵ 'ਚ ਅੱਗ ਹੁੰਦੀ ਐ, ਪਰ ਉਹ ਸਾਨੂੰ ਉਸ ਵੇਲੇ ਈ ਨਜ਼ਰ ਆਉਂਦੀ ਐ, ਜਦ ਲਾਟ ਬਣ ਕੇ ਸਾਹਮਣੇ ਆਵੇ। ਲੋੜ ਬੱਸ ਉਸ ਅੱਗ ਵਿਚਲੀ ਚੰਗਿਆੜੀ ਨੂੰ ਹਵਾ ਦੇਣ ਦੀ ਹੁੰਦੀ ਐ। ਨਤੀਜਾ ਇਸ ਗੱਲ 'ਤੇ ਨਿਰਭਰ ਕਰਦੈ ਕਿ ਚੰਗਿਆੜੀ ਨੂੰ ਹਵਾ ਦੇਣ ਵਾਲਾ ਕੌਣ ਐ! ਸਾਫ ਨੀਅਤ ਵਾਲਾ ਹੋਵੇ ਤਾਂ ਚੰਗਿਆੜੀ ਤੋਂ ਬਣਨ ਵਾਲੀ ਲਾਟ ਹੋਰਨਾਂ ਦਾ ਵੀ ਰਾਹ ਰੁਸ਼ਨਾਏਗੀ, ਮਾੜੀ ਨੀਅਤ ਵਾਲਾ ਹੋਇਆ ਤਾਂ ਚੰਗਿਆੜੀ ਭਾਂਬੜ ਬਣ ਕੇ ਆਸ-ਪਾਸ ਤਬਾਹੀ ਮਚਾ ਦੇਵੇਗੀ। ਦਿੱਲੀ ਦੀਆਂ ਬਰੂਹਾਂ 'ਤੇ ਲੱਗਾ ਹੋਇਆ ਕਿਸਾਨ ਮੋਰਚਾ ਸਮਾਜ ਦੇ ਹਰ ਹਿੱਸੇ 'ਚ ਤਬਦੀਲੀ ਦਾ ਸਰੋਤ ਬਣਿਆ ਹੋਇਐ। ਇਸ ਮੋਰਚੇ ਨੇ ਵੱਡੀ ਸਿਰਜਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਐ। ਮੈਨੂੰ ਪੂਰਾ ਯਕੀਨ ਸੀ ਕਿ ਸਿੰਘੂ ਬਾਰਡਰ ਜਾ ਕੇ ਇਹ ਕੁੜੀ ਜਦ ਉਥੇ ਔਰਤਾਂ ਨੂੰ ਮੋਹਰੇ ਹੋ ਕੇ ਕੰਮ ਕਰਦਿਆਂ, ਸਟੇਜ ਤੋਂ ਬੋਲਦਿਆਂ, ਕਵਿਤਾਵਾਂ ਸੁਣਾਉਂਦਿਆਂ, ਰੂੜ੍ਹੀਵਾਦੀ ਸੰਸਕਾਰਾਂ ਨੂੰ ਵੰਗਾਰਦਿਆਂ ਦੇਖੇਗੀ ਤਾਂ ਉਸ ਅੰਦਰਲਾ ਰੋਹ ਜ਼ਰੂਰ ਜਾਗੇਗਾ।' ਮੇਰੀ ਇਹ ਗੱਲ ਸੁਣ ਕੇ ਜਰਨੈਲ ਨੇ ਇੱਕ ਵਾਰ ਫੇਰ ਘੁੱਟ ਕੇ ਮੈਨੂੰ ਕਲਾਵੇ 'ਚ ਲੈ ਲਿਆ।

ਅਸੀਂ ਦੋਵੇਂ ਖੁਸ਼ ਹਾਂ ਕਿ ਅਸੀਂ ਇੱਕ ਪੜ੍ਹੀ-ਲਿਖੀ ਕੁੜੀ ਅੰਦਰਲੀ ਅੱਗ ਨੂੰ ਲਾਟ 'ਚ ਬਦਲਣ ਵਿਚ ਸਫਲ ਰਹੇ ਹਾਂ। ਜਰਨੈਲ ਅਨੁਸਾਰ ਹੁਣ ਉਹ ਕੁੜੀ 'ਭੇਡੀ ਗਊ' ਨਹੀਂ ਰਹੀ, ਨਾ ਹੀ ਗੁਰਬਤ ਪਾਰ ਕਰਵਾਉਣ ਵਾਲਾ ਜਹਾਜ਼। ਪਹਿਲਾਂ ਸਿਰਫ ਵੇਸ ਸਿੰਘਣੀ ਵਾਲਾ ਸੀ, ਪਰ ਹੁਣ ਉਹ ਅਸਲ ਸਿੰਘਣੀ ਬਣੀ ਹੈ।

ਮੈਂ ਉਸ ਵੇਲੇ ਦਿੱਲੀ ਨਾਲ ਮੋਰਚਾ ਲਾਈ ਬੈਠੇ ਕਿਸਾਨਾਂ-ਮਜ਼ਦੂਰਾਂ ਨੂੰ ਮਨ ਹੀ ਮਨ ਸਿਜਦਾ ਕੀਤਾ, ਜੋ ਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਆਪਣਾ ਦਰਦ ਬਿਆਨ ਕਰਨ ਲਈ ਹੌਸਲਾ ਤੇ ਜ਼ੁਬਾਨ ਦੇ ਰਹੇ ਹਨ।

ਸਮਾਂ ਬਹੁਤ ਬਦਲ ਗਿਐ। ਅਸੀਂ ਅਜੇ ਵੀ 'ਪਰਿਵਾਰ ਦੀ ਇੱਜ਼ਤ' ਦੇ ਨਾਂ 'ਤੇ ਆਪਣੀਆਂ ਧੀਆਂ-ਭੈਣਾਂ ਨਾਲ ਜ਼ੁਲਮ ਕਮਾ ਰਹੇ ਆਂ। ਧੀਆਂ-ਭੈਣਾਂ ਵੀ ਮਾਨਵੀ ਜੀਵ ਹਨ। ਉਨ੍ਹਾਂ ਕੋਲ ਵੀ ਆਪਣਾ ਦਿਮਾਗ ਹੈ, ਆਪਣਾ ਵਿਵੇਕ ਹੈ! ਉਹ ਭੇਡੀਆਂ ਗਊਆਂ ਨਹੀਂ ਤੇ ਨਾ ਹੀ ਪਰਿਵਾਰ ਦੀ ਗਰੀਬੀ ਕੱਢਣ ਵਾਲਾ ਜਹਾਜ਼!

ਉਨ੍ਹਾਂ ਅੰਦਰ ਵੀ ਦਿਲ ਧੜਕਦਾ ਹੈ!
ਉਨ੍ਹਾਂ 'ਚ ਵੀ ਸੰਵੇਦਨਾ ਹੈ!
ਉਨ੍ਹਾਂ ਕੋਲ ਵੀ ਵਿਵੇਕ ਹੈ!
ਉਨ੍ਹਾਂ ਨੂੰ ਵੀ ਚੰਗੇ-ਮਾੜੇ ਦੀ ਪਛਾਣ ਹੈ!
ਉਨ੍ਹਾਂ ਨਾਲ ਮਨੁੱਖਾਂ ਵਾਂਗ ਵਿਹਾਰ ਕਰੋ!
ਉਨ੍ਹਾਂ 'ਤੇ ਫੈਸਲੇ ਠੋਸੋ ਨਾ, ਖੁਦ ਕਰਨ ਦਿਓ ਉਨ੍ਹਾਂ ਨੂੰ ਆਪਣੇ ਫੈਸਲੇ!
ਉਹ ਵੀ ਮਨੁੱਖ ਹਨ, ਆਦਮ ਤੇ ਹਵਾ ਦੀਆਂ ਜਾਈਆਂ!!

# ਬੇਈਮਾਨੀ ਦੀਆਂ ਮੜ੍ਹੀਆਂ...

ਸ਼ੂਗਰ ਦੇ ਇਲਾਜ ਵਲੋਂ ਸਮਝ ਲਊ ਜਾਂ ਫਿਰ ਕੈਲੀਫੋਰਨੀਆਂ ਦੇ ਕਾਇਦੇ-ਕਾਨੂੰਨ ਸਦਕਾ 'ਪੈਨਸ਼ਨੀਆ' ਬਣ ਜਾਣ ਕਾਰਨ ਖੁੱਲ੍ਹੇ ਸਮੇਂ ਦੀ ਸੁਵਰਤੋਂ ਕਹਿ ਲਓ, ਮੈਂ ਸੁਬ੍ਹਾ ਸਵੇਰੇ ਬਿਲਾਨਾਗਾ ਲੰਬੀ ਸੈਰ ਲਈ ਜਾਂਦਾ ਹਾਂ। ਦੋ ਕੁ ਇਕਾਂਤ ਵਾਲੀਆਂ ਸੈਰਗਾਹਾਂ ਵੀ ਮੈਂ ਚੁਣੀਆਂ ਹੋਈਆਂ ਹਨ। ਜਿੱਧਰ ਨੂੰ ਦਿਲ ਕਰੇ, ਉਧਰ ਨੂੰ ਪੈਦਲ ਨਿਕਲ ਤੁਰਦਾ ਹਾਂ। ਫੋਨ-ਟੂਟੀ ਕੰਨਾਂ ਵਿਚ ਲਾ ਕੇ ਕਦੇ ਸ਼ਬਦ ਕੀਰਤਨ ਸੁਣ ਲੈਂਦਾ ਹਾਂ ਤੇ ਕਦੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਜਾਂ ਮਿੱਤਰਾਂ-ਦੋਸਤਾਂ ਨਾਲ ਖੁੱਲ੍ਹੀਆਂ ਗੱਲਾਂ ਮਾਰ ਲਈਦੀਆਂ।

ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮੇਰੇ ਰਾਹ ਵਿਚ ਇਕ ਲਾਈਟ ਰੇਲ ਸਟੇਸ਼ਨ ਪੈਂਦਾ ਹੈ, ਜਿਸ ਦੇ ਨਾਲ ਹੀ ਲੋਕਲ ਬੱਸ ਸਟੈਂਡ ਵੀ ਹੈ। ਲੰਬੇ ਅਰਸੇ ਤੋਂ ਰੋਜ ਹੀ ਇੱਧਰ ਘੁੰਮਣ ਫਿਰਨ ਕਾਰਨ ਕਈ ਬੱਸ ਡਰਾਈਵਰਾਂ ਨਾਲ ਥੋੜ੍ਹੀ ਬਹੁਤ ਜਾਣ-ਪਛਾਣ ਵੀ ਹੋ ਗਈ ਹੈ। ਇਕ ਸਵੇਰ ਮੈਂ ਹੈਂਡ-ਫੋਨ ਟੂਟੀ ਕੰਨਾਂ 'ਚ ਫਸਾ ਕੇ ਪੰਜਾਬ ਰਹਿੰਦੇ ਇਕ ਦੋਸਤ ਨਾਲ ਗੱਲਾਂ ਕਰਦਾ ਤੁਰਿਆ ਜਾ ਰਿਹਾ ਸਾਂ ਕਿ ਅੱਗਿਉਂ ਮੈਨੂੰ ਇਕ ਗੋਰਾ ਡਰਾਈਵਰ ਮਿਲ ਪਿਆ, ਜੋ ਮੇਰੇ ਵਾਂਗ ਹੀ ਸੈਰ ਕਰਦਾ ਤੁਰਿਆ ਆ ਰਿਹਾ ਸੀ। ਫੋਨ 'ਤੇ ਪੰਜਾਬ ਵਾਲੇ ਮਿੱਤਰ ਨੂੰ 'ਇਕ ਮਿੰਟ ਠਹਿਰੀਂ' ਕਹਿ ਕੇ ਮੈਂ ਗੋਰੇ ਡਰਾਈਵਰ ਨੂੰ 'ਹਾਏ ਹੈਲੋ' ਕਰਕੇ ਹਾਲ-ਚਾਲ ਪੁੱਛਿਆ।

ਉਸ ਨੇ ਬੜੀ ਮਸਤੀ ਨਾਲ ਹੁੱਬ ਕੇ ਮੈਨੂੰ ਦੱਸਿਆ ਕਿ ਮਿਸਟਰ ਸਿੰਘ ਅੱਜ ਮੇਰੀ ਡਿਊਟੀ 'ਸਟੈਂਡ ਬਾਈ' ਬੱਸ 'ਤੇ ਲੱਗੀ ਹੋਈ ਹੈ, ਅੱਜ ਮੇਰੇ ਮਜ਼ੇ ਨੇ। ਮੈਂ ਵੀ ਉਸ ਨੂੰ 'ਥਮਜ਼ ਅੱਪ' ਵਾਂਗ ਅੰਗੂਠਾ ਖੜ੍ਹਾ ਕਰਦਿਆਂ 'ਗੁੱਡ ਗੁੱਡ' ਆਖਿਆ!

ਇਸ ਡਰਾਈਵਰ ਨਾਲ ਗੱਲ ਮੁੱਕਦਿਆਂ ਹੀ ਜਦ ਮੈਂ ਫੋਨ 'ਤੇ ਪੰਜਾਬ ਵਾਲੇ ਮਿੱਤਰ ਨਾਲ ਟੁੱਟੀ ਲੜੀ ਮੁੜ ਜੋੜਨ ਲਈ 'ਹਾਂ ਬਈ' ਕਿਹਾ ਤਾਂ ਉਸ ਨੇ ਮੈਨੂੰ ਪੁੱਛਿਆ ਕਿ ਇਹ ਕੌਣ ਸੀ? ਗੋਰੇ ਡਰਾਈਵਰ ਦੀ ਸਟੈਂਡ ਬਾਈ ਬੱਸ ਵਾਲੀ ਡਿਊਟੀ ਬਾਰੇ ਸਮਝਾਉਣ ਲਈ ਮੈਂ ਸੋਚਿਆ ਕਿ ਇਸ ਨੂੰ ਇਹਦੇ ਇਲਾਕੇ ਦੀ ਹੀ ਮਿਸਾਲ ਦੇ ਕੇ ਸਮਝਾਉਂਦਾ ਹਾਂ। ਮੈਂ ਕਿਹਾ ਕਿ ਏਦਾਂ ਸਮਝ ਲੈ ਕਿ ਨਵੇਂ ਸ਼ਹਿਰੋਂ ਤੁਹਾਡੇ ਜਾਂ ਹੋਰ ਲਾਗੇ ਚਾਗੇ ਦੇ ਪਿੰਡਾਂ ਵੱਲ ਨੂੰ ਆਉਣ-ਜਾਣ ਵਾਲੀਆਂ ਬੱਸਾਂ ਤਾਂ ਰੁਟੀਨ ਮੁਤਾਬਿਕ ਆਈ-ਜਾਈ ਜਾਣ, ਪਰ ਰੋਡਵੇਜ਼ ਵਾਲੇ ਇਕ ਫਾਲਤੂ ਬੱਸ ਤੁਹਾਡੇ ਇਲਾਕੇ ਦੇ ਫਲਾਣੇ ਪਿੰਡ ਕੋਲ ਭੇਜ ਦੇਣ ਤੇ ਡਰਾਈਵਰ ਨੂੰ ਤਾਕੀਦ ਹੋਵੇ ਕਿ ਭਾਈ ਜੇ ਤੈਨੂੰ ਐਧਰੋਂ ਓਧਰੋਂ ਕਿਸੇ ਬੱਸ ਦੇ ਖਰਾਬ ਹੋ ਜਾਣ ਦੀ ਸੂਚਨਾ ਮਿਲੇ ਤਾਂ ਤੂੰ ਫੌਰਨ ਬੱਸ ਲੈ ਕੇ ਉਥੇ ਪਹੁੰਚ ਜਾਣਾ ਹੈ ਤਾਂ ਕਿ ਸਵਾਰੀਆਂ ਖੱਜਲ-ਖੁਆਰ ਨਾ ਹੁੰਦੀਆਂ ਫਿਰਨ। ਇੰਜ ਮਹਿਕਮੇ ਵਲੋਂ ਭੇਜੀ ਹੋਈ ਅਜਿਹੀ ਬੱਸ ਨੂੰ 'ਸਟੈਂਡ ਬਾਈ ਡਿਊਟੀ' ਵਾਲੀ ਬੱਸ ਕਹਿੰਦੇ ਹਨ। ਅਜਿਹੀ ਬੱਸ ਨੂੰ ਕਦੇ ਕਦਾਈਂ ਹੀ ਕਿਤੇ ਜਾਣਾ ਪੈਂਦਾ ਹੈ, ਨਹੀਂ ਤਾਂ ਸੱਤ-ਅੱਠ ਘੰਟੇ ਵਿਹਲੇ ਰਹਿ ਕੇ ਡਰਾਈਵਰ ਸ਼ਾਮ ਨੂੰ ਯਾਰਡ ਵਿਚ ਜਾ ਵੜਦੇ ਨੇ। ਇੰਜ ਇਸ ਬੱਸ ਦੇ ਡਰਾਈਵਰ ਅਕਸਰ ਲਾਗੇ-ਚਾਗੇ ਸੈਰ ਕਰਕੇ ਜਾਂ ਫੋਨ 'ਤੇ ਟਾਈਮ ਪਾਸ ਕਰਕੇ ਆਪਣੀ ਡਿਊਟੀ ਪੂਰੀ ਕਰ ਜਾਂਦੇ ਹਨ।

'ਹੈਂ...ਅ...ਅ, ਅੱ...ਛਾ, ਹਲਾ?' ਦੇ ਹੁੰਘਾਰੇ ਭਰ ਕੇ ਬੜੀ ਦਿਲਚਸਪੀ ਨਾਲ ਮੇਰੀ ਇਹ ਗੱਲ ਸੁਣ ਰਹੇ ਪੰਜਾਬ ਵਾਲੇ ਮਿੱਤਰ ਤੋਂ ਮੈਂ ਤਵੱਕੋ ਕਰ ਰਿਹਾ ਸਾਂ ਕਿ ਉਹ ਸਾਰੀ ਜਾਣਕਾਰੀ ਲੈ ਕੇ ਬਾਹਰਲੇ ਮੁਲਕਾਂ ਦੀ ਸਿਫਤ ਕਰਦਿਆਂ ਇਥੋਂ ਦੇ ਲੋਕ-ਸੇਵਕ ਸਿਸਟਮ ਦੀ ਭਰਪੂਰ ਵਡਿਆਈ ਕਰੇਗਾ ਅਤੇ ਮੈਨੂੰ ਕਹੇਗਾ ਕਿ ਯਾਰ ਤੁਸੀਂ ਕਿਸਮਤ ਵਾਲੇ ਹੋ! ਪਰ ਮੇਰੀ ਆਸ ਦੇ ਉਲਟ ਉਹ ਮੇਰੀ ਗੱਲ ਮੁੱਕਦਿਆਂ ਹੀ ਬੋਲਿਆ, "ਏਦਾਂ ਫਿਰ ਬੱਲੇ-ਰੱਤੇ ਬੱਸ ਲੈ ਕੇ ਵਿਹਲਾ ਖੜ੍ਹਾ ਡਰਾਈਵਰ, ਬੱਸ ਦਾ ਤੇਲ ਵੇਚ ਕੇ ਡਬਲ ਕਮਾਈ ਕਰ ਲੈਂਦਾ ਹੋਣਾ ਐ ਯਾਰ?"



ਕੈਲੀਫੋਰਨੀਆ ਸਟੇਟ ਦੇ ਇਕ ਸ਼ਹਿਰ ਵਿਚ ਘੁੰਮਦਿਆਂ ਦੇਸੀ ਮਿੱਤਰ ਦਾ ਇਹ ਅਨੋਖਾ ਸਵਾਲ ਸੁਣ ਕੇ ਮੈਨੂੰ ਯਾਦ ਆਇਆ ਕਿ ਕਈ ਸਾਲ ਪਹਿਲਾਂ ਪੰਜਾਬ ਵਿਚ ਕੁਝ ਜਥੇਬੰਦੀਆਂ ਨੇ ਖੇਤਾਂ ਵਿਚ ਬਣੀਆਂ ਹੋਈਆਂ ਮੜ੍ਹੀਆਂ-ਮਸਾਣਾਂ ਜਬਰਦਸਤੀ ਢਾਹੁਣ ਦਾ ਮਿਸ਼ਨ ਅਰੰਭਿਆ ਸੀ। ਤਦ ਇਕ ਦਾਨਿਸ਼ਵਰ ਪੰਜਾਬੀ ਨੇ ਸਲਾਹ ਦਿੱਤੀ ਸੀ ਕਿ ਜਦ ਤੱਕ ਸਾਡੇ ਮਨਾਂ ਵਿਚ ਬਣੀਆਂ ਹੋਈਆਂ ਮੜ੍ਹੀਆਂ ਨੇਸਤੋਨਾਬੂਦ ਨਹੀਂ ਹੁੰਦੀਆਂ, ਉਦੋਂ ਤੱਕ ਬਾਹਰਲੀਆਂ ਮੜ੍ਹੀਆਂ ਢਾਹੁਣ ਦਾ ਕੋਈ ਫਾਇਦਾ ਨਹੀਂ ਹੋਣਾ!

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ 'ਪੂਰਨਤਾ ਦੇ ਪੰਧ' ਉਤੇ ਕਦਮ-ਕਦਮ ਤੁਰਦਿਆਂ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਲਈ ਪਹਿਲਕਦਮੀ ਕਰਦੇ ਰਹਿਣ ਦਾ ਹੋਕਾ ਦਿੱਤਾ ਸੀ, ਕਿਉਂਕਿ "ਅੱਧੀ-ਅਧੂਰੀ ਜ਼ਿੰਦਗੀ ਨੂੰ ਜਿਉਣਾ, ਜੀਵਨ ਦੀ ਬੇਅਦਬੀ ਤੇ ਬੇਰੁਹਮਤੀ।... ਮਨੁੱਖ ਜੀਵਨ ਦੇ ਹਰ ਪੜਾਅ, ਵਕਤ ਦੇ ਹਰ ਪਹਿਰ ਤੇ ਪਲ-ਪਲ ਕੁਝ ਨਾ ਕੁਝ ਸਿੱਖਦਾ ਅਤੇ ਇਸ ਨੂੰ ਆਪਣੀ ਸੋਚ, ਸਮਝ ਅਤੇ ਜੀਵਨ ਸ਼ੈਲੀ ਦਾ ਹਿੱਸਾ ਬਣਾਉਂਦਾ। ਬੰਦੇ ਦਾ ਅਪੂਰਨ ਤੋਂ ਪੂਰਨਤਾ ਨੂੰ ਜਾਣਾ, ਨਿਰੰਤਰ ਕਾਰਜ।" ਹਥਲੇ ਲੇਖ ਵਿਚ ਡਾ. ਭੰਡਾਲ ਕਹਿੰਦੇ ਹਨ, "ਰਾਹਾਂ ਰਾਹੀਂ ਬਣੇ ਰਿਸ਼ਤੇ ਤਾਅ ਉਮਰ ਨਿੱਭਦੇ ਅਤੇ ਰਾਹਾਂ ਦੇ ਸਦਕੇ ਜਾਂਦੇ। ਇਸ ਲਈ ਜਰੂਰੀ ਹੈ ਕਿ ਜ਼ਿੰਦਗੀ ਦੀਆਂ ਰਾਹਾਂ 'ਤੇ ਤੁਰਦੇ ਰਹੀਏ ਅਤੇ ਇਨ੍ਹਾਂ 'ਤੇ ਤੁਰਦਿਆਂ, ਬਣੇ ਰਿਸ਼ਤਿਆਂ ਨੂੰ ਸਦਾ ਨਿਭਾਉਂਦੇ ਰਹੀਏ, ਕਿਉਂਕਿ ਇਕ ਹੀ ਕੁਤਾਹੀ ਰਿਸ਼ਤਿਆਂ ਦੀ ਤੰਦ ਨੂੰ ਤੋੜਨ ਲਈ ਕਾਫੀ ਹੁੰਦੀ।" "ਅਧਿਆਤਮਕ ਰਾਹਾਂ 'ਤੇ ਤੁਰਦਿਆਂ ਬਾਬੇ ਨਾਨਕ ਅਤੇ ਭਾਈ ਮਰਦਾਨੇ ਦਾ ਇਹ ਅਜ਼ੀਮ ਤੇ ਅਮੁੱਲਾ ਰਿਸ਼ਤਾ ਹੀ ਸੀ, ਜਿਸ ਨੂੰ ਕਿਸੇ ਸਮਾਜਿਕ ਨਾਮਕਰਣ ਵਿਚ ਨਹੀਂ ਬੰਨਿਆ ਜਾ ਸਕਦਾ।"**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਰਾਹ-ਰਿਸ਼ਤੇ

ਰਾਹ ਤੇ ਰਿਸ਼ਤੇ ਦਾ ਅਜਬ ਜਿਹਾ ਸਬੰਧ ਜਿਹੜਾ ਬਹੁਤ ਸਾਰੇ ਰਾਹਾਂ ਅਤੇ ਰਿਸ਼ਤਿਆਂ ਦੀ ਧਰਾਤਲ ਬਣਦਾ। ਕਦੇ ਕਦੇ ਰਾਹਾਂ ਵਿਚੋਂ ਹੀ ਰਿਸ਼ਤੇ ਸਿਰਜੇ ਜਾਂਦੇ ਅਤੇ ਕਦੇ ਕਦੇ ਰਿਸ਼ਤਿਆਂ ਵਿਚੋਂ ਬਹੁਤ ਸਾਰੇ ਰਾਹ ਨਿਕਲਦੇ।

ਰਾਹਾਂ ਰਾਹੀਂ ਬਣੇ ਰਿਸ਼ਤੇ ਤਾਅ ਉਮਰ ਨਿੱਭਦੇ ਅਤੇ ਰਾਹਾਂ ਦੇ ਸਦਕੇ ਜਾਂਦੇ। ਇਸ ਲਈ ਜਰੂਰੀ ਹੈ ਕਿ ਜ਼ਿੰਦਗੀ ਦੀਆਂ ਰਾਹਾਂ 'ਤੇ ਤੁਰਦੇ ਰਹੀਏ ਅਤੇ ਇਨ੍ਹਾਂ ਤੇ ਤੁਰਦਿਆਂ, ਬਣੇ ਰਿਸ਼ਤਿਆਂ ਨੂੰ ਸਦਾ ਨਿਭਾਉਂਦੇ ਰਹੀਏ, ਕਿਉਂਕਿ ਇਕ ਹੀ ਕੁਤਾਹੀ ਰਿਸ਼ਤਿਆਂ ਦੀ ਤੰਦ ਨੂੰ ਤੋੜਨ ਲਈ ਕਾਫੀ ਹੁੰਦੀ।

ਸਭ ਰਾਹਾਂ 'ਤੇ ਤੁਰਦਿਆਂ ਰਿਸ਼ਤੇ ਨਹੀਂ ਬਣਦੇ। ਕੁਝ ਹੀ ਅਜਿਹੇ ਰਾਹ ਹੁੰਦੇ, ਜਿਨ੍ਹਾਂ ਨੂੰ ਰਿਸ਼ਤੇ ਬਣਾਉਣ ਅਤੇ ਇਨ੍ਹਾਂ ਨੂੰ ਮਾਨਣ ਦਾ ਸ਼ਰਫ ਹਾਸਲ ਹੁੰਦਾ।

ਰਾਹਾਂ 'ਚ ਬਣੇ ਹੋਏ ਰਿਸ਼ਤੇ ਕੁਝ ਨਾਜ਼ੁਕ ਤੇ ਕੁਝ ਪੀਢੇ। ਕੁਝ ਕੋਮਲ ਤੇ ਕੁਝ ਸਖਤ। ਕੁਝ ਮਲੂਕ ਤੇ ਕੁਝ ਕਰੜ-ਬਰੜੇ। ਕੁਝ ਪਲ ਕੁ ਪਲ ਦੇ ਤੇ ਕੁਝ ਉਮਰ ਭਰ ਦੇ। ਕੁਝ ਸਾਹਾਂ ਵਰਗੇ ਤੇ ਕੁਝ ਸਾਹ-ਸੱਤਹੀਣ। ਕੁਝ ਜ਼ਿੰਦਗੀ ਦੀ ਨਿਸ਼ਾਨਦੇਹੀ ਤੇ ਕੁਝ ਜ਼ਿੰਦਗੀ ਦੀ ਦਰ-ਕਿਨਾਰੀ।

ਰਾਹਾਂ 'ਚ ਬਣੇ ਹੋਏ ਰਿਸ਼ਤਿਆਂ ਨੂੰ ਇਨ੍ਹਾਂ ਦੀ ਸਾਰਥਿਕਤਾ, ਸਾਦਗੀ, ਸਹਿਜਤਾ, ਸਧਾਰਨਤਾ ਅਤੇ ਸਦੀਵਤਾ ਵਿਚੋਂ ਹੀ ਕਚਿਆਇਆ ਜਾਂ ਪਕਿਆਇਆ ਜਾ ਸਕਦਾ। ਇਹ ਰਿਸ਼ਤੇ, ਰਾਹਾਂ ਦੀ ਤਾਸੀਰ, ਤਕਦੀਰ ਅਤੇ ਤਸਵੀਰ 'ਤੇ ਨਿਰਭਰ।

ਕਦੇ ਪੈਦਲ ਚੱਲਦਿਆਂ, ਦੁਸ਼ਵਾਰੀਆਂ, ਖੁਆਰੀਆਂ ਅਤੇ ਦਿਲਦਾਰੀਆਂ ਵਿਚੋਂ ਜਦ ਰਾਹਾਂ ਨੂੰ ਮੰਜ਼ਿਲਾਂ ਮਿਲਦੀਆਂ ਤਾਂ ਇਕ ਰਿਸ਼ਤਾ ਹਮਰਾਹੀ ਨਾਲ ਜੁੜਦਾ, ਜੋ ਜ਼ਿੰਦਗੀ ਦੇ ਹਰ ਪਹਿਰ ਵਿਚ ਉਸ ਸਫਰ ਨੂੰ ਸੁਖਾਵਾਂ ਕਰੀ ਜਾਂਦਾ, ਜਿਸ ਸਦਕਾ ਰਾਹਾਂ 'ਤੇ ਪੈਦਲ ਚੱਲਦਿਆਂ ਕਦੇ ਵੀ ਥਕਾਵਟ ਨਹੀਂ ਸੀ ਹੁੰਦੀ। ਇਨ੍ਹਾਂ ਰਾਹ-ਰਸਤਿਆਂ ਦੀ ਹਰ ਨਿਸ਼ਾਨੀ, ਮੋੜ ਅਤੇ ਵੱਲ-ਵਲੇਵੇਂ ਚੇਤਿਆਂ ਵਿਚ ਸਦਾ ਸਜੀਵ ਹੋ ਜਾਂਦੇ।

ਸਕੂਲੀ ਜਾਂ ਕਾਲਜ ਦੀ ਪੜ੍ਹਾਈ ਦੌਰਾਨ, ਇਕ ਹੀ ਸਾਈਕਲ 'ਤੇ ਦੋ ਜਾਂ ਤਿੰਨ ਸੰਗੀਆਂ ਵਲੋਂ ਕੀਤਾ ਸਫਰ ਕਦੇ ਵੀ ਥਕੇਵਾਂ ਜਾਂ ਅਕੇਵਾਂ ਨੇੜੇ ਨਹੀਂ ਸੀ ਢੁੱਕਣ ਦਿੰਦਾ। ਗੱਲਾਂ ਕਰਦਿਆਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਘਰ ਤੋਂ ਕਾਲਜ ਪਹੁੰਚ ਜਾਣਾ ਤੇ ਫਿਰ ਕਾਲਜ ਤੋਂ ਘਰ ਨੂੰ ਰਵਾਨਗੀ। ਸਾਈਕਲੀ ਸਫਰ ਦੌਰਾਨ ਪੈਦਾ ਹੋਏ ਸਬੰਧਾਂ ਦੀ ਖੁਸ਼ਬੂ ਹੁਣ ਵੀ ਮਨ-ਚੇਤਿਆਂ ਨੂੰ ਤਰੋਤਾਜ਼ਾ ਕਰ ਜਾਂਦੀ ਆ। ਸਾਈਕਲ ਦਾ ਸਫਰ ਤਾਂ ਹਵਾਈ ਜਹਾਜ਼ ਨਾਲੋਂ ਜ਼ਿਆਦਾ ਅਰਾਮਦਾਇਕ ਅਤੇ ਸੁਖਾਵਾਂ ਹੁੰਦਾ ਸੀ। ਬੇਫਿਕਰੀ ਦੇ ਆਲਮ ਵਿਚ ਬਚਪਨੀ ਪਲਾਂ ਦੌਰਾਨ ਬਣੇ ਇਨ੍ਹਾਂ ਰਿਸ਼ਤਿਆਂ ਵਿਚੋਂ ਤੁਸੀਂ ਉਨ੍ਹਾਂ ਪਲਾਂ ਨੂੰ ਮੁੜ ਤੋਂ ਮਾਨਣਾ ਲੋਚਦੇ ਹੋ, ਜਿਨ੍ਹਾਂ ਨੇ ਜ਼ਿੰਦਗੀ ਨੂੰ ਚਾਨਣ-ਰੱਤੇ ਰਾਹਾਂ ਵੰਨੀਂ ਮੋੜਿਆ ਅਤੇ ਜ਼ਿੰਦਗੀ ਨੂੰ ਸੁਰਖ ਰਾਹਾਂ ਦੀ ਦੱਸ ਪਾਈ।

ਜ਼ਿੰਦਗੀ ਦੀਆਂ ਰਾਹਾਂ ਬਹੁਤ ਵਿਲੱਖਣ, ਵੱਖਰਤਾ ਅਤੇ ਵਿਕਲੋਰਤਾ ਨਾਲ ਭਰੀਆਂ ਹੁੰਦੀਆਂ। ਪਤਾ ਨਹੀਂ ਕਿਸ ਮੋੜ 'ਤੇ, ਕਿਸ ਨੇ ਸਾਥੀ ਬਣ ਕੇ ਜੀਵਨ ਨੂੰ ਸੁਖਦਾਈ ਪਲਾਂ ਨਾਲ ਭਰਨਾ ਜਾਂ ਰਾਹਾਂ ਵਿਚ ਕੰਡਿਆਂ ਦੀ ਵਿਛਾਈ ਕਰਕੇ ਦੁੱਖ ਵਣਜਣੇ? ਇਹ ਵਰਤਾਰਾ ਹੀ ਰਾਹਾਂ ਨਾਲ ਸਿਰਜੇ ਰਿਸ਼ਤਿਆਂ ਦਾ ਆਧਾਰ।

ਕੁਝ ਲੋਕ ਰਾਹਾਂ ਵਿਚ ਸਿਰਜੇ ਰਿਸ਼ਤਿਆਂ ਦੀ ਪੌੜੀ ਬਣਾ, ਸਫਲਤਾ ਦਾ ਮੰਜ਼ਰ ਸਿਰਜਣ ਲਈ ਕਾਹਲੇ; ਪਰ ਕੁਝ ਅਜਿਹੇ ਵੀ ਹੁੰਦੇ, ਜੋ ਕਿਸੇ ਲਈ ਪੌੜੀ ਬਣਦੇ ਤਾਂ ਕਿ ਉਹ ਲੋੜਵੰਦ ਅਤੇ ਯੋਗ ਵਿਅਕਤੀ ਲਈ ਮਦਦਗਾਰ ਬਣ ਸਕਣ। ਇਨ੍ਹਾਂ ਵਿਚੋਂ ਹੀ ਰਿਸ਼ਤਿਆਂ ਦੇ ਪਨਪਣ ਵਾਲੀਆਂ ਕਿਸਮਾਂ ਉਜਾਗਰ ਹੁੰਦੀਆਂ। ਸ਼ਗਨਾਂ ਵਾਲੇ ਹੱਥਾਂ ਵਿਚ ਪਕੜਾਇਆ ਨੌਕਰੀ ਤੋਂ ਬਰਖਾਸਤਗੀ ਦਾ ਪੱਤਰ ਜਦ ਕਿਸੇ ਦੇ ਮਨ ਵਿਚ ਹੱਲਚੱਲ ਪੈਦਾ ਕਰਦਾ ਅਤੇ ਫਿਰ ਕੋਈ ਹਮਰੁਤਬਾ, ਸ਼ਗਨਾਂ ਦੀ ਰੁੱਸੀ ਹੋਈ ਮਹਿੰਦੀ ਨੂੰ ਵਰਾਉਣ ਅਤੇ ਇਸ ਦੀ ਰੰਗਤ ਦੀ ਬਰਕਰਾਰੀ ਲਈ ਹੱਥ ਵਧਾਉਂਦਾ ਤਾਂ ਇਸ ਨਾਲ ਅਜਿਹੇ ਰਿਸ਼ਤੇ ਸਥਾਪਤ ਹੁੰਦੇ, ਜੋ ਉਮਰ ਦੀਆਂ ਹੱਦਾਂ ਤੋਂ ਵੀ ਅੱਗੇ ਲੰਘ ਜਾਂਦੇ। ਕੁਝ ਅਜਿਹਾ ਹੀ ਰਿਸ਼ਤਾ ਡਾ. ਹਰਭਜਨ ਸਿੰਘ ਦਿਓਲ ਨਾਲ ਜ਼ਿੰਦਗੀ ਦੇ ਉਸ ਮੋੜ 'ਤੇ ਜੁੜਿਆ ਜਦ ਨਵੇਂ-ਵਿਆਹੇ ਨੂੰ ਸੁਧਾਰ ਕਾਲਜ ਦੀ ਮੈਨੇਜਮੈਂਟ ਨੇ ਨੌਕਰੀ ਤੋਂ ਟਰਮੀਨੇਸ਼ਨ ਦਾ ਆਰਡਰ ਦਿੱਤਾ ਅਤੇ ਡਾ. ਦਿਓਲ ਨੇ ਇਸ ਦੀ ਭਾਜੀ, ਸਰਕਾਰੀ ਨੌਕਰੀ ਦੇ ਰੂਪ ਵਿਚ ਮੋੜੀ।

ਰਾਹਾਂ ਵਿਚ ਤੁਰਦਿਆਂ ਅਛੋਪਲੇ ਜਿਹੇ ਕੁਝ ਰਿਸ਼ਤੇ ਅਜਿਹੇ ਸਿਰਜ ਹੋ ਜਾਂਦੇ, ਜਿਨ੍ਹਾਂ ਨੂੰ ਨਿਭਾਉਣ ਲਈ ਸਿਰ ਧੜ ਦੀ ਬਾਜੀ ਵੀ ਲਾਉਣੀ ਪੈਂਦੀ। ਭਾਵੇਂ ਇਹ ਸੋਹਣੀ-ਮਹੀਂਵਾਲ ਦਾ ਪਿਆਰ ਹੋਵੇ, ਪੁਨੂੰ ਬਲੋਚ ਦੀ ਸੱਸੀ ਨਾਲ ਮੁਹੱਬਤ ਹੋਵੇ ਜਾਂ ਹੀਰ-ਰਾਂਝੇ ਦੀ ਪਿਆਰ-ਕਹਾਣੀ ਦਾ ਬਿਰਤਾਂਤ ਹੋਵੇ।

ਰਾਹ 'ਤੇ ਤੁਰਦਿਆਂ ਬਹੁਤੀ ਵਾਰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਅਸੀਂ ਆਪਣੇ ਹਮਸਫਰ ਨਾਲ ਰਿਸ਼ਤੀ ਤੰਦਾਂ ਵਿਚ ਬੱਝ ਜਾਂਦੇ। ਯਾਦਗਾਰੀ ਪਲਾਂ ਦਾ ਨਿਉਂਦਾ, ਸਾਡੀ ਤਲੀ 'ਤੇ ਧਰ ਸਮੁੱਚੀ ਜ਼ਿੰਦਗੀ ਨੂੰ ਹੁਸੀਨ ਪਲਾਂ ਨਾਲ ਤਰੋਤਾਜ਼ਾ ਕਰਦਾ ਰਹਿੰਦਾ। ਬੱਸ, ਰੇਲ ਗੱਡੀ ਜਾਂ ਹਵਾਈ ਸਫਰ ਦੌਰਾਨ ਸਿਰਜੀਆਂ ਉਨ੍ਹਾਂ ਪਿਆਰੀਆਂ ਸਾਂਝਾਂ ਨੂੰ ਅਸੀਂ ਅਕਸਰ ਹੀ ਯਾਦ ਕਰਦੇ ਹਾਂ। ਨਾਲ-ਨਾਲ ਸਫਰ ਕਰਦਿਆਂ, ਕਈ ਵਾਰ ਤਾਂ ਗੋਡੇ ਵੀ ਆਪਸੀ ਗੁਫਤਗੂ ਜਾਂ ਹੱਥਾਂ ਦੀ ਮੂਕ ਸੰਵੇਦਨਾ ਬਹੁਤ ਸਾਰੇ ਅਜਿਹੇ ਸਬੰਧਾਂ ਨੂੰ ਜਨਮ ਦਿੰਦੀ, ਜਿਨ੍ਹਾਂ ਨਾਲ ਜ਼ਿੰਦਗੀ ਦੇ ਧੁਆਖੇ ਪਲਾਂ ਨੂੰ ਰੌਸ਼ਨੀ ਦੀ ਕਾਤਰ ਪ੍ਰਾਪਤ ਹੁੰਦੀ। ਜੀਵਨ, ਚਾਨਣ ਵਿਚ ਨਹਾਉਂਦਾ ਅਤੇ ਸਾਹਾਂ ਦੀ ਸੁਖਨਤਾ ਨੂੰ ਆਪਣਾ ਕਰਮ ਬਣਾਉਂਦਾ।

ਸੰਘਰਸ਼ ਦੇ ਰਾਹ 'ਤੇ ਚੱਲਣ ਵਾਲੇ ਜੁਝਾਰੂ ਮਨਾਂ ਵਿਚ ਜਦ ਰੂਹ-ਰੰਗਤਾ ਦੀ ਦਰਵੇਸ਼ੀ ਦਸਤਕ ਦਿੰਦੀ ਤਾਂ ਉਨ੍ਹਾਂ ਦਾ ਆਪਣੇ ਸਾਥੀਆਂ ਨਾਲ ਇਕ ਬੇਜੋੜ ਤੇ ਬੇਮਿਸਾਲ ਰਿਸ਼ਤਾ ਪੈਦਾ ਹੋ ਜਾਂਦਾ। ਇਸ ਨੂੰ ਮਾਨਸਿਕ, ਸਰੀਰਕ ਜਾਂ ਆਰਥਿਕ ਪੱਖ ਤੋਂ ਪਰ੍ਹਾਂ ਜਾ ਕੇ ਸੋਚਿਆ ਤੇ ਸਮਝਿਆ ਜਾ ਸਕਦਾ। ਇਹ ਰਿਸ਼ਤੇ ਹੀ ਸੰਘਰਸ਼ ਨੂੰ ਸਿਖਰ 'ਤੇ ਪਹੁੰਚਾ, ਇਸ ਦੀ ਬੁਲੰਦਗੀ ਵਿਚ ਪ੍ਰਾਪਤੀਆਂ ਦੀ ਤਵਾਰੀਖ ਸਿਰਜਦੇ। ਇਨ੍ਹਾਂ ਸੰਘਰਸ਼ਾਂ ਵਿਚੋਂ ਕੁਝ ਅਜਿਹੀਆਂ ਜੋਤੀਆਂ ਪੈਦਾ ਹੁੰਦੀਆਂ, ਜਿਨ੍ਹਾਂ 'ਤੇ ਸਮੁੱਚਾ ਸਮਾਜ ਰਸ਼ਕ ਕਰਦਾ।

ਅਧਿਆਤਮਕ ਰਾਹਾਂ 'ਤੇ ਤੁਰਦਿਆਂ ਬਾਬਾ ਨਾਨਕ ਅਤੇ ਭਾਈ ਮਰਦਾਨੇ ਦਾ ਇਹ ਅਜ਼ੀਮ ਤੇ ਅਮੁੱਲਾ ਰਿਸ਼ਤਾ ਹੀ ਸੀ, ਜਿਸ ਨੂੰ ਕਿਸੇ ਸਮਾਜਿਕ ਨਾਮਕਰਣ ਵਿਚ ਨਹੀਂ ਬੰਨਿਆ ਜਾ ਸਕਦਾ। ਇਹ ਰਿਸ਼ਤੇ ਦੌਰਾਨ ਹੀ ਭਾਈ ਮਰਦਾਨੇ ਦੀ ਰਬਾਬ ਦੀ ਸੰਗਤ ਵਿਚ ਬਾਬਾ ਨਾਨਕ ਵਲੋਂ ਉਚਾਰੀ ਗਈ ਗੁਰਬਾਣੀ ਨੇ ਮਨੁੱਖਤਾ ਨੂੰ ਧਰਮ-ਕਰਮ ਦੀ ਉਚਾਈ ਅਤੇ ਪਾਪ, ਅਨਿਆਂ ਤੇ ਜ਼ਬਰ ਖਿਲਾਫ ਆਵਾਜ਼ ਦੀ ਬੁਲੰਦਗੀ ਨੂੰ ਨਵੀਂ ਪਛਾਣ ਦਿੱਤੀ। ਬਾਬਾ ਨਾਨਕ ਦੀਆਂ ਉਦਾਸੀਆਂ ਨੇ ਮਨੁੱਖੀ ਤਵਾਰੀਖ ਵਿਚ ਸਿੱਖ ਧਰਮ ਦੀ ਮੋੜੀ ਗੱਡੀ। ਆਮ ਲੋਕਾਈ ਨੂੰ ਇਸ ਨੂੰ ਵਿਚਾਰਨ, ਵਿਸਥਾਰਨ ਅਤੇ ਅਪਨਾਉਣ ਵੰਨੀਂ ਪ੍ਰੇਰਿਤ ਕੀਤਾ। ਅਜਿਹਾ ਧਰਮ, ਜੋ ਦੁਨਿਆਵੀ ਰੂਪ ਹੰਢਾਉਂਦਿਆਂ, ਮਨੁੱਖ ਨੂੰ ਪਰਮ ਮਨੁੱਖ ਬਣਨ ਵੰਨੀਂ ਸਦਾ ਹੀ ਉਤਸ਼ਾਹਿਤ ਕਰਦਾ ਹੈ।

ਰਾਹ ਤਾਂ ਰਿਸ਼ਤਿਆਂ ਦੀ ਸਿਰਜਣਾ ਦੇ ਨਾਲ-ਨਾਲ, ਉਨ੍ਹਾਂ ਦੀ ਪਰਖ ਦਾ ਵਸੀਲਾ ਵੀ ਹਨ। ਇਨ੍ਹਾਂ ਰਾਹਾਂ ਵਿਚ ਹੀ ਆਪਣੇ ਤੇ ਬਿਗਾਨੇ, ਮਿੱਤਰ ਤੇ ਦੁਸ਼ਮਣ, ਸੱਜਣ ਤੇ ਠੱਗ, ਪਾਕੀਜ਼ ਤੇ ਪਲੀਤ ਅਤੇ ਪਾਰਦਰਸ਼ੀ ਤੇ ਬਹੁਰੂਪੀਆਂ ਦੀ ਪਛਾਣ ਹੁੰਦੀ। ਜ਼ਿੰਦਗੀ ਦੀ ਜਦੋ-ਜਹਿਦ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣ, ਤੂਤ ਦੇ ਮੋਛੇ ਵਰਗਾ ਸਾਥ ਨਿਭਾਉਣ ਅਤੇ ਜਿੰਦ ਬਦਲੇ ਸਬੰਧਾਂ ਨੂੰ ਆਂਚ ਵੀ ਨਾ ਆਉਣ ਦੇਣ ਵਾਲੇ ਲੋਕ, ਰਾਹਾਂ ਵਿਚ ਸਿਰਜੇ ਰਿਸ਼ਤਿਆਂ ਦਾ ਸੁੱਚਮ ਤੇ ਉਚਮ ਹੁੰਦੇ।

ਨਵੀਆਂ ਰਾਹਾਂ ਸਿਰਜਣ ਲਈ ਮਨ ਦੀ ਸਕਾਰਾਤਮਿਕਤਾ 'ਤੇ ਮਾਣ ਕਰੋ ਅਤੇ ਨਕਾਰਾਤਮਿਕਤਾ ਨੂੰ ਨਕਾਰੋ। ਯਾਦ ਰੱਖੋ! ਤਰਨਾ ਸਿੱਖੋ, ਡੁੱਬ ਤਾਂ ਬੰਦਾ ਆਪੇ ਹੀ ਜਾਂਦਾ। ਸੁਪਨੇ ਸਿਰਜੋ, ਸੁਪਨਿਆਂ ਨੂੰ ਤੋੜਨ ਵਾਲੇ ਆਲੇ-ਦੁਆਲੇ ਬਹੁਤ ਨੇ। ਪਾਣੀ ਦੇ ਵਹਾਅ ਦੇ ਉਲਟ ਤਰਨ ਦੀ ਜੁਅਰਤ ਕਰੋ, ਵਹਾਅ ਦੀ ਦਿਸ਼ਾ 'ਚ ਪਾਣੀ ਆਪੇ ਲੈ ਜਾਵੇਗਾ। ਅੰਬਰੀਂ ਉਡਾਰੀਆਂ ਮਾਰਨ ਦੀ ਤਮੰਨਾ ਪੈਦਾ ਕਰੋ, ਧਰਤੀ 'ਤੇ ਸੁੱਟਣ ਵਾਲੇ ਤਾਂ ਆਪੇ ਹੀ ਆ ਜਾਣੇ। ਡਿੱਗ ਕੇ ਖੁਦ ਉਠੋ, ਸਿੱਟਣ ਵਾਲੇ ਤਾਂ ਸਾਡੇ ਆਪਣੇ ਹੀ ਹੁੰਦੇ। ਆਪਣੀਆਂ ਖੂਬੀਆਂ ਦੇਖੋ, ਖਾਮੀਆਂ ਤਾਂ ਲੋਕਾਂ ਨੇ ਲੱਭ ਹੀ ਲੈਣੀਆਂ। ਸੁੰਨੇ ਆਲ੍ਹਿਆਂ ਵਿਚ ਦੀਵੇ ਜਗਾਉ, ਬੁਝਾਉਣ ਲਈ ਫੂਕਾਂ ਮਾਰਨ ਵਾਲੇ ਬਹੁਤ ਆ। ਬਨੇਰੇ 'ਤੇ ਮੋਮਬੱਤੀਆਂ ਜਗਾਉਣ ਦਾ ਹੀਆ ਕਰੋ, ਹਨੇਰੀ ਨੇ ਤਾਂ ਬੁਝਾਉਣੀਆਂ ਹੀ ਹੁੰਦੀਆਂ। ਅਗਾਂਹ ਨੂੰ ਪੈਰ ਰੱਖੋ, ਲੱਤਾਂ ਖਿੱਚਣ ਲਈ ਲੋਕ ਜੁ ਹੈਨ।

ਰਾਹਾਂ ਵਿਚੋਂ ਪੈਦਾ ਹੋਏ ਰਿਸ਼ਤਿਆਂ ਵਿਚੋਂ ਬਹੁਤ ਸਾਰੇ ਹੋਰ ਰਾਹ ਨਿਕਲਦੇ, ਜਿਹੜੇ ਉਨ੍ਹਾਂ ਦਿਸਹੱਦਿਆਂ ਵੱਲ ਧਿਆਨ ਦਿਵਾਉਂਦੇ, ਜੋ ਸਾਥੋਂ ਓਹਲੇ ਹੁੰਦੇ। ਇਨ੍ਹਾਂ ਨੇ ਹੀ ਹੋਰ ਰਾਹਾਂ ਦੀ ਦੱਸ ਪਾ ਕੇ ਨਵੇਂ ਰਿਸ਼ਤਿਆਂ ਦੀ ਸਿਰਜਣਾ ਜੁ ਕਰਨੀ ਹੁੰਦੀ।

ਰਾਹਾਂ 'ਚੋਂ ਰਿਸ਼ਤੇ ਅਤੇ ਰਿਸ਼ਤਿਆਂ 'ਚੋਂ ਰਾਹ ਨਿਕਲਦੇ ਰਹਿਣ ਤਾਂ ਜੀਵਨ ਨੂੰ ਉਚੇਰੀਆਂ ਬੁਲੰਦੀਆਂ 'ਤੇ ਪਹੁੰਚਣ ਅਤੇ ਨਵੇਂ ਸ਼ਿਲਾਲੇਖਾਂ ਨੂੰ ਉਕਰਨ ਵਿਚ ਜ਼ਿਆਦਾ ਮੁਸ਼ੱਕਤ ਨਹੀਂ ਕਰਨੀ ਪੈਂਦੀ। ਲੋੜ ਹੈ ਕਿ ਮਨੁੱਖ ਰਾਹਾਂ 'ਤੇ ਤੁਰਦਿਆਂ ਸੁਲੱਗ ਤੇ ਸੁਯੋਗ ਰਿਸ਼ਤਿਆਂ ਨੂੰ ਸਿਰਜਦਾ ਰਹੇ। ਫਿਰ ਖੁਦ-ਬ-ਖੁਦ ਹੀ ਇਨ੍ਹਾਂ ਰਿਸ਼ਤਿਆਂ ਵਿਚੋਂ ਹੋਰ ਪਗਡੰਡੀਆਂ ਨੇ ਆਪਣਾ ਮੁਹਾਂਦਰਾ ਉਜਾਗਰ ਕਰਦੇ ਰਹਿਣਾ ਅਤੇ ਨਵੇਂ ਰਿਸ਼ਤਿਆਂ ਦੀ ਉਤਪਤੀ ਦਾ ਸਬੱਬ ਬਣਦੇ ਰਹਿਣਾ।

ਮਨੁੱਖ ਦੀ ਜ਼ਿੰਦਗੀ ਦੇ ਅਨੇਕਾਂ ਰਾਹ ਅਤੇ ਇਨ੍ਹਾਂ ਰਾਹਾਂ 'ਤੇ ਉਸਰੇ ਹੁੰਦੇ ਨੇ ਅਨੇਕਾਂ ਰਿਸ਼ਤੇ। ਇਨ੍ਹਾਂ ਰਿਸ਼ਤਿਆਂ ਦੀ ਆਪੋ-ਆਪਣੀ ਅਹਿਮੀਅਤ, ਅਮੁੱਲਤਾ, ਅੰਤਰੀਵਤਾ ਆਸਥਾ ਅਤੇ ਅਤੁੱਲਤਾ। ਇਨ੍ਹਾਂ ਨੂੰ ਇਨ੍ਹਾਂ ਦੇ ਸੰਦਰਭ ਵਿਚ ਸਮਝ ਕੇ, ਰਿਸ਼ਤਿਆਂ ਦੀ ਸਾਰਥਿਕਤਾ, ਸਥੱਭਤਾ ਅਤੇ ਸਦੀਵਤਾ ਨੂੰ ਪਛਾਣਿਆ ਤੇ ਮਾਣਿਆ ਜਾ ਸਕਦਾ।

ਅਧਿਆਪਨੀ ਸਫਰ ਦੌਰਾਨ ਅਚੇਤ ਰੂਪ ਵਿਚ ਬਹੁਤ ਸਾਰੇ ਗੁਰੂ-ਸ਼ਿਸ ਦੇ ਰਿਸ਼ਤੇ ਪਨਪਦੇ, ਜਿਨ੍ਹਾਂ ਦੀ ਸੁਗੰਧ ਤੁਹਾਨੂੰ ਮਹਿਕ ਨਾਲ ਲਬਰੇਜ਼ ਕਰਦੀ। ਇਨ੍ਹਾਂ 'ਚੋਂ ਮਨੁੱਖ ਨੂੰ ਸੰਤੋਖ, ਸੰਤੁਸ਼ਟੀ ਅਤੇ ਕੁਝ ਚੰਗੇਰਾ ਕਰਨ ਦਾ ਅਹਿਸਾਸ ਹਾਵੀ ਰਹਿੰਦਾ। ਕਦੇ ਸਫਰ ਕਰਦਿਆਂ, ਬਾਜ਼ਾਰ ਵਿਚ ਫਿਰਦਿਆਂ ਜਾਂ ਵਿਦੇਸ਼ੀ ਧਰਤੀ 'ਤੇ ਘੁੰਮਦਿਆਂ ਜਦ ਕੋਈ ਅਚਨਚੇਤੀ ਹੀ ਤੁਹਾਨੂੰ ਪਛਾਣ ਕੇ ਹਾਕ ਮਾਰਦਾ ਅਤੇ ਆਪਣੀ ਪਛਾਣ ਦੱਸ ਕੇ ਵਿਦਿਆਰਥੀ ਦੇ ਰੂਪ ਵਿਚ ਬਣੇ ਰਿਸ਼ਤੇ ਨੂੰ ਫਿਰ ਤੋਂ ਨਵਿਆਉਂਦਾ ਤਾਂ ਬਹੁਤ ਚੰਗਾ ਲੱਗਦਾ। ਉਨ੍ਹਾਂ ਦੀਆਂ ਨਵੀਆਂ ਪਛਾਣਾਂ ਅਤੇ ਸਥਾਪਤੀਆਂ 'ਤੇ ਫਖਰ ਹੁੰਦਾ ਅਤੇ ਮਨ ਧੰਨਭਾਗਤਾ ਵਿਚ ਡੁੱਬ ਜਾਂਦਾ।

ਕਲਮ ਦੀ ਰਾਹ 'ਤੇ ਚੱਲਦਿਆਂ ਜਾਣੇ-ਅਣਜਾਣੇ ਅਜਿਹੇ ਰਿਸ਼ਤੇ ਸਥਾਪਤ ਹੋਏ, ਜਿਨ੍ਹਾਂ ਨੂੰ ਭਾਵੇਂ ਤੁਸੀਂ ਕਦੇ ਵੀ ਨਾ ਮਿਲੋ, ਪਰ ਹਰਫਾਂ ਦੀ ਸਾਂਝ ਸਦਾ ਬਰਕਰਾਰ। ਹਰਫਾਂ ਵਿਚੋਂ ਜ਼ਿੰਦਗੀ ਨੂੰ ਖੁਸ਼ਨਸੀਬੀ ਤੇ ਜ਼ਿੰਦਾਦਿਲੀ ਮਿਲਦੀ। ਜੀਵਨ-ਰਾਹ ਹਰਿਆਵਲ ਅਤੇ ਸਾਹ-ਸੰਜੀਦਗੀ ਨਾਲ ਭਰਦੇ। ਇਨ੍ਹਾਂ ਰਿਸ਼ਤਿਆਂ ਦੀ ਦੁਆ, ਕਲਮ ਦੀ ਕਸਤੂਰੀ, ਕਰਮਯੋਗਤਾ ਅਤੇ ਕਿਰਤ-ਸਾਧਨਾ ਲਈ ਕਰਤਾਰੀ ਸ਼ਕਤੀ ਬਣਦੀ। ਜਦ ਕੋਈ ਪਾਠਕ 'ਘਰ ਅਰਦਾਸ ਕਰੇ' ਵਿਚੋਂ ਘਰ ਨੂੰ ਸਵਰਗ ਬਣਾਉਣ ਦੀ ਲੋਚਾ ਪੈਦਾ ਕਰੇ, 'ਸਾਹ-ਸੁਰੰਗੀ' ਪੜ੍ਹ ਕੇ ਸਾਹਾਂ ਨੂੰ ਜਿਉਣ ਜੋਗਾ ਕਰੇ, ਬਾਪ ਬਾਰੇ ਲਿਖਤ ਪੜ੍ਹ ਕੇ ਪਰਦੇਸ ਵੱਸਦਾ ਪੁੱਤਰ, ਤੁਹਾਡੇ ਬਾਪ ਦੀ ਫੋਟੋ ਹੀ ਕੰਧ 'ਤੇ ਚਿਪਕਾ ਲਵੇ ਅਤੇ ਪਿਆਰੇ ਪਾਠਕਾਂ ਦੇ ਸੁਨੇਹੇ ਤੁਹਾਡੀ ਕਲਮ ਲਈ ਵਰਦਾਨ ਮੰਗਦੇ ਹੋਣ ਤਾਂ ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ, ਸਾਫਗੋਈ ਅਤੇ ਅਲਬੇਲਤਾ 'ਤੇ ਬਹੁਤ ਨਾਜ਼ ਹੁੰਦਾ। ਅਜਿਹੇ ਰਿਸ਼ਤੇ ਹੀ ਕਲਮ ਨੂੰ ਜਿਉਣ ਜੋਗਾ ਕਰਦੇ। ਕਲਮ ਵਾਲੇ ਹੱਥਾਂ ਲਈ ਅਸੀਸਾਂ ਅਤੇ ਦੁਆਵਾਂ ਬਣਦੇ। ਇਨ੍ਹਾਂ ਅਸ਼ੀਰਵਾਦਾਂ ਸਦਕਾ ਹੀ ਕਲਮੀ ਸਫਰ ਨਿੱਤ ਨਵੇਂ ਰਾਹਾਂ 'ਤੇ ਨਵੀਆਂ ਪੈੜਾਂ ਸਿਰਜਣ ਵਿਚ ਮਸ਼ਰੂਫ। ਹੋਰ ਨਵੇਂ ਰਿਸ਼ਤੇ ਪੈਦਾ ਕਰਨ ਲਈ ਉਤਸ਼ਾਹ ਅਤੇ ਉਮਾਹ ਰਹਿੰਦਾ। ਅੱਖਰਕਾਰੀ ਆਪਣੀਆਂ ਹੱਦਾਂ ਤੇ ਸਮਰੱਥਾਵਾਂ ਤੋਂ ਪਰੇ ਜਾ ਕੇ ਕੁਝ ਨਿਵੇਕਲਾ ਅਤੇ ਅਲੋਕਾਰੀ ਕਰਨ 'ਚ ਦ੍ਰਿੜ ਰਹਿੰਦੀ।

ਜੀਵਨ-ਰਾਹਾਂ 'ਤੇ ਵੀ ਕਈ ਵਾਰ ਅਜਿਹੇ ਰਿਸ਼ਤੇ ਦਸਤਕ ਦੇਣ ਲਈ ਕਾਹਲੇ ਹੁੰਦੇ, ਜਿਹੜੇ ਵਿਵਰਜਿਤ, ਵਿਸ਼ਵਾਸਘਾਤੀ ਜਾਂ ਕਿਸੇ ਖਾਸ ਮਕਸਦ ਲਈ ਕੁਝ ਕੁ ਲੋਕਾਂ ਵਲੋਂ ਅਣਚਾਹੇ ਰੂਪ ਵਿਚ ਸਿਰਜੇ ਜਾਂਦੇ। ਇਹ ਕਦੇ ਵੀ ਸਥਾਈ ਤੇ ਸਾਵੇਂ ਨਹੀਂ ਹੁੰਦੇ। ਇਹ ਤਾਂ ਸਿਰਫ ਲੋੜ ਪੂਰਤੀ, ਮੁਫਾਦ, ਜਾਂ ਨਿੱਜੀ ਲੋਭ ਤੀਕ ਹੀ ਸੀਮਤ। ਅਜੋਕੇ ਯੁੱਗ ਵਿਚ ਸੋਸ਼ਲ ਮੀਡੀਆ ਰਾਹੀਂ ਕਿਸੇ ਨੂੰ ਰਿਸ਼ਤਿਆਂ ਦੇ ਜਾਲ ਵਿਚ ਫਸਾ ਕੇ ਫਿਰੌਤੀ ਲੈਣੀ, ਜਾਸੂਸੀ ਕਰਨੀ, ਖਾਸ ਅਹੁਦੇ ਦੀ ਪ੍ਰਾਪਤੀ ਕਰਨੀ ਜਾਂ ਕਿਸੇ ਦੀ ਇੱਜਤ ਨਾਲ ਖਿਲਵਾੜ ਕਰਨਾ, ਆਮ ਵਰਤਾਰਾ ਹੈ। ਇਹ ਲੋਕਾਂ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ। ਇਸ ਵਿਚੋਂ ਸਿਰਜੇ ਰਿਸ਼ਤਿਆਂ ਕਾਰਨ ਨਮੋਸ਼ੀ ਅਤੇ ਹੀਣ-ਭਾਵਨਾ ਸਹਿਣ ਲਈ ਮਜਬੂਰ ਹੋਣਾ ਪੈਂਦਾ।

ਕਈ ਵਾਰ ਰਾਹੇ ਰਾਹ ਤੁਰੇ ਜਾਂਦਿਆਂ ਕੁਝ ਰਿਸ਼ਤੇ ਤੁਹਾਡੀ ਪਛਾਣ ਨਾਲ ਵੀ ਜੁੜੇ ਹੁੰਦੇ। ਲੋੜ ਹੁੰਦੀ ਕਿ ਇਹ ਪਛਾਣ ਹਮੇਸ਼ਾ ਜ਼ਿਕਰਯੋਗ ਅਤੇ ਸੁਨੱਖੀ ਹੀ ਰਹੇ। 'ਕੇਰਾਂ ਅਮਰੀਕਾ ਵਿਚ ਸਿਟੀ ਸੈਂਟਰ ਨੂੰ ਜਾਂਦਿਆਂ, ਇਕ ਗੋਰਾ ਮੇਰੀ ਪੱਗ ਵੇਖ ਕੇ ਕਹਿਣ ਲੱਗਾ ਕਿ ਮਿਸਟਰ ਡਾਕਟਰ, ਮੈਂ ਤੁਹਾਡੇ ਕੋਲੋਂ ਮੈਡੀਕਲ ਸਲਾਹ ਲੈਣੀ ਹੈ। ਮੈਂ ਅਚੰਭਿਤ ਹੋ ਗਿਆ ਅਤੇ ਮੁਆਫੀ ਮੰਗ ਕੇ ਕਿਹਾ ਕਿ ਮੈਂ ਮੈਡੀਕਲ ਡਾਕਟਰ ਨਹੀਂ, ਸਗੋਂ ਵਿਗਿਆਨ ਦਾ ਡਾਕਟਰ ਹਾਂ। ਬਾਅਦ ਵਿਚ ਪਤਾ ਲੱਗਾ ਕਿ ਕਲੀਵਲੈਂਡ ਵਿਚ ਵੱਸਦੇ ਗੋਰਿਆਂ ਲਈ, ਹਰ ਪਗੜੀਧਾਰੀ ਡਾਕਟਰ ਹੈ। ਪਹਿਲੇ ਸਮਿਆਂ ਵਿਚ ਜ਼ਿਆਦਾਤਰ ਸਿੱਖ ਡਾਕਟਰ ਪਗੜੀਧਾਰੀ ਹੀ ਸਨ। ਅਜਿਹੇ ਰਿਸ਼ਤੇ ਬਹੁਤ ਮਾਣਯੋਗ ਹੁੰਦੇ। ਆਪਣੇ ਬਜ਼ੁਰਗਾਂ ਦੀ ਮਾਣਮੱਤੀ ਸ਼ਖਸੀਅਤ 'ਤੇ ਨਾਜ਼ ਹੁੰਦਾ, ਜਿਨ੍ਹਾਂ ਨੇ ਪੱਗ ਨੂੰ ਸਿੱਖਾਂ ਦੀ ਅਲੋਕਾਰੀ ਪਛਾਣ ਬਣਾ ਕੇ ਗੋਰਿਆਂ ਦੇ ਹਿਰਦਿਆਂ ਵਿਚ ਆਪਣੀ ਥਾਂ ਨਿਸ਼ਚਿਤ ਕਰ ਲਈ ਹੈ।

ਰਿਸ਼ਤਿਆਂ 'ਚ ਰੰਗੇ ਹੋਏ ਰਾਹਾਂ ਦੀ ਨਗਰੀ 'ਚ
ਜਦ ਕਦੇ ਪੈਰ ਮੈਂ ਧਰਾਂ।
ਸੂਹੇ ਸੂਹੇ ਪਲਾਂ ਦੀ ਸੁਗਾਤ ਪਾ ਕੇ ਝੋਲੀ ਵਿਚ
ਸਾਹਾਂ ਨੂੰ ਜਿਉਣ ਜੋਗਾ ਕਰਾਂ।
ਉਮਰ ਦੇ ਪੜਾਵਾਂ ਵਿਚ ਲੰਘੇ ਹੋਏ ਵਕਤਾਂ ਦੀ
ਜਦ ਵੀ ਨਿਸ਼ਾਨਦੇਹੀ ਕਰਾਂ,
ਤਾਂ ਯਾਦਾਂ ਦੀਆਂ ਸੰਦੂਕੜੀ 'ਚ
ਪਈਆਂ ਹੋਈਆਂ ਯਾਦਾਂ ਨੂੰ
ਮੱਥੇ ਦੀ ਵਹੀ 'ਚ ਧਰਾਂ।
ਇਸ ਵਿਚ ਉਕਰੇ ਹਿੰਦਸਿਆਂ ਦੀ ਗਿਣਤੀ ਨੂੰ
ਦੱਸੋ ਕੀਹਦੇ ਨਾਮ ਮੈਂ ਕਰਾਂ?
ਅਮੀਰ ਜਿਹੀ ਵਿਰਾਸਤ ਨੂੰ ਕਿਤਾਬਾਂ ਵਿਚ ਸਾਂਭਿਆ
ਹੁਣ ਜ਼ਰਜ਼ਰੀ ਹੋਣ ਤੋਂ ਡਰਾਂ।
ਲਹਿੰਦੀ ਤਰਕਾਲਾਂ ਵੇਲੇ ਬੈਠਾ ਇਹੋ ਸੋਚਦਾ ਹਾਂ
ਇਨ੍ਹਾਂ ਦਾ ਭਲਾ ਕੀ ਕਰਾਂ?
ਅਤੇ ਇਸ ਦੀ ਜੂਹ ਵਿਚ ਮਹਿਕਾਂ ਦੀਆਂ ਵਾਦੀਆਂ ਨੂੰ
ਅੱਖਰਾਂ ਦੇ ਨਾਮ ਮੈਂ ਕਰਾਂ।
ਤੇ ਆਪਣਿਆਂ ਸ਼ਬਦਾਂ ਨੂੰ ਸਫਿਆਂ ਦੇ ਨਾਮ ਕਰ
ਕਾਪੀਆਂ ਦੇ ਸਫੇ ਮੈਂ ਭਰਾਂ
ਤੇ ਜ਼ਿੰਦਗੀ 'ਚ ਭਰੇ ਹੋਏ ਰਿਸ਼ਤਿਆਂ ਦੀ ਸੰਗਤੀ ਨਾਲ
ਹਰ ਸਾਕ 'ਚ ਸੁਖਨ ਭਰਾਂ।

ਰਾਹਾਂ 'ਚ ਸਿਰਜੇ ਹੋਏ ਰਿਸ਼ਤੇ ਵਰਤਣ ਲਈ ਨਹੀਂ ਹੁੰਦੇ। ਸਗੋਂ ਇਨ੍ਹਾਂ ਦੀ ਮਹਿਕ ਨੂੰ ਸਾਹਾਂ ਦੇ ਨਾਮ ਲਾਉਣਾ ਹੁੰਦਾ ਅਤੇ ਖੁਦ ਨੂੰ ਅੰਦਰੋਂ ਜਗਾਉਣਾ ਹੁੰਦਾ। ਇਹ ਰਿਸ਼ਤੇ ਉਹ ਹੁੰਦੇ, ਜਿਹੜੇ ਮੱਸਿਆ ਨੂੰ ਪੁੰਨਿਆ, ਰਾਤ ਨੂੰ ਦਿਨ, ਸ਼ਾਮ ਨੂੰ ਸਰਘੀ ਅਤੇ ਉਦਾਸ ਮਨ ਨੂੰ ਖੇੜੇ ਬਖਸ਼ਣ ਲਈ ਕਾਰਗਰ। ਇਨ੍ਹਾਂ ਦੀ ਰਹਿਬਰੀ ਵਿਚ ਜ਼ਿੰਦਗੀ ਨੂੰ ਨਿਆਮਤਾਂ ਦੀ ਬਖਸ਼ਿਸ਼। ਇਨ੍ਹਾਂ ਦੀ ਬੇਨਿਆਜ਼ੀ ਵਿਚ ਜ਼ਿੰਦਗੀ ਨੂੰ ਸੱਤੇ-ਬਹਿਸ਼ਤਾਂ ਦੀ ਸਪੁਰਦਗੀ। ਇਨ੍ਹਾਂ ਦੀ ਨੇੜਤਾ ਵਿਚ ਜੀਵਨ-ਤੋਰ ਨੂੰ ਮਟਕਣੀ। ਬੋਲਾਂ ਨੂੰ ਸੰਗੀਤਕਤਾ, ਹੋਠਾਂ ਤੇ ਹਾਸੇ, ਪੈਰਾਂ ਵਿਚ ਸਫਰ ਅਤੇ ਮੱਥੇ 'ਤੇ ਕਰਮ-ਰੇਖਾਵਾਂ ਦਾ ਉਜਿਆਰਾ।

ਰਾਹਾਂ ਵਿਚ ਰਿਸ਼ਤੇ ਸਿਰਫ ਕੁਝ ਲੋਕ ਹੀ ਸਿਰਜ ਸਕਦੇ, ਜੋ ਆਤਮਿਕ ਉਚਾਣ ਦੇ ਹਾਣੀ, ਜਿਨ੍ਹਾਂ ਦੇ ਮਨਾਂ ਵਿਚ ਸਾਫਗੋਈ ਦਾ ਵਾਸਾ, ਜਿਨ੍ਹਾਂ ਦੇ ਬੋਲਾਂ ਵਿਚ ਸਪੱਸ਼ਟਤਾ, ਜਿਨ੍ਹਾਂ ਦੀ ਨਿਰਸੁਅਰਥੀ ਤੇ ਅਲੋਕਾਰੀ ਸੋਚ, ਜਿਨ੍ਹਾਂ ਦੇ ਸਾਥ ਵਿਚ ਜੀਵਨ ਦੀ ਸੁੰਦਰਤਾ, ਸਦੀਵਤਾ ਅਤੇ ਸਾਰਥਿਕਤਾ ਨੂੰ ਆਪਣੀ ਮਾਣਮੱਤੀ ਹਸਤੀ ਤੇ ਹੋਂਦ ਤੇ ਹਾਸਲ ਦਾ ਨਾਜ਼ ਅਤੇ ਜਿਨ੍ਹਾਂ ਦੀ ਰੋਅਬਦਾਰੀ ਵਿਚੋਂ ਵੀ ਨਿਰਮਾਣਤਾ, ਨਿਰਮਲਤਾ ਤੇ ਕੋਮਲਤਾ ਦਾ ਫੁਟਾਰਾ। ਇਨ੍ਹਾਂ ਦੇ ਮਨ ਦੀ ਬਗੀਚੀ ਵਿਚ ਕਦੇ ਵੀ ਪੱਤਝੱੜ ਨਹੀਂ, ਸਗੋਂ ਹਮੇਸ਼ਾ ਬਹਾਰਾਂ ਦੀ ਆਮਦ।

ਰਾਹਾਂ 'ਤੇ ਰਿਸ਼ਤੇ ਜਰੂਰ ਸਿਰਜੋ। ਇਨ੍ਹਾਂ ਨੂੰ ਮਾਣੋ, ਪਰ ਕਦੇ ਵੀ ਇਨ੍ਹਾਂ ਦੀ ਧਰਾਤਲ ਤੇ ਨਿੱਜ ਦੀ ਉਸਾਰੀ ਨਾ ਕਰੋ। ਇਹ ਰਿਸ਼ਤੇ ਤੁਹਾਡੀ ਖੁਸ਼ਨਸੀਬੀ, ਖੁਸ਼-ਕਰਤਾਰੀ, ਖੁਸ਼ਹਾਲੀ ਅਤੇ ਖਬਤਕਾਰੀ ਦਾ ਬਸੇਰਾ ਬਣੇ ਰਹਿਣਗੇ।

# ਹਾਕੀ ਦਾ ਸੁਲਤਾਨ ਲੇਖਕ ਇਕਬਾਲ ਸਿੰਘ ਸਰੋਆ

ਪੰਜਾਬੀ ਖੇਡ ਸਾਹਿਤ
56




ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਇਕਬਾਲ ਸਿੰਘ ਸਰੋਆ ਹਾਕੀ ਦੇ 'ਗੋਲਡਨ ਪੀਰੀਅਡ' ਦਾ ਖੇਡ ਲੇਖਕ ਹੈ। ਉਸ ਦਾ ਜਨਮ 10 ਨਵੰਬਰ 1943 ਨੂੰ ਚੱਕ 3 ਟੀ. ਕੇ. ਸ੍ਰੀ ਗੰਗਾਨਗਰ ਵਿਚ ਸ. ਅਤਰ ਸਿੰਘ ਦੇ ਘਰ ਮਾਤਾ ਤੇਜ ਕੌਰ ਦੀ ਕੁੱਖੋਂ ਹੋਇਆ ਸੀ। ਉਹ ਸਕੂਲ ਤੇ ਕਾਲਜ ਵਿਚ ਹਾਕੀ ਖੇਡਿਆ ਅਤੇ ਅਜੇ ਵੀ ਹਾਕੀ ਨਾਲ ਪੂਰਾ ਪ੍ਰੇਮ ਪਾਲ ਰਿਹੈ। ਟੋਕੀਓ ਓਲੰਪਿਕਸ-2021 ਵਿਚ ਭਾਰਤੀ ਹਾਕੀ ਖਿਡਾਰੀਆਂ ਦੀ ਵਿਖਾਈ ਖੇਡ ਨਾਲ ਉਹਦਾ ਵੀ ਬੱਢੇਵਾਰੇ ਸੇਰ ਲਹੂ ਵਧਿਆ। 2012 ਵਿਚ ਉਸ ਨੇ ਭਾਰਤ ਦੇ ਪੁਰਾਣੇ ਹਾਕੀ ਖਿਡਾਰੀਆਂ ਬਾਰੇ ਪੁਸਤਕ ਲਿਖੀ ਸੀ, 'ਹਾਕੀ ਦੇ ਸੁਲਤਾਨ।' ਉਸ ਵਿਚ ਚੋਟੀ ਦੇ ਵੀਹ ਓਲੰਪੀਅਨਾਂ ਦੇ ਸ਼ਬਦ ਚਿੱਤਰ ਹਨ, ਜਿਨ੍ਹਾਂ ਨੂੰ ਉਹ ਹਾਕੀ ਦੇ ਸੁਲਤਾਨ ਆਖਦਾ ਹੈ। ਉਨ੍ਹਾਂ ਸੁਲਤਾਨਾਂ ਨੇ 1928 ਤੋਂ 1956 ਤਕ ਲਗਾਤਾਰ ਹਾਕੀ ਦੇ ਛੇ ਓਲੰਪਿਕ ਗੋਲਡ ਮੈਡਲ ਜਿੱਤੇ ਸਨ। ਇਹ ਅਜਿਹਾ ਰਿਕਾਰਡ ਹੈ, ਜੋ ਸ਼ਾਇਦ ਹੀ ਕਦੇ ਟੁੱਟੇ। ਸਰੋਆ ਦੀ ਦੂਜੀ ਕਿਤਾਬ ਦਾ ਨਾਂ 'ਹਾਕਸ ਦੀਆਂ ਉੱਚੀਆਂ ਉਡਾਰੀਆਂ' ਹੈ, ਜੋ ਹਾਕਸ ਕਲੱਬ ਰੋਪੜ ਦੀਆਂ ਪੰਜਾਹ ਸਾਲਾ ਪ੍ਰਾਪਤੀਆਂ ਦਾ ਇਤਿਹਾਸ ਹੈ।

ਉਸ ਨੇ ਵਿੱਦਿਆ ਭਵਨ ਅਤੇ ਐਮ. ਬੀ. ਕਾਲਜ ਉਦੈਪੁਰ ਵਿਚ ਪੜ੍ਹਦਿਆਂ ਕਾਲਜ ਪੱਧਰ ਦੀ ਹਾਕੀ ਖੇਡੀ ਸੀ। 1966 ਵਿਚ ਜਦੋਂ ਭਾਰਤੀ ਹਾਕੀ ਟੀਮ ਨੇ ਏਸ਼ਿਆਈ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ ਤਾਂ ਉਸ ਨੂੰ ਹਾਕੀ ਦੇ ਖਿਡਾਰੀਆਂ ਬਾਰੇ ਲਿਖਣ ਦਾ ਸ਼ੌਕ ਜਾਗ ਪਿਆ। ਉਸ ਦੇ ਕਰੀਬ ਤਿੰਨ ਸੌ ਲੇਖ ਵੱਖ ਵੱਖ ਅਖਬਾਰਾਂ ਤੇ ਰਸਾਲਿਆਂ ਵਿਚ ਛਪੇ ਹਨ। ਕੁਝ ਅੰਗਰੇਜ਼ੀ ਵਿਚ ਤੇ ਬਹੁਤੇ ਪੰਜਾਬੀ ਵਿਚ। ਉਦੈਪੁਰ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਕਰਨ ਪਿੱਛੋਂ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਬਲਿਕ ਰਿਲੇਸ਼ਨਜ਼, ਪਬਲਿਸਿਟੀ ਅਤੇ ਐਡਵਰਟਾਈਜ਼ਿੰਗ ਵਿਚ ਡਿਪਲੋਮਾ ਕੀਤਾ। ਫਿਰ ਉਹ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਵਿਖੇ ਐਸ. ਟੀ. ਓ., ਯੋਜਨਾ ਮੈਨੇਜਰ, ਸਪੋਰਟਸ ਮੈਨੇਜਰ, ਸਟੋਰ ਮੈਨੇਜਰ, ਪੀ. ਆਰ. ਓ., ਡੀਪੋ ਮੈਨੇਜਰ ਅਤੇ ਜਨਰਲ ਮੈਨੇਜਰ ਦੀਆਂ ਸੇਵਾਵਾਂ ਨਿਭਾਅ ਕੇ 2001 ਵਿਚ ਸੇਵਾ ਮੁਕਤ ਹੋਇਆ। ਅੱਜ ਕੱਲ੍ਹ ਉਸ ਦੀ ਰਿਹਾਇਸ਼ ਕੋਠੀ ਨੰਬਰ 2001, ਫੇਜ਼-7, ਮੁਹਾਲੀ ਵਿਚ ਹੈ।






*ਇਕਬਾਲ ਸਿੰਘ ਸਰੋਆ ਅਤੇ (ਸੱਜੇ) ਉਨ੍ਹਾਂ ਦੀ ਪੁਸਤਕ ਦਾ ਮੁਖੜਾ*

ਇਕਬਾਲ ਸਿੰਘ ਸਰੋਆ ਨੇ 'ਹਾਕੀ ਦੇ ਸੁਲਤਾਨ' ਪੁਸਤਕ ਦੀ ਰਚਨਾ ਨਾਲ ਭਾਰਤੀ ਹਾਕੀ ਦੇ 'ਸੁਨਹਿਰੀ ਯੁਗ' ਦੇ ਉਨ੍ਹਾਂ ਮਹਾਨ ਹਾਕੀ ਖਿਡਾਰੀਆਂ ਨੂੰ ਸਜਦਾ ਕੀਤਾ ਹੈ, ਜਿਨ੍ਹਾਂ ਨੇ ਏਕਤਾ, ਇਕਸੁਰਤਾ, ਧਰਮ ਨਿਰਪੱਖਤਾ, ਦੇਸ਼ ਪ੍ਰੇਮ ਤੇ ਸੱਚੀ ਖੇਡ ਭਾਵਨਾ ਨਾਲ ਭਾਰਤੀ ਹਾਕੀ ਨੂੰ ਸੁਨਹਿਰੀ ਰੰਗ ਵਿਚ ਰੰਗਿਆ। ਉਸ ਦਾ ਵਿਸ਼ਵਾਸ ਹੈ, ਜੇ ਅਜੋਕੇ ਹਾਕੀ ਖਿਡਾਰੀ ਉਨ੍ਹਾਂ ਹਾਕੀ ਸੁਲਤਾਨਾਂ ਦੇ ਗੁਣ ਗ੍ਰਹਿਣ ਕਰ ਕੇ, ਹਾਕੀ ਦੇ ਆਧੁਨਿਕ ਢੰਗ-ਤਰੀਕਿਆਂ ਨੂੰ ਗੰਭੀਰਤਾ ਨਾਲ ਅਪਨਾ ਕੇ ਖੇਡਣ ਤਾਂ ਉਨ੍ਹਾਂ ਨੂੰ ਮੁੜ ਜੱਗ ਜਿੱਤਣੋਂ ਕੋਈ ਨਹੀਂ ਰੋਕ ਸਕਦਾ। ਇਹ ਪੁਸਤਕ ਲੇਖਕ ਨੇ ਭਾਰਤੀ ਹਾਕੀ ਦੇ ਮਹਾਨ ਹਾਕੀ ਸੁਲਤਾਨਾਂ ਨੂੰ ਹੀ ਸਮਰਪਿਤ ਕੀਤੀ ਹੈ।

### ਪਰਗਟ ਸਿੰਘ ਦਾ ਕਥਨ

ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮਾਂ ਦੇ ਦੋ ਵਾਰ ਕਪਤਾਨ ਰਹੇ ਪਦਮਸ੍ਰੀ ਪਰਗਟ ਸਿੰਘ ਨੇ ਇਸ ਪੁਸਤਕ ਬਾਰੇ ਲਿਖਿਆ: ਖੇਡ ਲੇਖਕ ਇਕਬਾਲ ਸਿੰਘ ਸਰੋਆ ਨੇ 'ਹਾਕੀ ਦੇ ਸੁਲਤਾਨ' ਪੁਸਤਕ ਲਿਖ ਕੇ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਪੁਸਤਕ ਵਿਚ ਹਾਕੀ ਦੇ 'ਸੁਨਹਿਰੀ ਯੁੱਗ' ਦੇ ਉਨ੍ਹਾਂ ਵੀਹ ਮਹਾਨ ਖਿਡਾਰੀਆਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਅਤਿ ਖੂਬਸੂਰਤ ਚਿਤਰਣ ਹੈ, ਜਿਨ੍ਹਾਂ ਨੇ ਆਪਣੀ ਹਮਲਾਵਰ, ਕਲਾਤਮਕ ਅਤੇ ਰੱਖਿਆਤਮਕ ਖੇਡ ਰਾਹੀਂ ਭਾਰਤੀ ਹਾਕੀ ਦੇ ਮਾਣਮੱਤੇ ਵਿਰਸੇ ਦੀ ਸੰਭਾਲ ਕੀਤੀ। ਸਮੁੱਚੇ ਸੰਸਾਰ ਵਿਚ ਭਾਰਤ ਦਾ ਨਾਂ ਰੌਸ਼ਨ ਕੀਤਾ, ਮੌਜੂਦਾ ਖਿਡਾਰੀਆਂ ਨੂੰ ਲੋੜੀਂਦੀ ਸੇਧ ਦਿੱਤੀ ਅਤੇ ਭਵਿੱਖ ਵਿਚ ਆਉਣ ਵਾਲੀਆਂ ਅਨੇਕਾਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ। ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਡਾਵਾਂਡੋਲ ਹੋਈ ਭਾਰਤੀ ਹਾਕੀ ਦਾ ਮਿਆਰ ਉਪਰ ਚੁੱਕਣ ਵਿਚ ਮਦਦਗਾਰ ਸਾਬਤ ਹੋਵੇਗੀ।

### ਹਰਚਰਨ ਸਿੰਘ ਵੱਲੋਂ ਮੁਖਬੰਦ

ਓਲੰਪੀਅਨ ਹਾਕੀ ਖਿਡਾਰੀ ਤੇ ਵਿਸ਼ਵ ਕੱਪ ਜੇਤੂ ਬ੍ਰਿਗੇਡੀਅਰ ਹਰਚਰਨ ਸਿੰਘ ਨੇ ਲਿਖਿਆ: ਖੇਡਾਂ ਕੇਵਲ ਸਰੀਰਕ ਕਸਰਤ ਕਰਨ ਲਈ ਹੀ ਨਹੀਂ, ਸਗੋਂ ਲੋਕਾਈ ਦੇ ਸਿਹਤਮੰਦ ਮਨੋਰੰਜਨ ਦਾ ਵੀ ਵਧੀਆ ਸਾਧਨ ਹਨ। ਖੇਡਾਂ ਜਿਥੇ ਸਰੀਰਕ ਬਲ ਬਖਸ਼ਦੀਆਂ ਹਨ, ਉਥੇ ਰੂਹ ਨੂੰ ਖੁਸ਼ੀ ਤੇ ਖੇੜਾ ਵੀ ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਆਤਮਾ ਬਲਵਾਨ ਹੁੰਦੀ ਹੈ ਅਤੇ ਜੀਵਨ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ। ਜ਼ਿੰਦਗੀ ਵਿਚ ਕਾਮਯਾਬੀ ਹਾਸਲ ਕਰਨ ਲਈ ਆਤਮ ਵਿਸ਼ਵਾਸ ਸਭ ਤੋਂ ਜ਼ਿਆਦਾ ਅਹਿਮੀਅਤ ਰੱਖਦਾ ਹੈ। ਖੇਡਾਂ ਤੋਂ ਬਹੁਤ ਕੁਝ ਸਿੱਖ ਕੇ, ਇਨਸਾਨ ਜ਼ਿੰਦਗੀ ਵਿਚ ਹਰ ਪ੍ਰਕਾਰ ਦੀ ਸਥਿਤੀ ਦਾ ਮੁਕਾਬਲਾ ਕਰਨ ਲਈ ਖੇਡ ਭਾਵਨਾ ਪ੍ਰਫੁੱਲਤ ਕਰਦਾ ਹੈ। ਇਹ ਖੇਡ ਭਾਵਨਾ ਮਨੁੱਖ ਨੂੰ ਹਰ ਪ੍ਰਕਾਰ ਦੇ ਮੁਕਾਬਲੇ ਵਾਸਤੇ ਜੂਝਣ ਲਈ ਤਿਆਰ ਹੀ ਨਹੀਂ ਕਰਦੀ, ਸਗੋਂ ਹਾਰਨ ਦੀ ਸੂਰਤ ਵਿਚ ਉਸ ਹਾਰ ਨੂੰ ਖਿੜੇ ਮੱਥੇ ਸਹਿਣ ਦੀ ਸ਼ਕਤੀ ਵੀ ਪ੍ਰਦਾਨ ਕਰਦੀ ਹੈ। ਇਸੇ ਕਰਕੇ ਖੇਡਾਂ, ਖਿਡਾਰੀ ਦੇ ਸਰੀਰ ਨੂੰ ਰਿਸ਼ਟ-ਪੁਸ਼ਟ, ਚੁਸਤ, ਫੁਰਤੀਲਾ ਅਤੇ ਸ਼ਕਤੀਸ਼ਾਲੀ ਬਣਾਉਂਦੀਆਂ ਹਨ। ਖੇਡਾਂ ਇਨਸਾਨ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦੀਆਂ ਹਨ ਅਤੇ ਉਸ ਨੂੰ ਸਮਾਜ ਵਿਚ ਅਨੁਸ਼ਾਸਨ ਨਾਲ ਰਹਿਣਾ ਸਿਖਾਉਂਦੀਆਂ ਹਨ। ਖੇਡਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਤਾਂ ਹੁੰਦਾ ਹੀ ਹੈ, ਨਾਲ ਦੀ ਨਾਲ ਜਿਹੜੇ ਖਿਡਾਰੀ ਖੇਡਾਂ ਵਿਚ ਚਮਕ ਜਾਂਦੇ ਹਨ, ਉਨ੍ਹਾਂ ਦੀਆਂ ਸਮਝੋ ਪੰਜੇ ਉਂਗਲਾਂ ਘਿਉ ਵਿਚ ਹੁੰਦੀਆਂ ਹਨ। ਇੱਜ਼ਤ, ਮਾਣ, ਸ਼ੁਹਰਤ, ਪੈਸਾ, ਚੰਗੀ ਨੌਕਰੀ ਆਦਿ ਸਭ ਕੁਝ ਮਿਲ ਜਾਂਦਾ ਹੈ; ਪਰ ਮਿਹਨਤ, ਸਖਤ ਮਿਹਨਤ ਅਤੇ ਹੋਰ ਮਿਹਨਤ, ਰੋਜ਼ਾਨਾ, ਬਾਰਾਂ ਮਹੀਨੇ ਅਤੇ ਕਈ ਸਾਲ ਤਪ-ਤਿਆਗ ਤੇ ਕੁਝ ਨਿਵੇਕਲਾ ਕਰ ਵਿਖਾਉਣ ਦੀ ਭਾਵਨਾ ਤੋਂ ਬਿਨਾ ਕੁਝ ਹਾਸਲ ਨਹੀਂ ਹੁੰਦਾ।

ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ 1928 ਦੀਆਂ ਐਮਸਟਰਡਮ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ ਤੇ ਉਥੋਂ ਸੋਨੇ ਦਾ ਤਗਮਾ ਜਿੱਤਣ ਨਾਲ ਭਾਰਤੀ ਹਾਕੀ ਦਾ ਸੁਨਹਿਰੀ ਯੁਗ ਸ਼ੁਰੂ ਹੋਇਆ। ਓਲੰਪਿਕ ਹਾਕੀ ਵਿਚ ਇਹ ਪਲੇਠੀ ਸੁਨਹਿਰੀ ਜਿੱਤ ਭਵਿੱਖ ਦੀਆਂ ਭਾਰਤੀ ਹਾਕੀ ਟੀਮਾਂ ਲਈ ਵੱਡਾ ਪ੍ਰੇਰਨਾ ਸ੍ਰੋਤ ਬਣ ਗਈ। ਸਿੱਟੇ ਵਜੋਂ ਉਤਸ਼ਾਹਿਤ ਹੋਈਆਂ ਭਾਰਤੀ ਹਾਕੀ ਟੀਮਾਂ ਨੇ 1956 ਦੀਆਂ ਮੈਲਬੌਰਨ ਓਲੰਪਿਕ ਖੇਡਾਂ ਤਕ ਲਗਾਤਾਰ ਛੇ ਗੋਲਡ ਮੈਡਲ ਜਿੱਤਣ ਦਾ ਅਨੋਖਾ, ਅਲੌਕਿਕ ਤੇ ਨਿਰਾਲਾ ਇਤਿਹਾਸ ਰਚਿਆ ਅਤੇ ਉਹ ਮਾਣ ਹਾਸਲ ਕੀਤਾ, ਜੋ ਕਿਸੇ ਵੀ ਖੇਡ ਵਿਚ ਹੋਰ ਕਿਸੇ ਦੇਸ਼ ਨੂੰ ਹਾਸਲ ਨਹੀਂ। ਜ਼ਰਾ ਸੋਚੋ, ਜੇ ਦੂਜੀ ਆਲਮੀ ਜੰਗ ਨਾ ਲੱਗਦੀ ਅਤੇ 1940 ਤੇ 44 ਵਾਲੀਆਂ ਓਲੰਪਿਕ ਖੇਡਾਂ ਹੋ ਜਾਂਦੀਆਂ ਤਾਂ ਭਾਰਤੀ ਹਾਕੀ ਦੇ ਸੁਨਹਿਰੀ ਇਤਿਹਾਸ ਵਿਚ ਦੋ ਹੋਰ ਗੋਲਡ ਮੈਡਲ ਸ਼ਾਮਲ ਹੋ ਜਾਣੇ ਸਨ। ਲਗਾਤਾਰ ਅੱਠ ਗੋਲਡ ਮੈਡਲ!

ਸ. ਇਕਬਾਲ ਸਿੰਘ ਸਰੋਆ ਨੇ ਡੂੰਘੀ ਖੋਜ ਕਰ ਕੇ 'ਹਾਕੀ ਦੇ ਸੁਲਤਾਨ' ਨਾਂ ਦੀ ਪੁਸਤਕ ਵਿਚ ਉਨ੍ਹਾਂ ਵੀਹ ਖਿਡਾਰੀਆਂ ਦੀਆਂ ਜੀਵਨੀਆਂ ਅਤੇ ਕਾਮਯਾਬੀਆਂ ਬਾਰੇ ਲਿਖਿਆ ਹੈ, ਜੋ ਦੁਨੀਆ ਦੇ ਹਾਕੀ ਸਿਤਾਰਿਆਂ ਦੇ ਸਿਤਾਰੇ ਅਤੇ ਹਾਕੀ ਸੁਲਤਾਨਾਂ ਦੇ ਸੁਲਤਾਨ ਕਹੇ ਜਾ ਸਕਦੇ ਹਨ। ਪੰਜਾਬੀ ਭਾਸ਼ਾ ਵਿਚ ਲਿਖੀ ਇਹ ਪੁਸਤਕ ਸਹੀ ਸਮੇਂ 'ਤੇ ਚੁੱਕਿਆ ਸਹੀ ਕਦਮ ਹੈ। ਸ. ਸਰੋਆ ਨੇ 1928 ਦੀ ਓਲੰਪਿਕਸ ਵਿਚ ਭਾਰਤੀ ਹਾਕੀ ਟੀਮ ਦੇ ਕਪਤਾਨ ਸ੍ਰੀ ਜੈਪਾਲ ਸਿੰਘ ਤੋਂ ਲੈ ਕੇ ਫਿਰੋਜ਼ ਖਾਨ, ਲਾਲ ਸ਼ਾਹ ਬੁਖਾਰੀ, ਗੁਰਮੀਤ ਸਿੰਘ ਕੁਲਾਰ, ਮੇਜਰ ਧਿਆਨ ਚੰਦ, ਕੈਪਟਨ ਰੂਪ ਸਿੰਘ, ਜੋਸੇਫ ਗਾਲੀਬਾਰਡੀ, ਦਾਦਾ ਕਿਸ਼ਨ ਲਾਲ, ਤਰਲੋਚਨ ਸਿੰਘ ਬਾਵਾ, ਗ੍ਰਹਿਨੰਦਨ ਸਿੰਘ ਨੰਦੀ, ਕੇ. ਡੀ. ਸਿੰਘ ਬਾਬੂ, ਧਰਮ ਸਿੰਘ ਸੀਨੀਅਰ, ਬਲਬੀਰ ਸਿੰਘ ਸੀਨੀਅਰ, ਰਣਧੀਰ ਸਿੰਘ ਜੈਂਟਲ, ਊਧਮ ਸਿੰਘ, ਕਲਾਓਡੀਅਸ, ਸ਼ੰਕਰ ਲਕਸ਼ਮਣ, ਹਰੀਪਾਲ ਕੌਸ਼ਿਕ, ਹਰਦਿਆਲ ਸਿੰਘ ਤੇ ਬਾਲਕ੍ਰਿਸ਼ਨ ਸਿੰਘ ਦੀਆਂ ਜੀਵਨੀਆਂ ਨੂੰ ਸੁਨਹਿਰੀ ਪੰਗਤੀਆਂ ਵਿਚ ਜੋੜਨ ਦੀ ਨਿਸ਼ਕਾਮ ਸੇਵਾ ਕੀਤੀ ਹੈ। ਇਹ ਉਨ੍ਹਾਂ ਰਾਹੀਂ ਚੁਣੇ ਹੋਏ ਉਹ ਵੀਹ ਫਰਿਸ਼ਤੇ ਸਨ, ਜਿਨ੍ਹਾਂ ਨੇ ਆਪਣੇ ਸਮੇਂ ਦੇ ਹਾਣੀ ਹੋ ਕੇ ਆਪਣੇ ਦੇਸ਼ ਲਈ ਮੱਲਾਂ ਹੀ ਨਹੀਂ ਮਾਰੀਆਂ, ਸਗੋਂ ਆਉਣ ਵਾਲੇ ਸਮੇਂ ਦੇ ਖਿਡਾਰੀਆਂ ਲਈ ਪ੍ਰੇਰਨਾ ਸ੍ਰੋਤ ਬਣੇ ਅਤੇ ਹਜ਼ਾਰਾਂ ਹੋਣਹਾਰ ਖਿਡਾਰੀਆਂ ਨੂੰ ਹਾਕੀ ਖੇਡਣ ਲਈ ਉਤਸ਼ਾਹਿਤ ਕੀਤਾ।

'ਹਾਕੀ ਦੇ ਸੁਲਤਾਨ' ਪੁਸਤਕ ਪੜ੍ਹ ਕੇ ਉਨ੍ਹਾਂ ਮਹਾਨ ਖਿਡਾਰੀਆਂ ਦੀਆਂ ਜੀਵਨੀਆਂ, ਉਨ੍ਹਾਂ ਦੇ ਗੁਣਾਂ, ਉਨ੍ਹਾਂ ਦੀ ਹਾਕੀ ਖੇਡਣ ਦੀ ਮੁਹਾਰਤ, ਚਤੁਰਾਈ, ਹੁਨਰ ਅਤੇ ਗੋਲ ਕਰਨ ਦੀ ਸਮਰੱਥਾ ਨੂੰ ਜਾਣ ਕੇ ਇੰਜ ਮਹਿਸੂਸ ਹੁੰਦਾ ਹੈ ਕਿ 1975 ਤੋਂ ਬਾਅਦ ਦੇ ਖਿਡਾਰੀ ਉਨ੍ਹਾਂ ਹਾਕੀ ਸੁਲਤਾਨਾਂ ਦੇ ਮੁਕਾਬਲੇ ਪੂਰੇ ਨਹੀਂ ਉਤਰੇ। ਮੈਨੂੰ ਭਾਵੇਂ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਹੈ, ਪਰ ਸੱਚ ਤਾਂ ਇਹ ਹੈ ਕਿ ਅਸੀਂ ਵਿਅਕਤੀਗਤ ਅਤੇ ਸਮੂਹਕ ਤੌਰ 'ਤੇ ਸੁਨਹਿਰੀ ਯੁਗ ਦੇ ਖਿਡਾਰੀਆਂ ਦੀ ਤੁਲਨਾ ਵਿਚ ਬਹੁਤ ਪਿੱਛੇ ਰਹੇ ਹਾਂ। 'ਹਾਕੀ ਦੇ ਸੁਲਤਾਨ' ਕਿਤਾਬ ਲਿਖ ਕੇ ਇਕਬਾਲ ਸਿੰਘ ਸਰੋਆ ਨੇ ਜਿਥੇ ਪੰਜਾਬੀ ਅਤੇ ਭਾਰਤੀ ਨੌਜੁਆਨਾਂ ਨੂੰ ਮੁੜ ਹਾਕੀ ਦੀ ਸ਼ਾਨ ਬਾਰੇ ਜਾਗਰੂਕ ਕਰਵਾਉਣ ਅਤੇ ਹਾਕੀ ਖੇਡਣ ਤੋਂ ਟਾਲਾ ਵੱਟ ਰਹੇ ਗੱਭਰੂਆਂ ਨੂੰ ਚੰਗਾ ਹਲੂਣਾ ਦੇਣ ਦਾ ਯਤਨ ਕੀਤਾ ਹੈ, ਉਥੇ ਇਹ ਪੁਸਤਕ ਨੌਜਵਾਨ ਖਿਡਾਰੀਆਂ ਦਾ ਮਾਰਗ ਦਰਸ਼ਨ ਵੀ ਕਰੇਗੀ।

### ਲੇਖਕ ਵੱਲੋਂ ਕੁਝ ਸ਼ਬਦ

ਲੇਖਕ ਨੇ 'ਕੁਝ ਸ਼ਬਦ' ਸਿਰਲੇਖ ਹੇਠ ਲਿਖਿਆ: 'ਹਾਕੀ ਦੇ ਸੁਲਤਾਨ' ਮੇਰੀ ਪਹਿਲੀ ਪੁਸਤਕ ਹੈ। ਇਸ ਪੁਸਤਕ ਦਾ ਟਾਈਟਲ 'ਹਾਕੀ ਦੇ ਸੁਲਤਾਨ' ਇਸ ਲਈ ਰੱਖਿਆ ਹੈ ਕਿ ਇਸ ਵਿਚ ਜਿਹੜੇ 20 ਵਿਸ਼ਵ ਪ੍ਰਸਿੱਧ ਹਾਕੀ ਖਿਡਾਰੀ ਸ਼ਾਮਲ ਕੀਤੇ ਹਨ, ਉਨ੍ਹਾਂ ਨੇ 1928 ਤੋਂ 1956 ਦੌਰਾਨ ਵੱਖ-ਵੱਖ ਓਲੰਪਿਕ ਖੇਡਾਂ ਦੇ ਹਾਕੀ ਮੁਕਾਬਲਿਆਂ ਵਿਚ ਲਗਾਤਾਰ ਜਿੱਤਾਂ ਪ੍ਰਾਪਤ ਕਰ ਕੇ ਪੂਰੇ ਵਿਸ਼ਵ 'ਤੇ ਹਕੂਮਤ ਕੀਤੀ। ਇਸ ਲਈ ਉਹ ਨਾ ਕੇਵਲ ਭਾਰਤ ਦੇ ਸਗੋਂ ਸਮੁੱਚੇ ਸੰਸਾਰ ਦੇ ਹਾਕੀ ਸੁਲਤਾਨ ਸਨ। ਉਨ੍ਹਾਂ ਹਾਕੀ ਸੁਲਤਾਨਾਂ ਦੇ ਇਰਾਦੇ ਨੇਕ ਸਨ। ਖੇਡ ਪ੍ਰਤੀ ਇਮਾਨਦਾਰੀ ਅਤੇ ਦੇਸ਼ ਤੇ ਕੌਮ ਪ੍ਰਤੀ ਵਫਾਦਾਰੀ ਉਨ੍ਹਾਂ ਦੇ ਚਰਿੱਤਰ ਦਾ ਅਨਿਖੜਵਾਂ ਅੰਗ ਸੀ। ਉਨ੍ਹਾਂ ਦੀ ਕ੍ਰਿਸ਼ਮਈ ਖੇਡ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ। ਉਹ ਹਾਕੀ ਦੇ ਬਾਦਸ਼ਾਹ ਸਨ। ਉਨ੍ਹਾਂ ਨੂੰ ਧਿਆਨ, ਬਲਬੀਰ ਤੇ ਰੂਪ ਕਹਿ ਕੇ ਹੀ ਨਹੀਂ, ਸਗੋਂ ਰੱਬ ਦਾ ਰੂਪ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਉਨ੍ਹਾਂ ਵਿਸ਼ਵ ਜੇਤੂਆਂ ਦੀ ਕਲਾਤਮਕ, ਜਾਦੂਮਈ ਅਤੇ ਵਿਸਮਾਦੀ ਖੇਡ ਨੇ ਨਾ ਕੇਵਲ ਭਾਰਤ, ਸਗੋਂ ਸਾਰੇ ਸੰਸਾਰ ਵਿਚ ਤਹਿਲਕਾ ਮਚਾ ਦਿੱਤਾ ਸੀ। ਉਨ੍ਹਾਂ ਹਾਕੀ ਦੇ ਸੁਲਤਾਨਾਂ ਦਾ ਖੇਡ ਜੀਵਨ 'ਨਿਸਚੈ ਕਰ ਅਪਨੀ ਜੀਤ ਕਰੋਂ" ਦੀ ਪਵਿੱਤਰਤਾ ਅਤੇ ਸ਼ਕਤੀ, ਓਲੰਪਿਕ ਚਾਰਟਰ ਦੇ ਨਿਯਮਾਂ ਅਤੇ ਸਿਧਾਂਤਾਂ, ਸਖਤ ਅਨੁਸ਼ਾਸਨਿਕ ਕਾਰਜਸ਼ੈਲੀ, ਹਾਕੀ ਦੀ ਖੇਡ ਪ੍ਰਤੀ ਮੁਕੰਮਲ ਸਮਰਪਣ ਅਤੇ ਵਿਸ਼ਵ ਜੇਤੂ ਬਣਨ ਦੀ ਪ੍ਰਬਲ ਇੱਛਾ ਤੇ ਦ੍ਰਿੜਤਾ ਉਤੇ ਆਧਾਰਿਤ ਸੀ।

ਸੁਆਲ ਪੈਦਾ ਹੁੰਦਾ ਹੈ ਕਿ ਅਜੋਕੇ ਖਿਡਾਰੀਆਂ ਵਿਚ ਅਜਿਹੇ ਕਿਹੜੇ ਔਗੁਣ ਹਨ, ਜੋ ਉਨ੍ਹਾਂ ਦੀਆਂ ਦਹਾਕਿਆਂ ਬੱਧੀ ਹਾਰਾਂ ਦਾ ਕਾਰਨ ਬਣੇ। 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਲਈ ਤਾਂ ਭਾਰਤੀ ਹਾਕੀ ਟੀਮ ਕੁਆਲੀਫਾਈ ਹੀ ਨਹੀਂ ਸੀ ਕਰ ਸਕੀ। ਇਸ ਅਣਸੁਖਾਵੀਂ ਅਤੇ ਤਰਸਯੋਗ ਹਾਲਤ ਦੇ ਹੇਠ ਲਿਖੇ ਕਾਰਨ ਸਨ:

1. ਪ੍ਰਸ਼ਾਸਕਾਂ, ਸੰਚਾਲਕਾਂ ਅਤੇ ਖਿਡਾਰੀਆਂ ਵਿਚ ਕੌਮੀਅਤ ਅਤੇ ਰਾਸ਼ਟਰੀਅਤਾ ਦੀ ਭਾਵਨਾ ਦਾ ਘਟਣਾ ਤੇ ਨਿੱਜਵਾਦ, ਸੁਆਰਥ ਅਤੇ ਅਹੰਕਾਰ ਦਾ ਵਧਣਾ।
2. ਖਿਡਾਰੀਆਂ ਵਿਚ ਆਈ ਅਨੁਸ਼ਾਸਨ ਹੀਣਤਾ।
3. ਵਰਤਮਾਨ ਖਿਡਾਰੀਆਂ ਦੁਆਰਾ ਦੇਸ਼ ਲਈ ਨਹੀਂ, ਸਗੋਂ ਆਪਣੇ ਲਈ ਖੇਡਣਾ।
4. ਖਿਡਾਰੀਆਂ ਦੇ ਸਰੀਰਕ ਫਿਟਨੈਸ ਲੈਵਲ ਵਿਚ ਅਣਚਾਹੀ ਗਿਰਾਵਟ ਦਾ ਆਉਣਾ।
5. ਫਿਟਨੈਸ ਲੈਵਲ ਨੀਵਾਂ ਹੋਣ ਕਾਰਨ ਖਿਡਾਰੀਆਂ ਦੀ ਸਪੀਡ, ਸਕਿੱਲ, ਸਟ੍ਰੈਂਥ, ਸਟੈਮਿਨਾ ਅਤੇ ਸਕੋਰਿੰਗ ਪਾਵਰ ਦਾ ਘਟਣਾ।
6. ਖਿਡਾਰੀਆਂ ਵਿਚ ਅਟੱਲ ਸਵੈ-ਵਿਸ਼ਵਾਸ ਅਤੇ ਹਿੰਮਤ ਦੀ ਕਮੀ।
7. ਖਿਡਾਰੀਆਂ ਵਿਚ 'ਨਿਸਚੈ ਕਰ ਆਪਨੀ ਜੀਤ ਕਰੋਂ" ਸ਼ਬਦ ਨੂੰ ਆਪਣੇ ਮਨ ਵਿਚ ਨਾ ਵਸਾਉਣਾ।
8. ਟੀਮਾਂ ਦੇ ਕੋਚ ਸਾਹਿਬਾਨ ਦਾ ਘੜੀ-ਮੁੜੀ ਬਦਲਿਆ ਜਾਣਾ।
9. ਖਿਡਾਰੀਆਂ ਦੀ ਪੌਸ਼ਟਿਕ ਖੁਰਾਕ ਵੱਲ ਵਿਸ਼ੇਸ਼ ਧਿਆਨ ਨਾ ਦਿੱਤਾ ਜਾਣਾ।
10. ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਹਾਕੀ ਕਰਤਿਆਂ ਧਰਤਿਆਂ ਵੱਲੋਂ ਦੇਸ਼ ਵਿਚ ਹਾਕੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਖਿਡਾਰੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ, ਕੋਈ ਠੋਸ ਕਦਮ ਨਾ ਚੁੱਕੇ ਜਾਣਾ।

'ਹਾਕੀ ਦੇ ਸੁਲਤਾਨ' ਪੁਸਤਕ ਵਿਚ 20 ਅਧਿਆਏ ਹਨ। ਪਹਿਲੇ ਤੋਂ ਵੀਹਵੇਂ ਸੁਲਤਾਨ ਤਕ ਤਰਤੀਬ ਓਲੰਪਿਕ ਖੇਡਾਂ ਦੇ ਕ੍ਰਮਵਾਰ ਆਯੋਜਨ ਅਨੁਸਾਰ ਹੀ ਦਿੱਤੀ ਗਈ ਹੈ। ਹਰ ਅਧਿਆਏ ਵਿਚ ਹਾਕੀ ਦੇ ਇਕ ਸੁਲਤਾਨ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਵਿਸਥਾਰ ਪੂਰਵਕ ਵਰਣਨ ਹੈ। ਹਰ ਸੁਲਤਾਨ ਦੀ ਖੇਡ ਕਾਰਜਸ਼ੈਲੀ, ਗੁਰਾਂ, ਗੁਣਾਂ, ਨਿੱਜੀ ਦਾਅ-ਪੇਚਾਂ, ਖੇਡ ਤਕਨੀਕ ਅਤੇ ਹਾਕੀ ਹੁਨਰ ਬਾਰੇ ਖੁੱਲ੍ਹ ਕੇ ਜ਼ਿਕਰ ਕੀਤਾ ਗਿਆ ਹੈ। ਇਹ ਵੀ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਇਕ ਸੁਲਤਾਨ ਆਪਣਾ ਕਿਰਦਾਰ ਨਿਭਾਉਂਦਾ ਹੋਇਆ ਆਪਣੀ ਹਾਕੀ ਸਲਤਨਤ ਨੂੰ ਸੁਰੱਖਿਅਤ ਰੱਖਣ ਵਿਚ ਸੌ ਫੀਸਦੀ ਸਫਲ ਹੁੰਦਾ ਹੈ।

ਇਹ ਜ਼ਿਕਰਯੋਗ ਹੈ ਕਿ ਭਾਰਤੀ ਹਾਕੀ ਦੇ ਸੁਨਹਿਰੀ ਯੁਗ 'ਚ ਭਾਰਤ ਦੀਆਂ ਛੇ ਹਾਕੀ ਟੀਮਾਂ ਵਿਚ 106 ਹਾਕੀ ਖਿਡਾਰੀਆਂ ਨੇ ਭਾਗ ਲਿਆ ਸੀ। ਇਨ੍ਹਾਂ ਵਿਚ ਵੱਧ ਤੋਂ ਵੱਧ ਖਿਡਾਰੀਆਂ ਦੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਪੂਰੀ ਵਾਹ ਲਾਈ ਗਈ, ਪਰ ਜ਼ਿਆਦਾਤਰ ਖਿਡਾਰੀ ਜ਼ਿੰਦਾ ਨਾ ਹੋਣ ਕਾਰਨ ਅਤੇ ਉਨ੍ਹਾਂ ਦੇ ਵਾਰਸਾਂ ਤੋਂ ਨਿਸ਼ਚਿਤ ਉੱਤਰ ਨਾ ਮਿਲਣ ਕਾਰਨ ਸਿਰਫ 20 ਖਿਡਾਰੀਆਂ ਬਾਰੇ ਜ਼ਰੂਰੀ ਸਮੱਗਰੀ ਪ੍ਰਾਪਤ ਹੋ ਸਕੀ। ਇਸ ਸਮੱਗਰੀ ਦਾ ਲੋੜੀਂਦਾ ਵਿਸ਼ਲੇਸ਼ਣ ਕਰਨ ਉਪਰੰਤ ਹੀ ਪੁਸਤਕ ਵਿਚ ਇਸਤੇਮਾਲ ਕੀਤਾ ਗਿਆ ਹੈ। 1928 ਤੋਂ 1956 ਤਕ ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਦੇ ਨਾਮ, ਉਨ੍ਹਾਂ ਦੁਆਰਾ ਸਕੋਰ ਕੀਤੇ ਗੋਲਾਂ ਦਾ ਵੇਰਵਾ ਅਤੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਦੇ ਸ੍ਰੋਤਾਂ ਦੀ ਸੂਚੀ, ਪੁਸਤਕ ਦੇ ਪੰਨਾ ਨੰ: 170 ਤੋਂ 179 ਅਨੁਲਗ 1, 2, 3 'ਤੇ ਦਰਸਾਈ ਗਈ ਹੈ।

'ਹਾਕੀ ਦੇ ਸੁਲਤਾਨ' ਪੁਸਤਕ ਲਿਖਣ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਇਸ ਵਿਚ ਕਿਸੇ ਤਰ੍ਹਾਂ ਦੀ ਗਲਤੀ ਨਾ ਰਹਿ ਜਾਵੇ, ਪਰ ਮਨੁੱਖ ਗਲਤੀਆਂ ਦਾ ਪੁਤਲਾ ਹੈ, ਇਸ ਲਈ ਜੇ ਇਸ ਵਿਚ ਕੋਈ ਗਲਤੀ ਜਾਂ ਖਾਮੀ ਰਹਿ ਗਈ ਹੋਵੇ ਤਾਂ ਉਸ ਲਈ ਮੈਂ ਖਿਮਾ ਦਾ ਜਾਚਕ ਹਾਂ। ਮੈਨੂੰ ਤੁਹਾਡੇ ਕੀਮਤੀ ਸੁਝਾਵਾਂ ਅਤੇ ਵਿਚਾਰਾਂ ਦੀ ਉਡੀਕ ਰਹੇਗੀ। ਤੁਹਾਡੇ ਵਿਚਾਰਾਂ ਅਤੇ ਸੁਝਾਵਾਂ ਨੂੰ ਧਿਆਨ ਵਿਚ ਰੱਖ ਕੇ ਇਸ ਪੁਸਤਕ ਦਾ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਜਾਵੇਗਾ।

ਪੇਸ਼ ਹੈ, ਇਕ ਅਧਿਆਏ ਦਾ ਸੰਖੇਪਸਾਰ:

ਮੇਜਰ ਧਿਆਨ ਚੰਦ
ਉਹ ਹਾਕੀ ਦਾ ਸੀ ਦੇਵਤਾ,
ਉਹਦੀ ਪੂਜਾ ਕਰੇ ਜਹਾਨ।
ਉਹ ਜਾਇਆ ਭਾਰਤ ਮਾਂ ਦਾ,
ਉਹਦਾ ਧਿਆਨ ਚੰਦ ਸੀ ਨਾਮ।
ਉਹ ਹਰ ਵੇਲੇ ਸੀ ਰੱਖਦਾ,
ਬੱਸ ਹਾਕੀ ਵਿਚ ਧਿਆਨ।
ਉਹ ਗੋਲਾਂ ਦਾ ਸੀ ਬਾਦਸ਼ਾਹ,
ਕੁੱਲ ਦੁਨੀਆਂ ਸੀ ਹੈਰਾਨ।
ਉਹ ਹਾਕੀ ਦਾ ਹੈ ਕਰ ਗਿਆ,
ਉੱਚੇ ਤੋਂ ਉੱਚਾ ਨਾਮ।
ਸੀ ਉਸ ਨੂੰ ਲੱਭਦੇ ਫਿਰ ਰਹੇ,
ਖੁਦ ਉੱਚੇ ਨਾਮ-ਸ਼ਨਾਮ।
ਉਸ ਤਿੰਨ ਓਲੰਪਿਕ ਜਿੱਤ ਕੇ,
ਸੀ ਕੀਤੀ ਕਾਇਮ ਮਿਸਾਲ।
ਹਿਟਲਰ ਵੀ ਹੋਇਆ ਮੋਹਿਤ ਸੀ,
ਉਹਦੀ ਖੇਡਣ ਸ਼ੈਲੀ ਨਾਲ।
ਉਸ ਹੁਨਰ ਨਹੀਂ ਸੀ ਵੇਚਿਆ,
ਨਾ ਵੇਚਿਆ ਮਾਨ-ਸਮਾਨ
ਉਸ ਰੁੱਖੀ ਮਿੱਸੀ ਖਾ ਕੇ,
ਸੀ ਰੱਖੀ ਭਾਰਤ ਦੀ ਸ਼ਾਨ।
ਉਹ ਰਾਂਝਾ ਹੀਰ ਪੰਜਾਬ ਦਾ,
ਭਾਰਤ ਰਾਧਾ ਦਾ ਸ਼ਾਮ।
ਅੱਜ ਕੌਮੀ ਖੇਡ ਦਿਵਸ ਹੈ,
ਉਹਦੇ ਜਨਮ ਦਿਨ ਦੇ ਨਾਮ।

ਹਾਕੀ ਤੇ ਧਿਆਨ ਚੰਦ ਇਕੋ ਸਿੱਕੇ ਦੇ ਦੋ ਪਾਸੇ ਸਨ। ਹਾਕੀ ਤੇ ਧਿਆਨ ਚੰਦ ਦਾ ਆਪਸ ਵਿਚ ਨਹੁੰ ਤੇ ਮਾਸ ਦਾ ਰਿਸ਼ਤਾ ਸੀ। ਜੇ 1926 ਤੋਂ 1936 ਦੇ ਦਹਾਕੇ ਦੀ ਗੱਲ ਕਰੀਏ ਤਾਂ ਉਸ ਸਮੇਂ ਖੇਡਾਂ ਦੇ ਖੇਤਰ ਵਿਚ ਖਾਸ ਤੌਰ 'ਤੇ ਇਹ ਸਮਝਿਆ ਜਾਂਦਾ ਸੀ ਕਿ ਹਾਕੀ ਹੀ ਧਿਆਨ ਚੰਦ ਹੈ ਅਤੇ ਧਿਆਨ ਚੰਦ ਹੀ ਹਾਕੀ ਹੈ। ਇਹ ਦੋਵੇਂ ਸ਼ਬਦ 'ਹਾਕੀ' ਅਤੇ 'ਧਿਆਨ ਚੰਦ' ਆਪਸ ਵਿਚ ਇਸ ਤਰ੍ਹਾਂ ਘੁਲ-ਮਿਲ ਗਏ ਸਨ ਕਿ ਇਕ ਦੀ ਹੋਂਦ ਦੂਜੇ ਬਿਨਾ ਸੰਭਵ ਨਾ ਹੋਵੇ।

ਆਧੁਨਿਕ ਹਾਕੀ ਦੀ ਖੇਡ 1885 ਦੇ ਇਰਦ-ਗਿਰਦ ਭਾਵੇਂ ਅੰਗਰੇਜ਼ਾਂ ਨੇ ਇੰਡੀਆ ਵਿਚ ਲਿਆਂਦੀ ਤੇ ਪ੍ਰਚੱਲਤ ਕੀਤੀ, ਪਰ ਉਸ ਸਮੇਂ ਇਹ ਖੇਡ ਅੱਲ੍ਹੜ, ਬੇਹੁਨਰ, ਅਪੂਰਣ ਅਤੇ ਅਣਤਰਾਸ਼ੀ ਹਾਲਤ ਵਿਚ ਸੀ। ਉਸ ਵੇਲੇ ਇਹੋ ਜਿਹੀ ਹੀ ਇਕ ਪੇਂਡੂ ਖੇਡ, ਜਿਸ ਨੂੰ 'ਖਿੱਦੋ-ਖੂੰਡੀ' ਕਿਹਾ ਜਾਂਦਾ ਸੀ, ਸਮੁੱਚੇ ਹਿੰਦੋਸਤਾਨ ਵਿਚ ਪਹਿਲਾਂ ਹੀ ਖੇਡੀ ਜਾਂਦੀ ਸੀ। ਭਾਰਤੀ ਹਾਕੀ ਦੇ 'ਸੁਨਹਿਰੀ ਯੁੱਗ' ਦੇ ਬਹੁਤੇ ਖਿਡਾਰੀਆਂ ਨੇ ਪਿੰਡਾਂ, ਨਗਰਾਂ ਤੇ ਕਸਬਿਆਂ ਵਿਚ ਰਹਿੰਦਿਆਂ ਪਹਿਲਾਂ ਖਿੱਦੋ-ਖੂੰਡੀ ਖੇਡ ਕੇ ਆਪਣਾ ਮਨਪਰਚਾਵਾ ਕੀਤਾ ਅਤੇ ਬਾਅਦ ਵਿਚ ਵੱਡੇ ਸ਼ਹਿਰਾਂ 'ਚ ਜਾ ਕੇ ਆਧੁਨਿਕ ਹਾਕੀ ਖੇਡ ਵਿਚ ਨਿਯਮਿਤ ਰੂਪ ਵਿਚ ਹਿੱਸਾ ਲਿਆ ਤੇ ਮੁਹਾਰਤ ਹਾਸਲ ਕੀਤੀ। ਉਨ੍ਹਾਂ

*(ਬਾਕੀ ਅਗਲੇ ਸਫੇ 'ਤੇ)*

# ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ਦੀ ਨਜ਼ਰ 'ਚ ਉਨ੍ਹਾਂ ਦਾ ਵਡੇਰਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਾਕਿਸਤਾਨ ਦੇ ਲਾਹੌਰ ਕਿਲਾ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਨੌਂ ਫੁੱਟ ਉੱਚੇ ਬੁੱਤ ਦੀ ਰਿਜ਼ਵਾਨ ਨਾਂ ਦੇ ਵਿਅਕਤੀ ਵਲੋਂ ਤੋੜ-ਭੰਨ ਦਾ ਅਮਲ ਅੰਤਰਰਾਸ਼ਟਰੀ ਪ੍ਰਤੀਕਰਮ ਦਾ ਮੁੱਦਾ ਬਣਿਆ ਹੋਇਆ ਹੈ। ਇੰਗਲੈਂਡ ਵਿਚ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਤੋਂ ਲੈ ਕੇ ਭਾਰਤ ਦੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਬੁੱਤ ਤੋੜਨ ਵਾਲੇ ਤਹਿਰੀਕ-ਏ-ਲਭਾਇਕ ਪਾਕਿਸਤਾਨ ਦੇ ਕਾਰਕੁਨ ਰਿਜ਼ਵਾਨ ਦੇ ਅਮਲ ਦੀ ਨਿਖੇਧੀ ਕੀਤੀ ਹੈ। ਮਹਾਰਾਜਾ ਦੇ ਸਿੱਧੇ ਵਾਰਿਸ ਸੰਦੀਪ ਸਿੰਘ ਸੁਕਰਚਕੀਆ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਲਿਖੇ ਆਪਣੇ ਖਤ ਵਿਚ ਖਦਸ਼ਾ ਪ੍ਰਗਟ ਕੀਤਾ ਹੈ ਕਿ ਇਹ ਕਾਰਵਾਈ ਲਾਹੌਰ ਫੋਰਟ ਦੇ ਰਖਵਾਲਿਆਂ ਦੀ ਸ਼ਹਿ ਤੋਂ ਬਿਨਾ ਨਹੀਂ ਹੋਈ ਜਾਪਦੀ।

ਸੰਦੀਪ ਸਿੰਘ ਦੀ ਧਾਰਨਾ ਸਿਰ ਮੱਥੇ, ਪਰ ਅਸਲੀ ਮੁੱਦਾ ਅਜਿਹੇ ਮਹਾਰਾਜੇ ਦੀ ਦੇਣ ਨੂੰ ਨਕਾਰਨਾ ਹੈ, ਜਿਸ ਨੇ ਆਪਣੇ ਰਾਜ-ਕਾਲ ਵਿਚ ਹਿੰਦੂ, ਮੁਸਲਿਮ, ਸਿੱਖ, ਈਸਾਈਆਂ ਨੂੰ ਉਚੀਆਂ ਪਦਵੀਆਂ ਦੇ ਰੱਖੀਆਂ ਸਨ। ਰਿਜ਼ਵਾਨ ਵਰਗੇ ਗਰਮਖਿਆਲੀ ਕਾਰਕੁਨ ਦੀ ਸੋਚ ਨੂੰ ਮੋੜ ਦੇਣ ਦਾ ਹੱਲ ਮਹਾਰਾਜੇ ਦੇ ਬੁੱਤ ਨੂੰ ਲਾਹੌਰ ਦੇ ਕਿਲੇ ਵਿਚੋਂ ਕੱਢ ਕੇ ਪਾਕਿਸਤਾਨ ਦੇ ਪੋਠੋਹਾਰ ਇਲਾਕੇ ਵਿਚ ਲਿਜਾ ਕੇ ਸਥਾਪਨਾ ਕਰਨਾ ਨਹੀਂ, ਜਿਵੇਂ ਕੁਝ ਪੋਠੋਹਾਰੀਆਂ ਨੇ ਨਵੀਂ ਪੇਸ਼ਕਸ਼ ਕੀਤੀ ਹੈ। ਗਰਮਖਿਆਲੀ ਅਨਸਰਾਂ ਨੂੰ ਇਸ ਗੱਲ ਦਾ ਇਲਮ ਕਰਾਉਣਾ ਲਾਜ਼ਮੀ ਹੈ ਕਿ ਮਹਾਰਾਜਾ ਦੀ ਸੋਚ ਕਿਸੇ ਇੱਕ ਧਰਮ ਨੂੰ ਪ੍ਰਨਾਈ ਹੋਈ ਨਹੀਂ ਸੀ। ਉਸ ਦੇ ਰਾਜ ਵਿਚ ਤਾਂ ਸਰਕਾਰੀ ਜ਼ੁਬਾਨ ਵੀ ਪੰਜਾਬੀ, ਹਿੰਦੀ, ਉਰਦੂ ਜਾਂ ਅੰਗਰੇਜ਼ੀ ਦੀ ਥਾਂ ਫਾਰਸੀ ਸੀ। ਅਣਵੰਡੇ ਪੰਜਾਬ ਦੀਆਂ ਹੱਦਾਂ ਤੋਂ ਪਾਰ ਦੀ ਜ਼ੁਬਾਨ।

ਉਸ ਦੇ ਬੁੱਤ ਦੀ ਰਖਵਾਲੀ ਕਰਨਾ ਉਸ ਦੀ ਧਰਮ-ਨਿਰਪੱਖ ਧਾਰਨਾ ਉੱਤੇ ਪਹਿਰਾ ਦੇਣਾ ਹੈ। ਤਹਿਰੀਕ-ਏ-ਲਭਾਇਕ ਪਾਕਿਸਤਾਨ ਦੇ ਕਰਤੇ-ਧਰਤਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ



ਕੁਰਾਹੇ ਪਏ ਅਨਸਰਾਂ ਨੂੰ ਨੱਥ ਪਾਉਣ ਤੇ ਵਡਮੁੱਲੇ ਇਤਿਹਾਸ ਉੱਤੇ ਪੋਚਾ ਨਾ ਫੇਰਨ। ਮਹਾਰਾਜੇ ਦੇ ਵਾਰਿਸਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਵਡੇਰੇ ਦੀ ਧਾਰਨਾ ਨੂੰ ਕੇਵਲ ਕਾਨੂੰਨ ਤੱਕ ਸੀਮਤ ਨਾ ਕਰਨ।

**ਨਾਂ ਵਿਚ ਕਿੰਨਾ ਕੁਝ ਪਿਆ ਹੈ!:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਇੱਕ ਵਾਰੀ ਫੇਰ ਰੱਦ ਕਰ ਦਿੱਤੀਆਂ ਗਈਆਂ ਹਨ। 18 ਅਗਸਤ ਨੂੰ ਹੋਣ ਵਾਲੀਆਂ ਇਨ੍ਹਾਂ ਚੋਣਾਂ ਨੂੰ ਰੱਦ ਕਰਨ ਦਾ ਬਹਾਨਾ ਕਰੋਨਾ ਮਹਾਮਾਰੀ ਬਣਾਇਆ ਗਿਆ ਹੈ। ਇਹ ਚੋਣਾਂ 11 ਮਹੀਨੇ ਪਹਿਲਾਂ ਸਤੰਬਰ 2020 ਨੂੰ ਹੋਣੀਆਂ ਸਨ। ਫੇਰ 16 ਮਈ 2021 ਦਾ ਦਿਨ ਨਿਸ਼ਚਿਤ ਹੋਇਆ ਅਤੇ ਫੇਰ 18 ਅਗਸਤ 2021 ਦਾ। ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਵਾਈਸ ਚਾਂਸਲਰ ਦੇ ਕੰਮ-ਕਾਜ ਉੱਤੇ ਨਿਗਾਹ ਰੱਖਦੀ ਹੈ, ਪਰ ਅਜੋਕੇ ਵਾਈਸ ਚਾਂਸਲਰ ਨੂੰ ਕੇਂਦਰ ਦੀ ਸਰਕਾਰ ਦਾ ਥਾਪੜਾ ਪ੍ਰਾਪਤ ਹੈ। ਸੈਨੇਟ ਤੇ ਸਿੰਡੀਕੇਟ ਦੀ ਅਣਹੋਂਦ ਵਿਚ ਉਸ ਦੀਆਂ ਮਨ ਮਰਜ਼ੀਆਂ ਨੂੰ ਰੋਕਣ ਦਾ ਸਵਾਲ ਹੀ ਨਹੀਂ। ਸਪਸ਼ਟ ਹੈ ਕਿ ਇਥੇ ਵੀ ਕੇਂਦਰ ਦੀ ਵਰਤਮਾਨ ਸਰਕਾਰ ਸੈਨੇਟ ਵਰਗੀ ਲੋਕਤੰਤਰੀ ਸੰਸਥਾ ਦਾ ਭੋਗ ਪਾਉਣਾ ਚਾਹੁੰਦੀ ਹੈ। ਸੈਨੇਟ ਦੀ ਅਣਹੋਂਦ ਵਿਚ ਅਧਿਆਪਕਾਂ ਤੇ ਹੋਰ ਅਮਲੇ ਦੀਆਂ ਨਿਯੁਕਤੀਆਂ, ਵਿਦਿਆਰਥੀਆਂ ਦੀਆਂ ਫੀਸਾਂ ਵਧਾਉਣਾ, ਪਾਠਕ੍ਰਮ/ਸਿਲੇਬਸ ਵਿਚ ਮਨਮਰਜ਼ੀ ਦਾ ਵਾਧਾ-ਘਾਟਾ ਕਰਨਾ ਤੇ ਯੂਨੀਵਰਸਿਟੀ ਵਿਚ ਕਾਰਪੋਰੇਟ ਘਰਾਣਿਆਂ ਦੀ ਆਮਦ ਨੂੰ ਰੋਕਣ-ਟੋਕਣ ਵਾਲਾ ਕੋਈ ਨਹੀਂ ਰਹਿ ਜਾਂਦਾ।

ਹੁਣ ਇੱਕ ਨਿੱਜੀ ਗੱਲ! ਮੈਂ ਪੰਜਾਬ ਯੂਨੀਵਰਸਿਟੀ ਦਾ ਗਰੈਜੂਏਟ ਹਾਂ। 18 ਅਗਸਤ ਨੂੰ ਹੋਣ ਵਾਲੀਆਂ ਚੋਣਾਂ ਲਈ ਮੈਂ ਵੀ ਵੋਟਰ ਸੀ। ਮੇਰੇ ਜਾਣੂਆਂ ਨੂੰ ਵੋਟਰ ਲਿਸਟ ਵਿਚ ਮੇਰਾ ਨਾਂ ਨਹੀਂ ਸੀ ਲੱਭ ਰਿਹਾ। ਉਹ ਇਸ ਮੁੱਦੇ ਨੂੰ ਉਛਾਲਣ ਦੀਆਂ ਸੋਚਾਂ ਸੋਚ ਰਹੇ ਸਨ ਕਿ ਮੈਂ ਉਨ੍ਹਾਂ ਨੂੰ ਇਸ ਰਾਹ ਤੁਰਨ ਤੋਂ ਵਰਜਿਆ। ਉਹ ਕੀ ਜਾਣਨ ਕਿ ਮੇਰੇ ਮਾਸਟਰਜ਼ ਡਿਗਰੀ ਤੱਕ ਦੇ ਸਰਟੀਫਿਕੇਟਾਂ ਉੱਤੇ ਮੇਰਾ ਨਾਂ ਗੁਲਜਾਰਾ ਸਿੰਘ ਹੈ। ਸਰਦਾਰਾ ਸਿੰਘ, ਪਹਾੜਾ ਸਿੰਘ ਤੇ ਲੱਖਾ/ਕਰੋੜਾ ਸਿੰਘ ਵਰਗਾ। ਮੈਂ ਨੌਕਰੀ ਕਰਨ ਸਮੇਂ ਆਪਣਾ ਨਾਂ ਗੁਲਜ਼ਾਰ ਸਿੰਘ ਸੰਧੂ ਲਿਖਣਾ ਸ਼ੁਰੂ ਕਰ ਦਿੱਤਾ, ਜਿਹੜਾ ਪੈਨਸ਼ਨ ਦੇ ਯੋਗ ਹੋਣ ਤੋਂ ਪਿਛੋਂ ਤੱਕ ਚਲ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਖਾਲਸਾ ਕਾਲਜ ਮਾਹਿਲਪੁਰ (ਹੁਸ਼ਿਆਰਪੁਰ) ਦੇ ਰਿਕਾਰਡ ਵਿਚ, ਜਿੱਥੇ ਮੈਂ ਬੀ. ਏ. ਤੱਕ ਪੜ੍ਹਿਆ, ਮੇਰਾ ਨਾਂ ਗੁਲਜ਼ਾਰਾ ਸਿੰਘ ਹੀ ਹੈ। ਇਹ ਪਤਾ ਲੱਗਣ ਉੱਤੇ ਉਹ ਵੋਟਰ ਲਿਸਟ ਵਿਚ ਮੇਰਾ ਨਾਂ ਵੇਖ ਕੇ ਖੁਸ਼ ਹੋ ਗਏ। ਉਹ ਕੀ ਜਾਣਨ ਕਿ ਲੋਕਤੰਤਰ ਦੀਆਂ ਧੱਜੀਆਂ ਉਡਾਉਣ ਵਾਲਿਆਂ ਦੇ ਸਿਰ ਉੱਤੇ ਬਹੁਗਿਣਤੀ ਸਰਕਾਰ ਬੈਠੀ ਹੈ, ਜਿਹੜੀ ਚੋਣਾਂ ਦੇ ਅਮਲ ਉੱਤੇ ਹੀ ਪੋਚਾ ਫੇਰ ਸਕਦੀ ਹੈ। ਇੱਕ ਵਾਰੀ ਨਹੀਂ, ਕਈ ਵਾਰੀ।

ਫੇਰ ਵੀ ਨਾਂ ਦੇ ਮਹੱਤਵ ਦੀ ਗੱਲ ਨੂੰ ਅੱਗੇ ਤੋਰਦਾ ਹਾਂ। ਮੇਰਾ ਜਨਮ ਖੰਨਾ ਮੰਡੀ ਦੇ ਨੇੜਲੇ ਪਿੰਡ ਕੋਟਲਾ ਬਡਲਾ ਵਿਚ ਹੋਇਆ ਸੀ। ਮੇਰੇ ਨਾਨਕਿਆਂ ਨੇ ਮੇਰਾ ਨਾਂ ਬਲਬੀਰ ਸਿੰਘ ਰੱਖ ਦਿੱਤਾ ਤੇ ਮੈਂ ਉਸ ਪਿੰਡ ਵਾਲਿਆਂ ਲਈ ਬਲਬੀਰ ਸਿੰਘ ਉਰਫ ਬੱਲਾ ਹੋ ਗਿਆ। ਫੇਰ ਮੇਰੀ ਦਾਦੀ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਸਮੇਂ ਪਹਿਲਾ ਅੱਖਰ ਗੱਗਾ ਨਿਕਲਣ ਉੱਤੇ ਮੇਰਾ ਨਾਂ ਗੁਲਜ਼ਾਰਾ ਸਿੰਘ ਰੱਖ ਦਿੱਤਾ, ਜਿਹੜਾ ਸਕੂਲਾਂ/ਕਾਲਜਾਂ ਦੇ ਰਿਕਾਰਡ ਵਿਚ ਵੀ ਹੈ ਤੇ ਵੋਟਰ ਲਿਸਟ ਵਿਚ ਵੀ, ਪਰ ਇਹਦੇ ਨਾਲ ਮੇਰੇ ਨਾਨਕੇ ਪਿੰਡ ਮੇਰਾ ਬਚਪਨ ਵਾਲਾ ਨਾਂ 'ਬੱਲਾ' ਰੱਦ ਨਹੀਂ ਹੋਇਆ। ਮੇਰੇ ਨਾਨਕੀਂ ਮੇਰਾ ਨਾਂ ਬੱਲਾ ਹੀ ਹੈ। ਦੋ ਸਾਲ ਪਹਿਲਾਂ ਦੂਰਦਰਸ਼ਨ ਵਾਲੇ ਮੇਰੇ ਜੀਵਨ ਬਾਰੇ ਡਾਕੂਮੈਂਟਰੀ ਬਣਾਉਣ ਲੱਗੇ ਤਾਂ ਉਹ ਮੇਰੇ ਨਾਨਕੇ ਪਿੰਡ ਕੋਟਲਾ ਬਡਲਾ ਵੀ ਗਏ। ਉੱਥੋਂ ਦੀ ਨਵੀਂ ਪਨੀਰੀ ਮੈਨੂੰ ਉਸ ਪਿੰਡ ਦੇ ਦੋਹਤਰੇ ਵਜੋਂ ਨਹੀਂ, ਸਗੋਂ ਪੰਜਾਬੀ ਲੇਖਕ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਵਜੋਂ ਜਾਣਦੀ ਹੈ। ਦੂਰਦਰਸ਼ਨ ਵਾਲੇ ਉਸ ਪਿੰਡ ਦੀ ਬਜ਼ੁਰਗ ਮਹਿਲਾ ਨਾਲ ਮੇਰੇ ਬਚਪਨ ਦੀਆਂ ਗੱਲਾਂ ਕਰਨਾ ਚਾਹੁੰਦੇ ਸਨ। ਮੈਂ ਉਨ੍ਹਾਂ ਨੂੰ ਆਪਣੀ ਮਾਂ ਨਾਲੋਂ ਵੱਡੀ ਉਮਰ ਦੀ ਔਰਤ ਕੋਲ ਲੈ ਗਿਆ। ਉਹ ਮੰਜੀ ਉੱਤੇ ਲੇਟੀ ਹੋਈ ਸੀ। ਮੈਂ ਆਪਣੇ ਬਾਰੇ ਦੱਸਿਆ ਕਿ ਮੈਂ ਬੀਬੀ ਚਰਨੋ (ਜਿਸ ਦਾ ਪੂਰਾ ਨਾਂ ਗੁਰਚਰਨ ਕੌਰ ਸੀ) ਦਾ ਪੁੱਤ ਹਾਂ। ਉਹ ਔਰਤ ਮੰਜੀ ਉੱਤੇ ਬੈਠ ਐਨਕ ਲਾ ਕੇ ਬੋਲੀ, 'ਤਾਂ, ਤੂੰ ਬੱਲਾ ਏਂ?' ਮੈਂ ਉਸ ਨੂੰ ਝੁਕ ਕੇ ਮੱਥਾ ਟੇਕਿਆ ਤਾਂ ਉਸ ਨੇ ਪਿਆਰ ਨਾਲ ਮੇਰਾ ਸਿਰ ਪਲੋਸਿਆ।

ਹੁਣ ਜਦੋਂ ਮੇਰੀ ਮਾਂ ਵੀ ਇਸ ਜਹਾਨ ਵਿਚ ਨਹੀਂ, ਸੈਨੇਟ ਦੀਆਂ ਵੋਟਾਂ ਦੀ ਤਰੀਕ ਵੀ ਰੱਦ ਹੋ ਚੁਕੀ ਹੈ, ਮੈਂ ਗੁਲਜ਼ਾਰ ਸਿੰਘ ਸੰਧੂ ਨਹੀਂ ਤੇ ਨਾ ਹੀ ਗੁਲਜਾਰਾ ਸਿੰਘ ਹਾਂ। ਸਿਰਫ ਤੇ ਸਿਰਫ ਬੱਲਾ ਹਾਂ। ਆਪਣੀ ਜਨਮ ਭੋਂ ਵਾਲਾ ਬਲਬੀਰ ਉਰਫ ਬੱਲਾ। ਕੌਣ ਕਹਿੰਦਾ ਹੈ ਕਿ ਨਾਂ ਵਿਚ ਕੁਝ ਨਹੀਂ ਪਿਆ?

**ਅੰਤਿਕਾ:**
*(ਮੱਖੀਆਂ ਦੀ ਰੁੱਤ 'ਤੇ ਲੋਕ-ਵਿਅੰਗ)*
ਸਿੰਘ ਸੂਰਮੇ ਚੜ੍ਹੇ ਸ਼ਿਕਾਰ
ਮੱਖੀ ਘੇਰੀ ਵਿਚ ਬਜ਼ਾਰ,
ਮਰੀ ਤਾਂ ਨ੍ਹੀਂ, ਪਰ ਲੰਗੜੀ ਕੀ
ਇਹ ਵੀ ਫਤਿਹ ਗੁਰਾਂ ਨੇ ਕੀ।

# ਮੇਰੀ ਪੱਗ, ਮੇਰੀ ਪਛਾਣ

ਡਾ. ਬਲਵੰਤ ਐਸ. ਹੰਸਰਾ
bshansra485@yahoo.com

ਮੈਂ ਸ਼ਿਕਾਗੋ (ਇਲੀਨਾਏ) ਵਿਚ 1959 ਵਿਚ ਆਇਆ ਸੀ। ਕੈਂਪਸ ਵਿਚ ਮੈਂ ਇਕੱਲਾ ਦਸਤਾਰਧਾਰੀ ਬੰਦਾ ਸਾਂ। ਇਕ ਵਿਦਿਅਕ ਅਦਾਰੇ ਵਿਚ ਹੋਣ ਦੇ ਨਾਤੇ ਮੈਨੂੰ ਕੋਈ ਮੇਰੀ ਦਸਤਾਰ ਬਾਰੇ ਸਵਾਲ ਨਹੀਂ ਸੀ ਕਰਦਾ, ਇਥੋਂ ਤੱਕ ਕਿ ਮੇਰੇ ਕਮਰੇ ਦਾ ਸਾਥੀ ਵੀ ਨਹੀਂ। ਗਰਮੀਆਂ ਬੜੀ ਤੇਜ਼ੀ ਨਾਲ ਆ ਰਹੀਆਂ ਸਨ ਅਤੇ ਮੇਰੇ ਦੋਸਤ ਨੇ ਸੁਝਾਅ ਦਿੱਤਾ ਕਿ ਮੈਂ ਕੋਈ ਨੌਕਰੀ ਲੱਭਣੀ ਸ਼ੁਰੂ ਕਰਾਂ।

ਇਕ ਦਿਨ ਮੈਂ ਕੈਂਪਸ ਤੋਂ ਸ਼ਿਕਾਗੋ ਸ਼ਹਿਰ ਲਈ ਟ੍ਰੇਨ ਫੜੀ ਅਤੇ ਨੌਕਰੀ ਖਾਤਰ ਇਕੱਲਾ ਇਕੱਲਾ ਦਰਵਾਜ਼ਾ ਖੜਕਾਇਆ। ਕਿਸੇ ਇਕ ਵੀ ਕੰਪਨੀ ਦੇ ਮੈਨੇਜਰ ਨੇ ਮੈਨੂੰ ਅਪਲਾਈ ਕਰਨ ਲਈ ਨਹੀਂ ਪੁੱਛਿਆ। ਮੈਂ ਬੜਾ ਨਿਰਾਸ਼ ਹੋਇਆ, ਸੋਚ ਰਿਹਾ ਸਾਂ ਕਿ ਜਾਂ ਤਾਂ ਕਿਤੇ ਕੋਈ ਖਾਲੀ ਥਾਂ ਨਹੀਂ ਹੋਵੇਗੀ, ਤੇ ਜਾਂ ਫਿਰ ਮੇਰੀ ਅਜਨਬੀ ਜਿਹੀ ਦਿੱਖ ਕਾਰਨ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਹੋਵੇ। ਦੁਪਹਿਰ ਦੇ ਖਾਣੇ ਵਕਤ ਮੈਂ ਮਸ਼ਹੂਰ ਸਟੇਟ ਸਟ੍ਰੀਟ ਦੇ ਨਾਲ-ਨਾਲ ਜਾ ਰਿਹਾ ਸਾਂ ਅਤੇ ਇਕ ਵੱਡੀ ਭੀੜ ਰੈਸਟੋਰੈਂਟ ਦੀ ਭਾਲ ਵਿਚ ਗਲੀਆਂ ਵਿਚ ਇਧਰ-ਉਧਰ ਘੁੰਮ ਰਹੀ ਸੀ। ਮੈਂ ਆਪਣੀ ਦਸਤਾਰ ਬਾਰੇ ਕੁਝ ਜ਼ਿਆਦਾ ਹੀ ਸੁਚੇਤ ਹੋ ਗਿਆ ਅਤੇ ਮਹਿਸੂਸ ਕੀਤਾ, ਜਿਵੇਂ ਸਾਰੇ ਮੇਰੇ ਵੱਲ ਹੀ ਦੇਖ ਰਹੇ ਹੋਣ। ਉਸ ਵਕਤ ਮੈਂ ਲੁਕਣ ਲਈ ਕੋਈ ਖੂੰਜਾ ਭਾਲ ਰਿਹਾ ਸਾਂ। ਉਥੇ ਸਿਰਫ ਮੈਂ ਹੀ ਇਕ ਦਸਤਾਰਧਾਰੀ ਸਾਂ ਅਤੇ ਬੜਾ ਓਪਰਾ ਮਹਿਸੂਸ ਕਰ ਰਿਹਾ ਸਾਂ।

ਕੁਝ ਦਿਨਾਂ ਬਾਅਦ ਮੈਂ ਇਕ ਅਖਬਾਰ ਦੇ 'ਮਦਦ ਚਾਹੀਦੀ ਹੈ' ਕਾਲਮ ਵਿਚ ਇਸ਼ਤਿਹਾਰ ਪੜ੍ਹਿਆ ਕਿ ਕੋਈ ਵਰਸ਼ਾਸਕੀ ਆਟੋ ਪਾਰਟਸ ਕੰਪਨੀ ਖੁੱਲ੍ਹ ਰਹੀ ਹੈ। ਮੈਂ ਸਬੰਧਤ ਇੰਚਾਰਜ ਨਾਲ ਮੁਲਾਕਾਤ ਖਾਤਰ ਇਸ਼ਤਿਹਾਰ ਵਿਚ ਦਿੱਤਾ ਫੋਨ ਘੁਮਾਇਆ। ਮੀਟਿੰਗ ਦਾ ਵਕਤ ਤੈਅ ਹੋ ਗਿਆ ਅਤੇ ਮੇਰੇ ਉਥੇ ਪੁੱਜਣ 'ਤੇ ਇਕ ਭੱਦਰ ਪੁਰਸ਼ ਨੇ ਮੇਰਾ ਸਵਾਗਤ ਕੀਤਾ, ਤੇ ਮੈਨੂੰ ਉਥੇ ਬੈਠਣ ਲਈ ਕਿਹਾ। ਇੰਟਰਵਿਊ ਤੋਂ ਬਾਅਦ ਉਸ ਨੇ ਕੋਟ ਤੇ ਹੈਟ ਹੈਂਗਰ ਵੱਲ ਇਸ਼ਾਰਾ ਕੀਤਾ ਅਤੇ ਉਥੇ ਦਸਤਾਰ ਟੰਗਣ ਲਈ ਕਹਿਣ ਕਰਕੇ ਮੈਨੂੰ ਅਚੰਭੇ ਵਿਚ ਪਾ ਦਿੱਤਾ। ਮੈਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦਸਤਾਰ ਕੋਈ ਹੈਟ ਨਹੀਂ ਹੈ ਅਤੇ ਇਉਂ ਕਿੱਲੀ ਉਤੇ ਨਹੀਂ ਟੰਗੀ ਜਾ ਸਕਦੀ। ਉਹਨੂੰ ਇਸ ਬਾਰੇ ਉਕਾ ਹੀ ਕੋਈ ਜਾਣਕਾਰੀ ਨਹੀਂ ਸੀ ਅਤੇ ਉਸ ਨੇ ਇਹ ਗੱਲ ਸਮਝਣ ਦਾ ਯਤਨ ਵੀ ਨਹੀਂ ਕੀਤਾ। ਉਸ ਨੇ ਜ਼ੋਰ ਪਾਇਆ ਕਿ ਜੇ ਮੈਨੂੰ ਨੌਕਰੀ ਚਾਹੀਦੀ ਹੈ ਤਾਂ ਮੈਨੂੰ ਦਸਤਾਰ ਉਥੇ ਟੰਗਣੀ ਪਵੇਗੀ। ਮੈਂ ਨੌਕਰੀ ਦੀ ਇਹ ਪੇਸ਼ਕਸ਼ ਛੱਡ ਕੇ ਉਸ ਦੇ ਦਫਤਰ ਵਿਚੋਂ ਬਾਹਰ ਨਿਕਲ ਆਇਆ। ਕੁਝ ਦਿਨਾਂ ਬਾਅਦ ਮੈਂ ਉਸ ਨੂੰ ਦੁਬਾਰਾ ਫੋਨ ਕੀਤਾ, ਪਰ ਉਸ ਦਾ ਜਵਾਬ ਉਹੀ ਸੀ। ਮੈਂ ਆਪਣੀ ਦਸਤਾਰ ਲਾਹੁਣ ਲਈ ਤਿਆਰ ਹੀ ਨਹੀਂ ਸੀ ਅਤੇ ਉਸ ਨੇ ਮੈਨੂੰ ਨੌਕਰੀ ਨਾ ਦਿੱਤੀ। ਨੌਕਰੀ ਹਾਸਲ ਕਰਨ ਦੇ ਮਾਮਲੇ ਵਿਚ ਇਹ ਮੇਰੀ ਦੂਜੀ ਅਸਫਲਤਾ ਸੀ। ਫਿਰ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਮੈਨੂੰ ਸ਼ਿਕਾਗੋ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਵਿਚ ਖੋਜ ਐਸੋਸੀਏਟਾਂ ਨਾਲ ਕੰਮ ਮਿਲ ਗਿਆ। ਉਥੇ ਮੈਂ ਡਾ. ਰੌਬਰਟ ਮੁਲਿਕੇਨ ਦੇ ਮਾਤਹਿਤ ਕੰਮ ਕੀਤਾ,



ਡਾ. ਹੰਸਰਾ

ਜਿਨ੍ਹਾਂ ਨੂੰ ਮਗਰੋਂ ਨੋਬੇਲ ਇਨਾਮ ਮਿਲਿਆ। ਉਹ ਮੈਨੂੰ ਸਦਾ 'ਮੈਨ ਵਿਦ ਟਰਬਨ' (ਦਸਤਾਰ ਵਾਲਾ) ਦੇ ਨਾਂ ਨਾਲ ਬੁਲਾਉਂਦੇ।

ਇਕ ਜਾਂ ਦੋ ਮਹੀਨੇ ਬਾਅਦ ਮੈਨੂੰ ਵਾਈ. ਐਮ. ਸੀ. ਏ. ਦੇ ਸਾਲਾਨਾ ਰਾਤਰੀ ਭੋਜ 'ਤੇ ਮਹਿਮਾਨ ਬੁਲਾਇਆ ਗਿਆ। ਇਸ ਵਿਚ 600 ਤੋਂ ਵੱਧ ਲੋਕ ਸ਼ਾਮਿਲ ਹੋਏ। ਮੀਟਿੰਗ ਹਾਲ ਅੰਦਰ ਵੜਦੇ ਸਾਰ, ਇੰਨੇ ਲੋਕਾਂ ਦੇ ਵੱਡੇ ਇਕੱਠ ਵਿਚ ਮੈਂ ਇਕੱਲਾ ਦਸਤਾਰਧਾਰੀ ਸਾਂ, ਮੈਂ ਤਾਂ ਜਿਵੇਂ ਖੁਦ ਨੂੰ ਮਹਾਰਾਜਾ ਮਹਿਸੂਸ ਕਰ ਰਿਹਾ ਸਾਂ।

ਮੇਰੀ ਪਹਿਲੀ ਫੁੱਲ ਟਾਈਮ ਨੌਕਰੀ ਸ਼ਿਕਾਗੋ ਵਿਚ ਵਾਈ. ਐਮ. ਸੀ. ਏ. ਦੇ ਹਾਈ ਸਕੂਲ ਵਿਚ ਸੀ। ਉਥੇ ਮੈਂ ਗਣਿਤ ਪੜ੍ਹਾਇਆ। ਬਾਅਦ ਵਿਚ ਪ੍ਰਿੰਸੀਪਲ ਨੇ ਮੈਨੂੰ ਦੱਸਿਆ ਕਿ ਮੈਨੂੰ ਨੌਕਰੀ ਦੇਣ ਦਾ ਕਾਰਨ ਮੇਰਾ ਦਸਤਾਰਧਾਰੀ ਹੋਣਾ ਸੀ। ਉਨ੍ਹਾਂ ਦਾ ਆਖਣਾ ਸੀ ਕਿ ਇਉਂ ਅਧਿਆਪਕਾਂ ਵਿਚ ਵੰਨ-ਸਵੰਨਤਾ ਬਣ ਗਈ ਸੀ। ਉਥੇ ਮੈਨੂੰ ਕਦੀ ਜਾਦੂਗਰ ਤੇ ਕਦੀ ਜਿੰਨ, ਕਦੀ ਸਪੇਰਾ, ਕਦੀ ਅਤਿਵਾਦੀ ਅਤੇ ਹੋਰ ਕਈ ਕੁਝ ਕਿਹਾ ਗਿਆ। ਦਸਤਾਰ ਨੇ ਮੈਨੂੰ ਸਿੱਖੀ ਨੂੰ ਸਮਰਪਿਤ ਜਿਉੜਾ ਬਣਾਉਣ ਵਿਚ ਮੇਰੀ ਬਹੁਤ ਮਦਦ ਕੀਤੀ। ਆਪਣੀ ਦਸਤਾਰ ਕਰਕੇ ਮੈਂ ਬਿਹਤਰ ਇਨਸਾਨ ਬਣਿਆ।

ਜ਼ਿੰਦਗੀ ਵਿਚ ਅਜਿਹੇ ਬਹੁਤ ਸਾਰੇ ਲੋਕ ਮਿਲੇ ਜਿਹੜੇ ਮੈਨੂੰ ਪਸੰਦ ਕਰਦੇ ਸਨ ਅਤੇ ਕਈ ਅਜਿਹੇ ਵੀ ਮਿਲੇ, ਜਿਹੜੇ ਨਹੀਂ ਸਨ ਚਾਹੁੰਦੇ ਕਿ ਮੈਂ ਉਨ੍ਹਾਂ ਦੇ ਨੇੜੇ ਵੀ ਜਾਵਾਂ। ਬੱਸ ਇਹੀ ਸਾਰੀ ਕਹਾਣੀ ਹੈ। ਸਦਾ ਖੁਸ਼ ਰਹੋ ਅਤੇ ਜੋ ਕੁਝ ਤੁਸੀਂ ਹੋ, ਉਸ 'ਤੇ ਮਾਣ ਕਰੋ। ਜੇ ਅਸੀਂ ਆਪਣੇ ਵਿਸ਼ਵਾਸਾਂ ਉਤੇ ਆਪ ਹੀ ਪਹਿਰਾ ਨਹੀਂ ਦੇਵਾਂਗੇ ਤਾਂ ਹੋਰ ਭਲਾ ਕੌਣ ਦੇਵੇਗਾ!

# ਹਾਕੀ ਦਾ ਸੁਲਤਾਨ ਲੇਖਕ

## ਇਕਬਾਲ ਸਿੰਘ ਸਰੋਆ

(ਪਿਛਲੇ ਸਫੇ ਦੀ ਬਾਕੀ)

ਵਿਚੋਂ ਹੀ ਸੀ ਧਿਆਨ ਚੰਦ। ਉਸ ਨੂੰ ਹਾਕੀ ਜਗਤ ਵਿਚ ਸਤਿਕਾਰ ਵਜੋਂ ਹਾਕੀ ਦਾ ਸਮਰਾਟ, ਹਾਕੀ ਦਾ ਬੇਤਾਜ ਬਾਦਸ਼ਾਹ, ਹਾਕੀ ਦਾ ਫਰਿਸ਼ਤਾ, ਹਾਕੀ ਦਾ ਮਸੀਹਾ, ਹਾਕੀ ਦਾ ਪਿਤਾਮਾ ਅਤੇ 'ਹਾਕੀ ਦਾ ਜਾਦੂਗਰ' ਵੀ ਕਿਹਾ ਜਾਂਦਾ ਸੀ।

ਇੰਡੀਅਨ ਓਲੰਪਿਕ ਐਸੋਸੀਏਸ਼ਨ ਅਤੇ ਕੇਕੇ ਬਿਰਲਾ ਫਾਊਂਡੇਸ਼ਨ ਨੇ ਹਾਕੀ ਦੀ ਖੇਡ ਦੇ ਮਹਾਰਥੀ ਧਿਆਨ ਚੰਦ ਨੂੰ 'ਵੀਹਵੀਂ ਸਦੀ ਦਾ ਮਹਾਨ ਖਿਡਾਰੀ' ਕਹਿ ਕੇ ਸਨਮਾਨਿਆ। ਦੋਹਾਂ ਸੰਸਥਾਵਾਂ ਨੇ 1999 ਤੇ 2001 ਵਿਚ ਆਪਣੇ ਵੱਲੋਂ ਪ੍ਰਦਾਨ ਕੀਤੇ ਸਨਮਾਨ ਪੱਤਰਾਂ ਵਿਚ ਧਿਆਨ ਚੰਦ ਨੂੰ 'ਭਾਰਤ ਦਾ ਮਾਣ' ਐਲਾਨਣ ਦੇ ਨਾਲ ਉਸ ਨੂੰ ਉੱਚ ਪੱਧਰ ਤੇ ਗੁਣਾਂ ਦਾ ਖਜ਼ਾਨਾ ਦੱਸਿਆ ਸੀ। ਸਨਮਾਨ ਪੱਤਰਾਂ ਵਿਚ ਅੰਕਿਤ ਕੀਤਾ ਗਿਆ ਸੀ ਕਿ ਧਿਆਨ ਚੰਦ ਨੇ 1928 ਵਿਚ ਐਮਸਟਰਡਮ ਵਿਖੇ, 1932 ਵਿਚ ਲਾਸ ਏਂਜਲਸ ਵਿਖੇ ਅਤੇ 1936 ਵਿਚ ਬਰਲਿਨ ਵਿਖੇ ਹੋਈਆਂ ਓਲੰਪਿਕ ਖੇਡਾਂ 'ਚੋਂ ਭਾਰਤ ਲਈ ਤਿੰਨ ਗੋਲਡ ਮੈਡਲ ਜਿੱਤੇ ਸਨ। 1936 ਦੀਆਂ ਓਲੰਪਿਕ ਸਮੇਂ ਧਿਆਨ ਚੰਦ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। ਉਥੇ ਭਾਰਤੀ ਟੀਮ ਦੇ ਕੁਲ 38 ਗੋਲਾਂ ਵਿਚੋਂ 11 ਗੋਲ ਧਿਆਨ ਚੰਦ ਦੀ ਹਾਕੀ ਨਾਲ ਹੋਏ ਸਨ।

ਵਿਸ਼ਵ ਹਾਕੀ ਵਿਚ ਸੁਨਹਿਰੀ ਉਚਾਈਆਂ ਛੂਹਣ ਵਾਲੇ ਧਿਆਨ ਚੰਦ ਦਾ ਜਨਮ 29 ਅਗਸਤ 1905 ਨੂੰ ਅਲਾਹਾਬਾਦ ਵਿਖੇ ਇਕ ਗਰੀਬ ਰਾਜਪੂਤ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਸ੍ਰੀ ਸੁਮੇਸ਼ਵਰ ਦੱਤ ਸਿੰਘ ਅੰਗਰੇਜ਼-ਹਿੰਦ ਫੌਜ ਵਿਚ ਸਿਪਾਹੀ ਸਨ, ਜੋ ਬਾਅਦ ਵਿਚ ਸੂਬੇਦਾਰ ਬਣ ਕੇ ਰਿਟਾਇਰ ਹੋਏ। ਘੜੀ-ਮੁੜੀ ਬਦਲੀ ਹੋਣ ਦੀ ਚੱਕ-ਥੱਲ ਤੋਂ ਬਚਦਿਆਂ ਉਨ੍ਹਾਂ ਦਾ ਪਰਿਵਾਰ ਅਲਾਹਾਬਾਦ ਛੱਡ ਕੇ ਝਾਂਸੀ ਵਿਚ ਆ ਵਸਿਆ। ਧਿਆਨ ਚੰਦ ਦਾ ਮੁਢਲਾ ਤੇ ਅੰਤਲਾ ਸਮਾਂ ਜ਼ਿਆਦਾਤਰ ਝਾਂਸੀ ਵਿਚ ਹੀ ਬੀਤਿਆ।

1922 ਵਿਚ ਧਿਆਨ ਚੰਦ 17 ਸਾਲਾਂ ਦਾ ਹੋਇਆ ਤਾਂ ਉਹ ਬਤੌਰ ਸਿਪਾਹੀ ਪਹਿਲੀ ਬ੍ਰਾਹਮਣ ਰੈਜਮੈਂਟ ਵਿਚ ਭਰਤੀ ਹੋ ਗਿਆ। ਜਦੋਂ ਫੌਜ ਵਿਚ ਹਾਕੀ ਖੇਡਣੀ ਸ਼ੁਰੂ ਕੀਤੀ ਤਾਂ ਉਸ ਬਾਰੇ ਆਪਣੀ ਸਵੈ-ਜੀਵਨੀ 'ਗੋਲ' ਵਿਚ ਉਸ ਨੇ ਲਿਖਿਆ: ਜਦੋਂ ਮੈਂ ਪਹਿਲੀ ਬ੍ਰਾਹਮਣ ਰੈਜਮੈਂਟ ਵਿਚ ਪ੍ਰਵੇਸ਼ ਕੀਤਾ, ਉਥੇ ਸ੍ਰੀ ਬਾਲੇ ਤਿਵਾੜੀ ਨਾਂ ਦੇ ਇਕ ਸੂਬੇਦਾਰ ਮੇਜਰ ਸਨ, ਜੋ ਹਾਕੀ ਦੇ ਬਹੁਤ ਚੰਗੇ ਖਿਡਾਰੀ ਸਨ। ਉਨ੍ਹਾਂ ਮੇਰੇ ਵੱਲ ਉਚੇਚਾ ਧਿਆਨ ਦਿੱਤਾ ਅਤੇ ਮੇਰੀ ਡ੍ਰਿਬਲਿੰਗ ਸਕਿੱਲ ਨੂੰ ਪਛਾਣਿਆ ਤੇ ਤਰਾਸ਼ਿਆ। ਇਸ ਨਾਲ ਮੇਰੀ ਖੇਡ ਵਿਚ ਹੋਰ ਵੀ ਨਿਖਾਰ ਆਇਆ। ਉਨ੍ਹੀਂ ਦਿਨੀਂ ਹਾਕੀ ਹਿੰਦੋਸਤਾਨੀ ਫੌਜ ਦੀ ਹਰਮਨ ਪਿਆਰੀ ਖੇਡ ਬਣ ਚੁਕੀ ਸੀ। ਫੌਜ ਦੀਆਂ ਛਾਉਣੀਆਂ ਵਿਚ ਹਿੰਦੋਸਤਾਨੀ ਸਿਪਾਹੀ ਬੜੇ ਸ਼ੌਕ ਤੇ ਚਾਅ ਨਾਲ ਹਾਕੀ ਖੇਡਦੇ ਸਨ। ਸਾਡੀ ਰੈਜਮੈਂਟ ਹਾਕੀ ਖੇਡਣ ਵਿਚ ਬਹੁਤ ਤਕੜੀ ਤੇ ਮਸ਼ਹੂਰ ਸੀ। ਹਾਕੀ ਖੇਡਣ ਲਈ ਸਾਡਾ ਕੋਈ ਪੱਕਾ ਸਮਾਂ ਨਿਰਧਾਰਤ ਨਹੀਂ ਸੀ ਹੁੰਦਾ। ਅਸੀਂ ਤਾਂ ਸਾਰਾ-ਸਾਰਾ ਦਿਨ ਹਾਕੀ ਖੇਡਦਿਆਂ ਗੁਜ਼ਾਰ ਦਿਆ ਕਰਦੇ ਸੀ। ਮੈਂ ਰਾਤ ਨੂੰ ਚੰਦ ਦੀ ਚਾਨਣੀ 'ਚ ਇਕਾਂਤ ਵਿਚ ਜਾ ਕੇ ਇਕੱਲਾ ਹੀ ਹਾਕੀ ਖੇਡਣ ਦਾ ਅਭਿਆਸ ਕਰਨ ਲੱਗ ਜਾਂਦਾ ਸੀ। ਮੈਂ 'ਡੀ' ਵਿਚ ਪ੍ਰਵੇਸ਼ ਕਰਨ ਅਤੇ ਗੋਲ ਦਾਗਣ ਦਾ ਤਜਰਬਾ ਹਾਸਲ ਕਰਨ ਲਈ ਕਈ-ਕਈ ਘੰਟੇ ਲਗਾਤਾਰ ਮਿਹਨਤ ਕਰਦਾ ਰਹਿੰਦਾ ਸੀ। ਇਕ ਰਾਤ ਪੂਰੇ ਚੰਦ ਦੀ ਚਾਨਣੀ ਵਿਚ ਮੇਰੀ ਰੈਜਮੈਂਟ ਦੇ ਅਫਸਰਾਂ ਨੇ ਮੈਨੂੰ ਇੰਜ ਖੇਡਦਿਆਂ ਦੇਖ ਲਿਆ। ਉਸੇ ਦਿਨ ਤੋਂ ਹੀ ਉਨ੍ਹਾਂ ਨੇ ਮੈਨੂੰ ਧਿਆਨ ਸਿੰਘ ਦੀ ਬਜਾਏ 'ਧਿਆਨ ਚੰਦ' ਦੇ ਨਾਂ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਮੇਰਾ ਨਾਂ ਪੱਕੇ ਤੌਰ 'ਤੇ ਧਿਆਨ ਸਿੰਘ ਤੋਂ ਧਿਆਨ ਚੰਦ ਹੋ ਗਿਆ।

1948 ਵਿਚ ਆਜ਼ਾਦ ਭਾਰਤ ਸਰਕਾਰ ਨੇ ਧਿਆਨ ਚੰਦ ਨੂੰ ਭਾਰਤੀ ਫੌਜ ਵਿਚ ਕਪਤਾਨ ਬਣਾ ਕੇ ਆਜ਼ਾਦੀ ਦਾ ਤੋਹਫਾ ਦਿੱਤਾ। 1 ਜੂਨ 1950 ਨੂੰ ਉਨ੍ਹਾਂ ਨੂੰ ਇਕ ਹੋਰ ਤੋਹਫਾ ਮਿਲਿਆ, ਜੋ ਇਕ ਖੂਬਸੂਰਤ ਬੱਚੇ ਦੇ ਰੂਪ ਵਿਚ ਸੀ। ਇਹ ਬੱਚਾ ਵੱਡਾ ਹੋ ਕੇ ਓਲੰਪੀਅਨ ਅਸ਼ੋਕ ਕੁਮਾਰ ਬਣਿਆ, ਜਿਸ ਨੇ 1975 ਦੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਦੇ ਫਾਈਨਲ ਵਿਚ ਪਾਕਿਸਤਾਨ ਵਿਰੁੱਧ ਭਾਰਤ ਵੱਲੋਂ ਗੋਲ ਕਰ ਕੇ ਵਿਸ਼ਵ ਕੱਪ ਜਿਤਿਆ।

ਭਾਵੇਂ ਉਨ੍ਹਾਂ ਨੇ ਅਪਰੈਲ 1949 ਵਿਚ ਸਰਗਰਮ ਹਾਕੀ ਖੇਡਣ ਤੋਂ ਸੰਨਿਆਸ ਲੈ ਲਿਆ ਸੀ, ਫੇਰ ਵੀ ਉਨ੍ਹਾਂ ਦਾ ਹਾਕੀ ਨਾਲ ਮੋਹ ਬਣਿਆ ਰਿਹਾ। 1952 ਵਿਚ ਪ੍ਰਕਾਸ਼ਿਤ ਹੋਈ ਧਿਆਨ ਚੰਦ ਦੀ ਪੁਸਤਕ 'ਗੋਲ' ਉਨ੍ਹਾਂ ਦੇ ਹਾਕੀ ਜੀਵਨ ਦਾ ਇਕ ਪ੍ਰਮਾਣਿਕ ਦਸਤਾਵੇਜ਼ ਹੈ। 1956 ਵਿਚ ਮੇਜਰ ਦੇ ਪਦ ਦੀ ਤਰੱਕੀ ਹੋਣ ਉਪਰੰਤ ਉਹ ਭਾਰਤੀ ਫੌਜ ਤੋਂ ਸੇਵਾ ਮੁਕਤ ਹੋਏ। ਭਾਰਤ ਸਰਕਾਰ ਨੇ 1956 ਵਿਚ ਹੀ ਧਿਆਨ ਚੰਦ ਨੂੰ 'ਪਦਮ ਭੂਸ਼ਣ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਇਸ ਉਪਰੰਤ ਧਿਆਨ ਚੰਦ ਨੇ 1961 ਤੋਂ 1966 ਤਕ ਕੌਮੀ ਖੇਡ ਸੰਸਥਾਨ ਪਟਿਆਲਾ ਵਿਖੇ ਮੁਖ ਕੋਚ ਦੇ ਪਦ 'ਤੇ ਸ਼ਲਾਘਾਯੋਗ ਕਾਰਜ ਕੀਤਾ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਵਜੋਂ ਬੁਲਾ ਕੇ ਸਨਮਾਨਿਤ ਕੀਤਾ ਗਿਆ।


1978 ਵਿਚ ਮੇਜਰ ਧਿਆਨ ਚੰਦ ਨੂੰ ਲਿਵਰ ਦਾ ਕੈਂਸਰ ਹੋ ਗਿਆ ਸੀ ਤੇ 3 ਦਸੰਬਰ 1979 ਨੂੰ ਉਹ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਦਾਹ ਸਸਕਾਰ ਝਾਂਸੀ ਹੀਰੋਜ਼ ਗਰਾਊਂਡ, ਝਾਂਸੀ ਵਿਖੇ ਕੀਤਾ ਗਿਆ, ਜਿਥੇ ਉਹ ਭਰ ਜੁਆਨੀ ਵਿਚ ਆਪਣੇ ਭਰਾ ਰੂਪ ਸਿੰਘ ਨਾਲ ਖੇਡਿਆ ਕਰਦੇ ਸਨ। ਇਸ ਤਰ੍ਹਾਂ ਧਿਆਨ ਚੰਦ ਭਾਰਤੀ ਹਾਕੀ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਛਾ ਗਏ ਤੇ ਸਮੁੱਚੇ ਖੇਡ ਜਗਤ ਵਿਚ ਅਮਰ ਹੋ ਗਏ।

# 'ਮਹਾਂ ਫਰਾਡ' ਅਮਰੀਕ ਗਿੱਲ-2

***ਮੁੰਬਈ ਵਿਚ ਪੰਜਾਬ ਵਾਲਾ ਧੜਕਦਾ ਦਿਲ ਲੈ ਕੇ ਵੱਸਣ ਵਾਲੇ ਅਮਰੀਕ ਗਿੱਲ ਦਾ ਆਪਣਾ ਵੱਖਰਾ ਮੁਕਾਮ ਹੈ। ਉਹਨੇ ਫਿਲਮਾਂ ਲਈ ਕਹਾਣੀਆਂ, ਪਟਕਥਾ, ਡਾਇਲਾਗ ਲਿਖੇ, ਇਕ ਪੰਜਾਬੀ ਫਿਲਮ 'ਕਿਰਪਾਨ' ਨਿਰਦੇਸ਼ਤ ਕੀਤੀ ਅਤੇ ਕਈ ਲੜੀਵਾਰਾਂ ਤੇ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ। ਉਹ ਪੰਜਾਬ ਦੇ ਨਿੱਕੇ ਜਿਹੇ ਪਿੰਡ ਤੋਂ ਉਠ ਕੇ ਪੰਜਾਬ ਦੀ ਹਾਜ਼ਰੀ ਪਤਾ ਨਹੀਂ ਕਿੱਥੇ-ਕਿੱਥੇ ਲੁਆ ਚੁੱਕਿਆ ਹੈ। ਉਹਦੇ ਮਿੱਤਰ ਅਤੇ ਅਮਰੀਕਾ ਵੱਸਦੇ ਲਿਖਾਰੀ ਤੇ ਵਿਦਵਾਨ ਪ੍ਰੇਮ ਮਾਨ ਨੇ ਉਹਦੇ ਜੀਵਨ ਸਫਰ ਅਤੇ ਕੰਮ-ਕਾਰ 'ਤੇ ਝਾਤ ਪੁਆਉਂਦਾ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਇਸ ਲੇਖ ਵਿਚ ਅਮਰੀਕ ਗਿੱਲ ਦੇ ਜੀਵਨ ਦੇ ਰੰਗ ਹੀ ਨਹੀਂ, ਪੰਜਾਬ ਨਾਲ ਜੁੜੇ ਸਰੋਕਾਰਾਂ ਦੇ ਰੰਗ ਵੀ ਬੜੇ ਉਘੜਵੇਂ ਰੂਪ ਵਿਚ ਪੇਸ਼ ਹੋਏ ਹਨ। ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਪਾਠਕਾਂ ਲਈ ਪੇਸ਼ ਹੈ।***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਮਰੀਕ ਅਤੇ ਉਸ ਦੀ ਮਾਤਾ ਨੇ ਅਤਿ ਦੀ ਗਰੀਬੀ ਦੇਖੀ ਸੀ। ਜਦੋਂ ਅਮਰੀਕ ਗੌਰਮਿੰਟ ਕਾਲਜ ਹੁਸ਼ਿਆਰਪੁਰ ਬੀ.ਏ. ਦੀ ਪੜ੍ਹਾਈ ਲਈ ਦਾਖਲ ਹੋਇਆ ਤਾਂ ਉਸ ਕੋਲ ਆਰਥਿਕ ਸਹਾਇਤਾ ਦਾ ਕੋਈ ਸਾਧਨ ਨਹੀਂ ਸੀ। ਉਸ ਦਾ ਪਿਤਾ ਇੰਗਲੈਂਡ ਤੋਂ ਕੋਈ ਮਦਦ ਨਹੀਂ ਸੀ ਕਰਦਾ ਅਤੇ ਉਹ ਕਹਿੰਦਾ ਸੀ ਕਿ ਪੈਸੇ ਬਾਬੇ ਤੋਂ ਲੈ ਜੋ ਸਾਰੀ ਜ਼ਮੀਨ ਸਾਂਭਦਾ ਸੀ। ਬਾਬਾ ਕਹਿੰਦਾ ਸੀ ਕਿ ਪੈਸੇ ਆਪਣੇ ਪਿਤਾ ਕੋਲੋਂ ਲੈ ਜਿਸ ਨੇ ਤੈਨੂੰ ਜਨਮ ਦਿੱਤਾ। ਅਮਰੀਕ ਦੇ ਪਿਤਾ ਨੇ ਹੁਸ਼ਿਆਰਪੁਰ ਵਿਚ ਇੱਕ ਦੁਕਾਨ ਮੁੱਲ ਖਰੀਦੀ ਸੀ ਜਦੋਂ ਉਹ ਹੁਸ਼ਿਆਰਪੁਰ ਨੌਕਰੀ ਕਰਦਾ ਸੀ। ਉਸ ਦੁਕਾਨ ਦੇ ਉੱਪਰ ਰਿਹਾਇਸ਼ ਵਾਲਾ ਇੱਕ ਕਮਰਾ ਸੀ। ਦੁਕਾਨ ਅਮਰੀਕ ਦੇ ਪਿਤਾ ਨੇ ਆਪਣੇ ਕਿਸੇ ਦੋਸਤ ਨੂੰ ਕਿਰਾਏ 'ਤੇ ਦਿੱਤੀ ਸੀ ਜਿਸ ਨੇ ਉਥੇ ਕਿਤਾਬਾਂ ਦੀ ਦੁਕਾਨ ਪਾ ਲਈ ਸੀ। ਇਸ ਦੁਕਾਨ ਤੋਂ ਮਹੀਨੇ ਦਾ 40 ਰੁਪਏ ਕਿਰਾਇਆ ਆਉਂਦਾ ਸੀ। ਅਮਰੀਕ ਨੇ ਦੁਕਾਨ ਵਾਲੇ ਨਾਲ ਗੱਲ ਕੀਤੀ ਅਤੇ ਕਿਰਾਇਆ ਆਪ ਲੈਣ ਲੱਗ ਪਿਆ



**ਪ੍ਰੇਮ ਮਾਨ**
**ਫੋਨ: 860-983-5002**

ਪਰ ਹੁਸ਼ਿਆਰਪੁਰ ਰਹਿਣ ਲਈ 40 ਰੁਪਏ ਮਹੀਨੇ ਨਾਲ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਸੀ। ਉਹ ਆਪਣੀ ਮਾਤਾ ਨੂੰ ਵੀ ਆਪਣੇ ਕੋਲ ਹੁਸ਼ਿਆਰਪੁਰ ਲੈ ਗਿਆ ਸੀ। ਹੁਸ਼ਿਆਰਪੁਰ ਇਕ ਆਦਮੀ ਮਲਾਇਆ ਰਾਮ ਦਸ-ਗਿਆਰਾਂ ਰਿਕਸ਼ਿਆਂ ਦਾ ਮਾਲਕ ਸੀ ਅਤੇ ਉਹ ਲੋਕਾਂ ਨੂੰ ਚਲਾਉਣ ਲਈ ਰਿਕਸ਼ੇ ਕਿਰਾਏ 'ਤੇ ਦਿੰਦਾ ਸੀ। ਅਮਰੀਕ ਨੇ ਆਪਣਾ ਗੁਜ਼ਾਰਾ ਕਰਨ ਲਈ ਉਸ ਤੋਂ ਕਿਰਾਏ 'ਤੇ ਲੈ ਕੇ ਡੇਢ ਕੁ ਸਾਲ ਹੁਸ਼ਿਆਰਪੁਰ ਰਿਕਸ਼ਾ ਚਲਾਇਆ। ਇਸ ਤੋਂ ਬਾਅਦ ਮਲਾਇਆ ਰਾਮ ਨੇ ਉਹਨੂੰ ਆਪਣੇ ਰਿਕਸ਼ਿਆਂ ਦਾ ਹਿਸਾਬ ਕਿਤਾਬ ਰੱਖਣ ਦੀ ਨੌਕਰੀ ਦੇ ਦਿੱਤੀ।

ਉਸ ਦੀ ਜ਼ਿੰਦਗੀ ਦੀਆਂ ਇਹੋ ਜਿਹੀਆਂ ਕਹਾਣੀਆਂ ਸੁਣ ਕੇ ਤੁਸੀਂ ਉਸ ਦੀ ਮਿਹਨਤ ਦੀ ਦਾਦ ਹੀ ਦੇ ਸਕਦੇ ਹੋ ਕਿ ਕਿਸ ਤਰ੍ਹਾਂ ਪੜ੍ਹਨ ਦੀ ਇੱਛਾ ਨੂੰ ਪੂਰਾ ਕਰਨ ਲਈ ਉਸ ਨੇ ਰਿਕਸ਼ਾ ਚਲਾਉਣ ਵਿਚ ਵੀ ਕੋਈ ਬੇਇੱਜ਼ਤੀ ਨਹੀਂ ਸੀ ਸਮਝੀ। ਅਮਰੀਕ ਦਾ ਸਿਰੜ ਅਤੇ ਉਸ ਦੀ ਸਖਤ ਮਿਹਨਤ ਹੀ ਉਸ ਨੂੰ ਉਸ ਮੁਕਾਮ ਤੇ ਲੈ ਕੇ ਗਈਆਂ ਹਨ ਜਿੱਥੇ ਉਹ ਅੱਜ ਬੈਠਾ ਹੈ।

ਇਕ ਵਾਰੀ ਗੌਰਮਿੰਟ ਕਾਲਜ ਹੁਸ਼ਿਆਰਪੁਰ ਦੀਆਂ ਗੱਲਾਂ ਹੋਈਆਂ ਤਾਂ ਮੈਂ ਅਮਰੀਕ ਨੂੰ ਪੁੱਛਿਆ ਕਿ ਉਸ ਨੂੰ ਉੱਥੇ ਅਰਥ ਸ਼ਾਸਤਰ ਕਿਹੜੇ ਪ੍ਰੋਫੈਸਰਾਂ ਨੇ ਪੜ੍ਹਾਇਆ ਸੀ। ਉਸ ਨੂੰ ਅਰਥ ਸ਼ਾਸਤਰ ਪ੍ਰੋਫੈਸਰ ਸੁਰੇਸ਼ ਸੇਠ, ਬਲਰਾਜ ਸਿੰਘ ਬੈਂਸ ਅਤੇ ਮੈਡਮ ਮਨੋਰਮਾ ਨੇ ਪੜ੍ਹਾਇਆ ਸੀ। ਸੁਰੇਸ਼ ਸੇਠ ਜਿਹੜਾ ਹਿੰਦੀ ਦਾ ਬਹੁਤ ਵਧੀਆ ਲੇਖਕ ਹੈ, ਮੇਰਾ ਵੀ ਐਮ.ਏ. ਵਿਚ ਪ੍ਰੋਫੈਸਰ ਰਿਹਾ ਸੀ। ਅਸੀਂ ਦੋਵੇਂ ਇਸ ਗੱਲ 'ਤੇ ਸਹਿਮਤ ਸੀ ਕਿ ਪ੍ਰੋਫੈਸਰ ਸੇਠ ਬਹੁਤ ਵਧੀਆ ਇਨਸਾਨ ਅਤੇ ਵਧੀਆ ਅਧਿਆਪਕ ਸੀ। ਪ੍ਰੋਫੈਸਰ ਬਲਰਾਜ ਸਿੰਘ ਬੈਂਸ ਅਤੇ ਮੈਡਮ ਮਨੋਰਮਾ ਤੋਂ ਮੈਂ ਨਹੀਂ ਸੀ ਪੜ੍ਹਿਆ। ਇਹ ਦੋਵੇਂ ਹੀ ਐਮ.ਏ. ਨੂੰ ਜਿਹੜੇ ਮਜ਼ਮੂਨ ਪੜ੍ਹਾਉਂਦੇ ਸਨ, ਮੈਂ ਉਹ ਨਹੀਂ ਸੀ ਲਏ ਪਰ ਮੈਂ ਉਨ੍ਹਾਂ ਨੂੰ ਜਾਣਦਾ ਸੀ। ਪ੍ਰੋਫੈਸਰ ਬਲਰਾਜ ਸਿੰਘ ਬੈਂਸ ਤਾਂ ਹਫਤੇ ਵਿਚ ਚਾਰ ਕਲਾਸਾਂ ਵਿਚੋਂ ਮਸਾਂ ਇਕ ਕਲਾਸ ਹੀ ਲਾਉਂਦਾ ਸੀ। ਅਸੀਂ ਦੋਵੇਂ ਹੀ ਇਸ ਗੱਲ 'ਤੇ ਵੀ ਸਹਿਮਤ ਹੋਏ ਕਿ ਪ੍ਰੋਫੈਸਰ ਬਲਰਾਜ ਸਿੰਘ ਬੈਂਸ ਤਾਂ ਪੂਰਾ ਫੁਕਰਾ ਸੀ ਜੋ ਵਿਦਿਆਰਥੀਆਂ ਨਾਲ ਮੋਟਰਸਾਈਕਲ 'ਤੇ ਬੈਠ ਕੇ ਸ਼ਹਿਰ ਵਿਚ ਘੁੰਮਦਾ ਰਹਿੰਦਾ ਸੀ ਅਤੇ ਪੜ੍ਹਾਉਂਦਾ ਘੱਟ ਹੀ ਸੀ। ਉਸ ਵੇਲੇ ਇਸੇ ਕਾਲਜ ਵਿਚ ਗੁਰਦਿਆਲ ਸਿੰਘ ਡੀ.ਪੀ. ਸੀ ਜੋ ਪ੍ਰੋਫੈਸਰ ਬਲਰਾਜ ਸਿੰਘ ਬੈਂਸ ਦਾ ਬਹੁਤ ਗੂੜ੍ਹਾ ਦੋਸਤ ਸੀ। ਇਹ ਦੋਵੇਂ ਹੀ ਵਿਦਿਆਰਥੀਆਂ ਨਾਲ ਮੋਟਰਸਾਈਕਲਾਂ ਤੇ ਘੁੰਮਦੇ ਰਹਿੰਦੇ ਸੀ।

ਅਮਰੀਕ ਦਾ ਇਸ ਕਾਲਜ ਦਾ ਜਮਾਤੀ ਸੁਰਿੰਦਰ ਰੀਹਲ ਕੈਲਗਰੀ ਰਹਿੰਦਾ ਹੈ। ਇਕ ਵਾਰੀ ਉਹ ਵਾਪਸ ਹਿੰਦੁਸਤਾਨ ਆਇਆ ਤਾਂ ਅਮਰੀਕ ਵੀ ਮੁੰਬਈ ਤੋਂ ਉਸ ਨੂੰ ਮਿਲਣ ਆ ਗਿਆ। ਉਨ੍ਹਾਂ ਨੇ ਹੁਸ਼ਿਆਰਪੁਰ ਦੇ ਬੱਸ ਅੱਡੇ ਨੇੜੇ ਹੋਟਲ ਬੁੱਕ ਕਰਾ ਲਿਆ। ਉੱਥੇ ਹੀ ਉਨ੍ਹਾਂ ਨੇ ਪ੍ਰੋਫੈਸਰ ਬਲਰਾਜ ਸਿੰਘ ਬੈਂਸ ਅਤੇ ਗੁਰਦਿਆਲ ਸਿੰਘ ਨੂੰ ਵੀ ਬੁਲਾ ਲਿਆ। ਸੁਰਿੰਦਰ ਰੀਹਲ ਨੇ ਵਧੀਆ ਸ਼ਰਾਬ ਲਿਆਂਦੀ। ਗੁਰਦਿਆਲ ਸਿੰਘ ਅਤੇ ਪ੍ਰੋਫੈਸਰ ਬਲਰਾਜ ਸਿੰਘ ਬੈਂਸ ਕੁਝ ਜ਼ਿਆਦਾ ਹੀ ਪੀ ਕੇ ਇਕ ਦੂਜੇ ਨਾਲ ਲੜਨ ਲੱਗ ਪਏ। ਦੋਹਾਂ ਨੇ ਇਕ ਦੂਜੇ ਨੂੰ ਵਾਲਾਂ ਤੋਂ ਫੜ ਲਿਆ ਅਤੇ ਹੂਰਾ-ਮੁੱਕੀ ਹੋ ਗਏ। ਅਮਰੀਕ ਤੇ ਸੁਰਿੰਦਰ ਨੇ ਦੋਹਾਂ ਨੂੰ ਮਸਾਂ ਛੁਡਾਇਆ ਅਤੇ ਇਕੱਲੇ ਇਕੱਲੇ ਨੂੰ ਉਨ੍ਹਾਂ ਦੇ ਘਰਾਂ ਨੂੰ ਭੇਜ ਦਿੱਤਾ। ਬਾਅਦ ਵਿਚ ਸੁਰਿੰਦਰ ਕਹਿੰਦਾ ਕਿ ਉਸ ਦਾ ਉਸ ਹੋਟਲ ਵਿਚ ਸੌਣ ਨੂੰ ਜੀਅ ਨਹੀਂ ਕਰਦਾ। ਇਸ ਤਰ੍ਹਾਂ ਅੱਧੀ ਰਾਤ ਨੂੰ ਇਹ ਦੋਵੇਂ ਟਾਂਡੇ ਕੋਲ ਸੁਰਿੰਦਰ ਦੇ ਸਹੁਰੇ ਘਰ ਜਾ ਕੇ ਸੁੱਤੇ।

ਅਮਰੀਕ ਅਨੁਸਾਰ ਭਾਵੇਂ ਉਸ ਨੂੰ ਜਨਮ ਦੇਣ ਵਾਲਾ ਪਿਓ ਇੰਗਲੈਂਡ ਜਾ ਵਸਿਆ ਸੀ ਜਿਸ ਨੇ ਉਹਦੀ ਅਤੇ ਉਹਦੀ ਮਾਤਾ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਪਰ ਉਸ ਦਾ ਅਸਲੀ ਪਿਓ ਬਲਵੰਤ ਗਾਰਗੀ ਸੀ ਜਿਸ ਨਾਲ ਉਸ ਨੇ ਕਈ ਸਾਲ ਬਿਤਾਏ ਸਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬੀ ਦੀ ਐਮ.ਏ. ਕਰਦਿਆਂ ਅਮਰੀਕ ਦੀ ਗਾਰਗੀ ਨਾਲ ਕਾਫੀ ਜਾਣਕਾਰੀ ਹੋ ਗਈ ਸੀ। ਉਸ ਵੇਲੇ ਗਾਰਗੀ ਪੰਜਾਬ ਯੂਨੀਵਰਸਿਟੀ ਵਿਚ ਥੀਏਟਰ ਦਾ ਪ੍ਰੋਫੈਸਰ ਸੀ। ਗਾਰਗੀ ਰਿਟਾਇਰ ਹੋ ਕੇ ਦਿੱਲੀ ਜਾ ਕੇ ਆਪਣੇ ਘਰ ਵਿਚ ਰਹਿਣ ਲੱਗ ਪਿਆ। ਉਹ ਵੀ ਤਿੰਨ-ਚਾਰ ਸਾਲ ਗਾਰਗੀ ਨਾਲ ਦਿੱਲੀ ਉਸ ਦੇ ਘਰ ਹੀ ਰਿਹਾ, ਉਨ੍ਹੀਂ ਦਿਨੀਂ ਉਹ ਦਿੱਲੀ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਐਕਟਿੰਗ ਅਤੇ ਡਾਇਰੈਕਸ਼ਨ ਦੀ ਤਿੰਨ ਸਾਲਾਂ ਦੀ ਡਿਗਰੀ ਕਰ ਰਿਹਾ ਸੀ। ਅਮਰੀਕ ਯਾਦ ਕਰਦਾ ਹੈ ਕਿ ਉਹ ਗਾਰਗੀ ਦਾ ਪੀ.ਏ. ਵੀ ਸੀ ਅਤੇ ਨੌਕਰ ਵੀ। ਉਹ ਗਾਰਗੀ ਦਾ ਬੋਲਿਆ ਲਿਖਦਾ, ਗਾਰਗੀ ਗੁਰਮੁਖੀ ਵਿਚ ਬਹੁਤਾ ਤੇਜ਼ ਨਹੀਂ ਸੀ ਲਿਖ ਸਕਦਾ। ਗਾਰਗੀ ਬਹੁਤ ਅਮੀਰ ਸੀ, ਕਮਾਲ ਦਾ ਆਦਮੀ ਸੀ, ਸ਼ਾਨਦਾਰ ਇਨਸਾਨ।

ਗਾਰਗੀ ਨਾਲ ਅਮਰੀਕ ਦਿੱਲੀ ਦੇ ਵਧੀਆ ਲੇਖਕਾਂ ਅਤੇ ਹੋਰ ਲੋਕਾਂ ਨੂੰ ਮਿਲਿਆ ਸੀ। ਉਹ ਗਾਰਗੀ ਦੇ ਪੈਰੀਂ ਹੱਥ ਲਾਉਂਦਾ ਸੀ ਪਰ ਹੋਰ ਕਿਸੇ ਦੇ ਵੀ ਪੈਰੀਂ ਹੱਥ ਨਹੀਂ ਸੀ ਲਾਉਂਦਾ - ਪ੍ਰੋਡਿਊਸਰ ਡਾਇਰੈਕਟਰ ਗੁਲਜ਼ਾਰ ਦੇ ਵੀ ਨਹੀਂ ਜਿਸ ਦੇ ਅਮਰੀਕ ਬਹੁਤ ਨੇੜੇ ਰਿਹਾ ਹੈ। ਖੁਸ਼ਵੰਤ ਸਿੰਘ ਜਦੋਂ ਵੀ ਗਾਰਗੀ ਦੇ ਘਰ ਕਿਸੇ ਵੀ ਪਾਰਟੀ 'ਤੇ ਆਉਂਦਾ ਸੀ ਤਾਂ ਉਹ ਆਪਣੇ ਲਈ ਸ਼ਰਾਬ ਨਾਲ ਲੈ ਕੇ ਆਉਂਦਾ ਸੀ। ਖੁਸ਼ਵੰਤ ਸਿੰਘ ਦੀ ਪਤਨੀ ਬਹੁਤ ਚੰਗੀ, ਪੜ੍ਹੀ-ਲਿਖੀ ਅਤੇ ਵਧੀਆ ਆਦਤਾਂ ਵਾਲੀ ਔਰਤ ਸੀ ਪਰ ਸਖ਼ਤ ਬਹੁਤ ਸੀ। ਖੁਸ਼ਵੰਤ ਸਿੰਘ ਕੋਲ ਚਾਂਦੀ ਦੀ ਬੋਤਲ ਸੀ ਜਿਸ ਵਿਚ ਤਿੰਨ ਪੈੱਗ ਪੈਂਦੇ ਸਨ। ਖੁਸ਼ਵੰਤ ਸਿੰਘ ਦੀ ਪਤਨੀ ਪਾਰਟੀ 'ਤੇ ਜਾਣ ਵੇਲੇ ਇਸ ਬੋਤਲ ਵਿਚ ਦੋ ਪੈੱਗ ਹੀ ਪਾ ਕੇ ਲਿਆਉਂਦੀ ਸੀ ਅਤੇ ਖੁਸ਼ਵੰਤ ਸਿੰਘ ਨੂੰ ਦੋ ਪੈੱਗ ਤੋਂ ਵੱਧ ਨਹੀਂ ਸੀ ਪੀਣ ਦਿੰਦੀ। ਉਹ ਖੁਸ਼ਵੰਤ ਸਿੰਘ ਨੂੰ ਹਮੇਸ਼ਾ ਸ਼ਾਮ ਦੇ 9:00 ਵਜੇ ਖਾਣਾ ਖਾਣ ਲਈ ਕਹਿੰਦੀ ਸੀ।

ਮਸ਼ਹੂਰ ਢਾਡੀ ਅਮਰ ਸਿੰਘ ਸ਼ੌਂਕੀ ਜਿਸ ਦੇ ਗਾਏ ਗੀਤ ਬਹੁਤ ਮਸ਼ਹੂਰ ਹੋਏ, ਅਮਰੀਕ ਦੀ ਮਾਤਾ ਦੇ ਤਾਏ ਦਾ ਲੜਕਾ ਸੀ। ਉਸ ਦਾ ਨਾਂ ਅਮਰ ਸਿੰਘ ਢਿੱਲੋਂ ਸੀ ਪਰ ਉਸ ਨੇ ਆਪਣਾ ਤਖੱਲਸ ਸ਼ੌਂਕੀ ਰੱਖ ਲਿਆ ਸੀ। ਇਕ ਵਾਰ ਉਹ ਆਪਣੇ ਨਾਨਕੀਂ ਗਿਆ ਤਾਂ ਅਮਰ ਸਿੰਘ ਸ਼ੌਂਕੀ ਨੇ ਪੁੱਛਿਆ ਕਿ ਉਹ ਕੀ ਕਰਦਾ ਸੀ। ਉਸ ਵਕਤ ਉਹ ਪੰਜਾਬੀ ਦੀ ਐਮ.ਏ. ਕਰ ਰਿਹਾ ਸੀ। ਅਮਰ ਸਿੰਘ ਸ਼ੌਂਕੀ ਕਹਿਣ ਲੱਗੇ, "ਐਮ.ਏ. ਕਰ ਕੇ ਆ ਜਾਵੀਂ, ਤੈਨੂੰ ਮਾਹਿਲਪੁਰ ਕਾਲਜ ਵਿਚ ਪੜ੍ਹਾਉਣ ਦੀ ਨੌਕਰੀ ਦੇ ਦੇਵਾਂਗੇ। ਕਮੇਟੀ ਦੇ ਮੈਂਬਰ ਮੇਰੇ ਵਾਕਫ ਹਨ।" ਪਰ ਅਮਰੀਕ ਦੀ ਇੱਛਾ ਪ੍ਰੋਫੈਸਰ ਬਣਨ ਦੀ ਨਹੀਂ, ਫਿਲਮਾਂ ਵਿਚ ਜਾਣ ਦੀ ਸੀ। ਅਮਰ ਸਿੰਘ ਸ਼ੌਂਕੀ ਸ਼ਰਾਬ ਦਾ ਸ਼ੌਕੀਨ ਸੀ। ਇਕ ਵਾਰੀ ਅਮਰੀਕ ਸ਼ੌਂਕੀ ਹੁਰਾਂ ਦੇ ਘਰ ਗਿਆ, ਉਹ ਪੀ ਰਹੇ ਸਨ। ਉਨ੍ਹਾਂ ਅਮਰੀਕ ਨੂੰ ਕਿਹਾ, "ਜਾਹ ਆਪਣੀ ਮਾਮੀ ਤੋਂ ਕੌਲੀ ਲਿਆ।" ਅਮਰੀਕ ਰਸੋਈ ਵਿਚ ਜਾ ਕੇ ਮਾਮੀ ਤੋਂ ਕੌਲੀ ਲੈ ਆਇਆ। ਸ਼ੌਂਕੀ ਹੁਰਾਂ ਕੌਲੀ ਵਿਚ ਥੋੜ੍ਹੀ ਸ਼ਰਾਬ ਪਾਈ ਅਤੇ ਕੁਝ ਪਾਣੀ ਪਾ ਕੇ ਕੌਲੀ ਅਮਰੀਕ ਨੂੰ ਫੜਾ ਦਿੱਤੀ। ਉਹਨੂੰ ਸੁੰਘ ਕੇ ਉਹਨੂੰ ਝੁਣਝੁਣੀ ਲਈ। ਸ਼ੌਂਕੀ ਸਾਹਿਬ ਕਹਿਣ ਲੱਗੇ, "ਬਹੁਤ ਵਧੀਆ ਚੀਜ਼ ਹੈ। ਫੱਟੇ ਚੱਕ ਦੇ।" ਫਿਰ ਅਮਰੀਕ ਨੇ ਸ਼ਰਾਬ ਦੇ ਫੱਟੇ ਚੱਕ ਦਿੱਤੇ। ਇਹ ਪਹਿਲੀ ਵਾਰੀ ਸੀ ਜਦੋਂ ਉਹਨੇ ਸ਼ਰਾਬ ਪੀਤੀ ਸੀ।



*ਕੰਮ ਵਾਲੇ ਮੋਰਚੇ 'ਤੇ ਡਟਿਆ ਅਮਰੀਕ ਗਿੱਲ।*

ਐਮ.ਏ. ਦੌਰਾਨ ਇਕ ਪ੍ਰੋਫੈਸਰ ਨੇ ਵਾਰੀ-ਵਾਰੀ ਸਾਰੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਉਹ ਜ਼ਿੰਦਗੀ ਵਿਚ ਕੀ ਬਣਨਾ ਚਾਹੁੰਦੇ ਸਨ। ਵਿਦਿਆਰਥੀਆਂ ਨੇ ਆਪੋ-ਆਪਣੇ ਵਿਚਾਰ ਦੱਸੇ। ਅਮਰੀਕ ਦੀ ਵਾਰੀ ਆਈ ਤਾਂ ਉਸ ਨੇ ਕਿਹਾ ਕਿ ਉਹ ਫਿਲਮ ਡਾਇਰੈਕਟਰ ਬਣਨਾ ਚਾਹੁੰਦਾ ਹੈ। ਸਾਰੀ ਕਲਾਸ ਹੱਸ ਪਈ। ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਅਮਰੀਕ ਦੀ ਮਿਹਨਤ, ਸਿਰੜ ਅਤੇ ਸੰਘਰਸ਼ ਇਕ ਦਿਨ ਉਸ ਨੂੰ ਇਸ ਮੰਜ਼ਲ 'ਤੇ ਪਹੁੰਚਾ ਦੇਣਗੇ। ਇਸੇ ਖਾਹਿਸ਼ ਅਤੇ ਟੀਚੇ ਕਾਰਨ ਅਮਰੀਕ ਨੇ ਪੰਜਾਬੀ ਦੀ ਐਮ.ਏ. ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਵਿਚ ਇਕ ਸਾਲ ਦਾ ਥੀਏਟਰ ਵਿਚ ਡਿਪਲੋਮਾ ਕਰਨ ਲਈ ਦਾਖਲਾ ਲੈ ਲਿਆ ਸੀ ਭਾਵੇਂ ਡਾ. ਦੀਪਕ ਮਨਮੋਹਨ ਸਿੰਘ ਅਮਰੀਕ ਨੂੰ ਪੰਜਾਬੀ ਵਿਚ ਪੀ.ਐਚ.ਡੀ. ਕਰਨ ਲਈ ਪ੍ਰੇਰਦੇ ਸਨ। ਉਦੋਂ ਬਲਵੰਤ ਗਾਰਗੀ ਥੀਏਟਰ ਵਿਭਾਗ ਦਾ ਮੁਖੀ ਸੀ। ਅਮਰੀਕ ਨੇ ਉਦੋਂ ਗਾਰਗੀ ਦੇ ਡਾਇਰੈਕਟ ਅਤੇ ਪ੍ਰੋਡਿਊਸ ਕੀਤੇ ਨਾਟਕ 'ਕੇਸਰੋ' ਵਿਚ ਖਲਨਾਇਕ ਦਾ ਰੋਲ ਕੀਤਾ ਸੀ ਅਤੇ ਕੁਝ ਹੋਰ ਨਾਟਕਾਂ ਵਿਚ ਵੀ ਭਾਗ ਲਿਆ ਸੀ। ਉਸ ਦੇ ਇਸ ਸ਼ੌਕ ਨੇ ਰੂਪ ਨਾਲ ਮੰਗਣੀ ਟੁੱਟਣ ਦਾ ਦੁੱਖ ਘਟਾਉਣ ਵਿਚ ਮਦਦ ਕੀਤੀ। ਜਦੋਂ ਉਹ ਦਿੱਲੀ ਗਿਆ ਤੇ ਗਾਰਗੀ ਕੋਲ ਰਹਿੰਦਾ ਸੀ ਤਾਂ ਗਾਰਗੀ ਦੇ ਦੂਰਦਰਸ਼ਨ ਟੀ.ਵੀ. ਵਾਸਤੇ ਲਿਖੇ, ਡਾਇਰੈਕਟ ਤੇ ਪ੍ਰੋਡਿਊਸ ਕੀਤੇ ਸੀਰੀਅਲ 'ਸਾਂਝਾ ਚੁੱਲ੍ਹਾ' ਵਿਚ ਵੀ ਰੋਲ ਕੀਤਾ ਸੀ। ਇਸ ਸੀਰੀਅਲ ਦੇ 15 ਕੁ ਐਪੀਸੋਡ ਸਨ। ਫਿਰ ਉਹਨੇ



*ਸਟੇਜ 'ਤੇ ਆਪਣੇ ਨਾਟਕੀ ਅੰਦਾਜ਼ ਦਾ ਜਲੌਅ ਦਿਖਾ ਰਿਹਾ ਅਮਰੀਕ ਗਿੱਲ।*

ਗਾਰਗੀ ਦੇ ਬਣਾਏ ਇਕ ਹੋਰ ਸੀਰੀਅਲ ਵਿਚ ਵੀ ਕੰਮ ਕੀਤਾ। ਉਸ ਸੀਰੀਅਲ ਦਾ ਨਾਂ ਸ਼ਾਇਦ 'ਫਾਤਿਮਾ ਬੇਗਮ' ਸੀ। ਬੰਬਈ ਰਹਿੰਦਿਆਂ ਉਹਨੇ ਓਮ ਪੁਰੀ ਦੇ ਗਰੁੱਪ ਦੇ ਇਕ ਪਲੇਅ ਵਿਚ ਵੀ ਰੋਲ ਕੀਤਾ ਜਿਸ ਦੇ ਵੱਖ ਵੱਖ ਥਾਵਾਂ 'ਤੇ ਕੋਈ 90 ਸ਼ੋਅ ਕੀਤੇ ਗਏ ਸਨ। ਇਸ ਪਲੇਅ ਦਾ ਸ਼ੋਅ ਦੁਬਈ ਵਿਚ ਵੀ ਕੀਤਾ ਗਿਆ ਸੀ। ਜਦੋਂ ਉਹ ਮੁਕੇਰੀਆਂ ਸਕੂਲ ਵਿਚ ਪੜ੍ਹਦਾ ਸੀ ਤਾਂ ਉੱਥੇ ਰਮੇਸ਼ ਸ਼ਰਮਾ ਹਿੰਦੀ ਦਾ ਟੀਚਰ ਸੀ। ਅਮਰੀਕ ਨੇ ਉਸ ਨਾਲ ਵੀ ਕੁਝ ਡਰਾਮਿਆਂ ਵਿਚ ਐਕਟਿੰਗ ਕੀਤੀ ਸੀ।

ਜਿਨ੍ਹੀਂ ਦਿਨੀਂ ਅਮਰੀਕ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੀ ਐਮ.ਏ. ਕਰ ਰਿਹਾ ਸੀ, ਉਨ੍ਹੀਂ ਦਿਨੀਂ ਜਗਤਾਰ ਅਤੇ ਅਮਿਤੋਜ ਉੱਥੇ ਪੰਜਾਬੀ ਦੀ ਪੀ.ਐਚ.ਡੀ. ਕਰ ਰਹੇ ਸਨ। ਇਹ ਦੋਵੇਂ ਉਹਦੇ ਦੋਸਤ ਸਨ। ਅਮਿਤੋਜ ਤਾਂ ਅਮਰੀਕ ਦਾ ਯਾਰ ਸੀ। ਅਮਰੀਕ ਅਮਿਤੋਜ ਦੀ ਤਾਰੀਫ ਕਰਦਾ ਕਹਿੰਦਾ ਹੈ, "ਅਮਿਤੋਜ ਬਹੁਤ ਵੱਡੇ ਦਿਲ ਵਾਲਾ ਦੋਸਤ ਸੀ। ਘਰੋਂ ਬਹੁਤ ਅਮੀਰ ਸੀ। ਕਈ ਵਾਰੀ ਉਹ ਮੈਨੂੰ ਪਿੰਡ ਜਾਣ ਲਈ ਕਿਰਾਏ ਦੇ ਪੈਸੇ ਦਿੰਦਾ ਹੁੰਦਾ ਸੀ। ਕਈ ਵਾਰੀ ਉਸ ਨੇ ਸ਼ਰਾਬ ਪੀ ਕੇ ਮੇਰੇ ਕਮਰੇ ਵਿਚ ਪਈ ਤੇਰੀ ਗ਼ਜ਼ਲਾਂ ਦੀ ਕਿਤਾਬ ਵਿਚੋਂ ਗ਼ਜ਼ਲਾਂ ਪੜ੍ਹਨੀਆਂ। ਬਹੁਤ ਵਧੀਆ ਇਨਸਾਨ ਸੀ। ਅਮਿਤੋਜ ਕਹਿੰਦਾ ਸੀ ਕਿ ਗ਼ਜ਼ਲ ਪੜ੍ਹਨ ਨਾਲ ਸ਼ਰਾਬ ਜ਼ਰੂਰ ਪੀਣੀ ਚਾਹੀਦੀ ਹੈ। ... ਜੇ ਮੈਂ ਜਗਤਾਰ ਨੂੰ ਤੇਰੀਆਂ ਗ਼ਜ਼ਲਾਂ ਸੁਣਾਉਣੀਆਂ ਤਾਂ ਉਸ ਨੇ ਕਹਿਣਾ, 'ਛੱਡ ਯਾਰ, ਕੋਈ ਹੋਰ ਗੱਲ ਕਰ।' ਜਗਤਾਰ ਵਿਚ ਅੜਬਾਈ ਬਹੁਤ ਸੀ। ਉਸ ਨੂੰ ਬਹੁਤ ਘੱਟ ਬੰਦੇ ਪਸੰਦ ਸਨ ...।"

ਇਕ ਲੜਕੀ ਅਮਰੀਕ ਨਾਲ ਐਮ.ਏ. ਕਰ ਰਹੀ ਸੀ ਜਿਸ ਨੂੰ ਮੈਂ ਸੁਜੀਤ ਦਾ ਨਾਂ ਦਿਆਂਗਾ ਭਾਵੇਂ ਉਸ ਦਾ ਨਾਂ ਥੋੜ੍ਹਾ ਵੱਡਾ ਸੀ। ਅਮਰੀਕ ਉਸ ਲੜਕੀ ਦੀ ਬਹੁਤ ਤਾਰੀਫ ਕਰਦਾ ਹੈ ਕਿ ਉਹ ਸੁਭਾਅ ਦੀ ਬੇਹੱਦ ਚੰਗੀ ਸੀ ਅਤੇ ਸੋਹਣੀ ਵੀ ਬਹੁਤ ਸੀ। ਉਹ ਯੂਨੀਵਰਸਿਟੀ ਦੀ ਗਿੱਧਾ ਟੀਮ ਵਿਚ ਸੀ। ਅਮਰੀਕ ਅਤੇ ਸੁਜੀਤ ਬਹੁਤ ਚੰਗੇ ਦੋਸਤ ਸਨ ਅਤੇ ਕਈ ਵਾਰੀ ਉਹ ਕੌਫੀ ਜਾਂ ਲੰਚ ਲਈ ਵੀ ਇਕੱਠੇ ਚਲੇ ਜਾਂਦੇ ਸਨ। ਸੁਜੀਤ ਨੇ ਦਾਰਾ ਸਿੰਘ ਦੀ ਫਿਲਮ 'ਸਵਾ ਲਾਖ ਸੇ ਏਕ ਲੜਾਊਂ' ਵਿਚ ਰੋਲ ਵੀ ਕੀਤਾ ਸੀ। ਜਦੋਂ ਰੂਪ ਨਾਲ ਮੰਗਣੀ ਟੁੱਟਣ ਵੇਲੇ ਅਮਰੀਕ ਬਹੁਤ ਉਦਾਸ ਸੀ ਤਾਂ ਸੁਜੀਤ ਦੀ ਦੋਸਤੀ ਨੇ ਅਮਰੀਕ ਨੂੰ ਬਹੁਤ ਹੌਸਲਾ ਅਤੇ ਸਕੂਨ ਦਿੱਤਾ। ਅਮਰੀਕ ਅਤੇ ਸੁਜੀਤ ਦੋਵੇਂ ਸਿਰਫ ਦੋਸਤ ਹੀ ਸਨ ਭਾਵੇਂ ਅਮਰੀਕ ਸੁਜੀਤ ਨੂੰ ਪਸੰਦ ਕਰਦਾ ਸੀ ਪਰ ਕਹਿ ਨਹੀਂ ਸੀ ਸਕਿਆ। ਅਮਰੀਕ ਨੂੰ ਲਗਦਾ ਕਿ ਸੁਜੀਤ ਵੀ ਉਸ ਨੂੰ ਪਸੰਦ ਕਰਦੀ ਸੀ ਪਰ ਉਹ ਕਹਿ ਨਹੀਂ ਸੀ ਸਕੀ। ਦੋਵੇਂ ਐਮ.ਏ. ਦੇ ਦੂਜੇ ਸਾਲ ਵਿਚ ਇਕੱਠੇ ਪੜ੍ਹੇ ਸਨ। ਐਮ.ਏ. ਕਰਨ ਤੋਂ ਛੇਤੀ ਬਾਅਦ ਸੁਜੀਤ ਵਿਆਹ ਕਰਾ ਕੇ ਕੈਨੇਡਾ ਚਲੇ ਗਈ। ਕੁਝ ਸਾਲ ਅਮਰੀਕ ਨੂੰ ਸੁਜੀਤ ਦੇ ਖਤ ਆਉਂਦੇ ਰਹੇ ਪਰ ਕਈ ਸਾਲਾਂ ਤੋਂ ਇਨ੍ਹਾਂ ਦਾ ਸੰਪਰਕ ਟੁੱਟ ਗਿਆ ਹੈ। ਅਮਰੀਕ ਚਾਹੁੰਦਾ ਹੈ ਕਿ ਕਿੰਨਾ ਚੰਗਾ ਹੋਵੇ, ਜੇ ਉਹ ਸੁਜੀਤ ਨੂੰ ਲੱਭ ਕੇ ਪਤਾ ਕਰ ਸਕੇ ਕਿ ਉਸ ਦੀ ਜ਼ਿੰਦਗੀ ਖੁਸ਼ੀਆਂ ਭਰੀ ਹੈ। ਸੁਜੀਤ ਫਿਲਮਾਂ ਵਿਚ ਜਾਣਾ ਚਾਹੁੰਦੀ ਸੀ ਪਰ ਉਸ ਦੇ ਮਾਤਾ-ਪਿਤਾ ਨਹੀਂ ਸੀ ਮੰਨੇ।

ਅਮਰੀਕ ਅਨੁਸਾਰ, ਚੰਡੀਗੜ੍ਹ ਰਹਿੰਦਿਆਂ ਗਾਰਗੀ ਨੂੰ ਆਪਣੀ ਇਕ ਵਿਦਿਆਰਥਣ ਅਤੇ ਨਾਟਕਾਂ ਦੀ ਨਾਇਕਾ ਰਾਣੀ ਨਾਲ ਇਸ਼ਕ ਹੋ ਗਿਆ ਸੀ। ਰਾਣੀ ਸੋਚਦੀ ਸੀ ਕਿ ਗਾਰਗੀ ਉਸ ਨੂੰ ਫਿਲਮਾਂ ਵਿਚ ਕੰਮ ਲੈ ਦੇਵੇਗਾ ਕਿਉਂਕਿ ਯਸ਼ ਚੋਪੜਾ ਅਤੇ ਦੇਵ ਆਨੰਦ ਵਰਗੇ ਫਿਲਮ ਇੰਡਸਟਰੀ ਦੇ ਕਈ ਵੱਡੇ ਵੱਡੇ ਡਾਇਰੈਕਟਰ, ਪ੍ਰੋਡਿਊਸਰ, ਅਤੇ ਐਕਟਰ ਚੰਡੀਗੜ੍ਹ ਆ ਕੇ ਗਾਰਗੀ ਕੋਲ ਠਹਿਰਦੇ ਸਨ। ਗਾਰਗੀ ਰਾਣੀ ਨਾਲ ਵਿਚਰਦਾ ਰਿਹਾ ਪਰ ਫਿਲਮਾਂ ਵਿਚ ਕੰਮ ਨਾ ਦੁਆ ਸਕਿਆ। ਸਾਲ ਕੁ ਬਾਅਦ ਰਾਣੀ ਗਾਰਗੀ ਨੂੰ ਛੱਡ ਗਈ। ਜਦੋਂ ਗਾਰਗੀ ਦੀ ਅਮਰੀਕਨ ਪਤਨੀ ਜੀਨੀ ਨੂੰ ਗਾਰਗੀ ਅਤੇ ਰਾਣੀ ਦੀ ਨੇੜਤਾ ਦਾ ਪਤਾ ਲੱਗਾ ਤਾਂ ਉਸ ਨੇ ਚੰਡੀਗੜ੍ਹ ਦੇ ਇਕ ਅਮੀਰ ਆਦਮੀ ਚੌਹਾਨ ਕੋਲ ਸੈਕਟਰੀ ਦੀ ਨੌਕਰੀ ਲੈ ਲਈ ਅਤੇ ਫਿਰ ਉਸ ਨਾਲ ਹੀ ਰਹਿਣ ਲੱਗ ਪਈ। ਫਿਰ ਜੀਨੀ ਨੇ ਚੌਹਾਨ ਨਾਲ ਹੀ ਵਿਆਹ ਕਰਾ ਲਿਆ ਅਤੇ ਦੋਵੇਂ ਜੀਨੀ ਦੀ ਬੇਟੀ ਜੰਨਤ ਗਾਰਗੀ ਨੂੰ ਲੈ ਕੇ ਅਮਰੀਕਾ ਚਲੇ ਗਏ। ਗਾਰਗੀ ਹਰ ਸਾਲ ਅਮਰੀਕਾ ਜਾ ਕੇ ਜੀਨੀ ਅਤੇ ਆਪਣੀ ਬੇਟੀ ਜੰਨਤ ਗਾਰਗੀ ਨੂੰ ਮਿਲਦਾ ਰਿਹਾ। ਗਾਰਗੀ ਅਤੇ ਜੀਨੀ ਦਾ ਬੇਟਾ ਮਨੂੰ ਗਾਰਗੀ ਮੁੰਬਈ ਫਿਲਮਾਂ ਵਿਚ ਕੰਮ ਕਰਦਾ ਸੀ। ਗਾਰਗੀ ਆਪਣੇ ਆਖਰੀ ਦਿਨਾਂ ਵਿਚ ਉਸ ਕੋਲ ਹੀ ਰਿਹਾ ਸੀ। ਗਾਰਗੀ ਦੀ ਮੌਤ ਤੋਂ ਬਾਅਦ ਮਨੂੰ ਵੀ ਅਮਰੀਕਾ ਚਲੇ ਗਿਆ ਅਤੇ ਉਹ ਹਾਲੀਵੁੱਡ ਵਿਚ ਫਿਲਮਾਂ ਪ੍ਰੋਡਿਊਸ ਤੇ ਡਾਇਰੈਕਟ ਕਰਦਾ ਹੈ। ਜਦੋਂ ਗਾਰਗੀ ਦੀ ਮੁੰਬਈ ਵਿਚ ਮੌਤ ਹੋਈ ਤਾਂ ਉਸ ਦੀ ਦੇਹ ਨੂੰ ਅਮਰੀਕ, ਮਨੂੰ, ਅਤੇ ਜੰਨਤ ਜਹਾਜ਼ ਵਿਚ ਦਿੱਲੀ ਲੈ ਕੇ ਗਏ; ਗਾਰਗੀ ਦੀ ਇੱਛਾ ਸੀ ਕਿ ਉਸ ਦਾ ਅੰਤਿਮ ਸੰਸਕਾਰ ਦਿੱਲੀ ਕੀਤਾ ਜਾਵੇ।

ਅਮਰੀਕ ਦੱਸਦਾ ਕਿ ਬਲਵੰਤ ਗਾਰਗੀ ਨੂੰ ਕੀਰਤਨ ਸੁਣਨ ਦਾ ਬਹੁਤ ਸ਼ੌਕ ਸੀ। ਉਹ ਭਾਈ ਸਮੁੰਦ ਸਿੰਘ ਦੇ ਕੀਰਤਨ ਦਾ ਵੱਡਾ ਪ੍ਰਸ਼ੰਸਕ ਸੀ। ਘਰ ਵਿਚ ਵੀ ਗਾਰਗੀ ਭਾਈ ਸਮੁੰਦ ਸਿੰਘ ਦੀਆਂ ਕੈਸਟਾਂ ਲਾ ਕੇ ਸੁਣਦਾ ਹੁੰਦਾ ਸੀ। ਬੰਗਲਾ ਸਾਹਿਬ ਗੁਰਦੁਆਰਾ ਗਾਰਗੀ ਦੇ ਘਰ ਤੋਂ ਨੇੜੇ ਹੀ ਸੀ ਅਤੇ ਉਹ ਕਈ ਵਾਰੀ ਪੈਦਲ ਤੁਰ ਕੇ ਹੀ ਇਸ ਗੁਰਦੁਆਰੇ ਕੀਰਤਨ ਸੁਣਨ ਜਾਂਦਾ ਸੀ। ਕਈ ਵਾਰੀ ਗਾਰਗੀ ਗੁਰਦੁਆਰੇ ਜਾ ਕੇ ਬਾਹਰ ਵਿਹੜੇ ਵਿਚ ਹੀ ਬੈਠ ਜਾਂਦਾ ਸੀ ਅਤੇ ਮੱਥਾ ਟੇਕਣ ਅੰਦਰ ਨਹੀਂ ਸੀ ਜਾਂਦਾ। ਕਈ ਵਾਰੀ ਉਹ ਅੰਦਰ ਜਾ ਕੇ ਮੱਥਾ ਟੇਕ ਆਉਂਦਾ ਸੀ। ਜਦੋਂ ਵੀ ਬਲਵੰਤ ਗਾਰਗੀ ਨੇ ਗੁਰਦੁਆਰੇ ਕੀਰਤਨ ਸੁਣਨ ਜਾਣਾ ਹੋਵੇ ਤਾਂ ਉਹ ਅਮਰੀਕ ਨੂੰ ਕਹਿੰਦਾ ਸੀ, "ਛਅਨ 'ਏ ਗੋ ਟੋ ਲਸਿਟਏਨ ਸੋਮਏ ਮੁਸਚਿ?" ਉਹ ਇਹ ਨਹੀਂ ਸੀ ਕਹਿੰਦਾ ਕਿ ਚੱਲ ਆਪਾਂ ਕੀਰਤਨ ਸੁਣਨ ਚੱਲੀਏ। ਬਲਵੰਤ ਗਾਰਗੀ ਦਾ ਰੱਬ ਵਿਚ ਵਿਸ਼ਵਾਸ ਨਹੀਂ ਸੀ ਪਰ ਉਹ ਬਾਣੀ ਦੀ ਕਦਰ ਕਰਦਾ ਸੀ ਅਤੇ ਕਈ ਵਾਰੀ ਚਾਰ-ਪੰਜ ਘੰਟੇ ਗੁਰਦੁਆਰੇ ਬੈਠਾ ਕੀਰਤਨ ਸੁਣਦਾ ਰਹਿੰਦਾ ਸੀ। ਗਾਰਗੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕਾਂ ਦਾ ਪ੍ਰਸ਼ੰਸਕ ਸੀ। ਉਸ ਨੂੰ ਭਗਤ ਰਵਿਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵੀ ਬਹੁਤ ਪਸੰਦ ਸਨ। ਉਹ ਇਹ ਵੀ ਕਹਿੰਦਾ ਸੀ ਕਿ ਨਾਨਕ ਤੋਂ ਵੱਡਾ ਕਵੀ ਕੋਈ ਨਹੀਂ। ਗਾਰਗੀ ਆਪ ਮਿੱਠਾ ਘੱਟ ਖਾਂਦਾ ਸੀ। ਕਈ ਵਾਰੀ ਗੁਰਦੁਆਰੇ ਤੋਂ ਲਿਆ ਪ੍ਰਸ਼ਾਦ ਉਹ ਬਾਹਰ ਬੱਚਿਆਂ ਨੂੰ ਦੇ ਦਿੰਦਾ ਸੀ।

ਇਕ ਵਾਰੀ ਗਾਰਗੀ ਅਮਰੀਕ ਨੂੰ ਕਹਿਣ

*(ਬਾਕੀ ਅਗਲੇ ਸਫੇ 'ਤੇ)*

# ਆਪਣੇ ਆਪ ਨੂੰ ਮਹਾਂ ਫਰਾਡ ਕਹਿਣ ਵਾਲਾ ਅਮਰੀਕ ਗਿੱਲ-2

*(ਪਿਛਲੇ ਸਫੇ ਦੀ ਬਾਕੀ)*

ਲੱਗਾ, "ਤੂੰ ਤਾਂ ਫਕੀਰ ਬੰਦਾਂ, ਦਰਵੇਸ਼ ਏਂ। ਤੂੰ ਗਲਤੀਆਂ ਨਹੀਂ ਕਰਦਾ। ਮੈਂ 70-72 ਸਾਲਾਂ ਦਾ ਹੋ ਗਿਆਂ। ਮੈਂ ਲਗਾਤਾਰ ਗਲਤੀਆਂ ਕਰਦਾਂ। ਮੈਂ ਆਪਣੇ ਆਪ ਨੂੰ ਹਰ ਗਲਤੀ ਤੋਂ ਬਾਅਦ ਕਹਿੰਦਾਂ ਕਿ ਇਹ ਮੇਰੀ ਆਖਰੀ ਗਲਤੀ ਹੈ। ਪਰ ਪੰਜਾਂ ਮਿੰਟਾਂ ਬਾਅਦ ਮੈਂ ਫਿਰ ਗਲਤੀ ਕਰਦਾਂ। ...

—

ਜਦੋਂ ਅਮਰੀਕ ਨੂੰ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਦਾਖਲਾ ਮਿਲ ਗਿਆ ਅਤੇ ਉਹ ਦਿੱਲੀ ਚਲੇ ਗਿਆ ਤਾਂ ਸਾਰੇ ਪਿੰਡ ਵਿਚ ਇਸ ਦੀ ਖਬਰ ਫੈਲ ਗਈ। ਪਿੰਡ ਦੀ ਕੋਈ ਔਰਤ ਅਮਰੀਕ ਦੀ ਮਾਤਾ ਨੂੰ ਮਿਲਣ ਆਈ ਅਤੇ ਕਹਿੰਦੀ: "ਮੈਂ ਆ ਕੀ ਸੁਣਿਆਂ? ਜੱਟਾਂ ਦਾ ਮੁੰਡਾ ਹੋ ਕੇ ਅਮਰੀਕ ਨੱਚਿਆ ਕਰੂ? ਪੈਰਾਂ 'ਚ ਘੁੰਗਰੂ ਪਾ ਕੇ?" ਇਹ ਸੁਣ ਕੇ ਅਮਰੀਕ ਦੀ ਮਾਤਾ ਨਿਰਾਸ਼ ਹੋ ਗਈ। ਉਸ ਨੇ ਅਮਰੀਕ ਨੂੰ ਇਸ ਬਾਰੇ ਪੁੱਛਿਆ। ਅਮਰੀਕ ਨੇ ਮਾਤਾ ਨੂੰ ਨੈਸ਼ਨਲ ਸਕੂਲ ਆਫ ਡਰਾਮਾ ਦੀ ਡਿਗਰੀ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਸ ਦੇ ਪੈਸੇ ਮਿਲਿਆ ਕਰਨਗੇ।

"ਅੱਛਾ, ਫਿਰ ਤਾਂ ਮੈਂ ਗੁਰਦੁਆਰੇ ਪ੍ਰਸ਼ਾਦ ਕਰਾਊਂ।" ਮਾਤਾ ਕਹਿਣ ਲੱਗੀ।

—

ਨੈਸ਼ਨਲ ਸਕੂਲ ਆਫ ਡਰਾਮਾ ਤੋਂ ਡਿਗਰੀ ਪੂਰੀ ਕਰ ਕੇ ਅਮਰੀਕ ਮੁੰਬਈ ਚਲੇ ਗਿਆ। ਉਦੋਂ ਉਸ ਦੀ ਜੇਬ ਵਿਚ ਸਿਰਫ 40 ਰੁਪਏ ਸਨ। ਉਹਨੇ ਮੁੰਬਈ ਵਿਚ ਕੰਮ ਲੈਣ ਅਤੇ ਸਫਲ ਹੋਣ ਲਈ ਗਾਰਗੀ ਤੋਂ ਕੋਈ ਸਹਾਇਤਾ ਨਹੀਂ ਸੀ ਲਈ। ਜਦੋਂ ਉਹ ਰੇਲ ਰਾਹੀਂ ਮੁੰਬਈ ਪਹੁੰਚਿਆ ਤਾਂ ਉਸ ਨੂੰ ਫਿਲਮਾਂ ਵਿਚ ਫੋਟੋਗਰਾਫੀ ਕਰਦਾ ਮਨਮੋਹਨ ਸਿੰਘ ਸਟੇਸ਼ਨ ਤੋਂ ਲੈਣ ਆਇਆ ਅਤੇ ਉਸ ਨੇ ਉਹਨੂੰ ਕੁਝ ਮਹੀਨੇ ਆਪਣੇ ਘਰ ਰੱਖਿਆ। ਅੱਜ ਵੀ ਉਹ ਮਨਮੋਹਨ ਸਿੰਘ ਦੀਆਂ ਸਿਫਤਾਂ ਕਰਦਾ ਹੈ। ਹੌਲੀ-ਹੌਲੀ ਉਹਨੂੰ ਫਿਲਮਾਂ ਵਿਚ ਸਹਾਇਕ ਡਾਇਰੈਕਟਰ ਦੀ ਨੌਕਰੀ ਮਿਲ ਗਈ। ਉਹਨੇ ਮੁੰਬਈ ਵਿਚ ਸਫਲ ਹੋਣ ਲਈ ਬਹੁਤ ਔਖੇ ਦਿਨ ਦੇਖੇ ਅਤੇ ਬੇਹੱਦ ਮਿਹਨਤ ਕੀਤੀ। ਉਸ ਨੇ ਗੁਲਜ਼ਾਰ ਨਾਲ 'ਲਿਬਾਸ' ਫਿਲਮ ਵਿਚ ਸਹਾਇਕ ਡਾਇਰੈਕਟਰ ਦਾ ਕੰਮ ਕੀਤਾ ਅਤੇ ਗੁਲਜ਼ਾਰ ਦੀ ਫਿਲਮ 'ਮਾਚਸ' ਵਿਚ ਛੋਟਾ ਜਿਹਾ ਰੋਲ ਵੀ ਕੀਤਾ ਸੀ। ਉਹਨੇ ਕਈ ਹੋਰ ਡਾਇਰੈਕਟਰਾਂ ਨਾਲ ਵੀ ਸਹਾਇਕ ਡਾਇਰੈਕਟਰ ਦਾ ਕੰਮ ਕੀਤਾ, ਸਾਗਰ ਸਰਹੱਦੀ ਨਾਲ ਮੁੱਖ ਸਹਾਇਕ ਡਾਇਰੈਕਟਰ ਦੇ ਤੌਰ 'ਤੇ ਕੰਮ ਕੀਤਾ। ਉਸ ਨੇ ਗੋਬਿੰਦ ਨਿਹਲਾਨੀ ਨਾਲ ਵੀ ਦੋ ਫਿਲਮਾਂ ਵਿਚ ਸਹਾਇਕ ਡਾਇਰੈਕਟਰ ਦੇ ਤੌਰ 'ਤੇ ਕੰਮ ਕੀਤਾ ਪਰ ਅਮਰੀਕ ਜ਼ਿਆਦਾ ਮਸ਼ਹੂਰ ਫਿਲਮਾਂ ਦੇ ਡਾਇਲਾਗ ਲਿਖਣ ਲਈ ਹੋਇਆ ਹੈ। ਸਭ ਤੋਂ ਪਹਿਲਾਂ ਉਹਨੇ ਪੰਜਾਬੀ ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦੇ ਡਾਇਲਾਗ ਲਿਖੇ। ਹੁਣ ਤੱਕ ਉਹਨੇ 44 ਦੇ ਕਰੀਬ ਪੰਜਾਬੀ ਅਤੇ ਹਿੰਦੀ ਫਿਲਮਾਂ ਦੇ ਡਾਇਲਾਗ ਲਿਖੇ ਹਨ। ਇਨ੍ਹਾਂ ਵਿਚੋਂ ਕਈ ਫਿਲਮਾਂ ਦੇ ਉਸ ਨੇ ਸਕਰੀਨ ਪਲੇਅ ਅਤੇ ਕਹਾਣੀਆਂ ਵੀ ਲਿਖੀਆਂ ਹਨ। ਉਸ ਨੇ 'ਹਮ ਦਿਲ ਦੇ ਚੁਕੇ ਸਨਮ,' 'ਜੀਤ,' ਅਤੇ 'ਨਿਸ਼ਬਦ' ਵਰਗੀਆਂ ਮਸ਼ਹੂਰ ਫਿਲਮਾਂ ਦੇ ਡਾਇਲਾਗ ਲਿਖੇ ਹਨ। ਉਸ ਦੀਆਂ ਤਿੰਨ ਫਿਲਮਾਂ ਨੂੰ ਨੈਸ਼ਨਲ ਅਵਾਰਡ ਮਿਲ ਚੁੱਕੇ ਹਨ। ਉਹਨੂੰ 'ਜੀਤ' ਅਤੇ 'ਹਮ ਦਿਲ ਦੇ ਚੁਕੇ ਸਨਮ' ਫਿਲਮਾਂ ਲਈ ਡਾਇਲਾਗ ਲਿਖਣ ਲਈ ਫਿਲਮ-ਫੇਅਰ ਇਨਾਮ ਮਿਲੇ ਸਨ। ਹੋਰ ਵੀ ਕਈ ਇਨਾਮ ਮਿਲੇ ਹਨ। ਵੱਖ ਵੱਖ ਸਾਲਾਂ ਵਿਚ ਉਹ ਤਿੰਨ ਵਾਰੀ ਨੈਸ਼ਨਲ ਫਿਲਮ ਜਿਊਰੀ ਦਾ ਮੈਂਬਰ ਰਿਹਾ ਹੈ ਜਿਸ ਵਿਚ ਵੱਖ-ਵੱਖ ਭਾਸ਼ਾਵਾਂ ਦੀਆਂ ਫਿਲਮਾਂ ਨੂੰ ਇਨਾਮਾਂ ਲਈ ਵਿਚਾਰਿਆ ਜਾਂਦਾ ਅਤੇ ਇਨਾਮ ਦਿੱਤੇ ਜਾਂਦੇ ਹਨ।

ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦੇ ਡਾਇਲਾਗ ਲਿਖਣ ਲਈ ਅਮਰੀਕ ਨੂੰ ਸਿਰਫ ਪੰਜ ਹਜ਼ਾਰ ਰੁਪਏ ਮਿਲੇ ਸਨ ਪਰ ਹੁਣ ਪੰਜਾਬੀ ਦੀਆਂ ਫਿਲਮਾਂ ਦੇ ਡਾਇਲਾਗ ਲਿਖਣ ਲਈ ਅਮਰੀਕ ਨੂੰ ਸਭ ਤੋਂ ਵੱਧ ਪੈਸੇ ਮਿਲਦੇ ਹਨ। ਜੇ ਹਿੰਦੀ ਫਿਲਮਾਂ ਦੀ ਗੱਲ ਕਰੀਏ ਤਾਂ ਜਿੰਨੇ ਪੈਸੇ ਇਕ ਫਿਲਮ ਦੇ ਡਾਇਲਾਗ ਲਿਖਣ ਲਈ ਅਮਰੀਕ ਨੂੰ ਮਿਲਦੇ ਹਨ, ਉਨ੍ਹਾਂ ਨੂੰ ਜੇ ਨਕਦੀ ਰੂਪ ਵਿਚ ਘਰ ਲੈ ਕੇ ਆਉਣਾ ਹੋਵੇ ਤਾਂ ਕਈ ਬੋਰੀਆਂ ਭਰ ਕੇ ਗੱਡੇ 'ਤੇ ਲੱਦ ਕੇ ਲਿਆਉਣੇ ਪੈਣਗੇ।


ਅਮਰੀਕ ਦਾ ਕਹਿਣਾ ਹੈ ਕਿ ਇਕ ਸਮੇਂ ਉਹ ਤਿੰਨ ਫਿਲਮਾਂ ਦੇ ਡਾਇਲਾਗ ਲਿਖ ਰਿਹਾ ਸੀ। ਇਹ ਇਸ ਤਰ੍ਹਾਂ ਸੀ ਜਿਵੇਂ ਉਹ ਤਿੰਨ ਨਾਵਲਾਂ 'ਤੇ ਇਕੋ ਵਾਰੀ ਕੰਮ ਕਰ ਰਿਹਾ ਹੋਵੇ ਪਰ ਨਾਵਲ ਦੇ ਲੇਖਕ ਨੇ ਨਾਵਲ ਆਪਣੇ ਢੰਗ ਨਾਲ ਲਿਖਣਾ ਹੁੰਦਾ, ਜੋ ਜੀਅ ਕਰੇ ਲਿਖ ਲਵੇ। ਫਿਲਮ ਦੇ ਡਾਇਲਾਗ ਲਿਖਣੇ ਔਖੇ ਹਨ। ਇਹ ਵਪਾਰਕ ਪੱਖ ਤੋਂ ਲਿਖੇ ਜਾਂਦੇ ਹਨ। ਪ੍ਰੋਡਿਊਸਰ ਅਤੇ ਡਾਇਰੈਕਟਰ ਦਾ ਮਕਸਦ ਹੈ ਪੈਸਾ ਕਮਾਉਣਾ ਅਤੇ ਫਿਲਮ ਤੋਂ ਉਨ੍ਹਾਂ ਨੂੰ ਪੈਸਾ ਬਣਨਾ ਚਾਹੀਦਾ ਹੈ। ਡਾਇਲਾਗ ਇਸੇ ਮਕਸਦ ਨੂੰ ਧਿਆਨ ਵਿਚ ਰੱਖ ਕੇ ਲਿਖੇ ਜਾਂਦੇ ਹਨ। ਜੇ ਫਿਲਮ ਫੇਲ੍ਹ ਹੋ ਜਾਵੇ ਤਾਂ ਲੇਖਕ ਦਾ ਕੰਮ ਠੱਪ ਹੋ ਜਾਂਦਾ ਹੈ।

ਅਮਰੀਕ ਨੇ ਅਮਿਤਾਭ ਬਚਨ ਦੀ ਫਿਲਮ 'ਨਿਸ਼ਬਦ' ਲਈ ਡਾਇਲਾਗ ਲਿਖੇ। ਇਹ ਫਿਲਮ ਦਾ ਧੁਰਾ ਮਨੋਵਿਗਿਆਨ ਸੀ। ਡਾਇਲਾਗ ਵੀ ਮਨੋਵਿਗਿਆਨ ਵਾਲੇ ਪੱਖ ਤੋਂ ਸਨ। ਅਮਿਤਾਭ ਬਚਨ ਉਹਦੇ ਲਿਖੇ ਡਾਇਲਾਗ ਤੋਂ ਬਹੁਤ ਖੁਸ਼ ਹੋਇਆ ਸੀ। ਅਮਿਤਾਭ ਉਹਦੇ ਨਾਲ ਹਮੇਸ਼ਾ ਪੰਜਾਬੀ ਵਿਚ ਗੱਲ ਕਰਦਾ ਹੈ। ਇਕ ਵਾਰੀ ਉਹ ਅਤੇ ਅਮਿਤਾਭ ਬਚਨ ਕੇਰਲ ਵਿਚ ਫਿਲਮ ਦੀ ਸੂਟਿੰਗ ਲਈ ਦੋ ਮਹੀਨੇ ਰਹੇ। ਪ੍ਰੋਡਿਊਸਰ ਕਹਿੰਦਾ ਸੀ, ਅੰਗਰੇਜ਼ੀ ਬੋਲੋ ਪਰ ਦੋਵੇਂ ਪੰਜਾਬੀ ਵਿਚ ਹੀ ਗੱਲਾਂ ਕਰਦੇ ਰਹੇ। ਅਮਿਤਾਭ ਬਚਨ ਡਾਇਰੈਕਟਰ ਰਾਮ ਗੋਪਾਲ ਵਰਮਾ ਨੂੰ ਕਹਿੰਦਾ ਸੀ, "ਮੈਂ ਅੱਧਾ ਸਰਦਾਰ ਹਾਂ। ਅਮਰੀਕ ਪੂਰਾ ਸਰਦਾਰ ਹੈ। ਮਸਾਂ ਤਾਂ ਪੰਜਾਬੀ ਬੋਲਣ ਦਾ ਮੌਕਾ ਮਿਲਦਾ।" ਅਮਿਤਾਭ ਬਚਨ ਦਾ ਨਾਨਾ ਪੂਰਾ ਸਿੱਖ ਸੀ।

ਅਮਰੀਕ ਜਦੋਂ ਫਿਲਮਾਂ ਜਾਂ ਫਿਲਮ ਹਸਤੀਆਂ ਦੀਆਂ ਗੱਲਾਂ ਸੁਣਾਉਂਦਾ ਹੈ ਤਾਂ ਮਿਰਚ-ਮਸਾਲੇ ਦਾ ਵਧੀਆ ਤੜਕਾ ਲਾ ਕੇ ਇਨ੍ਹਾਂ ਗੱਲਾਂ ਨੂੰ ਮਜ਼ੇਦਾਰ ਬਣਾ ਦਿੰਦਾ ਹੈ। ਉਹ ਰਾਜ ਕਪੂਰ, ਸਾਹਿਰ ਲੁਧਿਆਣਵੀ, ਸਾਗਰ ਸਰਹੱਦੀ, ਗੋਵਿੰਦ ਨਿਹਲਾਨੀ, ਸੰਜੇ ਲੀਲਾ ਭੰਸਾਲੀ, ਕਿਦਾਰ ਸ਼ਰਮਾ, ਸ਼ਲਿੰਦਰ, ਅਮਿਤਾਭ ਬਚਨ, ਆਨੰਦ ਬਖਸ਼ੀ ਅਤੇ ਹੋਰ ਬਹੁਤ ਸਾਰੀਆਂ ਹਸਤੀਆਂ ਬਾਰੇ ਬਹੁਤ ਜਾਣਕਾਰੀ ਵਾਲੀਆਂ ਅਤੇ ਮਜ਼ੇਦਾਰ ਗੱਲਾਂ ਘੰਟਿਆਂ ਬੱਧੀ ਸੁਣਾਉਂਦਾ ਰਹੇਗਾ। ਇਕ ਦਿਨ ਉਹ ਦੱਸ ਰਿਹਾ ਸੀ ਕਿ ਆਨੰਦ ਬਖਸ਼ੀ ਜਿਸ ਨੇ ਬਹੁਤ ਸਾਰੀਆਂ ਫਿਲਮਾਂ ਲਈ ਖੂਬਸੂਰਤ ਗੀਤ ਲਿਖੇ ਸਨ, ਗੁਰੂ ਨਾਨਕ ਨੂੰ ਬਹੁਤ ਵੱਡਾ ਕਵੀ ਮੰਨਦਾ ਸੀ। ਉਹ ਜਪੁਜੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਉਹ ਮੰਜੇ 'ਤੇ ਬੈਠ ਕੇ ਗੀਤ ਲਿਖਦਾ ਹੁੰਦਾ ਸੀ। ਅਮਰੀਕ ਨੇ ਉਸ ਦੇ ਘਰ ਉਸ ਨਾਲ ਸ਼ਰਾਬ ਵੀ ਪੀਤੀ ਸੀ। ਆਨੰਦ ਬਖਸ਼ੀ ਫੌਜ (ਨੇਵੀ) ਵਿਚੋਂ ਹੌਲਦਾਰ ਰਿਟਾਇਰ ਹੋਇਆ ਸੀ ਅਤੇ ਫਿਲਮਾਂ ਵਿਚ ਸਫਲ ਹੋਣ ਲਈ ਉਸ ਨੂੰ ਬਹੁਤ ਸੰਘਰਸ਼ ਕਰਨਾ ਪਿਆ ਸੀ। ਰਾਜ ਕਪੂਰ ਬਾਰੇ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ ਰਾਜ ਕਪੂਰ ਦੀਆਂ ਅੱਖਾਂ ਬਹੁਤ ਤਿੱਖੀਆਂ (ਸ਼ਾਰਪ) ਸਨ ਅਤੇ ਜਦੋਂ ਉਹ ਤੁਹਾਡੇ ਵੱਲ ਦੇਖਦਾ ਸੀ ਤਾਂ ਤੁਹਾਡੇ ਅੰਦਰ ਧਸ ਜਾਂਦਾ ਸੀ। ਫਿਰ ਉਹ ਹੱਸ ਕੇ ਕਹਿੰਦਾ ਹੈ, "ਮੈਨੂੰ ਇਹ ਕਹਾਣੀਆਂ ਸੁਣਾ ਕੇ ਸੁਆਦ ਆਉਂਦਾ ਹੈ।"

ਅਮਰੀਕ ਕਹਿੰਦਾ ਹੈ, "ਫਿਲਮ ਦੇ ਖੇਤਰ ਵਿਚ ਕੋਈ ਕਿਸੇ ਦਾ ਦੋਸਤ ਨਹੀਂ। ਸਿਰਫ ਜਾਣਕਾਰ ਹਨ। ਮੇਰਾ ਵੀ ਫਿਲਮਾਂ ਵਿਚ ਕੋਈ ਦੋਸਤ ਨਹੀਂ। ਵਾਕਫ ਬਹੁਤ ਸਾਰੇ ਹਨ।" ਜਾਵੇਦ ਅਖਤਰ ਦੀ ਗੱਲ ਕਰਦਿਆਂ ਉਹ ਦੱਸਦਾ ਹੈ ਕਿ ਇਹ ਸਭ ਨੂੰ ਪਤਾ ਕਿ ਜਾਵੇਦ ਅਖਤਰ ਖੱਬੇ ਪੱਖੀ ਹੈ। ਉਸ ਦਾ ਰੱਬ ਵਿਚ ਕੋਈ ਯਕੀਨ ਨਹੀਂ ਪਰ ਤੁਸੀਂ ਹਮੇਸ਼ਾ ਉਸ ਦੇ ਹੱਥ ਵਿਚ ਕੜਾ ਪਾਇਆ ਦੇਖੋਗੇ। ਅਮਰੀਕ ਅਨੁਸਾਰ ਜਾਵੇਦ ਅਖਤਰ ਸਟੇਜ 'ਤੇ ਆਪਣਾ ਕਲਾਮ ਪੇਸ਼ ਕਰਨ ਵਿਚ ਸਭ ਤੋਂ ਵਧੀਆ ਹੈ। ਗੁਲਜ਼ਾਰ ਆਮ ਤੌਰ 'ਤੇ ਕਵੀ ਦਰਬਾਰਾਂ ਵਿਚ ਨਹੀਂ ਜਾਂਦਾ, ਭਾਵੇਂ ਉਸ ਨੂੰ ਸੱਦੇ ਬਹੁਤ ਆਉਂਦੇ ਹਨ। ਕਦੇ ਕਦੇ ਉਹ ਚੋਣਵੇਂ ਕਵੀ ਦਰਬਾਰਾਂ ਵਿਚ ਜਾਂਦਾ ਹੈ ਅਤੇ ਉਸ ਦੇ ਪੈਸੇ ਠੋਕ ਕੇ ਲੈਂਦਾ ਹੈ।

ਅਮਰੀਕ ਭਾਵੇਂ ਸਾਹਿਰ ਲੁਧਿਆਣਵੀ ਨੂੰ ਕਦੇ ਮਿਲਿਆ ਨਹੀਂ ਕਿਉਂਕਿ ਸਾਹਿਰ ਦੀ ਮੌਤ ਅਮਰੀਕ ਦੇ ਮੁੰਬਈ ਜਾਣ ਤੋਂ ਕੁਝ ਦੇਰ ਪਹਿਲਾਂ ਹੋ ਗਈ ਸੀ ਪਰ ਅਮਰੀਕ ਨੂੰ ਸਾਹਿਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਦੀ ਜਾਣਕਾਰੀ ਹੈ ਜੋ ਉਸ ਨੇ ਕੁਝ ਫਿਲਮੀ ਹਸਤੀਆਂ ਤੋਂ ਸੁਣੀਆਂ ਹੋਈਆਂ ਹਨ। ਜਦੋਂ ਯਸ਼ ਚੋਪੜਾ ਨੇ ਫਿਲਮ 'ਕਭੀ ਕਭੀ' ਬਣਾਉਣੀ ਸੀ ਤਾਂ ਉਸ ਨੇ ਸਾਹਿਰ ਨੂੰ ਗੀਤ ਲਿਖਣ ਲਈ ਕਿਹਾ। ਮਿਊਜ਼ਿਕ ਡਾਇਰੈਕਟਰ ਲਈ ਲਕਸ਼ਮੀ ਕਾਂਤ-ਪਿਆਰੇ ਲਾਲ ਨੂੰ ਲੈਣਾ ਸੀ। ਯਸ਼ ਚੋਪੜਾ ਅਤੇ ਸਾਹਿਰ ਲਕਸ਼ਮੀ ਕਾਂਤ-ਪਿਆਰੇ ਲਾਲ ਨੂੰ ਮਿਲਣ ਗਏ। ਸਾਹਿਰ ਨੇ ਆਪਣਾ ਪੁਰਾਣਾ ਗੀਤ 'ਕਭੀ ਕਭੀ ਦਿਲ ਮੇਂ ਖ਼ਿਆਲ ਆਤਾ ਹੈ' ਲਕਸ਼ਮੀ ਕਾਂਤ-ਪਿਆਰੇ ਲਾਲ ਨੂੰ ਦਿੱਤਾ ਅਤੇ ਉਸ ਦੀ ਤਰਜ਼ ਬਣਾਉਣ ਨੂੰ ਕਿਹਾ। ਲਕਸ਼ਮੀ ਕਾਂਤ-ਪਿਆਰੇ ਲਾਲ ਨੇ ਕਿਹਾ ਕਿ ਇਹ ਤਾਂ ਖੁੱਲ੍ਹੀ ਕਵਿਤਾ ਹੈ ਅਤੇ ਇਸ ਦੀ ਤਰਜ਼ ਨਹੀਂ ਬਣ ਸਕਦੀ। ਕੋਈ ਹੋਰ ਗੀਤ ਲੈਅ ਵਿਚ ਲਿਖ ਕੇ ਲਿਆਓ। ਸਾਹਿਰ ਗੁੱਸੇ ਵਿਚ ਆ ਕੇ ਬਾਹਰ ਨਿਕਲ ਗਿਆ। ਯਸ਼ ਚੋਪੜਾ ਵੀ ਮਗਰ ਹੀ ਬਾਹਰ ਆ ਗਿਆ ਅਤੇ ਸਾਹਿਰ ਨੂੰ ਖੜ੍ਹਾ ਕਰ ਕੇ ਪੁੱਛਿਆ ਕਿ ਫਿਰ ਕਿਸ ਨੂੰ ਮਿਊਜ਼ਿਕ ਡਾਇਰੈਕਟਰ ਲਿਆ



*ਬਲਵੰਤ ਗਾਰਗੀ ਜਿਸ ਕੋਲ ਅਮਰੀਕ ਗਿੱਲ ਵਰ੍ਹਿਆਂ ਬੱਧੀ ਰਿਹਾ ਅਤੇ ਉਸ ਨੂੰ ਬਾਪੂ ਕਹਿੰਦਾ ਹੈ।*

ਜਾਵੇ? ਸਾਹਿਰ ਨੇ (ਮੁਹੰਮਦ ਜ਼ਹੂਰ) ਖ਼ਿਆਮ ਦਾ ਨਾਂ ਪੇਸ਼ ਕੀਤਾ ਜੋ ਪਿੱਛਿਓਂ ਨਵਾਂ ਸ਼ਹਿਰ ਕੋਲ ਦੇ ਪਿੰਡ ਰਾਹੋਂ ਦਾ ਜੰਮ-ਪਲ ਸੀ ਪਰ ਅਜੇ ਇੰਨਾ ਮਸ਼ਹੂਰ ਨਹੀਂ ਸੀ। ਖ਼ਿਆਮ ਦੀ ਪਤਨੀ ਦਾ ਨਾਂ ਜਗਜੀਤ ਕੌਰ ਸੀ। ਯਸ਼ ਚੋਪੜਾ ਅਤੇ ਸਾਹਿਰ ਉਸੇ ਵੇਲੇ ਖ਼ਿਆਮ ਦੇ ਦਫਤਰ ਚਲੇ ਗਏ ਅਤੇ ਉਸ ਨੂੰ ਉਹੀ 'ਕਭੀ ਕਭੀ' ਵਾਲੀ ਕਵਿਤਾ ਦੇ ਕੇ ਤਰਜ਼ ਬਣਾਉਣ ਲਈ ਕਿਹਾ। ਖ਼ਿਆਮ ਨੇ ਉਸ ਕਵਿਤਾ ਦੀ ਖੂਬ ਤਾਰੀਫ ਕੀਤੀ ਅਤੇ ਥੋੜ੍ਹੇ ਮਿੰਟਾਂ ਵਿਚ ਹੀ ਉਸ ਦੀ ਖੂਬਸੂਰਤ ਤਰਜ਼ ਬਣਾ ਦਿੱਤੀ। ਇਸ ਤਰ੍ਹਾਂ ਇਸ ਫਿਲਮ ਵਿਚ ਲਕਸ਼ਮੀ ਕਾਂਤ-ਪਿਆਰੇ ਲਾਲ ਦੀ ਥਾਂ ਖ਼ਿਆਮ ਨੂੰ ਮਿਊਜ਼ਿਕ ਡਾਇਰੈਕਟਰ ਲਿਆ ਗਿਆ ਸੀ।

ਗੋਵਿੰਦ ਨਿਹਲਾਨੀ ਨੇ ਭੀਸ਼ਮ ਸਾਹਨੀ ਦੇ ਨਾਵਲ 'ਤਮਸ' 'ਤੇ ਟੀ.ਵੀ. ਫਿਲਮ ਬਣਾਉਣੀ ਚਾਹੀ ਸੀ। ਉਸ ਫਿਲਮ ਦਾ ਸਕਰੀਨ ਪਲੇਅ ਗੋਵਿੰਦ ਨਿਹਲਾਨੀ ਨੇ ਆਪ ਲਿਖਿਆ ਅਤੇ ਡਾਇਲਾਗ ਲਈ ਭੀਸ਼ਮ ਸਾਹਨੀ ਨੂੰ ਆਖਿਆ ਸੀ ਪਰ ਉਨ੍ਹਾਂ ਦਿਨਾਂ ਵਿਚ ਭੀਸ਼ਮ ਸਾਹਨੀ ਦਿੱਲੀ ਹਸਪਤਾਲ ਵਿਚ ਬਿਮਾਰ ਪਿਆ ਸੀ। ਉਸ ਨੇ ਕਿਹਾ ਕਿ ਡਾਇਲਾਗ ਕਿਸੇ ਹੋਰ ਤੋਂ ਲਿਖਾ ਲਓ। ਗੋਵਿੰਦ ਨਿਹਲਾਨੀ ਨੇ ਅਮਰੀਕ ਨੂੰ ਇਸ ਫਿਲਮ ਦੇ ਡਾਇਲਾਗ ਲਿਖਣ ਲਈ ਕਿਹਾ। ਅਮਰੀਕ ਦੇ ਲਿਖੇ ਡਾਇਲਾਗ ਭੀਸ਼ਮ ਸਾਹਨੀ ਨੂੰ ਭੇਜੇ ਗਏ ਉਸ ਦੀ ਮਨਜ਼ੂਰੀ ਲੈਣ ਲਈ। ਭੀਸ਼ਮ ਸਾਹਨੀ ਨੇ ਅਮਰੀਕ ਦੇ ਲਿਖੇ ਡਾਇਲਾਗ ਦੀ ਬਹੁਤ ਤਾਰੀਫ ਕੀਤੀ ਅਤੇ ਕਿਹਾ ਕਿ ਉਹ ਫਿਲਮ ਬਣਾ ਸਕਦੇ ਹਨ। ਜਿਵੇਂ ਆਮ ਕੀਤਾ ਜਾਂਦਾ ਹੈ, ਫਿਲਮ ਵਾਸਤੇ ਇਸ ਨਾਵਲ ਨੂੰ ਕਾਫੀ ਤਬਦੀਲ ਕੀਤਾ ਗਿਆ ਸੀ।

ਅਮਰੀਕ ਨੇ ਸੰਜੇ ਲੀਲਾ ਭੰਸਾਲੀ ਦੀ ਬਹੁਤ ਸਫਲ ਹੋਈ ਫਿਲਮ 'ਹਮ ਦਿਲ ਦੇ ਚੁਕੇ ਸਨਮ' ਲਈ ਡਾਇਲਾਗ ਲਿਖੇ ਸਨ (ਲੀਲਾ, ਸੰਜੇ ਦੀ ਮਾਤਾ ਦਾ ਨਾਂ ਸੀ ਜੋ ਸੰਜੇ ਨੇ ਆਪਣੇ ਨਾਂ ਨਾਲ ਲਿਆ ਸੀ।) ਅਮਰੀਕ ਅਨੁਸਾਰ, ਸੰਜੇ ਲੀਲਾ ਭੰਸਾਲੀ ਦੇ ਪਿਤਾ ਦੀ ਬੰਬਈ ਵਿਚ ਕੱਪੜੇ ਦੀ ਛੋਟੀ ਜਿਹੀ ਦੁਕਾਨ ਸੀ। ਉਸ ਦੀ ਦੁਕਾਨ ਦੇ ਨੇੜੇ ਹੀ ਨਾਜ਼ ਬਿਲਡਿੰਗ ਸੀ ਜਿੱਥੇ ਫਿਲਮ ਡਿਸਟਰੀਬਿਊਟਰਾਂ ਦੇ ਦਫਤਰ ਸਨ। ਸੰਜੇ ਲੀਲਾ ਦਾ ਪਿਤਾ ਇਨ੍ਹਾਂ ਡਿਸਟਰੀਬਿਊਟਰਾਂ ਨਾਲ ਬਹਿੰਦਾ-ਉੱਠਦਾ ਸੀ, ਉਨ੍ਹਾਂ ਨਾਲ ਸ਼ਰਾਬ ਪੀਂਦਾ ਸੀ ਅਤੇ ਉਨ੍ਹਾਂ ਨਾਲ ਉਸ ਦੀ ਦੋਸਤੀ ਵੀ ਸੀ। ਸੰਜੇ ਲੀਲਾ ਦਾ ਪਿਤਾ ਗੁਜਰਾਤੀ ਫਿਲਮਾਂ ਵਾਸਤੇ ਪੈਸੇ ਵੀ ਦਿੰਦਾ ਸੀ। ਉਸ ਨੇ ਦੋ-ਤਿੰਨ ਫਿਲਮਾਂ ਆਪ ਵੀ ਪ੍ਰੋਡਿਊਸ ਕੀਤੀਆਂ ਸਨ ਜੋ ਫੇਲ੍ਹ ਹੋ ਗਈਆਂ ਸਨ। ਇਸ ਤੋਂ ਬਾਅਦ ਉਹ ਕਰਜ਼ੇ ਥੱਲੇ ਆ ਗਿਆ ਅਤੇ ਉਸ ਦੀ ਦੁਕਾਨ ਤੇ ਘਰ ਵਿਕ ਗਏ। ਘਰ ਦੀ ਹਾਲਤ ਖਰਾਬ ਹੋ ਗਈ। ਸੰਜੇ ਲੀਲਾ ਅਜੇ ਛੋਟਾ ਹੀ ਸੀ ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ। ਸੰਜੇ ਲੀਲਾ ਅਤੇ ਉਸ ਦੀ ਭੈਣ ਨੂੰ ਉਨ੍ਹਾਂ ਦੀ ਮਾਤਾ ਨੇ ਹੀ ਪਾਲਿਆ ਸੀ। ਸੰਜੇ ਲੀਲਾ ਦੀ ਭੈਣ ਨੇ ਵੱਡੇ ਹੋ ਕੇ ਫਿਲਮ ਐਡਿਟਿੰਗ ਦਾ ਕੋਰਸ ਕਰ ਲਿਆ ਅਤੇ ਫਿਲਮਾਂ ਵਿਚ ਕੰਮ ਕਰਨ ਲੱਗ ਪਈ। ਫਿਰ ਸੰਜੇ ਲੀਲਾ ਨੇ ਵੀ ਫਿਲਮ ਐਡਿਟਿੰਗ ਦਾ ਕੋਰਸ ਕਰ ਲਿਆ ਅਤੇ ਫਿਲਮਾਂ ਵਿਚ ਕੰਮ ਕਰਨ ਲੱਗ ਪਿਆ। 'ਖਾਮੋਸ਼ੀ- ਦਿ ਮਿਊਜ਼ੀਕਲ' ਸੰਜੇ ਲੀਲਾ ਦੀ ਪਹਿਲੀ ਫਿਲਮ ਸੀ। ਸੰਜੇ ਲੀਲਾ ਭੰਸਾਲੀ ਖੁਸ਼ਵੰਤ ਸਿੰਘ ਦੇ ਨਾਵਲ 'ਟਰੇਨ ਟੂ ਪਾਕਿਸਤਾਨ' 'ਤੇ ਫਿਲਮ ਬਣਾਉਣੀ ਚਾਹੁੰਦਾ ਸੀ। ਅਮਰੀਕ ਨੇ 'ਜੀਤ' ਫਿਲਮ ਦੇ ਡਾਇਲਾਗ ਲਿਖੇ ਸਨ ਅਤੇ ਉਹ ਫਿਲਮ ਬਹੁਤ ਸਫਲ ਰਹੀ ਸੀ। ਉਸ ਵੇਲੇ ਤੱਕ ਅਮਰੀਕ 12-13 ਫਿਲਮਾਂ ਦੇ ਡਾਇਲਾਗ ਲਿਖ ਚੁੱਕਾ ਸੀ ਅਤੇ ਉਸ ਨੂੰ ਕਈ ਫਿਲਮਾਂ ਲਈ ਇਨਾਮ ਵੀ ਮਿਲੇ ਸਨ। ਸੰਜੇ ਲੀਲਾ ਨੂੰ ਅਮਰੀਕ ਦਾ ਡਾਇਲਾਗ ਲਿਖਣ ਦਾ ਕੰਮ ਬਹੁਤ ਪਸੰਦ ਸੀ ਕਿਉਂਕਿ ਸੰਜੇ ਲੀਲਾ ਕਹਿੰਦਾ ਸੀ ਕਿ ਅਮਰੀਕ ਦੀ ਲਿਖਤ ਵਿਚ ਡਰਾਮਾ ਅਤੇ ਲਿਰੀਸਿਜ਼ਮ ਬਹੁਤ ਹੈ। ਉਸ ਨੇ ਅਮਰੀਕ ਨਾਲ ਗੱਲ ਕੀਤੀ। ਸੰਜੇ ਲੀਲਾ ਨੂੰ 'ਟਰੇਨ ਟੂ ਪਾਕਿਸਤਾਨ' ਲਈ ਪ੍ਰੋਡਿਊਸਰ ਦੀ ਲੋੜ ਸੀ। ਅਮਰੀਕ ਅਤੇ ਸੰਜੇ ਲੀਲਾ ਦੋਵੇਂ ਧਰਮਿੰਦਰ ਕੋਲ ਗਏ ਅਤੇ ਧਰਮਿੰਦਰ ਇਸ ਫਿਲਮ ਨੂੰ ਪ੍ਰੋਡਿਊਸ ਕਰਨ ਲਈ ਮੰਨ ਗਿਆ। ਧਰਮਿੰਦਰ ਨੇ ਇਸ ਤੋਂ ਪਹਿਲਾਂ ਕੁਝ ਫਿਲਮਾਂ ਪ੍ਰੋਡਿਊਸ ਕੀਤੀਆਂ ਸਨ। ਇਸ ਫਿਲਮ ਲਈ ਖੁਸ਼ਵੰਤ ਸਿੰਘ ਤੋਂ ਮਨਜ਼ੂਰੀ ਲੈਣ ਲਈ ਸੰਜੇ ਲੀਲਾ, ਅਮਰੀਕ, ਧਰਮਿੰਦਰ ਅਤੇ ਧਰਮਿੰਦਰ ਦਾ ਪੁੱਤਰ ਬਾਬੀ ਦਿਉਲ ਦਿੱਲੀ ਖੁਸ਼ਵੰਤ ਸਿੰਘ ਨੂੰ ਮਿਲਣ ਗਏ ਪਰ ਖੁਸ਼ਵੰਤ ਸਿੰਘ ਨੇ ਦੱਸਿਆ ਕਿ ਉਸ ਨੇ 'ਟਰੇਨ ਟੂ ਪਾਕਿਸਤਾਨ' ਨਾਵਲ 'ਤੇ ਫਿਲਮ ਬਣਾਉਣ ਦੇ ਅਧਿਕਾਰ ਕਿਸੇ ਹੋਰ ਨੂੰ ਪਹਿਲਾਂ ਹੀ ਦੇ ਦਿੱਤੇ ਸਨ। ਇਸ ਤਰ੍ਹਾਂ ਇਸ ਫਿਲਮ ਨੂੰ ਬਣਾਉਣ ਵਾਲੀ ਗੱਲ ਰਹਿ ਗਈ। ਫਿਰ ਸੰਜੇ ਲੀਲਾ ਨੇ 'ਹਮ ਦਿਲ ਦੇ ਚੁਕੇ ਸਨਮ' ਫਿਲਮ ਡਾਇਰੈਕਟ ਕੀਤੀ ਅਤੇ ਉਸ ਫਿਲਮ ਦੇ ਡਾਇਲਾਗ ਲਿਖਣ ਲਈ ਅਮਰੀਕ ਨੂੰ ਚੁਣਿਆ। ਇਸ ਤੋਂ ਬਾਅਦ ਜੋ ਹੋਇਆ ਅਤੇ ਸੰਜੇ ਲੀਲਾ ਭੰਸਾਲੀ ਤੇ ਅਮਰੀਕ ਦੀ ਜ਼ਿੰਦਗੀ ਵਿਚ ਜੋ ਪਰਿਵਰਤਨ ਆਇਆ, ਉਹ ਫਿਲਮ ਇੰਡਸਟਰੀ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਪਿਆ ਹੈ। ਇਹ ਫਿਲਮ ਬੇਹੱਦ ਸਫਲ ਰਹੀ ਅਤੇ ਇਸ ਫਿਲਮ ਨੇ ਬਹੁਤ ਸਾਰੇ ਇਨਾਮ ਜਿੱਤੇ। ਅਮਰੀਕ ਨੂੰ ਵੀ ਇਸ ਫਿਲਮ ਦੇ ਡਾਇਲਾਗ ਲਿਖਣ ਲਈ ਇਨਾਮ ਮਿਲੇ।

ਪੰਜਾਬੀ ਫਿਲਮ 'ਕਿਰਪਾਨ' ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਅਮਰੀਕ ਨੇ ਲਿਖੇ ਸਨ। ਇਹ ਫਿਲਮ ਡਾਇਰੈਕਟ ਵੀ ਅਮਰੀਕ ਨੇ ਹੀ ਕੀਤੀ ਸੀ। ਅਮਰੀਕ ਨੂੰ ਉਮੀਦ ਸੀ ਕਿ ਲੋਕ ਇਸ ਫਿਲਮ ਨੂੰ ਪਸੰਦ ਕਰਨਗੇ ਪਰ ਇਹ ਫਿਲਮ ਉਤਨੀ ਸਫਲ ਨਹੀਂ ਸੀ ਰਹੀ ਜਿੰਨੀ ਅਮਰੀਕ ਨੂੰ ਆਸ ਸੀ। ਅਮਰੀਕ ਹੱਸ ਕੇ ਕਹਿੰਦਾ ਹੈ ਕਿ ਜਦੋਂ ਕੋਈ ਫਿਲਮ ਫੇਲ੍ਹ ਹੋ ਜਾਵੇ ਤਾਂ ਪ੍ਰੋਡਿਊਸਰ ਤੁਹਾਡੇ ਕੰਮ 'ਤੇ ਖੁਸ਼ ਨਹੀਂ ਹੁੰਦਾ ਅਤੇ ਤੁਹਾਡੀ ਸਾਰੀ ਕਲਾ ਜਾਂਦੀ ਰਹਿੰਦੀ ਹੈ।

ਅਮਰੀਕ ਦੱਸ ਰਿਹਾ ਸੀ ਕਿ ਹਰ ਫਿਲਮ ਦੇ ਤਿੰਨ ਮਹੱਤਵਪੂਰਨ ਅੰਸ਼ ਹੁੰਦੇ ਹਨ: ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ। ਫਿਲਮ ਦੀ ਸਫਲਤਾ ਇਨ੍ਹਾਂ ਤਿੰਨਾਂ ਚੀਜ਼ਾਂ 'ਤੇ ਨਿਰਭਰ ਕਰਦੀ ਹੈ। ਫਿਲਮ ਦੀ ਕਹਾਣੀ ਵਧੀਆ ਹੋਣੀ ਚਾਹੀਦੀ ਹੈ ਜੋ ਦਰਸ਼ਕਾਂ ਦਾ ਧਿਆਨ ਖਿੱਚ ਸਕੇ। ਇਹ ਬਹੁਤ ਜ਼ਰੂਰੀ ਹੈ। ਸਕਰੀਨ ਪਲੇਅ ਫਿਲਮ ਦੇ ਹਰ ਸੀਨ ਨੂੰ ਦਰਸਾਉਂਦਾ ਹੈ। ਪੁਰਾਣੀਆਂ ਫਿਲਮਾਂ ਵਿਚ ਆਮ ਤੌਰ ਤੇ 35 ਤੋਂ 40 ਸੀਨ ਹੁੰਦੇ ਸਨ ਪਰ ਅੱਜ ਕੱਲ੍ਹ ਨਵੀਆਂ ਫਿਲਮਾਂ ਵਿਚ ਲਗਭਗ 70 ਤੋਂ 100 ਸੀਨ ਹੁੰਦੇ ਹਨ। ਜੇ ਫਿਲਮ ਵਿਚ ਥੋੜ੍ਹੇ ਸੀਨ ਹੋਣ ਤਾਂ ਫਿਲਮ ਦੀ ਰਫਤਾਰ ਹੌਲੀ ਹੋ ਜਾਂਦੀ ਹੈ। ਜੇ ਫਿਲਮ ਵਿਚ ਜ਼ਿਆਦਾ ਸੀਨ ਹੋਣ ਤਾਂ ਫਿਲਮ ਦੀ ਰਫਤਾਰ ਤੇਜ਼ ਹੋ ਜਾਂਦੀ ਹੈ। ਇਕ ਸੀਨ ਦੀ ਲੰਬਾਈ ਛੋਟੀ ਵੀ ਹੋ ਸਕਦੀ ਹੈ ਅਤੇ ਲੰਮੀ ਵੀ। ਇਕ ਸੀਨ ਸਿਰਫ ਇਕ ਲਾਈਨ ਦਾ ਵੀ ਹੋ ਸਕਦਾ ਹੈ ਅਤੇ ਬਹੁਤ ਲੰਮਾ ਵੀ। ਡਾਇਲਾਗ ਵੀ ਫਿਲਮ ਦੀ ਸਫਲਤਾ ਲਈ ਬਹੁਤ ਮਹੱਤਵਪੂਰਨ ਹਨ। ਚੰਗੇ ਡਾਇਲਾਗ ਫਿਲਮ ਦੀ ਜਾਨ ਹੁੰਦੇ ਹਨ। ਕਿਸੇ ਵੀ ਫਿਲਮ ਦੀ ਸਫਲਤਾ ਇਨ੍ਹਾਂ ਤਿੰਨਾਂ ਗੱਲਾਂ 'ਤੇ ਹੀ ਨਿਰਭਰ ਕਰਦੀ ਹੈ। ਡਾਇਲਾਗ ਲਿਖਣ ਦੇ ਸਭ ਤੋਂ ਵੱਧ ਪੈਸੇ ਮਿਲਦੇ ਹਨ। ਉਸ ਤੋਂ ਘੱਟ ਪੈਸੇ ਸਕਰੀਨ ਪਲੇਅ ਲਿਖਣ ਦੇ ਮਿਲਦੇ ਹਨ। ਸਭ ਤੋਂ ਘੱਟ ਪੈਸੇ ਕਹਾਣੀ ਦੇ ਮਿਲਦੇ ਹਨ।

ਇਕ ਵਾਰੀ ਅਮਰੀਕ ਨਾਲ ਸਾਹਿਤ ਬਾਰੇ ਗੱਲ ਹੋਈ ਤਾਂ ਉਹ ਕਹਿੰਦਾ, "ਗੁਰੂ ਨਾਨਕ ਨੇ ਪੰਜਾਬੀ ਵਿਚ ਲਿਖਿਆ। ਆਮ ਲੋਕਾਂ ਦੀ ਭਾਸ਼ਾ ਵਰਤੀ। ਸੰਸਕ੍ਰਿਤ ਵਿਚ ਨਹੀਂ ਲਿਖਿਆ। ... ਰਾਜ ਕਪੂਰ ਵੀ ਕਹਿੰਦਾ ਸੀ ਕਿ ਆਮ ਲੋਕਾਂ ਦੀ ਭਾਸ਼ਾ ਵਰਤੋ। ... ਜੇ ਕਿਸੇ ਫਿਲਮ ਵਿਚ ਹੀਰੋਇਨ ਹੀਰੋ ਨੂੰ ਕਹੇ- 'ਮੈਂ ਤੁਝੇ ਅਤਿਅੰਤ ਪਿਆਰ ਕਰਤੀ ਹੂੰ' ਤਾਂ ਬਹੁਤ ਸਾਰੇ ਦਰਸ਼ਕਾਂ ਨੂੰ ਸ਼ਾਇਦ ਇਹ ਸਮਝ ਹੀ ਨਾ ਆਵੇ। ਜੇ ਇਹ ਹੀਰੋਇਨ ਕਹੇ- 'ਮੈਂ ਤੁਝੇ ਬਹੁਤ ਪਿਆਰ ਕਰਤੀ ਹੂੰ' ਤਾਂ ਸਾਰੇ ਦਰਸ਼ਕਾਂ ਨੂੰ ਸਮਝ ਆ ਜਾਵੇਗਾ। ... ਜਿੰਨੀ ਸੌਖੀ ਭਾਸ਼ਾ ਵਿਚ ਡਾਇਲਾਗ ਲਿਖੇ ਜਾਣ ਵਧੀਆ ਹੈ ...।"

*(ਚਲਦਾ)*

## ਕਾਮ ਉੱਚਾ

ਆਮ ਬੰਦੇ ਦੇ ਵੱਸ ਦਾ ਰੋਗ ਹੈ ਨੀਂ, ਪੱਤਰਕਾਰੀ ਦਾ ਬਹੁਤ ਮੁਕਾਮ ਉੱਚਾ।
'ਪੀਲੇ ਫੁੱਲਾਂ' ਦੀ ਹੈ ਭਰਮਾਰ ਹੋਈ, ਇਸ ਬਾਗ ਦੇ ਵਿਚ ਬਦਨਾਮ ਉੱਚਾ।
ਗੁਰੂਆਂ ਪੀਰਾਂ ਦੇ ਨਾਲ ਹੈ ਭਰੀ ਧਰਤੀ, ਮੇਰੇ ਦੇਸ ਦੇ ਵਿਚ ਹੈ ਰਾਮ ਉੱਚਾ।
ਜੀਹਦੇ ਵਿਚ ਰਾਜਸੀ ਲੋਕ ਨਹਾਉਂਦੇ, ਬਣਿਆ ਹੋਇਆ ਹੈ ਬੜਾ ਹਮਾਮ ਉੱਚਾ।
ਹੱਥ ਜੋੜ ਸ਼ਿਕਾਰੀ ਦੇ ਵਾਂਗ ਨਿਊਂਦੇ, ਹੁੰਦਾ ਜਿਨ੍ਹਾਂ ਦਾ ਕੰਮ ਤਮਾਮ ਉੱਚਾ।
ਨਾਮ ਵਾਲੇ ਦਾ ਮੁੱਲ ਤਾਂ ਤਹਿ ਹੁੰਦਾ, ਗੁੰਮਨਾਮ ਦਾ ਹੁੰਦਾ ਹੈ ਦਾਮ ਉੱਚਾ।
ਲੱਖਾਂ ਅਤੇ ਹਜ਼ਾਰਾਂ ਨੇ ਧਾਮ ਇੱਥੇ, ਅਜੇ ਤੱਕ ਹੈ ਹਾਕਮ ਦਾ ਧਾਮ ਉੱਚਾ।
ਗੱਲ ਕਰਕੇ ਸਾਰਿਆਂ ਆਸ਼ਕਾਂ ਦੀ, ਕੋਈ ਆਖਦਾ ਸ਼ਾਹ ਬਹਿਰਾਮ ਉੱਚਾ।
ਜਿਹੜਾ ਆਖਦਾ ਹੱਕ ਹਲਾਲ ਉੱਚਾ, ਉਹੀ ਆਖਦਾ ਹੱਡ ਹਰਾਮ ਉੱਚਾ
ਕੋਈ ਆਖਦਾ ਕੁਤਬ ਮੀਨਾਰ ਉੱਚਾ, ਕੋਈ ਆਖਦਾ ਰੱਬ ਦਾ ਨਾਮ ਉੱਚਾ।
ਆਏ ਵਰਜਦੇ ਸਦਾ ਬ੍ਰਹਮਚਾਰੀ, ਹੁੰਦਾ ਜ਼ਿੰਦਗੀ ਅੰਦਰ ਹੈ ਕਾਮ ਉੱਚਾ।

*-ਹਰਜਿੰਦਰ ਸਿੰਘ ਗੁਲਪੁਰ*

## ਵੱਸਣ ਮਾਂ-ਪਿਓ

ਘਰ ਦੇ ਬੂਹੇ ਖੁੱਲ੍ਹੇ ਮਿਲਦੇ, ਸੋਹਣੀਆਂ ਲੱਗਣ ਪਿੰਡ ਦੀਆਂ ਰਾਹਵਾਂ।
ਘਰ ਬਜ਼ੁਰਗਾਂ ਨਾਲ ਨੇ ਸੋਂਹਦੇ, ਰੱਬਾ ਵੱਸਣ ਪਿਓ ਤੇ ਮਾਂਵਾਂ।

ਇੱਕੋ ਛੱਤ ਥੱਲੇ ਮਾਪੇ ਹੱਸ ਕੇ, ਪਾਲ ਲੈਂਦੇ ਪੁੱਤ ਤੇ ਧੀਆਂ
ਖਬਰੇ ਕੀ ਹੋ ਜਾਂਦਾ ਮੁੜ ਕੇ ਰੱਬਾ ਉਸ ਟੱਬਰ ਦਿਆਂ ਜੀਆਂ
ਮਾਪੇ ਤੁਰੇ ਤੋਂ ਵੰਡ ਲੈਂਦੇ ਫਿਰ ਮਿਣ ਮਿਣ ਕੇ ਉਹ ਥਾਂਵਾਂ...।

ਬੇਰੁਜਗਾਰੀ ਵਾਲਾ ਸੱਪ ਡੰਗ ਮਾਰੇ ਗਰੀਬ ਦੀ ਹਿੱਕ 'ਤੇ ਚੜ੍ਹ ਕੇ
ਫਿਰ ਮਾਪੇ ਹੀ ਪੁੱਤ ਨੂੰ ਚਾੜ੍ਹਨ ਜਹਾਜੇ ਸੀਨੇ 'ਤੇ ਪੱਥਰ ਧਰ ਕੇ
ਪਿੱਛੋਂ ਇੱਕ ਇੱਕ ਕਰ ਤੁਰ ਜਾਂਦੇ, ਸਭ ਸੁੰਨੀਆਂ ਕਰ ਸਰਾਵਾਂ...।

ਤੂੰ ਵੀ ਤਾਂ ਸੀ ਹੱਸਾ ਜਾਂਦਾ 'ਸਿਕੰਦਰਾ' ਉਦੋਂ ਪਿੰਡ ਇਕੋਲਾਹੇ ਨੂੰ
ਦੱਸ ਤੇਰੇ 'ਤੇ ਹੁਣ ਕੀ ਬੀਤਦੀ ਜਦੋਂ ਖੋਲ੍ਹੇ ਹੱਥੀਂ ਕੁੰਡੇ ਲਾਏ ਨੂੰ
ਸੁੰਨੇ ਘਰ 'ਚ ਵੜ ਕੇ ਪਾਏਂਗਾ ਤੂੰ ਫਿਰ ਥਮਲਿਆਂ ਦੇ ਗਲ ਬਾਹਵਾਂ...।

*-ਸਿਕੰਦਰ ਇਕੋਲਾਹੇ ਵਾਲਾ, ਮਿਸ਼ੀਗਨ, ਫੋਨ: 269-744-6986*

ਕਹਾਣੀ

# ਈਜਵਾ ਤੂੰ ਦੌੜੀ ਚੱਲ

***ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਇਹ ਕਹਾਣੀ ਢਾਈ ਦਹਾਕੇ ਪਹਿਲਾਂ ਲਿਖੀ ਸੀ। ਮਸ਼ਹੂਰ ਦੌੜਾਕ ਪੀ.ਟੀ. ਊਸ਼ਾ ਨੇ 1986 ਦੀਆਂ ਸਿਓਲ ਏਸ਼ਿਆਈ ਖੇਡਾਂ ਵਿਚ ਸੋਨੇ ਦੇ ਚਾਰ ਤਗਮਿਆਂ ਸਮੇਤ ਕੁੱਲ ਪੰਜ ਤਗਮੇ ਜਿੱਤੇ ਸਨ। ਅਗਲੀਆਂ ਏਸ਼ਿਆਈ ਖੇਡਾਂ 1990 'ਚ ਉਹ ਚਾਂਦੀ ਦੇ ਦੋ ਤਮਗੇ ਹੀ ਜਿੱਤ ਸਕੀ। ਜਦੋਂ ਉਹ ਵਾਪਸ ਏਅਰਪੋਰਟ 'ਤੇ ਉਤਰੀ ਸੀ ਤਾਂ ਬਹੁਤ ਠੰਡਾ ਸਵਾਗਤ ਹੋਇਆ ਸੀ। ਉਦੋਂ ਜਾਤੀਵਾਦੀ ਤੇ ਰੂੜੀਵਾਦੀ ਮਾਨਸਿਕਤਾ ਕਈ ਲੋਕਾਂ ਦੇ ਸਿਰ ਚੜ੍ਹ ਕੇ ਬੋਲੀ ਸੀ। ਹਾਲ ਹੀ ਵਿਚ ਓਲੰਪਿਕ ਖੇਡਾਂ ਤੋਂ ਬਾਅਦ ਹਾਕੀ ਖਿਡਾਰੀ ਵੰਦਨਾ ਕਟਾਰੀਆ ਦੇ ਘਰ ਅੱਗੇ ਜਾਤੀਵਾਦੀ ਲੋਕਾਂ ਨੇ ਉਹੀ ਵਿਹਾਰ ਕੀਤਾ। ਜ਼ਾਹਿਰ ਹੈ ਕਿ ਦਹਾਕਿਆਂ ਬਾਅਦ ਵੀ ਕੁਝ ਬਦਲਿਆ ਨਹੀਂ।***



ਆਪਣੇ ਬਾਰੇ ਲਿਖੇ ਪੈਰੇ ਨੂੰ ਪੜ੍ਹ ਕੇ ਫਿਲਪ ਈਜਵਾ ਦੇ ਦਿਮਾਗ ਨੂੰ ਗਹਿਰੀ ਸੱਟ ਲੱਗੀ।

ਇੱਕ ਚੀਸ ਜਿਹੀ ਪੈਰਾਂ ਦੀਆਂ ਤਲੀਆਂ 'ਚੋਂ ਲੈ ਕੇ ਸਿਰ ਤੱਕ ਪਹੁੰਚੀ। ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਚੋਣ ਲੱਗੇ। ਆਪਣੇ ਡਰਾਇੰਗ ਰੂਮ ਵਿਚ ਚਾਰ-ਚੁਫੇਰੇ ਨਜ਼ਰ ਮਾਰੀ। ਜਗ੍ਹਾ-ਜਗ੍ਹਾ 'ਤੇ ਸਜਾਈਆਂ ਟਰਾਫੀਆਂ ਤੇ ਮੈਡਲ ਉਸ ਨੂੰ ਆਪਣਾ ਮੂੰਹ ਚਿੜਾਉਂਦੇ ਜਾਪੇ।

ਉਸ ਦਾ ਮਨ ਚਾਹਿਆ ਇਹ ਸਾਰੇ ਤਗਮੇ ਅਤੇ ਟਰਾਫੀਆਂ ਅਜਿਹੇ ਵਿਚਾਰਾਂ ਵਾਲੇ ਲੋਕਾਂ ਦੇ ਮੂੰਹ 'ਤੇ ਚਲਾ ਮਾਰੇ।

ਵਿਦੇਸ਼ਾਂ ਦੀ ਧਰਤੀ ਉਪਰ, ਜੇਤੂ ਮੰਚ 'ਤੇ ਮੈਡਲ ਗਲ਼ ਵਿਚ ਪਵਾਉਂਦਿਆਂ ਦੀਆਂ ਤਸਵੀਰਾਂ ਉਤੇ ਨਜ਼ਰ ਜਾਂਦਿਆਂ ਉਸ ਦੇ ਚਿਹਰੇ 'ਤੇ ਉਦਾਸ ਜਿਹੀ ਮੁਸਕਾਨ ਫੈਲ ਆਈ। ਏਸ਼ੀਆ ਦੇ ਸਭ ਤੋਂ ਵੱਡੇ ਖੇਡ ਮੇਲੇ 'ਚ ਸਭ ਤੋਂ ਤੇਜ਼ ਦੌੜਾਕ ਬਣਨ 'ਤੇ ਜਿਵੇਂ ਸਾਰਾ ਸਟੇਡੀਅਮ ਝੂਮ ਉਠਿਆ ਸੀ। ਸਟੇਡੀਅਮ ਤਿਰੰਗਿਆਂ ਨਾਲ ਲਹਿਰਾਉਣ ਲੱਗਾ ਸੀ। ਮੁਕਾਬਲੇ ਬਾਅਦ ਬੇਹੱਦ ਥੱਕੀ ਹੋਣ ਦੇ ਬਾਵਜੂਦ ਉਸ ਨੇ ਜੇਤੂ ਅੰਦਾਜ਼ ਵਿਚ



**ਗੁਰਮੀਤ ਕੜਿਆਲਵੀ**
ਫੋਨ: +91-98726-40994

ਸਟੇਡੀਅਮ ਦੇ ਕਈ ਚੱਕਰ ਲਾਏ ਸਨ। ਹਜ਼ਾਰਾਂ ਲੋਕਾਂ ਨੇ ਹੱਥ ਹਿਲਾ-ਹਿਲਾ ਅਤੇ ਕਿਲਕਾਰੀਆਂ ਮਾਰ-ਮਾਰ ਉਸ ਦੀ ਇਸ ਜਿੱਤ ਦਾ ਜਸ਼ਨ ਮਨਾਇਆ ਸੀ। ਹੱਥ ਵਿਚ ਤਿਰੰਗਾ ਫੜੀ ਜੇਤੂ ਅੰਦਾਜ਼ ਵਿਚ ਚੱਕਰ ਲਾਉਂਦਿਆਂ ਦੀ ਫੋਟੋ ਸਾਹਮਣੇ ਲਟਕ ਰਹੀ ਸੀ। ਈਜਵਾ ਮਲਕੜੇ ਜਿਹੀ ਉਠੀ ਤੇ ਅੱਖਾਂ ਵਿਚ ਫੋਟੋ ਅੱਗੇ ਆ ਖੜ੍ਹੀ ਹੋਈ। ਉਸ ਦਾ ਜੀਅ ਕੀਤਾ ਹੁਣੇ ਦੌੜ ਕੇ ਜਾਵੇ ਅਤੇ ਸਖਤ ਬੋਰਡ 'ਤੇ ਜੜੀ ਇਹ ਫੋਟੋ ਆਪਣੇ ਖਿਲਾਫ ਭੱਦੀ ਸ਼ਬਦਾਵਲੀ ਲਿਖਣ ਵਾਲਿਆਂ ਦੇ ਸਿਰ ਵਿਚ ਮਾਰ ਕੇ ਤੋੜ ਦੇਵੇ।

ਫਿਲਪ ਈਜਵਾ ਨੂੰ ਇੱਕ ਪਲ ਲੱਗਾ ਜਿਵੇਂ ਉਹ ਭੁਲੇਖੇ ਵਿਚ ਹੈ। ਉਸ ਨੇ ਅਖਬਾਰ ਚੁੱਕਿਆ ਤੇ ਦੁਬਾਰਾ ਪੜ੍ਹਨਾ ਸ਼ੁਰੂ ਕਰ ਦਿੱਤਾ। ਉਂਝ ਉਹ ਪਹਿਲਾਂ ਹੀ ਇਸੇ ਆਰਟੀਕਲ ਨੂੰ ਘੱਟੋ-ਘੱਟ ਪੰਜ ਵਾਰ ਪੜ੍ਹ ਚੁੱਕੀ ਸੀ।

"ਦੇਸ਼ ਦੀ ਇੱਜ਼ਤ ਮਿੱਟੀ ਵਿਚ ਰੋਲਣ ਲਈ ਫਲਾਪ ਈਜਵਾ ਵਾਰ-ਵਾਰ ਦੌੜ ਰਹੀ ਹੈ। ਅਜੇ ਪਤਾ ਨਹੀਂ ਕਿੰਨਾ ਚਿਰ ਦੇਸ਼ ਦੀ ਇੱਜ਼ਤ ਨਾਲ ਖਿਲਵਾੜ ਕਰੇਗੀ?" ਦੇਸ਼ ਦੇ ਇੱਕ ਵੱਡੇ ਅਖਬਾਰ ਨੇ ਆਪਣੇ ਐਡੀਟੋਰੀਅਲ ਲੇਖ ਵਿਚ ਦੇਸ਼ ਭਗਤੀ ਦਿਖਾਈ ਸੀ। ਉਸ ਦੇ ਨਾਂ 'ਫਿਲਪ ਈਜਵਾ' ਨੂੰ ਵਿਗਾੜ ਕੇ ਫਲਾਪ ਈਜਵਾ ਕਰ ਦਿੱਤਾ ਸੀ।

"ਰੱਬ ਦਾ ਵਾਸਤਾ ਦੇਸ਼ ਦੇ ਭਲੇ ਵਾਸਤੇ ਦੌੜਨਾ ਬੰਦ ਕਰ ਦੇ।" ਇੱਕ ਹੋਰ ਨੇ ਲਿਖਿਆ ਸੀ।

ਪੜ੍ਹ ਕੇ ਉਹ ਹੈਰਾਨ ਹੋ ਰਹੀ ਸੀ। ਭਲਾ ਉਸ ਦੇ ਦੌੜਨ ਨਾਲ ਦੇਸ਼ ਦਾ ਨੁਕਸਾਨ ਹੁੰਦਾ ਹੈ? ਜੇਕਰ ਉਹ ਦੌੜਨਾ ਬੰਦ ਕਰ ਦੇਵੇ ਤਾਂ ਦੇਸ਼ ਦਾ ਭਲਾ ਕਿੰਝ ਹੋ ਜਾਵੇਗਾ? ਕੀ ਇਨ੍ਹਾਂ ਅਖਬਾਰਾਂ ਵਾਲਿਆਂ ਨੂੰ ਨਹੀਂ ਪਤਾ ਕਿ ਕਿਉਂ ਦੌੜੀ ਜਾ ਰਹੀ ਹੈ? ਇਹ ਉਮਰ ਤਾਂ ਆਪਣੀ ਬੁੱਢੀ ਵਿਧਵਾ ਮਾਂ ਦੇ ਬੁਢਾਪੇ ਦੀ ਦੇਖ-ਭਾਲ ਕਰਨ, ਬੱਚੇ ਦਾ ਖਿਆਲ ਰੱਖਣ ਅਤੇ ਆਪਣੇ ਪਤੀ ਨਾਲ ਮੌਜਾਂ ਮਾਨਣ ਦੀ ਹੈ। ਕਿਸੇ ਚੰਗੀ ਫਰਮ ਵਿਚ ਉਚੇ ਅਹੁਦੇ 'ਤੇ ਕੰਮ ਕਰਨ ਦੀ ਅਤੇ ਵਿਹਲੇ ਰਹਿ ਕੇ ਖਿਡਾਰਨਾਂ ਨੂੰ ਸਿਖਿਅਤ ਕਰਨ ਦੀ। ਫੇਰ ਵੀ ਉਹ ਦੌੜ ਰਹੀ ਹੈ ਤਾਂ ਉਸ ਦੇ ਪਿੱਛੇ ਕੋਈ ਕਾਰਨ ਤਾਂ ਹੋਊ, ਇਹ ਕੋਈ ਅਖਬਾਰ ਵਾਲਾ ਕਿਉਂ ਨਹੀਂ ਜਾਨਣਾ ਚਾਹੁੰਦਾ? ਉਸ ਦੇ ਅੰਦਰ ਝਾਕਣ ਦਾ ਤਾਂ ਕਦੇ ਕਿਸੇ ਪੱਤਰਕਾਰ ਨੇ ਯਤਨ ਹੀ ਨਹੀਂ ਕੀਤਾ।

ਈਜਵਾ ਸੋਚਦੀ ਹੈ ਕਿ ਉਸ ਨੇ ਪਿਉ ਦੀ ਮੌਤ ਦੇ ਬਾਵਜੂਦ ਦਿਲ ਨਹੀਂ ਢਾਹਿਆ। ਪਰਿਵਾਰ ਦੀ ਸਭ ਤੋਂ ਵੱਡੀ ਮੈਂਬਰ ਹੋਣ 'ਤੇ ਵੀ ਪਰਿਵਾਰ ਦੀ ਫਿਕਰ ਨਹੀਂ ਕੀਤੀ; ਜੇਕਰ ਫਿਕਰ ਕੀਤੀ ਹੈ ਤਾਂ ਦੇਸ਼ ਦੀ। ਦੇਸ਼ ਦੇ ਸੌ ਕਰੋੜ ਲੋਕਾਂ ਦੀ ਇੱਜ਼ਤ ਲਈ ਲਗਾਤਾਰ ਪੰਦਰਾਂ ਸਾਲ ਤੋਂ ਦੌੜਦੀ ਆ ਰਹੀ ਹੈ। ਦੇਸ਼ ਦੇ ਲੋਕਾਂ ਦੀ ਝੋਲੀ 'ਚ ਸੈਂਕੜਿਆਂ ਦੀ ਗਿਣਤੀ ਵਿਚ ਤਗਮੇ ਜਿੱਤ ਕੇ ਪਾਏ ਨੇ। ਇਸ ਵਾਰ ਫਾਈਨਲ ਹੀਟ ਦੌੜਨ ਲਈ ਜਦੋਂ ਆਪਣੀ ਲੇਨ ਵਿਚ ਆਈ ਸੀ ਤਾਂ ਦਿਲ ਕਿੰਨਾ ਭਰਿਆ ਹੋਇਆ ਸੀ।

"ਪਿਆਰੀ ਮਿਤਰ ਈਜ਼ਾ, ਤੂੰ ਲੰਮੇ ਚਿਰ ਥੱਕ ਕਿਉਂ ਦੌੜਦੀ ਚਲੀ ਆ ਰਹੀ ਏਂ? ਹੁਣ ਤਾਂ ਆਪਣੇ ਦੇਸ਼ ਦੀ ਕਿਸੇ ਖੇਡ ਸੰਸਥਾ ਦੀ ਅਗਵਾਈ ਕਰ। ਕਿਸੇ ਉਚੇ ਅਹੁਦੇ 'ਤੇ ਬੈਠ।" ਬਿਲਕੁਲ ਨਾਲ ਵਾਲੀ ਲੇਨ ਵਿਚ ਦੌੜਨ ਲਈ ਤਿਆਰ ਮਲੇਸ਼ਿਆਈ ਦੌੜਾਕ ਤਾਤਰੀਆ ਹੂਨ ਨੇ ਆਖਿਆ ਸੀ। ਹੂਨ ਪਿਛਲੀ ਵਾਰ ਉਸ ਤੋਂ ਹਾਰ ਕੇ ਰਨਰ-ਅੱਪ ਰਹੀ ਸੀ।

ਮਲੇਸ਼ਿਆਈ ਦੌੜਾਕ ਦੀ ਗੱਲ ਸੁਣ ਕੇ ਈਜਵਾ ਨੂੰ ਆਪਣੇ ਆਪ 'ਤੇ ਤਰਸ ਆਇਆ ਸੀ। ਉਸ ਨੇ ਸਾਰੇ ਸਟੇਡੀਅਮ ਵਿਚ ਦੂਰ ਤੱਕ ਝਾਤੀ ਮਾਰੀ। ਵੱਖ-ਵੱਖ ਦੇਸ਼ਾਂ ਦੇ ਕੌਮੀ ਝੰਡੇ ਝੂਲ ਰਹੇ ਸਨ। ਤਿਰੰਗੇ ਝੰਡੇ 'ਤੇ ਨਿਗਾਹ ਗਈ ਤਾਂ ਅੱਖਾਂ ਆਪ ਮੁਹਾਰੇ ਛਲਕ ਪਈਆਂ ਸਨ।

"ਆਪਣੇ ਤਿਰੰਗੇ ਦੀ ਸ਼ਾਨ ਲਈ!"

ਮਲੇਸ਼ਿਆਈ ਦੌੜਾਕ ਦੇ ਜੁਆਬ 'ਚ ਉਹ ਬੱਸ ਇੰਨਾ ਬੋਲ ਸਕੀ ਸੀ। ਉਦੋਂ ਈਜਵਾ ਦਾ ਜੀਅ ਕੀਤਾ ਸੀ ਆਪਣੀ ਇਸ ਸਾਥਣ ਦੌੜਾਕ ਨੂੰ ਦੱਸੇ ਕਿ ਜਿਸ ਤਿਰੰਗੇ ਦੀ ਸ਼ਾਨ ਲਈ ਉਹ ਟਰੈਕ 'ਤੇ ਖੂਨ ਪਸੀਨਾ ਵਹਾਉਂਦੀ ਹੈ, ਦੇਸ਼ ਦੇ ਅਧਿਕਾਰੀਆਂ ਨੂੰ ਉਸ ਤਿਰੰਗੇ ਦੀ ਕੋਈ ਫਿਕਰ ਨਹੀਂ। ਖੇਡ ਫੈਡਰੇਸ਼ਨਾਂ ਦੇ ਕਰਤੇ-ਧਰਤੇ ਤਾਂ ਕੇਵਲ ਪੈਸੇ ਪਿੱਛੇ ਦੌੜਦੇ ਨੇ। ਮਾਇਆ ਇਕੱਠੀ ਕਰਨ ਲਈ ਆਪਸ ਵਿਚ ਕੁੱਕੜਖੋਹ ਕਰਦੇ ਰਹਿੰਦੇ ਨੇ। ਖੇਡਾਂ ਦੇ ਨਾਂ 'ਤੇ ਵਿਦੇਸ਼ਾਂ ਦੇ ਦੌਰੇ ਕਰਦੇ ਨੇ। ਵਿਦੇਸ਼ਾਂ 'ਚੋਂ ਬੈਗ ਭਰ-ਭਰ ਮਹਿੰਗੀਆਂ ਚੀਜ਼ਾਂ ਲਿਜਾ-ਲਿਜਾ ਸਮਗਲਿੰਗ ਕਰਦੇ ਨੇ। ਟੂਰ ਪਾਉਂਦੇ ਨੇ ਤੇ ਬੱਸ। ਨਵੀਆਂ ਪ੍ਰਤਿਭਾਵਾਂ ਦੀ ਤਲਾਸ਼ ਕਰਨ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ। ਉਹ ਆਪਣੇ ਦੇਸ਼ ਦੀ ਲਾਜ ਰੱਖਣ ਲਈ ਦੌੜਦੀ ਜਾ ਰਹੀ ਹੈ। ਜਨ-ਗਨ-ਮਨ ਦੀ ਧੁਨ ਸਟੇਡੀਅਮ ਵਿਚ ਗੂੰਜਾਉਣ ਲਈ।

ਈਜਵਾ ਸੋਚਦੀ ਹੈ-ਉਹ ਤਾਂ ਜਿੱਤਣ ਲਈ ਹੀ ਦੌੜੀ ਸੀ, ਜੇ ਮੈਡਲ ਨਹੀਂ ਜਿੱਤ ਸਕੀ ਤਾਂ ਉਸ ਬਾਰੇ ਬੁਰੇ-ਭਲੇ ਆਰਟੀਕਲ ਲਿਖੇ ਜਾ ਰਹੇ ਹਨ। ਇੱਕ ਖਾਸ ਕਿਸਮ ਦੀ ਪ੍ਰੈੱਸ ਵੱਲੋਂ ਤਾਂ ਉਸ ਨੂੰ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ। ਉਸ ਨੂੰ ਫਿਲਪ ਈਜਵਾ ਦੀ ਥਾਂ ਫਲਾਪ ਈਜਵਾ ਲਿਖ-ਲਿਖ ਚਿੜਾਇਆ ਗਿਆ। ਉਸ ਨੇ ਤਾਂ ਕਦੇ ਆਪਣੇ ਧਰਮ ਬਾਰੇ ਸੋਚਿਆ ਹੀ ਨਹੀਂ ਸੀ, ਉਹ ਤਾਂ ਖੇਡ ਨੂੰ ਹੀ ਧਰਮ ਸਮਝਦੀ ਆਈ ਸੀ ਪ੍ਰੰਤੂ ਹੁਣ ਉਸ ਦੀ ਜਾਤ ਅਤੇ ਧਰਮ ਤੱਕ ਨੂੰ ਵੀ ਨਹੀਂ ਬਖਸ਼ਿਆ ਗਿਆ। ਇਹ ਕੋਈ ਛੋਟਾ-ਮੋਟਾ ਮੁਕਾਬਲਾ ਤਾਂ ਨਹੀਂ ਸੀ, ਅੰਤਰਰਾਸ਼ਟਰੀ ਮੁਕਾਬਲਾ ਸੀ ਜਿਸ 'ਚ ਉਹ ਚੌਥੇ ਨੰਬਰ 'ਤੇ ਆਈ ਹੈ। ਕਿੰਨੇ ਦੇਸ਼ਾਂ ਦੀਆਂ ਖਿਡਾਰਨਾਂ ਨੂੰ ਪਛਾੜ ਕੇ ਉਹ ਫਾਈਨਲ ਹੀਟ ਵਿਚ ਪੁੱਜੀ ਅਤੇ ਫੇਰ ਚੌਥਾ ਸਥਾਨ ਹਾਸਲ ਕੀਤਾ; ਇਹ ਸੰਘਰਸ਼ ਕਿਸੇ ਨੂੰ ਕਿਉਂ ਦਿਖਾਈ ਨਹੀਂ ਦਿੰਦਾ? ਉਸ ਨੇ ਤਾਂ ਟਰੈਕ 'ਤੇ ਖੂਨ ਪਸੀਨਾ ਵਹਾਉਂਦਿਆਂ ਸੋਚਿਆ ਸੀ ਕਿ ਉਸ ਬਾਰੇ ਵੱਡੇ-ਵੱਡੇ ਲੇਖ ਲਿਖੇ ਜਾਣਗੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਚਾਰ ਸਾਲ ਪਹਿਲਾਂ ਉਸ ਦੇ ਜਿੱਤ ਕੇ ਆਉਣ 'ਤੇ ਲਿਖੇ ਗਏ ਸਨ। ਉਦੋਂ ਕਿਸੇ ਨੇ ਉਡਣ ਪਰੀ, ਕਿਸੇ ਨੇ ਹਵਾ ਦੀ ਰਾਣੀ, ਕਿਸੇ ਨੇ ਫਲਾਈਂਗ ਮੇਲ ਅਤੇ ਕਿਸੇ ਨੇ ਸ਼ਤਾਬਦੀ ਐਕਸਪ੍ਰੈੱਸ ਲਿਖਿਆ ਸੀ।

ਫਿਲਪ ਈਜਵਾ ਨੂੰ ਉਮੀਦ ਸੀ, ਉਸ ਬਾਰੇ ਅੱਗੇ ਵਾਂਗ ਵੱਡੇ-ਵੱਡੇ ਲੇਖ ਲਿਖੇ ਜਾਣਗੇ ਜਿਨ੍ਹਾਂ ਵਿਚ ਦੇਸ਼ ਦੇ ਨੌਜੁਆਨ ਖਿਡਾਰੀਆਂ-ਖਿਡਾਰਨਾਂ ਨੂੰ ਉਸ ਤੋਂ ਪ੍ਰੇਰਨਾ ਲੈਣ ਲਈ ਕਿਹਾ ਜਾਵੇਗਾ। ਉਸ ਦੀਆਂ ਦੇਸ਼ ਮੋਹ ਦੀਆਂ ਅਸੀਮ ਭਾਵਨਾਵਾਂ ਬਾਰੇ ਵਿਖਿਆਨ ਹੋਣਗੇ। ਦੇਸ਼ ਦੀ ਪ੍ਰੈਸ ਲਿਖੇਗੀ ਕਿ ਐਨੀ ਉਮਰ ਦੇ ਹੋਣ ਦੇ ਬਾਵਜੂਦ 'ਮਹਾਨ ਔਰਤ ਫਿਲਪ ਈਜਵਾ' ਦੇਸ਼ ਦੀ ਆਨ-ਸ਼ਾਨ ਖਾਤਰ ਟਰੈਕ 'ਤੇ ਖੂਨ ਡੋਲ੍ਹ ਰਹੀ ਹੈ। ਉਸ ਦੇ ਚੌਥੇ ਨੰਬਰ 'ਤੇ ਆਉਣ ਨੂੰ ਵੀ ਮਹਾਨ ਉਪਲਬਧੀ ਕਰਾਰ ਦਿੱਤਾ ਜਾਵੇਗਾ। ਉਸ ਦੀ ਖੇਡ ਭਾਵਨਾ ਦੇ ਗੁਣਗਾਨ ਹੋਣਗੇ ਅਤੇ ਲਗਾਤਾਰ ਦੌੜਦੀ ਰਹਿਣ ਦੀਆਂ ਭਾਵੁਕ ਅਪੀਲਾਂ ਹੋਣਗੀਆਂ।

ਫਿਲਪ ਈਜਵਾ ਨੂੰ ਉਮੀਦ ਨਹੀਂ ਸੀ ਕਿ ਖੇਡ ਮੁਕਾਬਲੇ ਤੋਂ ਪਰਤਦਿਆਂ ਹਵਾਈ ਅੱਡੇ 'ਤੇ ਉਸ ਨਾਲ ਅਜਿਹਾ ਵਿਹਾਰ ਕੀਤਾ ਜਾਵੇਗਾ। ਚਾਰ ਸਾਲ ਪਹਿਲਾਂ ਉਸ ਨੂੰ ਹੀਰੋ ਵਾਂਗ ਸਨਮਾਨ ਦਿੱਤਾ ਗਿਆ ਸੀ। ਉਸ ਦੀ ਜਿੱਤ ਦੇ ਕੁਝ ਘੰਟਿਆਂ ਦੇ ਵਿਚ ਹੀ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਖੇਡ ਮੰਤਰੀ ਉਸ ਨੂੰ ਹਵਾਈ ਅੱਡੇ ਤੋਂ ਲੈਣ ਲਈ ਪਹੁੰਚੇ ਸਨ। ਖੇਡ ਅਧਿਕਾਰੀਆਂ, ਲੀਡਰਾਂ ਅਤੇ ਅਜਿਹੇ ਹੋਰ ਕਰਤਿਆਂ-ਧਰਤਿਆਂ ਵਲੋਂ ਉਸ ਨੂੰ ਹਾਰਾਂ ਨਾਲ ਲੱਦ ਦਿੱਤਾ ਗਿਆ ਸੀ। ਪੱਤਰਕਾਰਾਂ, ਟੈਲੀਵਿਜ਼ਨ ਵਾਲਿਆਂ ਅਤੇ ਮੀਡੀਆ ਨਾਲ ਸਬੰਧਿਤ ਲੋਕਾਂ ਨੇ ਉਸ ਦੀ ਇੰਟਰਵਿਊ ਕਰਨ ਲਈ ਘੇਰਾ ਪਾਈ ਰੱਖਿਆ ਸੀ। ਜਦੋਂ ਉਸ ਨੂੰ ਪੁੱਛਿਆ ਸੀ ਕਿ ਉਹ ਆਪਣੀ ਇਸ ਮਹਾਨ ਜਿੱਤ ਲਈ ਸਿਹਰਾ ਕਿਸ ਨੂੰ ਦਿੰਦੀ ਹੈ ਤਾਂ ਉਸ ਨੇ ਨਿਉਂ ਕੇ ਧਰਤੀ ਤੋਂ ਮਿੱਟੀ ਚੁੱਕ ਮੱਥੇ ਨਾਲ ਲਾਉਂਦਿਆਂ, "ਆਪਣੀ ਇਸ ਮਾਂ ਭੂਮੀ ਨੂੰ!" ਆਖਿਆ ਸੀ। ਅੱਖਾਂ 'ਚੋਂ ਛਲਕਦੇ ਖੁਸ਼ੀ ਦੇ ਅੱਥਰੂ ਕੈਮਰਿਆਂ 'ਚ ਕੈਦ ਹੋ ਗਏ ਸਨ। ਪ੍ਰਸ਼ੰਸਕਾਂ ਦੀ ਭਾਰੀ ਭੀੜ ਉਸ ਦੇ ਨਾਂ ਦੇ ਨਾਅਰੇ ਲਾ ਰਹੀ ਸੀ। ਲੋਕਾਂ ਦੇ ਸਨੇਹ ਦਾ ਹੱਥ ਹਿਲਾ-ਹਿਲਾ ਜੁਆਬ ਦਿੰਦਿਆਂ ਉਸ ਦੀਆਂ ਬਾਹਾਂ ਥੱਕ ਗਈਆਂ ਸਨ। ਬੜੀ ਮੁਸ਼ਕਿਲ ਨਾਲ ਸੁਰੱਖਿਆ ਅਧਿਕਾਰੀਆਂ ਨੇ ਉਸ ਨੂੰ ਭਾਰੀ ਭੀੜ 'ਚੋਂ ਕੱਢਿਆ ਸੀ।

ਪਰ ਇਸ ਵਾਰ? ਇਸ ਵਾਰ ਤਾਂ ਉਸ ਦੇ ਦਿਲ ਅਤੇ ਦਿਮਾਗ ਨੂੰ ਗਹਿਰਾ ਸਦਮਾ ਲੱਗਾ ਸੀ। ਕਿਸੇ ਖੇਡ ਅਧਿਕਾਰੀ ਜਾਂ ਚੌਧਰੀ ਨੇ ਉਸ ਵੱਲ ਧਿਆਨ ਹੀ ਨਹੀਂ ਸੀ ਦਿੱਤਾ। ਖਿਡਾਰੀਆਂ ਨੂੰ ਏਅਰਪੋਰਟ 'ਤੇ ਲੈਣ ਪੁੱਜੇ ਅਧਿਕਾਰੀਆਂ ਜਿਨ੍ਹਾਂ 'ਚੋਂ ਵਧੇਰੇ ਚਾਰ ਸਾਲ ਪਹਿਲਾਂ ਵਾਲੇ ਹੀ ਸਨ, ਵਾਸਤੇ ਉਹ ਕੋਈ ਸਾਧਾਰਨ ਔਰਤ ਸੀ। ਸਿਰਫ ਇੱਕ ਅਧਿਕਾਰੀ ਨੇ ਰੁਟੀਨ ਮੁਤਾਬਕ ਹਲਕਾ ਜਿਹਾ ਮੁਸਕਰਾ ਕੇ ਉਸ ਦੇ ਗਲ ਵਿਚ ਹਾਰ ਪਾ ਦਿੱਤਾ ਸੀ, ਜਿਵੇਂ ਏਅਰਪੋਰਟ 'ਤੇ ਪੁੱਜੇ ਬਾਕੀ ਖਿਡਾਰੀਆਂ ਦੇ ਪਾਇਆ ਸੀ। ਪੱਤਰਕਾਰ ਜਾਂ ਮੀਡੀਆ ਦੇ ਕਿਸੇ ਬੰਦੇ ਨੇ ਉਸ ਨਾਲ ਗੱਲ ਕਰਨੀ ਯੋਗ ਨਹੀ ਸੀ ਸਮਝੀ। ਸਾਰੇ ਖੇਡ ਅਧਿਕਾਰੀ 800 ਮੀਟਰ ਵਿਚੋਂ ਸੋਨ ਤਮਗਾ ਜਿੱਤਣ ਵਾਲੀ ਨੌਜੁਆਨ ਖਿਡਾਰਨ 'ਰਮਨ ਸਰਕਾਰ' ਵੱਲ ਉਲਰ ਗਏ ਸਨ। ਰਮਨ ਦਾ ਉਸ ਤਰ੍ਹਾਂ ਦਾ ਸਵਾਗਤ ਤਾਂ ਭਾਵੇਂ ਨਹੀਂ ਸੀ ਕੀਤਾ ਗਿਆ ਜਿਹੋ ਜਿਹਾ ਚਾਰ ਸਾਲ ਪਹਿਲਾਂ ਉਸ ਦਾ ਹੋਇਆ ਸੀ, ਫੇਰ ਵੀ ਸੰਤੁਸ਼ਟੀਜਨਕ ਸੀ। ਬਾਕੀ ਅਥਲੀਟ ਜਿਵੇਂ ਬੌਣੇ ਹੋ ਕੇ ਰਹਿ ਗਏ ਸਨ। ਰਮਨ ਸਰਕਾਰ ਹੱਥ ਹਿਲਾ-ਹਿਲਾ ਆਪਣੇ ਸਨੇਹੀਆਂ ਦਾ ਜੁਆਬ ਦੇ ਰਹੀ ਸੀ।

ਆਪਣੇ ਸਾਥੀ ਅਥਲੀਟ ਦੀ ਅਜਿਹੀ ਪ੍ਰਾਪਤੀ 'ਤੇ ਈਜਵਾ ਨੂੰ ਅੰਦਰੇ-ਅੰਦਰ ਖੁਸ਼ੀ ਤਾਂ ਮਹਿਸੂਸ ਹੋਈ ਪਰ ਇਹ ਖੁਸ਼ੀ ਉਸ ਦੇ ਚਿਹਰੇ ਤੱਕ ਨਾ ਪੁੱਜ ਸਕੀ। ਉਹ ਤਾਂ ਅਗਲੇ ਚਾਰ ਸਾਲਾਂ ਬਾਰੇ ਸੋਚਣ ਲੱਗੀ ਸੀ ਕਿ ਜੇਕਰ ਰਮਨ ਅਗਲੀ ਵਾਰ ਮੇਰੇ ਵਾਂਗ ਖਾਲੀ ਹੱਥ ਪਰਤ ਆਈ, ਉਸ ਨੂੰ ਤਾਂ ਕੋਈ ਪਛਾਣੇਗਾ ਵੀ ਨਹੀਂ। ਉਸ ਵਕਤ ਰਮਨ ਸਰਕਾਰ ਦਾ ਦਿਲ ਕਿੰਨਾ ਦੁਖੀ ਹੋਵੇਗਾ!

ਫਿਲਪ ਈਜਵਾ ਨੇ ਦੀਵਾਰ 'ਤੇ ਲਟਕਦੀਆਂ ਆਪਣੀਆਂ ਸਨਮਾਨ ਵਾਲੀਆਂ ਤਸਵੀਰਾਂ ਵੱਲ ਵੇਖਿਆ। ਅੱਜ ਤੋਂ ਚਾਰ ਸਾਲ ਪਹਿਲਾਂ ਜਦੋਂ ਉਹ ਤਗਮਿਆਂ ਦਾ ਰੁੱਗ ਭਰ ਕੇ ਲਿਆਈ ਸੀ, ਪੂਰੇ ਦੇਸ਼ ਅੰਦਰ ਉਸ ਨੂੰ ਵੱਖ-ਵੱਖ ਸੰਸਥਾਵਾਂ ਨੇ ਸਨਮਾਨਿਤ ਕੀਤਾ ਸੀ। ਸਨਮਾਨ ਸਮਾਰੋਹਾਂ ਦਾ ਤਾਂ ਜਿਵੇਂ ਹੜ੍ਹ ਹੀ ਆ ਗਿਆ ਸੀ। ਉਸ ਨੇ ਕਿਸੇ ਵੀ ਸੰਸਥਾ ਦਾ ਦਿਲ ਨਹੀਂ ਸੀ ਤੋੜਿਆ। ਨਿੱਕਾ-ਵੱਡਾ ਹਰ ਤਰ੍ਹਾਂ ਦਾ ਸਨਮਾਨ ਪ੍ਰਾਪਤ ਕਰਨ ਵਿਚ ਅਥਾਹ ਖੁਸ਼ੀ ਮਹਿਸੂਸ ਕੀਤੀ ਸੀ। ਪੂਰੇ ਦੇਸ਼ ਅੰਦਰ ਉਸ ਵਕਤ ਜਿਵੇਂ ਈਜਵਾ ਲਹਿਰ ਚੱਲੀ ਹੋਵੇ। ਕਿਸੇ ਸੂਬੇ ਦੀ ਖੇਡ ਸੰਸਥਾ ਨੇ ਉਸ ਨੂੰ 'ਹਿੰਦੁਸਤਾਨ ਦੀ ਧੀ', ਕਿਸੇ ਨੇ 'ਪੂਰਬ ਦੀ ਧੀ', ਕਿਸੇ ਨੇ 'ਭਾਰਤ ਕੀ ਬੇਟੀ', ਤੇ ਕਿਸੇ ਸੰਸਥਾ ਨੇ 'ਝਾਂਸੀ ਦੀ ਰਾਣੀ' ਸਨਮਾਨ ਦੇ ਕੇ ਉਸ ਨੂੰ ਨਿਵਾਜਿਆ ਸੀ। ਉਸ ਦੇ ਪਹੁੰਚਣ 'ਤੇ 'ਈਜਵਾ ਤੂੰ ਮਹਾਨ ਹੈਂ, ਭਾਰਤ ਦੇਸ਼ ਦੀ ਸ਼ਾਨ ਹੈਂ' ਵਰਗੇ ਨਾਅਰੇ ਲਾਏ ਜਾਂਦੇ ਸਨ। ਢੇਰਾਂ ਦੇ ਢੇਰ ਮਮੈਂਟੋ ਉਸ ਕੋਲ ਇਕੱਠੇ ਹੋ ਗਏ ਸਨ। ਬੜਾ ਰੁਝੇਵਾਂ ਹੋ ਗਿਆ ਸੀ ਜਿਸ ਕਰਕੇ ਅਭਿਆਸ ਲਈ ਵੀ ਮੁਸ਼ਕਿਲ ਨਾਲ ਸਮਾਂ ਕੱਢਣਾ ਪੈਂਦਾ ਸੀ। ਕਿੱਥੇ ਗਏ ਉਹ ਦਿਨ? ਕੋਈ ਜ਼ਿਆਦਾ ਸਮਾਂ ਤਾਂ ਬੀਤਿਆ ਵੀ ਨਹੀਂ। ਕਿੰਨਾ ਹੌਲਾ ਚੇਤਾ ਹੈ ਲੋਕਾਂ ਦਾ। ਉਸ ਦੀਆਂ ਪ੍ਰਾਪਤੀਆਂ ਨੂੰ ਇੰਨੀ ਜਲਦੀ ਭੁਲਾ ਦਿੱਤਾ ਗਿਆ?

ਈਜਵਾ ਦੇ ਚਿਹਰੇ 'ਤੇ ਵਿਅੰਗਮਈ ਮੁਸਕਾਨ ਆ ਗਈ। ਭਾਰਤ ਦੇ ਲੋਕ ਖਿਡਾਰੀਆਂ, ਲਿਖਾਰੀਆਂ, ਕਲਾਕਾਰਾਂ ਨਾਲ ਵੀ ਸਿਆਸਤਦਾਨਾਂ ਵਾਂਗ ਹੀ ਵਰਤਾਓ ਕਰਦੇ ਨੇ। ਜੇ ਕਿਸੇ ਚੋਣ ਵਿਚ ਕਿਸੇ ਨੇਤਾ ਨੂੰ ਭਾਰੀ ਜਿੱਤ ਦੇ ਦਿੰਦੇ ਨੇ ਤਾਂ ਫੇਰ ਉਸੇ ਨੂੰ ਅਗਲੀ ਚੋਣ 'ਚ ਅਜਿਹੀ ਧੂੜ ਵੀ ਚਟਾ ਦਿੰਦੇ ਨੇ ਕਿ ਉਸ ਦਾ ਕਿਧਰੇ ਨਾਂ ਵੀ ਸੁਣਾਈ ਨਹੀਂ ਦਿੰਦਾ। ਬੱਸ ਇਤਿਹਾਸ ਬਣ ਕੇ ਰਹਿ ਜਾਂਦਾ ਹੈ ਉਹ ਨੇਤਾ। ਈਜਵਾ ਦੁਖੀ ਹੈ ਕਿ ਉਸ ਨੂੰ ਨੇਤਾਵਾਂ ਵਾਂਗ ਚਾਰ ਸਾਲਾਂ ਬਾਅਦ ਲੋਕਾਂ ਵਲੋਂ ਕਿਉਂ ਦਰਕਿਨਾਰ ਕਰ ਦਿੱਤਾ ਗਿਆ। ਖਿਡਾਰੀ ਤੇ ਨੇਤਾ ਵਿਚ ਕੀ ਸਮਾਨਤਾ? ਇੱਕ ਦੇਸ਼ ਨੂੰ ਚੂੰਡ-ਚੂੰਡ ਖਾਂਦਾ ਹੈ, ਦੂਜਾ ਦੇਸ਼ ਦੀ ਸ਼ਾਨ ਲਈ ਤੁਪਕਾ-ਤੁਪਕਾ ਕਰ ਕੇ ਆਪਣਾ ਖੂਨ ਵਹਾ ਦਿੰਦਾ ਹੈ। ਲੋਕ ਖਿਡਾਰੀਆਂ ਨਾਲ ਵੀ ਅਜਿਹਾ ਵਰਤਾਓ ਕਿਉਂ ਕਰਦੇ ਨੇ? ਫਿਲਪ ਈਜਵਾ ਦਿਮਾਗ 'ਤੇ ਜ਼ੋਰ ਪਾਉਂਦੀ ਰਹੀ ਪ੍ਰੰਤੂ ਇਸ ਸੁਆਲ ਦਾ ਜੁਆਬ ਉਸ ਨੂੰ ਨਾ ਮਿਲਿਆ।

ਬਚਪਨ ਤੋਂ ਲੈ ਕੇ ਹੁਣ ਤੱਕ ਭੋਗੇ ਦੁੱਖ ਤੇ ਜ਼ਲਾਲਤਾਂ ਈਜਵਾ ਦੀਆਂ ਅੱਖਾਂ ਅੱਗੋਂ ਲੰਘ ਗਏ। ਉਸ ਦੀਆਂ ਅੱਖਾਂ ਅੱਗੇ ਉਹ ਦ੍ਰਿਸ਼ ਸਾਕਾਰ ਹੋ ਗਿਆ ਜਦੋਂ ਉਹ ਹਾਲੇ ਸੱਤ ਕੁ ਵਰ੍ਹਿਆਂ ਦੀ ਬਾਲੜੀ ਸੀ। ਉਸ ਦੇ ਪਿਤਾ ਪੁਸ਼ਪ੍ਰਯਾਂਤ ਨੂੰ ਪਿੰਡ ਦੇ ਮੁਖੀਏ ਵਲੋਂ ਬੇਤਹਾਸ਼ਾ ਮਾਰਿਆ ਗਿਆ ਸੀ। ਉਸ ਦਾ ਕਸੂਰ ਬੱਸ ਇੰਨਾ ਕੁ ਸੀ ਕਿ ਉਸ ਨੇ ਪਿੰਡ ਦੇ ਸਾਂਝੇ ਤਲਾਬ ਵਿਚੋਂ ਪੀਣ ਵਾਲਾ ਪਾਣੀ ਭਰ ਲਿਆ ਸੀ। ਮੁਖੀਆ ਭਰੇ ਇਕੱਠ 'ਚ ਪਿਤਾ ਨੂੰ ਸੋਟੀਆਂ, ਕੋੜਿਆਂ ਅਤੇ ਜੁੱਤੀਆਂ ਨਾਲ ਕੁੱਟਦਾ ਰਿਹਾ ਪਰ ਕਿਸੇ ਨੇ ਉਸ ਨੂੰ ਬਚਾਉਣ ਲਈ ਆਵਾਜ਼ ਤੱਕ ਨਹੀਂ ਸੀ ਲਗਾਈ। ਮੁਖੀਆ ਉਸ ਦੇ ਬਾਪ ਨੂੰ ਉਨਾ ਚਿਰ ਤੱਕ ਕੁੱਟਣੋਂ ਨਹੀਂ ਸੀ ਹਟਿਆ ਜਿੰਨਾ ਚਿਰ ਤਕ ਉਹ ਬੇਹੋਸ਼ ਨਹੀਂ ਸੀ ਹੋ ਗਿਆ। ਆਪਣੇ ਪਤੀ ਨੂੰ ਬਚਾਉਣ ਲਈ ਵਾਰ-ਵਾਰ ਉਸ ਉਪਰ ਡਿੱਗ ਪੈਂਦੀ ਮਾਂ ਈਜਵਾ ਨੂੰ ਦਿਖਾਈ ਦਿੰਦੀ ਹੈ।

ਈਜਵਾ ਨੂੰ ਆਪਣੀ ਮਾਂ ਨਾਲ ਹੋਈ ਧੱਕੇਸ਼ਾਹੀ ਵੀ ਯਾਦ ਆਈ। ਪਿੰਡ ਦੇ ਕੁਝ ਜਗੀਰਦਾਰ ਮੁੰਡਿਆਂ ਨੇ ਖੇਤਾਂ ਵਿਚੋਂ ਧਾਨ ਦੀ ਚੋਰੀ ਦਾ ਬਹਾਨਾ ਬਣਾ ਕੇ ਉਸ ਨਾਲ ਖਿੱਚ-ਧੂਹ ਕੀਤੀ ਸੀ। ਈਜਵਾ ਅਸਲ ਗੱਲ ਜਾਣਦੀ ਸੀ ਕਿ ਮਾਂ ਨੇ ਆਪਣਾ ਆਪ ਉਨ੍ਹਾਂ ਨੂੰ ਨਹੀਂ ਸੀ ਸੌਂਪਿਆ।

ਅੱਜ ਤਾਂ ਈਜਵਾ ਦਾ ਜਿਵੇਂ ਅੰਦਰ ਹੀ ਕੁਰੇਦਿਆ ਗਿਆ। ਉਸ ਦੀਆਂ ਅੱਖਾਂ ਅੱਗੇ ਪ੍ਰਾਇਮਰੀ ਸਕੂਲ ਦੇ ਦਿਨ ਆ ਖਲੋਤੇ। ਪੰਜਵੀਂ ਜਮਾਤ ਵਿਚ ਪੜ੍ਹਦਿਆਂ ਉਸ ਨੇ ਸਕੂਲਾਂ ਦੀਆਂ ਸਾਲਾਨਾ ਖੇਡਾਂ ਸਮੇਂ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਹਾਸਲ ਕਰ ਲਿਆ ਸੀ। ਚਾਅ ਵਿਚ ਕਈ ਦਿਨ ਉਸ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗੇ। ਸਕੂਲ ਦੇ ਸਲਾਨਾ ਫੰਕਸ਼ਨ ਵਾਲੇ ਦਿਨ ਖੇਡਾਂ ਦੇ ਜੇਤੂਆਂ ਨੂੰ ਇਨਾਮ ਅਤੇ ਸਰਟੀਫਿਕੇਟ ਵੰਡਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਬੁਲਾਇਆ ਗਿਆ ਸੀ। ਉਹ ਆਪਣੇ ਘਸੇ ਪੁਰਾਣੇ ਕੱਪੜਿਆਂ ਨੂੰ ਧੋ ਸੰਵਾਰ ਕੇ ਸਕੂਲ ਪਾ ਕੇ ਆਈ ਸੀ। ਉਸ ਨੂੰ ਉਮੀਦ ਸੀ ਕਿ ਸਭ ਤੋਂ ਪਹਿਲਾਂ ਉਸੇ ਦਾ ਨਾਂ ਇਨਾਮ ਲੈਣ ਲਈ ਬੋਲਿਆ ਜਾਵੇਗਾ। ਜ਼ਿਲ੍ਹਾ ਸਿੱਖਿਆ ਅਫਸਰ ਉਸ ਦੀ ਪਿੱਠ ਥਾਪੜਦਿਆਂ ਇਨਾਮ ਅਤੇ ਸਰਟੀਫਿਕੇਟ ਦੇਣਗੇ। ਸਕੂਲ ਦੇ ਸਾਰੇ ਬੱਚੇ ਅਤੇ ਅਧਿਆਪਕ ਕਿੰਨਾ ਚਿਰ ਤਾੜੀਆਂ ਮਾਰਦੇ ਰਹਿਣਗੇ। ਈਜਵਾ ਹੈਰਾਨ ਰਹਿ ਗਈ ਸੀ। ਉਸ ਦਾ ਅਖੀਰ ਤਕ ਕਿਸੇ ਨੇ ਨਾਂ ਨਹੀਂ ਸੀ ਲਿਆ। ਉਸ ਦਾ ਬਣਦਾ ਇਨਾਮ ਸਕੂਲ ਵਿਚ ਪੜ੍ਹਾਉਂਦੇ ਮਾਸਟਰ ਦੀ ਉਸ ਕੁੜੀ ਨੂੰ ਦੇ ਦਿੱਤਾ ਸੀ ਜੋ ਕਦੇ ਖੇਡ ਗਰਾਊਂਡ ਦੇ ਨੇੜਿਓਂ ਵੀ ਨਹੀਂ ਸੀ ਲੰਘੀ। ਉਸ ਦੇ ਬਾਲ ਮਨ ਨੂੰ ਕਿੰਨੀ ਠੇਸ ਲੱਗੀ ਸੀ, ਸ਼ਾਇਦ ਕੋਈ ਨਹੀਂ ਜਾਣ ਸਕਦਾ। ਘਰ ਆ ਕੇ ਕਿੰਨਾ ਚਿਰ ਰੋਂਦੀ ਰਹੀ ਸੀ। ਮਾਂ ਅਤੇ ਪਿੰਜਰ ਜਿਹਾ ਬਾਪ ਉਸ ਨਾਲ ਲਾਡ-ਦੁਲਾਰ ਕਰਦਿਆਂ ਚੁੱਪ ਕਰਾਉਂਦੇ ਆਪਣੇ ਛੋਟੀ ਜਾਤ ਵਿਚ ਜਨਮ ਲੈਣ ਕਾਰਨ ਕਰਮਾਂ ਨੂੰ ਕੋਸਦੇ ਰਹੇ ਸਨ।

ਫਿਲਪ ਈਜਵਾ ਨੂੰ ਹਾਈ ਸਕੂਲ ਦੀ ਪੜ੍ਹਾਈ ਦੇ ਦਿਨ ਵੀ ਚੇਤੇ ਆਏ। ਉਹ ਖੇਡਾਂ ਲਈ ਰਾਖਵੇਂ ਪੀਰੀਅਡ ਤੋਂ ਇਲਾਵਾ, ਜਦੋਂ ਵੀ ਕਦੇ ਵਕਤ ਮਿਲਦਾ, ਸਕੂਲ ਦੇ ਰੋੜਾਂ ਤੇ ਕੰਡਿਆਂ ਨਾਲ ਭਰੇ ਉਗੜ-ਦੁਗੜੇ ਟਰੈਕ ਦੇ ਗੇੜੇ ਲਾਉਣ ਲੱਗ ਜਾਂਦੀ ਸੀ। ਛੁੱਟੀ ਤੋਂ ਬਾਅਦ ਵੀ ਕਿੰਨਾ-ਕਿੰਨਾ ਚਿਰ ਖੇਡ ਮੈਦਾਨ 'ਚ ਪ੍ਰੈਕਟਿਸ ਕਰਦੀ। ਸਕੂਲ ਦੀ ਗਰਾਊਂਡ ਵਿਚ ਦੌੜਦੀ ਨੂੰ ਟਿਚਕਰਾਂ ਸੁਣਨੀਆਂ ਪੈਂਦੀਆਂ ਸਨ। ਕੱਸਵੇਂ ਫਿਕਰਿਆਂ ਦਾ ਸ਼ਿਕਾਰ ਹੋਣਾ ਪੈਂਦਾ। ਅਜਿਹੇ ਕੱਸਵੇਂ ਫਿਕਰੇ ਆਪਣੇ 'ਸ਼ੁੱਧ ਖੂਨ' ਹੋਣ ਦਾ ਘੁਮੰਡ ਕਰਦੇ ਸਕੂਲ ਦੇ ਅਮੀਰਜ਼ਾਦਿਆਂ ਵਲੋਂ ਹੀ ਨਹੀਂ, ਕਈ ਅਧਿਆਪਕਾਂ ਵਲੋਂ ਵੀ ਕੱਸੇ ਜਾਂਦੇ ਸਨ। ਇੱਕ ਮਾਸਟਰ ਤਾਂ ਉਸ ਦੀ ਪਿੱਠ ਪਿੱਛੇ ਆਖਦਾ, 'ਸਹੁਰੀ ਦੀ ਕਮਜਾਤ ਹਿਰਨ ਵਾਂਗੂੰ ਚੁੰਗੀਆਂ ਭਰਦੀ ਏ...ਦੇਖੋ ਕਿਵੇਂ ਗਰਾਊਂਡ 'ਚ ਟੱਪਦੀ ਫਿਰਦੀ...ਐਵੇਂ ਲੱਤਾਂ ਚੌੜੀਆਂ ਕਰਦੀ ਏ, ਇਸ ਤੋਂ ਚੰਗਾ ਨਹੀਂ ਕਿ ਕਿਸੇ ਸਾਡੇ ਵਰਗੇ ਨਾਲ ਮੌਜਾਂ ਮਾਣੇਂ।'

'ਕੁਜਾਤ ਕੁਝ ਵਧੇਰੇ ਮੱਛਰ ਗਈ ਏ...ਪ੍ਰਯਾਂਤੀ ਦੇ ਝੌਂਪੜ ਨੂੰ ਸੋਨੇ ਦੇ ਮੈਡਲਾਂ ਨਾਲ ਭਰਨ ਦੇ ਸੁਪਨੇ ਲੈਣ ਲੱਗੀ ਏ।' ਕੋਈ ਹੋਰ ਉਸ ਨੂੰ ਸੁਣਾ ਕੇ ਆਖਦਾ, 'ਦੌੜ ਰਹੀ ਏ? ਅੱਛੀ ਗੱਲ ਏ। ਹੱਡ ਮਜ਼ਬੂਤ ਹੋ ਰਹੇ ਨੇ...ਇਹ ਤਸੱਲੀ ਵਾਲੀ ਗੱਲ ਏ-ਫਿਲਪੀ ਦੌੜੀ ਚੱਲ। ਲੱਤਾਂ ਤੇ ਹਿੱਕ ਮਜ਼ਬੂਤ ਕਰ...ਅਸਾਨੂੰ ਇਸ ਦਾ ਇੰਤਜ਼ਾਰ ਏ।'

ਉਦੋਂ ਉਸ ਦਾ ਜੀਅ ਕਰਦਾ ਅਜਿਹੇ ਹੋਛੇ ਨਵਾਬਜ਼ਾਦਿਆਂ ਦੇ ਮੂੰਹ ਨੋਚ ਲਏ ਪਰ ਉਹ ਅਜਿਹੇ ਫਿਕਰੇ ਸੁਣ ਕੇ ਵੀ ਅਣਸੁਣੇ ਕਰ ਦਿੰਦੀ।

ਈਜਵਾ ਸੋਚ ਰਹੀ ਕਿ ਉਨ੍ਹਾਂ ਦਿਨਾਂ ਨੂੰ ਭਲਾ ਕਿਵੇਂ ਭੁੱਲਾ ਸਕਦੀ ਹੈ? ਉਸ ਦੇ ਭਰਾਵਾਂ ਨੂੰ ਵੀ ਭੱਦੇ, ਹੋਛੇ ਤੇ ਦਿਲ ਸਾੜ ਸੁੱਟਣ ਵਾਲੇ ਫਿਕਰਿਆਂ ਦਾ ਸਾਹਮਣਾ ਕਰਨਾ ਪੈਂਦਾ। ਉਹ ਗੁੱਸੇ ਨਾਲ

***(ਬਾਕੀ ਅਗਲੇ ਸਫੇ 'ਤੇ)***

# ਰੌਂਭੜੇ ਪਾਊ ਸਟੇਜ ਸੈਕਟਰੀ

## ਵਿਅੰਗ

'ਚਿਰੜ-ਘੁੱਗ' ਰਸਾਲੇ ਵਾਲਿਆਂ ਨੂੰ ਕੁਝ ਕੁ 'ਅਸਾਮੀਆਂ' ਦੀ ਸਖ਼ਤ ਜਰੂਰਤ ਸੀ। ਰਸਾਲਾ ਕੱਢਣ ਦਾ ਪੁੱਠਾ ਪੰਗਾ ਤਾਂ ਲੈ ਬੈਠੇ ਸਨ, ਪਰ ਚੱਲਦਾ ਕਿਵੇਂ...? ਪੈਸੇ ਬਿਨਾਂ ਤਾਂ ਕੋਈ ਪੂਛ ਵਾਲੇ ਬਾਬੇ ਹਨੂੰਮਾਨ ਜੀ ਨੂੰ ਮੱਥਾ ਨਹੀਂ ਟੇਕਦਾ! ਫਿਰ ਰਸਾਲੇ ਦੀ ਆਰਥਿਕ ਮੱਦਦ ਕੌਣ ਕਰਦਾ...? ਕਮੰਡਲੇ ਬੋਕ ਦੇ ਸਿੰਗਾਂ ਨੂੰ ਹੱਥ ਤਾਂ ਲਾ ਲਿਆ ਸੀ, ਪਰ ਕਲਿਆਣ ਕਿਹੜਾ ਮਾਈ ਦਾ ਲਾਲ ਕਰਵਾਉਂਦਾ...? ਜੇਬ 'ਚੋਂ ਪੈਸੇ ਲਾਉਣ ਵਾਲਾ ਕਾਲਾ ਮੰਤਰ ਕੌਣ ਪੜ੍ਹਦਾ...? ਰਸਾਲੇ ਦੇ ਮੁੱਖ ਸੰਪਾਦਕ ਜਨਾਬ ਘੋਸਲਮਾਰ ਜੀ, ਸਹਾਇਕ ਸੰਪਾਦਕ ਸ੍ਰੀ ਕੰਡੇ-ਕੱਢ ਜੀ ਅਤੇ ਸਲਾਹਕਾਰ ਸ੍ਰੀ ਟੋਟਣਭੰਨ ਜੀ ਨੇ ਬਥੇਰੇ ਲੋਕਾਂ ਦੇ ਇੰਟਰਵਿਊ ਛਾਪੇ, ਇਸ਼ਤਿਹਾਰ ਲਾਏ, ਪਰ ਪੈਸੇ ਦੇਣ ਵੇਲੇ ਹਰ ਕੋਈ, ਤੋਕੜ ਮੱਝ ਵਾਂਗ ਲੱਤ ਮਾਰ ਕੇ ਹੀ ਬਾਲਟੀ



**ਸ਼ਿਵਚਰਨ ਜੱਗੀ ਕੁੱਸਾ**
jaggikussa@yahoo.de

ਭੰਨਦਾ ਰਿਹਾ। ਇੱਕ ਉੱਦਮੀਂ ਪੱਤਰਕਾਰ ਤੇਜ ਪਟੋਲ੍ਹੇ ਵਾਲੇ ਨੇ ਇਕ ਇੰਗਲੈਂਡ ਤੋਂ ਪੈਨਸ਼ਨ ਲੈ ਕੇ ਆਏ ਭੱਦਰ-ਪੁਰਸ਼ ਨੂੰ ਲੱਭਿਆ। ਜਿਸ ਭੱਦਰ-ਪੁਰਸ਼ ਦਾ ਨਾਂ ਬਿੰਡਾ ਰਾਮ ਸੀ। ਉਹ ਬਿੰਡੇ ਵਾਂਗ ਹੀ ਟਿਆਂਕਦਾ ਸੀ।

ਸ੍ਰੀ ਬਿੰਡਾ ਰਾਮ ਜੀ ਨੂੰ ਹਰ ਥਾਂ ਬਦੋਬਦੀ ਰਿੰਡ-ਪ੍ਰਧਾਨ ਬਣਨ ਦੀ ਬੁਰੀ ਬਿਮਾਰੀ ਸੀ।

ਸ੍ਰੀ ਬਿੰਡਾ ਰਾਮ ਜੀ ਨੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲੁਆਈ ਹੋਈ ਸੀ ਅਤੇ ਸੁੱਖ ਨਾਲ ਕੰਨੋਂ ਵੀ ਰੱਬ ਆਸਰੇ, ਲੰਗੇ ਡੰਗ ਹੀ ਸੁਣਦਾ ਸੀ। ਇੰਡੀਆ ਆ ਕੇ ਸੁਣਨ ਵਾਲੀ ਮਸ਼ੀਨ ਤਾਂ ਜਵਾਬ ਦੇ ਗਈ, ਇੱਥੇ ਆ ਕੇ ਤਾਂ ਵੱਡੇ-ਵੱਡੇ ਜਵਾਬ ਦੇ ਜਾਂਦੇ ਹਨ, ਵਿਚਾਰੀ ਮਸ਼ੀਨ ਕਿਹੜੇ ਬਾਗ ਦੀ ਮੂਲੀ ਸੀ...? ਪਰ ਹੁਣ ਬਿੰਡਾ ਜੀ ਨੇ ਕੱਪੜੇ ਸਿਉਣ ਵਾਲੀ ਮਸ਼ੀਨ ਦੀ, ਤੇਲ ਦੇਣ ਵਾਲੀ ਕੁੱਪੀ ਦੇ ਹੇਠਲੇ ਪਾਸੇ ਮੋਰੀਆਂ ਕਰ ਕੇ, ਮੂੰਹ ਵਾਲੇ ਪਾਸੇ ਪਲਾਸਟਿਕ ਦੀ ਲੰਮੀ ਨਾਲ਼ੀ ਫਿੱਟ ਕੀਤੀ ਹੋਈ ਸੀ। ਨਾਲ਼ੀ ਦਾ ਸਿਰਾ ਉਹ ਪੱਗ ਹੇਠਾਂ ਦੀ ਕੰਨ ਵਿਚ ਤੁੰਨ ਲੈਂਦਾ ਅਤੇ ਕੁੱਪੀ ਦਾ ਹੇਠਲਾ ਪਾਸਾ ਮਾਈਕਰੋਫ਼ੋਨ ਦਾ ਕੰਮ ਦਿੰਦਾ।

ਸ੍ਰੀ ਬਿੰਡਾ ਜੀ ਜੁਆਨੀ ਤੋਂ ਲੈ ਕੇ ਹੁਣ ਤੱਕ ਅੱਖੜ ਸੁਭਾਅ ਦੇ ਹੀ ਰਹੇ। ਇੱਕ ਵਾਰ ਜਦੋਂ ਉਨ੍ਹਾਂ ਦੇ ਗ੍ਰਹਿ ਵਿਖੇ ਪੋਤਰਾ ਸਾਹਿਬ ਜੀ ਨੇ ਜਨਮ ਲਿਆ ਤਾਂ ਸਾਰਾ ਪਰਿਵਾਰ ਇੰਗਲੈਂਡ ਤੋਂ ਪੋਤਰਾ ਜੀ ਦੀ 'ਛਟੀ' ਮਨਾਉਣ ਇੰਡੀਆ ਆ ਗਏ। ਆਖੰਡ ਪਾਠ ਪ੍ਰਕਾਸ਼ ਕਰਵਾਇਆ। ਸਾਰੇ ਪਿੰਡ ਨੂੰ ਰੋਟੀ ਵਰਜੀ। ਖੁਸਰਿਆਂ ਨੂੰ ਵੀ ਭਿਣਕ ਪੈ ਗਈ। ਫਿਰ ਉਹ ਕਿਉਂ ਪਿੱਛੇ ਰਹਿੰਦੇ? ਫਿਰ ਵੀ 'ਬਾਹਰਲੀ ਅਸਾਮੀਂ' ਸੀ! ਜਿੱਥੇ ਸਾਰੇ ਮਹਿਕਮੇਂ 'ਬਾਹਰਲਿਆਂ' ਨੂੰ 'ਵੱਢਦੇ' ਹਨ, ਉਥੇ ਖੁਸਰੇ ਵਿਚਾਰੇ ਕਿਉਂ ਪਿੱਛੇ ਰਹਿਣ..? ਉਹ ਵੀ ਰੰਬੀਆਂ ਲੈ ਕੇ 'ਹਲਾਲ' ਕਰਨ ਲਈ ਆ ਖੜ੍ਹੇ ਹੋਏ। ਰੱਫੜ ਇਹ ਖੜ੍ਹਾ ਹੋਇਆ ਕਿ ਦੋ ਖੁਸਰਾ-ਦਲ ਆ ਖੜ੍ਹੇ ਹੋਏ! ਇੱਕ ਜਗਰਾਂਵਾਂ ਤੋਂ ਅਤੇ ਇੱਕ ਬੱਧਨੀ ਤੋਂ! ਸ੍ਰੀ ਬਿੰਡਾ ਮੱਲ ਜੀ ਦੋ ਪਾਰਟੀਆਂ ਵਲ, ਵਾੜ ਵਿਚ ਫਸੇ ਬਿੱਲੇ ਵਾਂਗ, ਘੁੱਟਾਂਬਾਟੀ ਝਾਕ ਰਹੇ ਸਨ। ਖੁਸਰਿਆਂ ਦੀ ਆਪਸ ਵਿਚ ਤਕਰਾਰ ਸ਼ੁਰੂ ਹੋ ਗਈ। ਇੱਕ ਪਾਰਟੀ ਇਸ ਪਿੰਡ ਨੂੰ ਆਪਣਾ ਇਲਾਕਾ ਗਰਦਾਨ ਰਹੀ ਸੀ, ਜਦ ਕਿ ਦੂਜੀ ਆਪਣਾ ਇਲਾਕਾ ਹੋਣ ਦਾ ਦਾਅਵਾ ਕਰ ਰਹੀ ਸੀ। ਸ੍ਰੀ ਬਿੰਡਾ ਜੀ ਨੇ ਆ ਦੇਖਿਆ ਨਾ ਤਾਅ, ਰੈਂਗੜਾ ਲੈ ਕੇ ਇੱਕ ਖੁਸਰਾ-ਮੁਖੀ ਜਨਾਬ ਦੇ ਸਿਰ ਵਿਚ ਮਧਾਣੀ-ਚੀਰਾ ਪਾ ਦਿੱਤਾ ਤੇ ਜੇਤੂ ਅੰਦਾਜ ਵਿਚ ਬੋਲੇ, 'ਸਾਨੂੰ ਮੇਰੇ ਸਾਲੇ ਖੁਸਰਿਆਂ ਨੇ ਈ ਵੰਡ ਲਿਆ...? ਮੰਤਰੀ ਬਾਡੀਗਾਰਡਾਂ ਨਾਲ, ਤੇ ਇਹ ਕੰਜਰ ਤਾੜੀਆਂ ਮਾਰ-ਮਾਰ ਡਰਾਉਂਦੇ ਐ...!'

ਖੁਸਰੇ ਨੱਚਣ ਦੀ ਥਾਂ ਸ੍ਰੀ ਬਿੰਡਾ ਜੀ ਦਾ ਸਿਆਪਾ ਕਰਕੇ ਮੁੜ ਗਏ। ਸਾਰੇ ਖੁਸਰਿਆਂ ਨੇ ਸ੍ਰੀ ਬਿੰਡਾ ਜੀ ਨੂੰ ਆਪਣਾ ਨੰਗੇਜ ਦਿਖਾਇਆ ਸੀ। ਸ੍ਰੀ ਬਿੰਡਾ ਜੀ ਫਿਰ ਪਿੱਟ ਉਠੇ, 'ਢਕ ਲਓ ਆਬਦੀਆਂ ਮੂੰਗਰੀਆਂ ਜੀਆਂ! ਨਹੀਂ ਤਾਂ ਮੂਤਣ ਵੱਲੋਂ ਵੀ ਜਾਂਵੇਂਗੇ! ਵਗਜੋ ਪਰ੍ਹੇ, ਕੁਛ ਨਾ ਆਖੋ! ਮੈਥੋਂ ਫੇਰ ਇੱਕ ਅੱਧੇ ਦੇ ਪੁੜਪੜੀ 'ਚ ਵੱਜੂ, ਫੇਰ ਨਾ ਕਿਹੋ ਕਿਸੇ ਦੀ ਜਾਹ ਜਾਂਦੀ ਕਰਤੀ, ਚਿੱਬ ਪੈਜੂ ਮੈਥੋਂ ਕਿਸੇ ਦੇ ਖੋਪੜ 'ਚ, ਸਾਲੇ ਲੱਗਪੇ ਸੀਂਢ ਸਿੱਟਣ ਐਥੇ...!' ਬਿੰਡਾ ਜੀ ਨੇ ਕੁੱਤੇ ਵਾਂਗ ਪੈਰਾਂ ਹੇਠੋਂ ਮਿੱਟੀ ਕੱਢੀ, ਖੌਰੂ ਪੱਟਿਆ!

ਖੁਸਰੇ ਤੁਰ ਗਏ। ਸ੍ਰੀ ਬਿੰਡਾ ਜੀ ਵਾੜ ਦਾ ਝਾਫਾ ਬਣੇ ਖੜ੍ਹੇ ਸਨ।

.....ਅੱਜ ਉਨ੍ਹਾਂ ਨੂੰ ਸਰਦਾਰ ਤੇਜ ਪਟੋਲ੍ਹੇ ਵਾਲਾ ਬੜੇ ਆਦਰ-ਸਤਿਕਾਰ ਨਾਲ ਲੈ ਕੇ ਆਇਆ ਸੀ। ਸ੍ਰੀ ਬਿੰਡਾ ਜੀ ਨੂੰ ਸਟੇਜ ਤੇ ਬੋਲਣ ਦਾ ਬੜਾ ਹੀ ਭੈੜਾ 'ਹਲ਼ਕ' ਉਠਦਾ ਸੀ। ਗਧੇ ਵਾਂਗ ਹੀਂਗਣਾ ਛੁਟਦਾ ਸੀ। ਸਰਦਾਰ ਪਟੋਲ੍ਹੇ ਵਾਲਾ ਜੀ ਉਨ੍ਹਾਂ ਨੂੰ ਸਟੇਜ 'ਤੇ ਬੁਲਾਉਣ ਅਰਥਾਤ 'ਸਟੇਜ-ਸੈਕਟਰੀ' ਵਜੋਂ ਸੇਵਾ ਨਿਭਾਉਣ ਦੀ ਮਿੱਠੀ ਉਂਗਲ ਚਟਾਈ ਸੀ ਅਤੇ ਸ੍ਰੀ ਬਿੰਡਾ ਜੀ ਨੇ ਰਸਾਲੇ ਲਈ ਵੱਧ ਤੋਂ ਵੱਧ ਆਰਥਿਕ ਮੱਦਦ ਦੇਣ ਦਾ ਵਾਅਦਾ ਕੀਤਾ ਸੀ।

'ਚਿਰੜ-ਘੁੱਗ' ਰਸਾਲੇ ਵਾਲਿਆਂ ਨੇ ਸਪੈਸ਼ਲ ਇਕ ਸਮਾਗਮ ਰੱਖਿਆ ਸੀ, ਜਿੱਥੇ ਸ੍ਰੀ ਬਿੰਡਾ ਜੀ ਦਾ ਸਟੇਜੀ ਝੱਸ ਪੂਰਾ ਹੋ ਸਕੇ। ਅਸਲ ਮਕਸਦ ਤਾਂ ਆਰਥਿਕ ਲਾਹਾ ਲੈਣ ਦਾ ਸੀ। ਸ੍ਰੀ ਚਿਮਨੀ ਪ੍ਰਕਾਸ਼ ਜੀ ਨੇ ਇਕ ਭਾਸ਼ਨ ਅਤੇ ਪਹੁੰਚਣ ਵਾਲੇ ਸਾਹਿਤਕਾਰਾਂ ਬਾਰੇ ਲੋੜੀਂਦੀ ਜਾਣਕਾਰੀ ਲਿਖ ਕੇ ਬਿੰਡਾ ਜੀ ਦੇ ਹੱਥ ਥਮ੍ਹਾ ਦਿੱਤੀ। ਸ੍ਰੀ ਬਿੰਡਾ ਜੀ ਨੇ ਰੱਸੇ ਜਿੱਡੀ ਟਾਈ ਲਾ ਲਈ, ਐਨਕ ਦੇ ਮੋਟੇ-ਮੋਟੇ ਸ਼ੀਸ਼ੇ ਸਾਫ ਕੀਤੇ ਅਤੇ ਕੰਨ ਨੂੰ ਲਾਉਣ ਵਾਲੀ ਕੁੱਪੀ ਅਤੇ ਨਾਲੀ ਝੋਲੇ ਵਿਚ ਪਾ ਲਈ।

'ਅਗਰ ਮੈਥੋਂ ਕੁਛ ਸਾਫ ਨਾ ਪੜ੍ਹਿਆ ਜਾਵੇ ਤਾਂ ਪਰਦੇ ਪਿੱਛੋਂ ਕੁੱਪੀ ਵਿਚ ਦੀ ਬੋਲ ਦੇਇਓ!' ਸ੍ਰੀ ਬਿੰਡਾ ਜੀ ਨੇ ਝੱਖੜ ਸਿੰਘ 'ਨ੍ਹੇਰੀ' ਨੂੰ ਆਖਿਆ। ਸੁਣਨ ਵਾਲੀ ਕੁੱਪੀ ਨਾਲ ਅੱਜ ਤਿੰਨ ਫੁੱਟ ਲੰਮੀ ਨਾਲੀ ਸਪੈਸ਼ਲ ਤੌਰ 'ਤੇ ਲਾਈ ਗਈ ਸੀ।

'ਤੁਸੀਂ ਫਿਕਰ ਨਾ ਕਰੋ ਬਿੰਡਾ ਜੀ! ਮੈਂ ਨਾਲ ਦੀ ਨਾਲ ਕੁਰੈਕਸ਼ਨ ਕਰ-ਕਰ ਦੱਸੀ ਜਾਵਾਂਗਾ, ਪਰ ਆਪਣਾ ਕੰਨ ਮੇਰੇ 'ਚ ਹੀ ਰੱਖਿਓ, ਹੋਰ ਨਾ ਕੋਹਲੂ ਗੇੜੇ ਪਏ ਰਿਹੋ!' 'ਨ੍ਹੇਰੀ ਜੀ ਨੇ ਪੂਰੀ ਹਿੱਕ ਥਾਪੜ ਦਿੱਤੀ।

'ਥੋਡੀ ਅਸੀਂ ਐਸੀ ਠੁਕ ਬੰਨ੍ਹਾਂਗੇ ਕਿ ਸਰੋਤੇ 'ਅੱਛ-ਅੱਛ' ਕਰ ਉਠਣਗੇ!' ਜਰਦੇ ਵਾਲੇ ਤੇਲੂ ਰਾਮ ਨੇ ਵੀ ਚੁੱਲ੍ਹੇ ਦੀ ਅੱਗ ਅਗਾਂਹ ਕਰ ਦਿੱਤੀ। ਉਸ ਨੇ ਸਰੋਤਿਆਂ ਨੂੰ ਕਮਲੇ ਜਿਹੇ ਕਰਨ ਖਾਤਰ 'ਰੂੜੀ-ਮਾਰਕਾ' ਦੇ ਦੋ-ਦੋ ਪੈਗ ਲੁਆ ਦਿੱਤੇ ਸਨ। ਜਿਹੋ ਜਿਹੀ ਨੰਦੋ ਬਾਹਮਣੀ, ਓਹੋ ਜਿਹਾ ਘੁੱਦੂ ਜੇਠ!

ਸ੍ਰੀ ਬਿੰਡਾ ਜੀ ਸਟੇਜ 'ਤੇ ਆਏ। ਨਾਲੀ ਵਾਲਾ ਸਿਰਾ ਉਨ੍ਹਾਂ ਨੇ ਪੱਗ ਹੇਠੋਂ ਦੀ ਕੰਨ ਵਿਚ ਫਸਾਇਆ ਹੋਇਆ ਸੀ ਅਤੇ ਦੂਜੇ ਸਿਰੇ, ਪਰਦੇ ਪਿੱਛੇ, ਹੱਥ ਵਿਚ ਮਾਈਕਰੋਫੋਨ ਨੁਮਾਂ ਕੁੱਪੀ ਫੜੀ 'ਨ੍ਹੇਰੀ' ਪੂਰੀ ਤਿਆਰੀ ਨਾਲ ਮੋਰਚਾ ਮੱਲੀ ਬੈਠਾ ਸੀ।

'ਪਿਆਰੇ ਭੈਣੋਂ ਅਤੇ ਮਾਈਓ, ਭਾਈਓ ਤੇ ਭਰਜਾਈਓ...!' ਸ੍ਰੀ ਬਿੰਡਾ ਜੀ ਨੇ ਲੰਮੀ ਸਾਰੀ ਲਿਸਟ ਪੜ੍ਹ ਕੇ ਬੋਲਣਾ ਸ਼ੁਰੂ ਕੀਤਾ।

'ਭਰਜਾਈਓ' ਦੇ ਨਾਂ 'ਤੇ ਪ੍ਰਬੰਧਕਾਂ ਨੇ ਕਸੀਸ ਵੱਟ ਲਈ। ਪਰ ਚੁੱਪ ਕਰ ਗਏ।

'ਥੋਨੂੰ ਪਤਾ ਈ ਐ ਕਿ ਕੰਨ ਤਾਂ ਮੇਰੇ ਪਹਿਲਾਂ ਹੀ ਜਵਾਬ ਦੇਈ ਬੈਠੇ ਐ, ਤੇ ਹੁਣ ਅੱਖਾਂ ਸਹੁਰੀਆਂ ਵੀ ਪੈਨਸ਼ਨ ਲੈਣ ਲਈ ਅੜੀਆਂ ਬੈਠੀਐਂ!'

ਸਰੋਤੇ ਡੱਡੂਆਂ ਵਾਂਗ 'ਗੜੈਂ-ਗੜੈਂ' ਕਰਕੇ ਹੱਸੇ।

'ਖ਼ੈਰ...! ਸਾਰਿਆਂ ਤੋਂ ਪਹਿਲਾਂ ਮੈਂ ਸ੍ਰੀ ਰਾਸ਼ਟਰੀ-ਫੰਡਰ ਜੀ ਨੂੰ ਬੇਨਤੀ ਕਰਾਂਗਾ-।'

'ਰਾਸ਼ਟਰੀ-ਫੰਡਰ ਨਹੀਂ ਜੀ-!' 'ਨ੍ਹੇਰੀ ਨੇ ਤੁਰੰਤ ਐਕਸ਼ਨ ਲਿਆ, 'ਸ਼ਾਸਤਰੀ ਚੰਦਰ ਜੀ ਕਹੋ, ਸ਼ਾਸਤਰੀ ਚੰਦਰ..!!'

ਪਿੱਛੋਂ ਸੁਚੇਤ ਹੋਏ ਬੈਠੇ 'ਨ੍ਹੇਰੀ ਨੇ ਫੌਰਨ ਗਲਤੀ ਸੁਧਾਰਨ ਲਈ ਬੇਨਤੀ ਕੀਤੀ। ਪਹਿਲੀ ਘੋਸ਼ਣਾ ਨੇ ਹੀ 'ਨ੍ਹੇਰੀ ਦਾ ਬਲੱਡ ਘਟਾ ਦਿੱਤਾ ਸੀ। ਉਸ ਦੇ ਗੋਡੇ 'ਝਰਨ-ਝਰਨ' ਕਰਨ ਲੱਗ ਪਏ।

'ਮਾਫ਼ ਕਰਨਾ! ਸ਼ਾਸਤਰੀ ਚੰਦਰ ਸਾਹਿਬ ਜੀ ਨੂੰ ਬੇਨਤੀ ਕਰਾਂਗਾ, ਕਿ ਉਹ ਪ੍ਰਧਾਨਗੀ ਮੰਚ 'ਤੇ ਤਸ਼ਰੀਫ਼ ਲਿਆਉਣ!'

ਸ਼ਾਸਤਰੀ ਚੰਦਰ ਜੀ ਮੰਚ 'ਤੇ ਆ ਕੇ ਬੈਠ ਗਏ ਅਤੇ ਬਿੰਡਾ ਜੀ ਨੇ ਤੁਆਰਫ਼ ਕਰਵਾਉਣਾ ਸ਼ੁਰੂ ਕੀਤਾ, 'ਸ਼ਾਸਤਰੀ ਜੀ ਕਾਮ-ਰੂਪ ਵਿਚ ਸਮੀਖਿਆ ਕਰਨ ਵਿਚ ਬੜੇ ਨਿਪੁੰਸਕ ਹਨ!'

'ਨ੍ਹੇਰੀ ਨੇ ਫਿਰ ਸੁਧਾਰ ਕੀਤਾ, 'ਮਹਾਰਾਜ! ਸ਼ਾਸਤਰੀ ਜੀ ਕਾਵਿ-ਰੂਪ ਵਿਚ ਸਮੀਖਿਆ ਕਰਨ ਵਿਚ ਬੜੇ ਨਿਪੁੰਨ ਹਨ!'

'ਸ਼ਾਸਤਰੀ ਜੀ-ਕਾਵਿ ਰੂਪ ਵਿਚ ਸਮੀਖਿਆ ਕਰਨ ਵਿਚ ਬੜੇ ਹੀ ਨਿਪੁੰਨ ਹਨ!' ਬਿੰਡਾ ਜੀ ਫੁਰਤੀ ਨਾਲ ਸੰਭਲ ਗਏ। ਗਲਤੀ ਸੁਧਾਰ ਲਈ।

ਉਹ ਤੁਰੰਤ 'ਨ੍ਹੇਰੀ ਦੇ ਮਗਰੇ ਹੀ ਬੋਲੇ ਸਨ।

'ਮਾਫ ਕਰਨਾ ਮੈਂ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ ਮੇਰੀਆਂ ਅੱਖਾਂ ਤੇ ਕੰਨਾਂ ਦੇ ਨਾਲ-ਨਾਲ ਮੇਰੀ ਜੁਬਾਨ ਦਾ ਵੀ ਘੋਰੜੂ ਵੱਜਣ ਲੱਗ ਪਿਐ!'

ਦਾਰੂ ਨਾਲ ਕਮਲੇ ਹੋਏ ਸਰੋਤੇ ਕੁਝ ਕੁ ਹੱਸੇ।

'ਹੁਣ ਮੈਂ ਬੀਬੀ ਭੂਤ-ਮਧਾਣੀ ਜੀ ਨੂੰ ਗੁਜਾਰਿਸ਼ ਕਰਾਂਗਾ ਕਿ ਉਹ ਇੱਥੇ ਆਉਣ।'

'ਬੀਬੀ ਭੂਤ-ਮਧਾਣੀ ਨਹੀਂ ਬਿੰਡਾ ਜੀ! ਬੀਬੀ ਰੂਪਮ-ਰਾਣੀ!!'

'ਹਾਂ ਸੱਚ! ਬੀਬੀ ਰੂਪਮ-ਰਾਣੀ ਜੀ।'

ਅੜਬ ਕੁੱਕੜ ਵਾਂਗ ਉਚੇ ਸੈਂਡਲਾਂ ਨਾਲ 'ਟੱਪ-ਟੱਪ' ਕਰਦੀ ਬੀਬੀ ਰੂਪਮ ਰਾਣੀ ਵੀ ਸਟੇਜ 'ਤੇ ਪੁੱਜ ਗਈ।

ਬਿੰਡਾ ਜੀ ਬੋਲੀ ਜਾ ਰਹੇ ਸਨ। 'ਨ੍ਹੇਰੀ ਪਿੱਛੋਂ 'ਕੱਲੀ-'ਕੱਲੀ ਗਲਤੀ ਦੀ 'ਸੁਧਾਈ' ਕਰੀ ਜਾ ਰਿਹਾ ਸੀ।

'ਮਰਜਾਂ ਕੁਛ ਖਾ ਕੇ..! ਕਿਮੇਂ ਨਿੱਖਰੀ ਤਿੱਖਰੀ ਫਿਰਦੀ ਐ, ਨਿਰੀ 'ਹੇਲਾਂ-ਬਾਹਮਣੀ' ਲੱਗਦੀ ਐ।'

'ਹੇਲਾਂ ਬਾਹਮਣੀ ਨਹੀਂ ਜੀ, ਹੇਮਾਂ ਮਾਲਿਨੀ!'

'ਸੱਚ! ਹੇਮਾਂ ਮਾਲਣੀ! ਪਿਛਲੇ ਸਾਲ ਇਨ੍ਹਾਂ ਨੂੰ ਸਿਆਪਾ ਪੁਰਸਕਾਰ ਮਿਲਿਐ।'

'ਸਿਆਪਾ ਪੁਰਸਕਾਰ ਨਹੀ ਜੀ, ਇਆਪਾ ਪੁਰਸਕਾਰ!'

'ਸੱਚ, ਇਆਪਾ ਪੁਰਸਕਾਰ!! ਪੁਰਸਕਾਰਾਂ ਦੇ ਕਿਹੜਾ ਨਾਂ ਆਉਂਦੇ ਐ? ਅੱਗੇ ਨਹਿਰੂ, ਗਾਂਧੀ ਆਦਿ ਪੁਰਸਕਾਰ ਹੁੰਦੇ ਸੀ, ਅੱਜ ਕੱਲ੍ਹ ਤਾਂ ਇਆਪਾ-ਸਿਆਪਾ-ਰੰਡੇਪਾ ਸਭ ਇੱਕੋ ਜਿਹੇ ਹੋਏ ਪਏ ਐ!'

ਸਰੋਤੇ ਪੀ ਰਹੇ ਸਨ, ਸੁਣ ਰਹੇ ਸਨ। ਬਿੰਡਾ ਜੀ ਬੋਲੀ ਜਾ ਰਹੇ ਸਨ ਅਤੇ 'ਨ੍ਹੇਰੀ ਗਲਤੀਆਂ ਕੱਢੀ ਜਾ ਰਿਹਾ ਸੀ।

'ਸੋ...ਹੁਣ ਵਾਰੀ ਹੈ ਭਾਈ ਗੰਨਾਂ ਜੀ ਦੀ-।'

'ਭਾਈ ਗੰਨਾਂ ਨਹੀਂ ਜੀ! ਭਾਈ ਮੰਨਾਂ ਜੀ ਦੀ!!'

'ਸੱਚ ਭਾਈ ਮੰਨਾਂ ਜੀ ਦੀ! ਪਰ ਇਹੇ ਮੰਨਣ ਚਾਹੇ ਨਾਂ ਮੰਨਣ, ਪਰ ਐਤਕੀਂ ਇਨ੍ਹਾਂ ਨੂੰ ਸਰਕਾਰ ਵੱਲੋਂ 'ਪੱਦ-ਮਿਸਰੀ' ਅਵਾਰਡ ਦਿੱਤਾ ਜਾ ਰਿਹੈ!'

'ਪੱਦ-ਮਿਸਰੀ ਅਵਾਰਡ ਨਹੀ ਜੀ! ਪਦਮ-ਸ੍ਰੀ!! ਪਦਮ-ਸ੍ਰੀ!!!'

'ਸੱਚ, ਪਦਮ-ਸ੍ਰੀ! ਪਦਮ-ਸ੍ਰੀ!! ਦੇਖੋ ਜੀ 'ਸਿਰੀ' ਨਾਲ ਜਰੂਰ ਲੱਗਣੀ ਚਾਹੀਦੀ ਐ, ਚਾਹੇ ਸੱਪ ਦੀ ਈ ਕਿਉਂ ਨਾਂ ਹੋਵੇ!'

'ਖ਼ੈਰ..! ਹੁਣ ਵਾਰੀ ਐ ਸੁਰਗਵਾਸੀ-।'

'ਸੁਰਗਵਾਸੀ ਨਹੀਂ ਮਹਾਰਜ! ਸਰਵ-ਸ੍ਰੀ!'

'ਸੱਚ, ਸਰਵ ਸ੍ਰੀ ਰੋਣੂ ਪ੍ਰਸਾਦ ਜੀ-।'

'ਰੋਣੂ ਪ੍ਰਸਾਦ ਨਹੀ ਬਿੰਡਾ ਜੀ! ਰੈਣੂ ਪ੍ਰਸਾਦ!!'

'ਰੈਣੂ ਪ੍ਰਸਾਦ ਜੀ, ਸੱਚ!'

'ਰੈਣੂ ਪ੍ਰਸਾਦ ਜੀ ਦੇ ਚਿਹਰੇ 'ਤੇ ਵੀ ਰਾਤ ਈ ਪਈ ਲੱਗਦੀ ਐ, ਲੱਗਦੇ ਵੀ ਕਾਰਤੂਸ ਦੇ ਰੈਣੇਂ ਅਰਗੇ ਈ ਐ, ਇੱਕ ਇਨ੍ਹਾਂ ਦਾ ਇਲਾਕਾ ਐਹੋ ਜਿਐ, ਉਥੇ ਕਮੇਟੀ ਨੇ ਮੈਨੂੰ ਸੱਦਿਆ, ਜਦੋਂ ਮੈਂ ਜਾ ਕੇ ਫਤਹਿ ਬੁਲਾਈ ਤਾਂ ਮੈਨੂੰ ਕਮੇਟੀ ਆਲੇ ਕਹਿੰਦੇ, ਅਖੇ: ਆਜੋ ਬਿੰਡਾ ਜੀ! ਅਸੀਂ ਤਾਂ ਕਦੋਂ ਦਾ ਥੋਡਾ 'ਸਸਕਾਰ' ਕਰਨ ਲਈ ਖੜ੍ਹੇ ਆਂ..! 'ਸਤਿਕਾਰ' ਨੂੰ ਪਤੰਦਰ 'ਸਸਕਾਰ' ਈ ਦੱਸਦੇ ਐ, ਮੈਂ ਕਿਹਾ ਮੇਰਾ ਸਸਕਾਰ ਤਾਂ ਅੱਜ ਐਥੇ ਈ ਕਰ ਦੇਣਗੇ!'

ਸਾਰੇ ਹੱਸ ਪਏ।

'ਸੋ ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਬਰਬਾਦ ਕਰਦਾ! ਸਾਰੇ ਸੱਜਣ ਮੰਚ 'ਤੇ ਪਹੁੰਚ ਗਏ ਹਨ, ਮੇਰੀ ਐਨੀ ਕੁ ਹੀ ਹਾਜਰੀ ਪ੍ਰਵਾਨ ਕਰਨੀ, ਧੰਨਵਾਦ!' ਬਿੰਡਾ ਜੀ ਬੈਠ ਗਏ। ਪ੍ਰਬੰਧਕਾਂ ਨੇ ਸ਼ੁਕਰ ਕੀਤਾ। 'ਨ੍ਹੇਰੀ ਨੇ ਮੁੜ੍ਹਕਾ ਪੂੰਝਿਆ ਅਤੇ ਕਾਰਵਾਈ ਅੱਗੇ ਸ਼ੁਰੂ ਹੋ ਗਈ।

# ਈਜਵਾ ਤੂੰ ਦੌੜੀ ਚੱਲ

*(ਪਿਛਲੇ ਸਫੇ ਦੀ ਬਾਕੀ)*

ਭਰੇ ਪੀਤੇ ਘਰ ਆਉਂਦੇ ਤੇ ਉਸ ਨੂੰ ਸਕੂਲੋਂ ਹਟਾ ਲੈਣ ਤੇ ਪ੍ਰੈਕਟਿਸ ਕਰਨ ਲਈ ਖੇਡ ਗਰਾਊਂਡ 'ਚ ਜਾਣ ਤੋਂ ਰੋਕਣ ਲਈ ਜ਼ੋਰ ਪਾਉਂਦੇ। ਕਈ ਵਾਰ ਤਾਂ ਮਾਂ-ਬਾਪ ਉਨ੍ਹਾਂ ਦੀ ਗੱਲ ਮੰਨ ਕੇ ਕਈ ਦਿਨ ਸਕੂਲ ਹੀ ਨਾ ਭੇਜਦੇ। ਜਦੋਂ ਕਈ ਦਿਨ ਸਕੂਲ ਨਾ ਜਾਂਦੀ ਤਾਂ ਸਕੂਲ ਦਾ 'ਮੂਰਛਤ' ਨਾਂ ਦਾ ਅਧਿਆਪਕ ਲੈਣ ਆ ਪੁੱਜਦਾ। ਮਾਂ-ਪਿਓ ਕੁਝ ਨਾਂਹ-ਨੁੱਕਰ ਕਰਦੇ ਪਰ 'ਮੂਰਛਤ' ਦੀਆਂ ਦਲੀਲਾਂ ਅੱਗੇ ਨਿਰਉਤਰ ਹੋ ਜਾਂਦੇ। ਅਧਿਆਪਕ ਆਪਣੇ ਨਾਲ ਹੋਣ ਵਾਲੇ ਵਿਤਕਰਿਆਂ ਦੀਆਂ ਉਦਾਹਰਨਾਂ ਦੇ ਦੇ ਕੇ ਮਾਂ-ਪਿਓ ਨੂੰ ਰਾਜ਼ੀ ਕਰ ਲੈਂਦਾ। ਉਹ ਅਕਸਰ ਆਖਦਾ, 'ਤੁਸੀਂ ਦੇਖਿਓ, ਫਿਲਪੀ ਦੁਨੀਆ ਦੀ ਮਹਾਨ ਦੌੜਾਕ ਬਣੇਗੀ। ਪੂਰੀ ਦੁਨੀਆ ਵਿਚ ਇਸ ਦਾ ਨਾਂ ਹੋਊ। ਇਸ ਨੇ ਤੁਹਾਨੂੰ ਕਿਸੇ ਕਿਸਮ ਦੀ ਘਾਟ ਨਹੀਂ ਰਹਿਣ ਦੇਣੀ। ਫਿਲਪੀ ਕਰ ਕੇ ਆਪਾਂ ਸਾਰੇ ਆਮ ਤੋਂ ਖਾਸ ਬਣ ਜਾਵਾਂਗੇ। ਫਿਰ ਐਹੋ ਜਿਹੇ ਗੰਦੇ ਲੋਕ ਮੂੰਹ ਵਿਚ ਉਂਗਲਾਂ ਦੇ ਲੈਣਗੇ। ਨੁਕਤਾਚੀਨੀ ਕਰਨ ਵਾਲੇ ਲੋਕ ਤੁਹਾਡੇ ਘਰ ਵਧਾਈਆਂ ਦੇਣ ਆਇਆ ਕਰਨਗੇ।'

ਸੱਚਮੁੱਚ ਉਹ ਆਪਣੇ ਅਧਿਆਪਕ 'ਮੂਰਛਤ' ਦੇ ਦਿੱਤੇ ਹੌਸਲੇ ਨਾਲ ਮਹਾਨ ਬਣਨ ਦੇ ਸੁਪਨੇ ਲੈਣ ਲੱਗੀ ਸੀ। ਈਜਵਾ 'ਮਹਾਨ' ਬਣਨ ਲਈ ਟਰੈਕ 'ਤੇ ਵਹਾਏ ਪਸੀਨੇ ਬਾਰੇ ਸੋਚਦੀ ਹੈ। ਉਹ ਯਾਦ ਕਰਦੀ ਹੈ ਕਿ ਮਹਾਨ ਦੌੜਾਕ ਬਣਨ ਦੀ ਸਿੱਕ ਉਸ ਨੂੰ ਦਿਨ-ਰਾਤ ਕਿਵੇਂ ਸਤਾਉਂਦੀ ਸੀ। ਉਹ ਬੇਹਤਾਸ਼ਾ ਮਿਹਨਤ ਕਰਨ ਲੱਗੀ ਸੀ। ਆਪਣੀ ਮਿਹਨਤ ਦੇ ਸਿਰ 'ਤੇ ਨੈਸ਼ਨਲ ਸਕੂਲ ਗੇਮਜ਼ ਵਿਚ ਥਾਂ ਬਣਾਇਆ ਸੀ। ਨੈਸ਼ਨਲ ਸਕੂਲ ਗੇਮਜ਼ 'ਤੇ ਭੇਜਣ ਸਮੇਂ ਵੀ ਉਸ ਨਾਲ ਕਿੰਨਾ ਭਾਰੀ ਵਿਤਕਰਾ ਹੋਇਆ ਸੀ। ਉਸ ਦੀ ਜਗ੍ਹਾ ਰਾਜ ਦੇ ਖੇਡ ਮੰਤਰੀ ਦੀ ਰਿਸ਼ਤੇਦਾਰ ਦਾ ਨਾਂ ਲਿਸਟ ਵਿਚ ਸ਼ਾਮਲ ਕਰ ਲਿਆ ਗਿਆ ਸੀ। ਇਹ ਤਾਂ ਉਸ ਦੇ ਅਧਿਆਪਕ 'ਮੂਰਛਤ' ਦੀ ਨੱਠ ਭੱਜ ਦਾ ਨਤੀਜਾ ਸੀ ਜਿਸ ਕਾਰਨ ਅੰਤਲੇ ਸਮੇਂ ਉਸ ਦਾ ਨਾਂ ਵੀ ਖਿਡਾਰੀਆਂ ਦੇ ਪੈਨਲ ਵਿਚ ਸ਼ਾਮਲ ਕਰ ਲਿਆ ਗਿਆ ਸੀ। ਹੈਦਰਾਬਾਦ ਵਿਚ ਹੋਈਆਂ ਨੈਸ਼ਨਲ ਸਕੂਲ ਖੇਡਾਂ ਵਿਚ, ਟਰੈਕ ਉਸ ਦੇ ਤੇਜ਼ ਕਦਮਾਂ ਦੀ ਥਾਪ ਨਾਲ ਗੂੰਜਣ ਲੱਗਾ ਸੀ। ਉਹ ਨੈਸ਼ਨਲ ਜੇਤੂ ਬਣ ਗਈ ਸੀ। ਜੇਤੂ ਹੋ ਕੇ ਆਉਣ 'ਤੇ ਜਿਵੇਂ ਇੱਕ ਦਿਨ 'ਚ ਹੀ ਮਹਾਨ ਬਣ ਗਈ ਹੋਵੇ। ਉਹ ਤੇ ਉਸ ਦਾ ਪਰਿਵਾਰ ਆਮ ਤੋਂ ਖਾਸ ਬਣ ਗਏ ਸਨ। ਪਿੰਡ ਵਾਲਿਆਂ ਵਲੋਂ ਸਮਾਗਮ ਕਰ ਕੇ ਸਨਮਾਨਤ ਕੀਤਾ ਗਿਆ ਸੀ। ਉਸ ਦੇ ਰਾਹ ਵਿਚ ਕਿਸੇ ਨਾ ਕਿਸੇ ਢੰਗ ਨਾਲ ਰੋੜੇ ਅਟਕਾਉਣ ਵਾਲੇ ਅਧਿਆਪਕਾਂ ਨੇ ਵੀ ਉਸ ਦੇ 'ਕੋਚ' ਜਾਂ 'ਪਥ ਪ੍ਰਦਰਸ਼ਕ' ਵਜੋਂ ਸਨਮਾਨ ਲੈਣ ਵਿਚ ਮਾਣ ਮਹਿਸੂਸ ਕੀਤਾ ਸੀ।

ਈਜਵਾ ਨੇ ਨੈਸ਼ਨਲ ਗੇਮਜ਼ ਦੇ ਜੇਤੂ ਰਹਿਣ ਸਮੇਂ ਮਿਲੇ ਵਿਸ਼ਾਲ ਮੋਮੈਂਟੋਂ ਵੱਲ ਗਹੁ ਨਾਲ ਦੇਖਿਆ। ਭਾਰਤ ਦੇ ਨਕਸ਼ੇ ਦੇ ਰੂਪ ਵਿਚ ਬਣਿਆ ਮੋਮੈਂਟੋ ਉਸ ਨੂੰ ਖੇਡ ਨੀਤੀ ਦਾ ਮੂੰਹ ਚਿੜਾਉਂਦਾ ਜਾਪਿਆ। ਉਸ ਨੂੰ ਲੱਗਿਆ ਜਿਵੇਂ ਬਹੁ ਕਰੋੜੀ ਭਾਰਤ ਸਿਰ ਸੁੱਟੀ ਬੈਠਾ ਹੋਵੇ। ਕੀ ਕਿਸੇ ਦੇਸ਼ ਵਾਸੀ ਕੋਲ ਉਸ ਦੀਆਂ ਪ੍ਰਾਪਤੀਆਂ 'ਤੇ ਤਾੜੀਆਂ ਮਾਰ ਕੇ ਫੋਕਾ ਹੌਸਲਾ ਵਧਾਉਣ ਦੀ ਵੀ ਫੁਰਸਤ ਨਹੀਂ?

'ਜਦੋਂ ਸਾਰਾ ਹੀ ਦੇਸ਼ ਕੋਈ ਪਰਵਾਹ ਨਹੀਂ ਕਰ ਰਿਹਾ, ਮੈਂ ਕਿਉਂ ਕਰੋੜਾਂ ਲੋਕਾਂ ਦੀ ਇੱਜ਼ਤ ਦਾ ਖਿਆਲ ਰੱਖੀਂ ਬੈਠੀ ਹਾਂ? ਕਿਉਂ ਮੈਂ ਟਰੈਕ 'ਤੇ ਵਾਰ-ਵਾਰ ਆਪਣਾ ਖੂਨ-ਪਸੀਨਾ ਵਹਾਉਂਦੀ ਹਾਂ?' ਈਜਵਾ ਨੇ ਆਪਣੇ ਆਪ ਨੂੰ ਸੁਆਲ ਕੀਤਾ।

'ਖੇਡ ਅਧਿਕਾਰੀਆਂ ਨੂੰ ਪੁੱਛਣਾ ਚਾਹੀਦਾ ਹੈ, ਸ਼ਾਇਦ ਕੁਝ ਜਵਾਬ ਦੇ ਸਕਣ? ਪਰ ਉਨ੍ਹਾਂ ਨੂੰ ਕੀ ਪਤਾ? ਉਨ੍ਹਾਂ ਨੂੰ ਤਾਂ ਸਿਰਫ ਤਨਖਾਹਾਂ ਤੇ ਭੱਤੇ ਲੈਣ, ਖੇਡਾਂ ਦੇ ਬਹਾਨੇ ਬਾਹਰਲੇ ਦੇਸ਼ਾਂ ਦੀਆਂ ਸੈਰਾਂ ਕਰਨ ਤੇ ਵਿਦੇਸ਼ੀ ਮਾਲ ਘਰੇ ਲਿਆਉਣ ਦਾ ਹੀ ਪਤਾ ਹੈ।' ਈਜਵਾ ਨੇ ਆਪਣੇ ਅੰਦਰੋਂ ਉਠੇ ਸੁਆਲ ਦਾ ਆਪ ਹੀ ਜੁਆਬ ਦਿੱਤਾ।

'ਇਸ ਬਾਰੇ ਬੁੱਢੀ ਵਿਧਵਾ ਮਾਂ ਤੇ ਅਨਪੜ੍ਹ ਭਰਾਵਾਂ ਨੂੰ ਤਾਂ ਜ਼ਰੂਰ ਪੁੱਛਾਂ ਜਿਨ੍ਹਾਂ ਨੂੰ ਇਸ 'ਮਹਾਨ ਦੇਸ਼' 'ਚ ਗਰੀਬ ਅਤੇ ਛੋਟੀ ਜਾਤੀ ਦੇ ਹੋਣ ਕਰ ਕੇ ਜ਼ਲੀਲ ਹੋਣਾ ਪੈਂਦਾ।' ਉਨ੍ਹਾਂ ਨੂੰ ਪੁੱਛਾਂਗੀ, 'ਕੀ ਮੈਨੂੰ ਇਸ ਦੇਸ਼ ਲਈ ਦੌੜਨਾ ਜਾਰੀ ਰੱਖਣਾ ਚਾਹੀਦੈ?' ਸ਼ਾਇਦ ਜਵਾਬ ਮਿਲ ਜਾਵੇ? ਫਿਲਪ ਈਜਵਾ ਦੇ ਅੰਦਰੋਂ ਇੱਕ ਹੋਰ ਸੁਆਲ ਉਠਿਆ ਸੀ।

ਬੁੱਢੀ ਵਿਧਵਾ ਮਾਂ ਤੇ ਅਨਪੜ੍ਹ ਗਰੀਬ ਭਰਾ ਬਾਰੇ ਸੋਚਦਿਆਂ ਈਜਵਾ ਦਾ ਦਿਲ ਖੁਸ਼ੀ ਨਾਲ ਭਰ ਗਿਆ। ਉਹ ਜਾਣਦੀ ਹੈ ਕਿ ਉਹ ਕਹਿਣਗੇ- 'ਈਜੀ ਤੂੰ ਦੌੜੀ ਚੱਲ, ਦੌੜੀ ਚੱਲ। ਹੱਥ ਵਿਚ ਤਿਰੰਗਾ ਫੜ ਕੇ। ਗਰਾਊਂਡ ਦਾ ਜੇਤੂ ਚੱਕਰ ਲਾਉਂਦਿਆਂ ਦੀ ਤੇਰੀ ਫੋਟੋ ਅਸੀਂ ਅਖਬਾਰ ਵਿਚ ਵੇਖਦੇ ਰਹਿਣਾ ਚਾਹੁੰਦੇ ਹਾਂ। ਨਾਲੇ ਇਸ ਵਿਚ ਆਪਣੇ ਦੇਸ਼ ਦੀ ਇੱਜ਼ਤ-ਮਾਣ ਦਾ ਸੁਆਲ ਹੈ।'

ਫਿਲਪ ਈਜਵਾ ਦੇ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਦੌੜ ਗਈ। ਉਹ ਕੁਰਸੀ ਤੋਂ ਉਠੀ, ਟਰੈਕ ਸੂਟ ਪਾਏ ਅਤੇ ਅਭਿਆਸ ਕਰਨ ਲਈ ਸਟੇਡੀਅਮ ਵੱਲ ਚੱਲ ਪਈ।

# ਜਿਸ ਤਨ ਲਾਗੇ...

'ਕੀ ਗੱਲ, ਸਿਰ ਬੰਨਿਆ ਏ?' ਪਤੀ ਨੇ ਡੋਰ ਖੋਲ੍ਹਣ ਆਈ ਪਤਨੀ ਨੂੰ ਸਵਾਲ ਕੀਤਾ।

'ਦੁਖਦਾ ਏ', ਪਤਨੀ ਨੇ ਜਵਾਬ ਦਿੱਤਾ।

'ਕਿਉਂ! ਕੀ ਦੁੱਖ ਏ ਖਾਂਦਿਆਂ-ਪੀਂਦਿਆਂ?' ਪਤੀ ਨੇ ਸਵਾਲ ਕੀਤਾ। 'ਬਰੇਕ ਫਾਸਟ ਬਣਾਵਾਂ ਕਿ ਸ਼ਾਵਰ ਲੈਣਾ ਪਹਿਲਾਂ?'



ਪਤਨੀ ਨੇ ਗੱਲ ਟਾਲਦਿਆਂ ਪੁੱਛਿਆ।

'ਨਹੀਂ! ਪਹਿਲਾਂ ਦੱਸ ਗੱਲ ਕੀ ਏ?' ਪਤੀ ਨੇ ਰਾਤ ਵਾਲਾ ਖਾਲੀ ਲੰਚ ਬੈਗ ਟੇਬਲ 'ਤੇ ਰੱਖਦਿਆਂ ਪੁੱਛਿਆ।

ਪਤਨੀ ਡੁਸਕਣ ਲੱਗੀ ਤੇ ਸੋਫੇ 'ਤੇ ਜਾ ਬੈਠੀ। 'ਕੁਝ ਦੱਸੇਗੀ ਤਾਂ ਹੀ ਕੁਝ ਪਤਾ ਲੱਗੇਗਾ।' ਪਤੀ ਨੇ ਉਹਦਾ ਮੋਢਾ ਹਿਲਾਉਂਦਿਆਂ ਕਿਹਾ। 'ਉਹ...ਨੇ... ਕ...ਕਲੇਸ਼ ਪਾਇਆ।' ਪਤਨੀ ਹਟਕੋਰੇ ਲੈਂਦੀ ਬੋਲੀ।

'ਕੀਹਨੇ, ਕੀ ਕੀਤਾ? ਚੰਗੀ ਤਰ੍ਹਾਂ ਦੱਸ।' ਪਤੀ ਨੇ ਪਾਣੀ ਦਾ ਗਲਾਸ ਉਹਦੇ ਮੂੰਹ ਨੂੰ ਲਾਇਆ।

'ਭਾਬੀ ਨੇ!' ਕਹਿੰਦਿਆਂ ਪਤਨੀ ਦੀ ਭੁੱਬ ਨਿਕਲ ਗਈ।

'ਅੱਛਾ! ਇਹ ਗੱਲ ਏ।' ਪਤੀ ਨੇ ਸ਼ਰਾਰਤੀ ਨਜ਼ਰਾਂ ਨਾਲ ਕਿਹਾ ਤੇ ਨਾਲ ਹੀ ਹੋਰ ਸਵਾਲ ਦਾਗ ਦਿੱਤਾ, 'ਤੇਰੀ ਭਾਬੀ ਚਾਹੁੰਦੀ ਕੀ ਏ?'

'ਕਹਿੰਦੀ ਅੱਡ ਹੋਣਾ। ਬੀਬੀ, ਬਾਪੂ ਤੇ ਛੋਟੀ ਭੈਣ...ਮੈ ਨਹੀਂ ਰੱਖਣੇ ਨਾਲ। ਤੁਸੀਂ ਦੱਸੋ! ਐਸ ਉਮਰੇ ਕਿੱਥੇ ਜਾਣ? ਤੁਹਾਡੀ ਛੁੱਟੀ ਏ ਅੱਜ...ਆਪਾਂ ਸ਼ਾਮੀਂ ਜਾਣਾ ਵੀਰੇ ਦੇ ਘਰ; ਦੋਹਾਂ ਨੂੰ ਸਮਝਾਉਣਾ ਏ।'

'ਉਹ ਤਾਂ ਠੀਕ ਏ, ਚੱਲੇ ਚੱਲਾਂਗੇ...ਪਰ ਤੈਨੂੰ ਯਾਦ ਏ ਤਿੰਨ ਸਾਲ ਪਹਿਲਾਂ ਦਾ ਵਾਕਿਆ?' 'ਕਿਹੜਾ ਵਾਕਿਆ?' ਉਹ ਸਮਝਦੀ ਹੋਈ ਵੀ ਅਣਜਾਣ ਬਣ ਰਹੀ ਸੀ।

'ਐਡੀ ਭੋਲੀ ਨਾ ਬਣ। ਆਹ ਹੀ ਦਸੰਬਰ ਦਾ ਮਹੀਨਾ ਸੀ। ਮੇਰੀ ਵੱਡੀ ਭੈਣ ਤੈਨੂੰ ਸਮਝਾਉਣ ਆਈ ਸੀ, ਬਈ ਬੀਬੀ-ਬਾਪੂ ਨੂੰ ਪਿਆਰ ਨਾਲ ਰੱਖੋ। ਇਹ ਬਜ਼ੁਰਗ ਦੋ-ਦੋ ਰੋਟੀਆਂ ਈ ਖਾਂਦੇ ਨੇ...ਪਰ ਤੂੰ...!'

**-ਚਰਨਜੀਤ ਸਿੰਘ ਸਾਹੀ**

# ਬੈਚ ਫੁੱਲ ਸਟਾਰ ਆਫ ਬੈਥਲੇਹੈਮ: ਸਦਮਾ

ਸਟਾਰ ਆਫ ਬੈਥਲੇਹੈਮ (Star of Bethlehem) ਬੈਚ ਫੁੱਲ ਦਵਾਈ ਪ੍ਰਣਾਲੀ ਦੀ ਸੱਚੀ ਮੁੱਚੀ "ਸਟਾਰ" ਦਵਾਈ ਹੈ। ਇਹ ਬਹੁਤ ਹੀ ਔਖੀਆਂ ਘੜੀਆਂ ਵਿਚ ਕੰਮ ਆਉਂਦੀ ਹੈ। ਜਿਨ੍ਹਾਂ ਗੱਲਾਂ ਤੋਂ ਮਨੁੱਖ ਡਰਦਾ ਹੈ, ਜਿਨ੍ਹਾਂ ਤੋਂ ਉਹ ਦੂਰ ਭੱਜਦਾ ਹੈ, ਜਿਨ੍ਹਾਂ ਤੋਂ ਵੱਧ ਦੁਖਦਾਈ ਉਸ ਲਈ ਕੁਝ ਹੋਰ ਨਹੀਂ ਹੋ ਸਕਦਾ ਤੇ ਜਿਨ੍ਹਾਂ ਦੇ ਨਾ ਵਾਪਰਨ ਲਈ ਉਹ ਹਮੇਸ਼ਾ ਅਰਦਾਸਾਂ ਕਰਦਾ ਰਹਿੰਦਾ ਹੈ, ਜਦੋਂ ਉਨ੍ਹਾਂ ਦੀ ਹੀ ਮਾਰ ਉਸ ਨੂੰ ਪੈ ਜਾਵੇ ਤੇ ਉਹ ਸਦਮੇ ਦੀ ਚੋਟ ਨਾਲ ਵਿਲਕ ਰਿਹਾ ਹੋਵੇ ਭਾਵ ਕੋਈ ਉਸ ਦੀ ਧੀਰ ਨਾ ਬੰਨ੍ਹਾ ਸਕਦਾ ਹੋਵੇ, ਤਾਂ ਇਹ ਦਵਾਈ ਉਸ ਦੇ ਅਦਿੱਖ ਜਖਮਾਂ ਦੀ ਮੱਲ੍ਹਮ ਬਣਦੀ ਹੈ। ਇਹ ਉਸ ਨੂੰ ਮੁੜ ਖੜ੍ਹਾ ਕਰਕੇ ਜ਼ਿੰਦਗੀ ਦੀ ਤੋਰ ਤੁਰਨ ਦੇ ਸਮਰੱਥ ਕਰਦੀ ਹੈ। ਜ਼ਿੰਦਗੀ ਵਿਚ ਕਦੇ ਨਾ ਕਦੇ ਸਭ ਨੂੰ ਇਸ ਦੀ ਜਰੂਰਤ ਪੈਂਦੀ ਹੈ। ਇਸ ਲਈ ਇਹ ਹਰ ਇਕ ਦੇ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਫਸਟ-ਏਡ ਡੱਬੇ ਵਿਚ ਸ਼ਾਮਲ ਹੋਣੀ ਚਾਹੀਦੀ ਹੈ। ਡਾ. ਬੈਚ ਨੇ ਇਸ ਨੂੰ ਆਪਣੀ ਆਪਾਤਕਾਲੀਨ ਦਵਾਈ ਰੈਸਕਿਊ ਰੈਮਿਡੀ (Rescue Remedy) ਦੀਆਂ ਪੰਜ ਦਵਾਈਆਂ ਵਿਚ ਉਚੇਚੇ ਤੌਰ 'ਤੇ ਸ਼ਾਮਲ ਕੀਤਾ ਹੋਇਆ ਹੈ। ਇਸ ਲਈ ਲੋੜ ਪੈਣ 'ਤੇ ਜੇ ਇਹ ਨਾ ਹੋਵੇ ਤਾਂ ਰੈਸਕਿਊ ਰੈਮਿਡੀ ਤੋਂ ਵੀ ਕੰਮ ਲਿਆ ਜਾ ਸਕਦਾ ਹੈ।

ਇਸ ਦਵਾਈ ਦੇ ਅਸਰ ਦਾ ਘੇਰਾ ਦੱਸਦਿਆਂ ਡਾ. ਬੈਚ ਲਿਖਦੇ ਹਨ, "ਇਹ ਉਨ੍ਹਾਂ ਲਈ ਹੈ, ਜੋ ਅਤਿਅੰਤ ਹੀ ਦੁਖਦਾਇਕ ਹਾਲਾਤਾਂ ਜਿਵੇਂ ਕਿਸੇ ਦੁਖਭਰੀ ਖਬਰ ਦਾ ਗੰਭੀਰ ਸਦਮਾ, ਕਿਸੇ ਨੇੜਲੇ ਦੀ ਮੌਤ ਦਾ ਗਮ, ਕਿਸੇ ਦੁਰਘਟਨਾ ਦੀ ਮਾਨਸਿਕ ਚੋਟ ਜਾਂ ਕੋਈ ਹੋਰ ਅਜਿਹੀ ਮੰਦਭਾਗੀ ਗੱਲ ਰਾਹੀਂ ਨਪੀੜੇ ਜਾ ਰਹੇ ਹੋਣ ਅਤੇ ਜਿਹੜੇ ਇਨ੍ਹਾਂ ਘਟਨਾਵਾਂ ਦੇ ਕਹਿਰ ਤੋਂ ਬਾਅਦ ਵੀ ਵਿਰਣ ਤੋਂ ਇਨਕਾਰ ਕਰ ਦਿੰਦੇ ਹੋਣ। ਇਹ ਉਨ੍ਹਾਂ ਨੂੰ ਨੇੜਲਾ ਤੇ ਦੂਰ-ਵਰਤੀ ਆਰਾਮ ਪਹੁੰਚਾਉਂਦੀ ਹੈ।"

ਜੇ ਡਾ. ਬੈਚ ਦੀ ਦਿੱਤੀ ਜਾਣਕਾਰੀ ਦੇ ਮਹੀਨ ਅਰਥ ਕੱਢੀਏ ਤਾਂ ਉਹ ਇਸ ਦਵਾਈ ਬਾਰੇ ਬਹੁਤ ਕੁਝ ਦੱਸਦੇ ਹਨ। ਪਹਿਲੀ ਗੱਲ, ਇਹ ਫੁੱਲ ਦਵਾਈ ਗਹਿਰੇ ਸਦਮੇ ਜਾਂ ਡੂੰਘੀ ਮਾਨਸਿਕ ਚੋਟ ਦੇ ਜ਼ਖਮ ਭਰਦੀ ਹੈ। ਇਹ ਚੋਟ ਸਰੀਰਕ ਨਾਲੋਂ ਮਾਨਸਿਕ ਵਧੇਰੇ ਹੁੰਦੀ ਹੈ ਤੇ ਇਸ ਦੇ ਸਿੱਟੇ ਸਰੀਰਕ ਸੱਟ ਨਾਲੋਂ ਵਧੇਰੇ ਦੁਖਦਾਇਕ ਤੇ ਚਿਰ-ਸਥਾਈ ਹੁੰਦੇ ਹਨ। ਘਟਨਾਵਾਂ ਦੇ ਅਚਾਨਕ ਵਾਪਰਨ ਦਾ ਝਟਕਾ ਇਕ ਹੋਰ ਫੁੱਲ ਦਵਾਈ 'ਰਾਕ ਰੋਜ਼' ਵੀ ਦੂਰ ਕਰਦੀ ਹੈ, ਪਰ ਉਸ ਵਿਚ ਆਮ ਕਰ ਕੇ ਇਹ ਸਾਧਾਰਨ ਤੇ ਪਰਾਏ ਪੱਧਰ 'ਤੇ ਹੁੰਦਾ ਹੈ। ਸਟਾਰ ਆਫ ਬੈਥਲੇਹੈਮ ਵਿਚ ਇਹ ਝਟਕਾ ਵਿਅਕਤਿਗਤ ਸਦਮੇ ਦੇ ਰੂਪ ਵਿਚ ਹੁੰਦਾ ਹੈ। ਦੂਜਾ, ਸਦਮਾ ਕਿਸੇ ਨਾ ਸਹਾਰਨ ਵਾਲੀ ਘਾਤਕ ਘਟਨਾ ਕਾਰਨ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਸ਼ੇਸ਼ ਪਿਆਰੇ ਦੀ ਮੌਤ ਜਾਂ ਵਿਛੋੜੇ ਕਾਰਨ ਇਸ ਸਦਮੇ ਦੇ ਹਾਲਾਤ ਬਣਦੇ ਹਨ। ਕਿਸੇ ਬੁਰੀ ਖਬਰ ਦੇ ਅਚਾਨਕ ਆਉਣ ਨਾਲ ਜਾਂ ਅਚਾਨਕ ਘਾਤਕ ਐਕਸੀਡੈਂਟ ਵਾਪਰਨ ਜਾਂ ਉਸ ਨੂੰ ਦੇਖਣ ਨਾਲ ਵੀ ਵਿਅਕਤੀ ਦੇ ਦਿਲ ਦਿਮਾਗ 'ਤੇ ਗਹਿਰੀ ਚੋਟ ਲਗਦੀ ਹੈ। ਤੀਜੇ, ਅਜਿਹੇ ਹਾਦਸਿਆਂ ਤੋਂ ਬਾਅਦ ਵਿਅਕਤੀ ਦੀ ਹਾਲਤ ਇੰਨੀ ਗੰਭੀਰ ਤੇ ਤਰਸਯੋਗ ਹੋ ਜਾਂਦੀ ਹੈ ਕਿ ਉਹ ਵਿਰਾਇਆ ਨਹੀਂ ਵਿਰਦਾ ਭਾਵ ਉਸ ਦਾ ਧੀਰਜ ਨਹੀਂ ਬੰਨ੍ਹਾਇਆ ਜਾ ਸਕਦਾ। ਚੌਥੇ, ਘੋਰ ਗਰੀਬੀ, ਬਿਮਾਰੀ ਤੇ ਤੰਗ-ਦਸਤੀ ਦੇ ਲਗਾਤਾਰ ਹਾਲਾਤ ਵੀ ਵਿਅਕਤੀ ਲਈ ਅਜਿਹਾ ਹੀ ਸਦਮਾ ਰਚਣ ਦਾ ਦਮ ਰੱਖਦੇ ਹਨ। ਪੰਜਵੇਂ, ਜੇ ਇਨ੍ਹਾਂ ਸਦਮਿਆਂ ਵਿਚੋਂ ਨਿਕਲਣ ਵਾਲੇ ਵਿਅਕਤੀ ਦਾ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਉਸ ਦੀਆਂ ਗਹਿਰੀਆਂ ਮਾਨਸਿਕ ਚੋਟਾਂ ਉਸ ਨੂੰ ਹਮੇਸ਼ਾ ਲਈ ਬਿਮਾਰ ਰੱਖਦੀਆਂ ਹਨ। ਲੱਗਿਆ ਸਦਮਾ ਵਿਅਕਤੀ ਦੇ ਦਿਲ 'ਤੇ ਬੋਝ ਬਣ ਕੇ ਟਿਕਿਆ ਰਹਿੰਦਾ ਹੈ ਤੇ ਉਸ ਨੂੰ ਸਾਲੋ ਸਾਲ ਖੜ੍ਹਾ ਨਹੀਂ ਹੋਣ ਦਿੰਦਾ।

ਆਮ ਤੌਰ 'ਤੇ ਜਦੋਂ ਕਿਸੇ ਮਾਂ ਦਾ ਬੱਚਾ ਕਿਸੇ ਅਚਾਨਕ ਦੁਰਘਟਨਾ ਦੀ ਭੇਟ ਚੜ੍ਹ ਜਾਂਦਾ ਹੈ ਤਾਂ ਇਸ ਦੀ ਖਬਰ ਨਾਲ ਉਸ ਦਾ ਦਿਮਾਗ ਗੁੰਮ ਹੋ ਜਾਂਦਾ ਹੈ। ਉਹ ਦੰਦਣ ਪੈ ਕੇ ਬੇਹੋਸ਼ ਹੋ ਜਾਂਦੀ ਹੈ। ਹੋਸ਼ ਆਉਣ ਪਿਛੋਂ ਵੀ ਉਹ ਕੁਝ ਬੋਲਦੀ ਨਹੀਂ। ਉਹ ਖੁੱਲ੍ਹੀਆਂ ਅੱਖਾਂ ਨਾਲ ਸਭ ਕੁਝ ਦੇਖਦੀ ਰਹਿੰਦੀ ਹੈ, ਪਰ ਕੋਈ ਪ੍ਰਤੀਕ੍ਰਿਆ ਨਹੀਂ ਕਰਦੀ। ਨਾ ਉਹ ਰੋਂਦੀ ਹੈ, ਨਾ ਚੀਕਦੀ ਹੈ ਤੇ ਨਾ ਹੀ ਉਸ ਦੇ ਅੱਥਰੂ ਵਗਦੇ ਹਨ। ਉਸ ਨੂੰ ਭੁੱਖ ਪਿਆਸ ਵੀ ਨਹੀਂ ਲਗਦੇ। ਲੋਕ ਆ ਕੇ ਉਸ ਨੂੰ ਦਿਲਾਸਾ ਦਿੰਦੇ ਹਨ ਤੇ ਉਸ ਦੇ ਸਿਰ 'ਤੇ ਹੱਥ ਫੇਰ ਕੇ ਉਸ ਨਾਲ ਦੁੱਖ ਵੰਡਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਉਹ ਕੋਈ ਹੁੰਗਾਰਾ ਨਹੀਂ ਭਰਦੀ। ਉਸ ਦੇ ਕਲੇਜੇ ਵਿਚ ਕੋਈ ਭਾਰੀ ਪੱਥਰ ਫਸਿਆ ਹੁੰਦਾ ਹੈ, ਜੋ ਨਾ ਹੇਠ ਹੁੰਦਾ ਹੈ, ਨਾ ਉੱਪਰ। ਵੇਖਣ-ਸੁਣਨ ਵਾਲਿਆਂ ਲਈ ਵੀ ਇਹ ਇਕ ਅਤਿਅੰਤ ਦੁਖਦਾਇਕ ਗੱਲ ਹੁੰਦੀ ਹੈ। ਅਜਿਹੀ ਹਾਲਤ ਵਿਚ ਜਦੋਂ ਉਸ ਨੂੰ ਸਮਝਾਉਣ ਦੇ ਸਭ ਹੀਲੇ ਨਿਸਫਲ ਹੋ ਜਾਂਦੇ ਹੋਣ ਤਾਂ ਫੁੱਲ ਦਵਾਈ ਸਟਾਰ ਆਫ ਬੈਥਲੇਹੈਮ ਦੀਆਂ ਕੁਝ ਖੁਰਾਕਾਂ ਉਸ ਨੂੰ ਠੀਕ ਕਰ ਦੇਣਗੀਆਂ। ਉਹ ਆਪਣੇ ਪਰਿਵਾਰ ਦੇ ਗਲ ਲੱਗ ਕੇ ਰੋਵੇਗੀ। ਉਸ ਦੀਆਂ ਭੁੱਬਾਂ ਨਿਕਲਣਗੀਆਂ ਤੇ ਅੱਖਾਂ ਵਿਚੋਂ ਨੀਰ ਵਹੇਗਾ। ਉਹ ਆਪਣੇ ਬੱਚੇ ਦੀਆਂ ਗੱਲਾਂ ਕਰੇਗੀ, ਜਿਸ ਨਾਲ ਉਸ ਦੇ ਮਿਹਦੇ ਦਾ ਵਜਨ ਘਟੇਗਾ। ਉਸ ਨੂੰ ਭੁੱਖ ਪਿਆਸ ਲੱਗਣੀ ਸ਼ੁਰੂ ਹੋਵੇਗੀ ਤੇ ਉਹ ਭਾਣਾ ਮੰਨਣ ਦੇ ਰਾਹ ਪੈ ਕੇ ਜ਼ਿੰਦਗੀ ਨੂੰ ਅੱਗੇ ਤੋਰੇਗੀ।

ਇਹੀ ਹਾਲਤ ਉਨ੍ਹਾਂ ਨਵ-ਵਿਆਹੀਆਂ ਔਰਤਾਂ ਦੀ ਹੁੰਦੀ ਹੈ, ਜਿਨ੍ਹਾਂ ਦੇ ਨੌਜਵਾਨ ਪਤੀ ਫੌਜ ਵਿਚ ਹੁੰਦੇ ਹਨ ਜਾਂ ਵਿਦੇਸ਼ ਗਏ ਹੁੰਦੇ ਹਨ। ਇਕ ਦਿਨ ਅਚਾਨਕ ਉੱਥੋਂ ਉਨ੍ਹਾਂ ਦੇ ਗੁਜ਼ਰਨ ਦੀ ਖਬਰ ਆਉਂਦੀ ਹੈ। ਉਹ ਖੜ੍ਹੀਆਂ ਖੜ੍ਹਾਈਆਂ ਸੁੰਨ ਹੋ ਜਾਂਦੀਆਂ ਹਨ। ਉਨ੍ਹਾਂ ਦੀਆਂ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ। ਕੁਝ ਬੋਲਣ ਤੋਂ ਪਹਿਲਾਂ ਹੀ ਬੇਹੋਸ਼ ਹੋ ਕੇ ਉਹ ਡਿਗ ਪੈਂਦੀਆਂ ਹਨ। ਕੋਈ ਪਾਣੀ ਦੇ ਛਿੱਟੇ ਮਾਰਦਾ ਹੈ ਤਾਂ ਸੋਝੀ ਵਿਚ ਆਉਂਦੀਆਂ ਹਨ। ਕੁਝ ਕਹੇ ਬਗੈਰ ਡੂੰਘਾ ਹਉਕਾ ਲੈ ਕੇ ਬਿਤਰ ਬਿਤਰ ਝਾਕਦੀਆਂ ਰਹਿੰਦੀਆਂ ਹਨ ਜਿਵੇਂ ਉਨ੍ਹਾਂ ਨੂੰ ਕੁਝ ਪਤਾ ਹੀ ਨਾ ਹੋਵੇ ਕਿ ਕੀ ਹੋਇਆ ਹੈ। ਉਨ੍ਹਾਂ ਦੇ ਵਲਵਲੇ ਪੁੱਠੇ ਹੋ ਕੇ ਅੰਦਰ ਦੀਆਂ ਕਸਰਾਂ ਬਣਨ ਲਗਦੇ ਹਨ। ਕਿਸੇ ਨੂੰ ਉਨ੍ਹਾਂ ਦੇ ਰੋਗ ਦੀ ਸਮਝ ਨਹੀਂ ਆਉਂਦੀ। ਲੋਕ ਕਹਿੰਦੇ ਹਨ ਕਿ ਮਰਨ ਵਾਲੇ ਦੀ ਰੂਹ ਨੇ ਉਨ੍ਹਾਂ ਨੂੰ ਦਬੋਚ ਰੱਖਿਆ ਹੈ। ਕਈ ਕਹਿੰਦੇ ਹਨ, ਉਹ ਝੱਲੀਆਂ ਬੋਲੀਆਂ ਹੋ ਗਈਆਂ ਹਨ। ਪਰਿਵਾਰ ਵਾਲੇ ਉਸ ਨੂੰ ਬਾਬਾ ਵਡਭਾਗ ਸਿੰਘ ਦੇ ਡੇਰੇ ਜਾਂ ਪਿਹੋਵੇ ਦੇ ਘਾਟ ਲੈ ਕੇ ਜਾਂਦੇ ਹਨ। ਕਈ ਉਨ੍ਹਾਂ ਨੂੰ ਤੀਰਥ ਅਸ਼ਨਾਨ ਜਾਂ ਗੁਰਧਾਮਾਂ ਦੇ ਦਰਸ਼ਨ ਕਰਵਾਉਂਦੇ ਹਨ, ਪਰ ਕਿਸੇ ਤਰ੍ਹਾਂ ਵੀ ਉਨ੍ਹਾਂ ਦੇ ਦੁਖ ਦਾ ਗੁਬਾਰ ਨਹੀਂ ਨਿਕਲਦਾ। ਅਜਿਹੇ ਵੇਲੇ ਫੁੱਲ ਦਵਾਈ ਸਟਾਰ ਆਫ ਬੈਥਲੇਹੈਮ ਕੰਮ ਆਉਂਦੀ ਹੈ। ਅਵਲ ਤਾਂ ਬੇਹੋਸ਼ੀ ਦੌਰਾਨ ਹੀ ਇਸ ਦੀਆਂ ਦੋ ਗੋਲੀਆਂ ਰੋਗੀ ਦਾ ਬੁਲ੍ਹ ਖਿੱਚ ਕੇ ਇਸ ਦੇ ਅੰਦਰਵਾਰ ਭਾਤ ਦੇਣੀਆਂ ਚਾਹੀਦੀਆਂ ਹਨ, ਪਰ ਜੇ ਸਮਾਂ ਵੇਹਾ ਗਿਆ ਹੋਵੇ ਤਾਂ ਤਿੰਨ ਖੁਰਾਕਾਂ ਕੁਝ ਦਿਨਾਂ ਲਈ ਹਰ ਰੋਜ਼ ਦੇ ਦੇਣ ਨਾਲ ਉਸ ਦਾ ਭਲਾ ਹੋ ਜਾਵੇਗਾ। ਇਸ ਨਾਲ ਰੋਗੀ ਮ੍ਰਿਤਕ ਦਾ ਖੁੱਲ੍ਹ ਕੇ ਅਫਸੋਸ ਕਰ ਲਵੇਗੀ ਤੇ ਅਰੋਗ ਹੋ ਜਾਵੇਗੀ। ਜੇ ਕੋਈ ਅਜਿਹੇ ਦੁੱਖ-ਭਰੇ ਸੋਗੀ ਮਰੀਜ਼ ਨੂੰ ਇਹ ਦਵਾਈ ਉਪਲਬਧ ਕਰਵਾ ਦਿੰਦਾ ਹੈ ਜਾਂ ਇਸ ਦੀ ਦੱਸ ਪਾ ਦਿੰਦਾ ਹੈ ਤਾਂ ਇਹ ਸਭ ਤੋਂ ਵੱਡੀ ਸਮਾਜ ਸੇਵਾ ਹੈ।

ਇੰਡੀਆ ਵਿਚ ਬੜੇ ਸਾਲ ਪਹਿਲਾਂ ਮੈਂ ਇਕ ਸਰਪੰਚ ਦੀ ਨੂੰਹ ਦਾ ਇਲਾਜ ਕੀਤਾ ਸੀ। ਉਦੋਂ ਦਾ ਉਸ ਨੂੰ ਹੋਮਿਓਪੈਥੀ 'ਤੇ ਬੜਾ ਭਰੋਸਾ ਸੀ। ਸਾਲ 2018 ਦੇ ਸ਼ੁਰੂ ਵਿਚ ਉਸ ਨੇ ਕਿਸੇ ਕੋਲੋਂ ਮੇਰਾ ਫੋਨ ਲੈ ਕੇ ਕਾਲ ਕੀਤੀ ਤੇ ਪੁੱਛਿਆ ਕਿ ਮੈਂ ਪਟਿਆਲੇ ਕਦੋਂ ਆਉਣਾ ਹੈ। ਕੰਮ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਨੇ ਆਪਣੀ ਰਿਸ਼ਤੇਦਾਰੀ ਵਿਚ ਇਕ ਮਰੀਜ਼ ਦਿਖਾਉਣਾ ਹੈ। ਮੈਂ ਉਸ ਸਾਲ ਮਈ ਵਿਚ ਉਥੇ ਗਿਆ ਤੇ ਉਸ ਨੂੰ ਆਪਣੇ ਆਉਣ ਦੀ ਇਤਲਾਹ ਦਿੱਤੀ। ਉਸ ਨੇ ਕਿਹਾ ਕਿ ਮਰੀਜ਼ ਨੂੰ ਪਟਿਆਲੇ ਲਿਆਉਣਾ ਮੁਸ਼ਕਿਲ ਹੈ, ਇਸ ਲਈ ਉਸ ਦੇ ਪਿੰਡ ਜਾਣਾ ਪੈਣਾ ਹੈ। ਉੱਥੇ ਜਾ ਕੇ ਮੈਂ ਮਰੀਜ਼ ਨੂੰ ਕੋਲ ਬੁਲਵਾਇਆ। ਉਸ ਨੂੰ ਦੋ ਤਿੰਨ ਔਰਤਾਂ ਪਕੜ ਕੇ ਲਿਆਈਆਂ। ਉਹ ਪੱਚੀ-ਛੱਬੀ ਸਾਲ ਦੀ ਕੁੜੀ ਸੀ, ਜੋ ਸਾਲ ਕੁ ਪਹਿਲਾਂ ਵਿਧਵਾ ਹੋ ਕੇ ਬਿਮਾਰ ਹੋ ਗਈ ਸੀ। ਉਸ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਇਲਾਜ ਲਈ ਪੇਕੇ ਭੇਜ ਦਿੱਤਾ ਸੀ ਤੇ ਉਸ ਦੇ ਪੰਜ ਸਾਲ ਦੇ ਲੜਕੇ ਨੂੰ ਆਪਣੇ ਕੋਲ ਰੱਖ ਲਿਆ ਸੀ। ਇਸ ਲਈ ਉਸ ਨੂੰ ਦੋ ਤਿੰਨ ਸਦਮੇ ਇੱਕਠੇ ਲੱਗੇ ਹੋਏ ਸਨ। ਲੜਕੀ ਦੀ ਹਾਲਤ ਦਾ ਮੈਂ ਹਾਲੇ ਜਾਇਜ਼ਾ ਲੈ ਹੀ ਰਿਹਾ ਸਾਂ ਕਿ ਉਸ ਦੀਆਂ ਅੱਖਾਂ ਉਤਾਹਾਂ ਵਲ ਘੁੰਮ ਗਈਆਂ। ਉਸ ਨੇ ਇਕ ਦਰਦ ਭਰੀ ਚੀਖ ਮਾਰੀ ਤੇ ਉਸ ਦੀ ਗਰਦਨ ਪਿਛਾਂਹ ਵਲ ਨੂੰ ਡਿਗ ਪਈ। ਦੇਖਦੇ ਹੀ ਦੇਖਦੇ ਉਸ ਦੀਆਂ ਲੱਤਾਂ ਬਾਹਵਾਂ ਲੱਕੜ ਵਾਂਗ ਆਕੜ ਗਈਆਂ। ਔਰਤਾਂ ਨੇ ਉਸ ਨੂੰ ਉਵੇਂ ਹੀ ਚੁੱਕ ਕੇ ਮੰਜੇ 'ਤੇ ਲਿਟਾ ਦਿੱਤਾ ਅਤੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ। ਕੁਝ ਮਿੰਟਾਂ ਬਾਅਦ ਉਹ ਹੋਸ਼ ਵਿਚ ਆ ਗਈ। ਉਸ ਦੀ ਮਾਂ ਨੇ ਦੱਸਿਆ, "ਜੀ ਇਸ ਨੂੰ ਹਰ ਰੋਜ਼ ਇਹੀ ਕੁਝ ਹੁੰਦਾ ਹੈ। ਚੰਗਾ ਹੋਇਆ, ਤੁਸੀਂ ਅੱਖੀਂ ਦੇਖ ਲਿਆ।"

ਸਦਮੇ ਦਾ ਸਾਧਾਰਨ ਕੇਸ ਸਮਝ ਕੇ ਮੈਂ ਉਸ ਲਈ ਹੋਮਿਓਪੈਥੀ ਦਵਾਈ ਇਗਨੇਸ਼ੀਆ (Ignatia) ਦੀਆਂ ਦੋ ਖੁਰਾਕਾਂ ਬਣਾ ਦਿੱਤੀਆਂ ਤੇ ਦੋ ਦਿਨ ਸਵੇਰੇ ਖਾਣ ਲਈ ਕਿਹਾ। ਅੱਠਾਂ ਦਿਨਾਂ ਬਾਅਦ ਖਬਰ ਆਈ ਕਿ ਮਰੀਜ਼ ਨੂੰ ਥੋੜ੍ਹਾ-ਬਹੁਤ ਹੀ ਫਰਕ ਪਿਆ ਹੈ, ਦੌਰੇ ਉਸੇ ਤਰ੍ਹਾਂ ਹਨ। ਮੈਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਇਸ ਪ੍ਰਸਿੱਧ ਮੰਨੀ ਜਾਂਦੀ ਦਵਾਈ ਨੇ ਇਸ ਮਰੀਜ਼ 'ਤੇ ਕੋਈ ਅਸਰ ਨਹੀਂ ਕੀਤਾ। ਅਜੇ ਕੁਝ ਸਾਲ ਪਹਿਲਾਂ ਹੀ ਮੈਂ ਇਸ ਨਾਲ ਇਕ ਅਜਿਹਾ ਮਰੀਜ਼ ਠੀਕ ਕੀਤਾ ਸੀ, ਜਿਸ ਦੀ ਆਪਣੇ ਅਤਿ ਪਿਆਰੇ ਮਾਮੇ ਦੀ ਮੌਤ ਤੋਂ ਬਾਅਦ ਆਵਾਜ਼ ਚਲੀ ਗਈ ਸੀ ਤੇ ਉਹ ਗੁੰਮ ਸੁੰਮ ਰਹਿਣ ਲੱਗਿਆ ਸੀ; ਪਰ ਹੋਮਿਓਪੈਥੀ ਥੋਕ ਦੇ ਭਾਅ ਅਸਰ ਨਹੀਂ ਕਰਦੀ। ਇਸ ਵਿਚ ਬੜੀ ਬਾਰੀਕੀ ਨਾਲ ਹਰੇਕ ਬਿਮਾਰ ਦੀਆਂ ਅਲਾਮਤਾਂ ਨੂੰ ਦਵਾਈਆਂ ਦੀਆਂ ਅਲਾਮਤਾਂ ਨਾਲ ਮਿਲਾਉਣਾ ਪੈਂਦਾ ਹੈ। ਇਸ ਲਈ ਮੈਂ ਉਨ੍ਹਾਂ ਨੂੰ ਪਟਿਆਲਿਓਂ ਸੰਤ ਤੋਂ ਸਟਾਰ ਆਫ ਬੈਥਲੇਹੈਮ ਲਿਆ ਕੇ ਮਰੀਜ਼ ਨੂੰ ਦੋ-ਦੋ ਤੁਪਕੇ ਦਿਨ ਵਿਚ ਤਿੰਨ ਵਾਰ ਦੇਣ ਦੇਣ ਲਈ ਕਿਹਾ। ਇਸ ਕੰਮ 'ਤੇ ਉਨ੍ਹਾਂ ਨੇ ਉਸੇ ਵੇਲੇ ਅਮਲ ਸ਼ੁਰੂ ਕਰ ਦਿੱਤਾ। ਮੈਂ ਦੋ ਹਫਤਿਆਂ ਬਾਅਦ ਹਾਲਤ ਦੱਸਣ ਲਈ ਕਿਹਾ ਸੀ, ਪਰ ਉਨ੍ਹਾਂ ਨੇ ਛੇਵੇਂ ਦਿਨ ਹੀ ਫੋਨ ਕਰ ਕੇ ਦੱਸਿਆ ਕਿ ਪਿਛਲੇ ਦੋ ਦਿਨਾਂ ਤੋਂ ਬੇਹੋਸ਼ੀ ਦਾ ਕੋਈ ਦੌਰਾ ਨਹੀਂ ਪਿਆ, ਪਰ ਕਦੇ ਕਦੇ ਟੰਗਾਂ ਬਾਹਵਾਂ ਆਕੜ ਜਾਂਦੀਆਂ ਸਨ। ਮੈਂ ਉਨ੍ਹਾਂ ਨੂੰ ਇਹੀ ਦਵਾਈ ਜਾਰੀ ਰੱਖਣ ਦੀ ਸਿਫਾਰਿਸ਼ ਕੀਤੀ। ਇਕ ਮਹੀਨੇ ਬਾਅਦ ਜਦੋਂ ਮੈਂ ਵਾਪਸ ਆਉਣਾ ਸੀ, ਉਸ ਵੇਲੇ ਤੀਕ ਉਸ ਦੇ ਸਭ ਦੌਰੇ ਖਤਮ ਹੋ ਗਏ ਸਨ ਤੇ ਉਹ ਆਪਣੇ ਲੜਕੇ ਕੋਲ ਜਾਣ ਲਈ ਕਾਹਲੀ ਪੈ ਰਹੀ ਸੀ। ਮੈਂ ਉਨ੍ਹਾਂ ਨੂੰ ਇਹੀ ਦਵਾਈ ਦੋ ਮਹੀਨੇ ਹੋਰ ਦਿੰਦੇ ਰਹਿਣ ਲਈ ਕਹਿ ਕੇ ਆ ਗਿਆ। ਬਾਅਦ ਵਿਚ ਖਬਰ ਮਿਲੀ ਕਿ ਉਹ ਮੁਕੰਮਲ ਤੌਰ 'ਤੇ ਠੀਕ ਸੀ ਤੇ ਆਪਣੇ ਸਹੁਰੇ ਪਿੰਡ ਚਲੀ ਗਈ ਸੀ।




ਡਾ. ਕੋਰਨੇਲੀਆ ਰਿਚਰਡਸਨ-ਬੋਡਿਲਰ ਲਿਖਦੇ ਹਨ ਕਿ ਭਾਵੇਂ ਅਚਾਨਕ ਸਦਮੇ ਫੌਰੀ ਮਾਰ ਕਰਦੇ ਹਨ, ਪਰ ਬਹੁਤ ਵਾਰੀ ਇਨ੍ਹਾਂ ਦਾ ਮਾਨਸਿਕ ਅਸਰ ਪਛੜ ਕੇ ਆਉਂਦਾ ਹੈ। ਉਸ ਅਨੁਸਾਰ ਰੋਗੀ ਨੂੰ ਮਾਨਸਿਕ ਸਦਮਿਆਂ ਤੋਂ ਬਚਾਉਣ ਲਈ ਕੁਦਰਤ ਵਲੋਂ ਕਈ ਰੋਕਾਂ ਲਾਈਆਂ ਹੁੰਦੀਆਂ ਹਨ। ਪਹਿਲਾਂ ਤਾਂ ਦਿਮਾਗ ਇਹ ਮੰਨਣ ਵਿਚ ਆਨਾ-ਕਾਨੀ ਕਰਦਾ ਰਹਿੰਦਾ ਹੈ ਕਿ ਉਹ ਖਬਰ ਸੱਚੀ ਹੈ। ਉਸ ਨੂੰ ਆਸ ਰਹਿੰਦੀ ਹੈ ਕਿ ਹੁਣੇ ਚੰਗੀ ਖਬਰ ਆ ਜਾਵੇਗੀ। ਜੇ ਉਸ ਨੂੰ ਸੱਚ ਦੀ ਪੁਸ਼ਟੀ ਹੋ ਵੀ ਜਾਵੇ ਤਾਂ ਉਹ ਰੋਗੀ ਨੂੰ ਮਾਨਸਿਕ ਤੌਰ 'ਤੇ ਗੁੰਮ ਕਰ ਦਿੰਦਾ ਹੈ। ਉਹ ਮਰੀਜ਼ ਦੇ ਦਿਮਾਗ ਨੂੰ ਸੁੰਨ ਕਰ ਕੇ ਉਸ ਨੂੰ ਇਸ ਬਾਰੇ ਗੱਲ ਕਰਨ ਤੋਂ ਰੋਕ ਦੇਵੇਗਾ। ਇਸ ਲਈ ਸਦਮੇ ਦੀਆਂ ਅਲਾਮਤਾਂ ਨੂੰ ਪ੍ਰਗਟ ਹੋਣ ਵਿਚ ਸਮਾਂ ਲਗਦਾ ਹੈ, ਪਰ ਜਦੋਂ ਇਹ ਪ੍ਰਗਟ ਹੋ ਜਾਣ ਤਾਂ ਕਿਸੇ ਦਵਾਈ ਪ੍ਰਣਾਲੀ ਵਿਚ ਅਜਿਹਾ ਕੋਈ ਚਾਰਾ ਨਹੀਂ ਕਿ ਉਹ ਇਨ੍ਹਾਂ ਨੂੰ ਖਤਮ ਕਰ ਦੇਵੇ। ਜਦੋਂ ਤੀਕ ਇਹ ਅਲਾਮਤਾਂ ਚਲਦੀਆਂ ਰਹਿੰਦੀਆਂ ਹਨ, ਇਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਤਕਲੀਫਾਂ ਵੀ ਹਟ ਨਹੀਂ ਸਕਦੀਆਂ। ਇਸ ਹਾਲਤ ਵਿਚ ਸਿਰਫ ਫੁੱਲ ਦਵਾਈ 'ਸਟਾਰ ਆਫ ਬੈਥਲੇਹੈਮ' ਹੀ ਰੋਗੀ ਨੂੰ ਮਾਨਸਿਕ ਤੇ ਸਰੀਰਕ ਅਰੋਗ ਕਰ ਸਕਦੀ ਹੈ।

ਮੈਂ ਆਪਣੀ ਬੈਚ ਫੁੱਲ ਪੱਧਤੀ ਦੀ ਪ੍ਰੈਕਟਿਸ ਦਾ ਸਿਹਰਾ ਪਟਿਆਲਾ ਦੇ ਡਾਕਟਰ ਬਾਤਿਸ਼ ਨੂੰ ਦਿੰਦਾ ਹਾਂ, ਪਰ ਜਦੋਂ ਉਸ ਨੇ ਮੈਨੂੰ ਹੋਮਿਓਪੈਥਿਕ ਦਵਾਈਆਂ ਦੇ ਨਾਲ ਨਾਲ ਬੈਚ ਦਵਾਈਆਂ ਨੂੰ ਵਰਤਣ ਦੀ ਸਿਫਾਰਿਸ਼ ਕੀਤੀ ਤਾਂ ਮੈਂ ਸੱਚੀ ਮੁੱਚੀ ਤ੍ਰਭਕ ਗਿਆ ਸਾਂ। ਮੈਂ ਉਸ ਨੂੰ ਕੋਰੀ ਤਰ੍ਹਾਂ ਕਿਹਾ ਕਿ ਮੈਂ ਕਲਾਸੀਕਲ ਹੋਮਿਓਪੈਥ ਹਾਂ, ਇਸ ਲਈ ਅਜਿਹਾ ਕੁਝ ਨਹੀਂ ਕਰ ਸਕਦਾ, ਜੋ ਡਾ. ਹੈਨੀਮੈਨ ਦੇ ਸਿਧਾਂਤਾਂ ਦੇ ਉਲਟ ਹੋਵੇ। ਉਹ ਬਰਾਬਰ ਦਾ ਕੋਰਾ ਹੋ ਕੇ ਬੋਲਿਆ, "ਮੈਂ ਵੀ ਕਲਾਸੀਕਲ ਹੋਮਿਓਪੈਥ ਹਾਂ ਤੇ ਡਾ. ਹੈਨੀਮੈਨ ਦੇ ਪੂਰਨਿਆਂ 'ਤੇ ਚਲਦਾ ਹਾਂ, ਪਰ ਡਾ. ਹੈਨੀਮੈਨ ਇਹ ਕਿਤੇ ਨਹੀਂ ਕਹਿੰਦਾ ਕਿ ਤੱਥਾਂ ਨੂੰ ਅਜਮਾਉਣਾ ਛੱਡ ਦਿਓ।" ਮੈਂ ਉਸ ਦੇ ਤਰਕ ਦਾ ਕਾਇਲ ਹੁੰਦਿਆਂ ਪੁੱਛਿਆ, "ਪਰ ਇਹ ਹਨ ਕੀ ਤੇ ਕਿਥੋਂ ਮਿਲਦੀਆਂ ਹਨ?" ਉਹ ਬੋਲਿਆ, "ਉਥੋਂ ਹੀ, ਜਿੱਥੋਂ ਹੋਮਿਓਪੈਥਿਕ ਦਵਾਈਆਂ ਮਿਲਦੀਆਂ ਹਨ।" ਇੰਨਾ ਕਹਿੰਦਿਆਂ ਉਸ ਨੇ ਮੈਨੂੰ ਆਪਣੇ ਮੇਜ਼ ਦੇ ਖਾਨੇ ਵਿਚੋਂ ਪੰਜਾਬੀ ਵਿਚ ਛਪਿਆ ਇਕ ਚਾਰ ਸਫਿਆਂ ਦਾ ਪੈਂਫਲਿਟ ਕੱਢ ਕੇ ਦਿੱਤਾ। ਇਸ ਵਿਚ ਸਭ ਬੈਚ ਦਵਾਈਆਂ ਦਾ ਸੰਖੇਪ ਮੈਟੀਰੀਆ ਮੈਡੀਕਾ ਦਿੱਤਾ ਹੋਇਆ ਸੀ। ਮੇਰੇ ਹੱਥ ਪੈਂਫਲਿਟ ਥਮਾਉਂਦਾ ਉਹ ਬੋਲਿਆ, "ਜੇ ਕੋਈ ਸਿੰਪਟਮ (ਲੱਛਣ) ਹੋਮਿਓਪੈਥੀ ਵਿਚ ਨਾ ਮਿਲੇ ਤਾਂ ਇਨ੍ਹਾਂ ਦਵਾਈਆਂ ਨੂੰ ਵਰਤ ਕੇ ਦੇਖਣਾ।" ਪੈਂਫਲਿਟ ਉੱਤੇ ਲੇਖਕ ਦੇ ਤੌਰ 'ਤੇ ਉਸ ਦਾ ਆਪਣਾ ਨਾਂ 'ਡਾ. ਕੇ. ਸੀ. ਬਾਤਿਸ਼' ਲਿਖਿਆ ਹੋਇਆ ਦੇਖ ਕੇ ਮੈਨੂੰ ਲੱਗਿਆ ਕਿ ਉਹ ਇਸ ਪ੍ਰਣਾਲੀ ਦਾ ਪ੍ਰਸ਼ੰਸਕ ਹੀ ਨਹੀਂ, ਸਗੋਂ ਪ੍ਰਚਾਰਕ ਵੀ ਹੈ।

ਮੈਂ ਪੈਂਫਲਿਟ ਚੁੱਕ ਕੇ ਘਰ ਲੈ ਗਿਆ ਤੇ ਉਸ ਨੂੰ ਇਕ ਵਾਰ ਪੜ੍ਹਿਆ। ਉਸ ਵਿਚ ਲਿਖੀ ਕੋਈ ਵੀ ਦਵਾਈ ਮੈਨੂੰ ਜਾਣੀ-ਪਛਾਣੀ ਨਾ ਲੱਗੀ ਤੇ ਨਾ ਹੀ ਕਿਸੇ ਦਾ ਨਾਂ ਮੇਰੀ ਜ਼ਬਾਨ 'ਤੇ ਚੜ੍ਹਿਆ। ਇਸ ਲਈ ਉਹ ਕਿਤਾਬਚਾ ਕਈ ਸਾਲ ਮੇਰੀ ਮੇਜ਼ 'ਤੇ ਅਣਗੌਲੇ ਕਾਗਜ਼ਾਂ ਦਾ ਹਿੱਸਾ ਬਣਿਆ ਪਿਆ ਰਿਹਾ। ਉਸ ਉੱਤੇ ਅਮਲ ਉਦੋਂ ਹੋਇਆ, ਜਦੋਂ ਮੇਰੇ ਕੋਲ ਨੇੜਲੇ ਪਿੰਡ ਤੋਂ ਇਕ ਕੇਸ ਆਇਆ। ਇਹ ਇਕ ਸੋਲ੍ਹਾਂ ਸਾਲ ਦੀ ਲੜਕੀ ਸੀ, ਜਿਸ ਨੂੰ ਉਸ ਦੀ ਮਾਂ ਲੈ ਕੇ ਆਈ ਸੀ। ਬਿਮਾਰੀ ਬਿਆਨ ਕਰਦਿਆਂ ਉਸ ਨੇ ਦੱਸਿਆ ਕਿ ਲੜਕੀ ਦੀ ਉਮਰ ਹੋ ਗਈ ਹੈ, ਪਰ ਇਸ ਨੂੰ ਮਹਾਵਾਰੀ ਆਉਣੀ ਸ਼ੁਰੂ ਨਹੀਂ ਹੋਈ। ਮੈਂ ਇਸ ਨੂੰ ਸਾਧਾਰਨ ਸੁਪ੍ਰੈਸ਼ਨ ਦਾ ਕੇਸ ਸਮਝ ਕੇ ਬਣਦੀ ਹੋਮਿਓਪੈਥਿਕ ਦਵਾਈ ਦਿੱਤੀ, ਪਰ ਕੋਈ ਅਸਰ ਨਾ ਹੋਇਆ। ਤਿੰਨ ਮਹੀਨਿਆਂ ਪਿਛੋਂ ਮੈਂ ਉਸ ਦਾ ਕੇਸ ਮੁੜ ਤੋਂ ਲਿਆ ਤੇ ਉਸ ਦੀ ਮਾਂ ਤੋਂ ਉਸ ਦੇ ਜਨਮ ਸਮੇਂ ਤੋਂ ਲੈ ਕੇ ਸਾਰੀ ਹਿਸਟਰੀ ਪੁੱਛੀ। ਇਸ ਵਿਚ ਹੋਰ ਤਾਂ ਕੁਝ ਵਿਚਾਰਨਯੋਗ ਨਾ ਮਿਲਿਆ, ਪਰ ਇਕ ਘਟਨਾ ਨੇ ਮੇਰਾ ਧਿਆਨ ਖਿਚਿਆ। ਜਦੋਂ ਲੜਕੀ ਸੱਤਵੀਂ ਜਮਾਤ ਵਿਚ ਸੀ ਤਾਂ ਉਸ ਦੇ ਆਟੋ-ਰਿਕਸ਼ਾ ਦਾ ਟੱਰਕ ਨਾਲ ਐਕਸੀਡੈਂਟ ਹੋਇਆ ਸੀ, ਜਿਸ ਵਿਚ ਉਸ ਦੀ ਇਕ ਪੱਕੀ ਸਹੇਲੀ ਦਮ ਤੋੜ ਗਈ ਸੀ। ਲੜਕੀ ਨੂੰ ਚੋਟਾਂ ਤਾਂ ਸਾਧਾਰਨ ਆਈਆਂ ਸਨ, ਪਰ ਇਸ ਘਟਨਾ ਨੇ ਉਸ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਸੀ। ਇਸ ਦਾ ਜ਼ਿਕਰ ਸੁਣਦਿਆਂ ਉਹ ਸਾਹਮਣੇ ਬੈਠੀ ਰੋਣ ਲੱਗੀ।

ਮੈਨੂੰ ਡਾ. ਬਾਤਿਸ਼ ਦੇ ਕਿਤਾਬਚੇ ਦਾ ਖਿਆਲ ਆਇਆ, ਜਿਸ ਦੀ ਕਿਸੇ ਦਵਾਈ ਵਿਚ ਮੈਂ ਐਕਸੀਡੈਂਟ ਰਾਹੀਂ ਮਾਨਸਿਕ ਸਦਮੇ ਦਾ ਜ਼ਿਕਰ ਪੜ੍ਹਿਆ ਸੀ। ਘੋਖਣ ਪਿਛੋਂ ਪਤਾ ਚੱਲਿਆ ਕਿ ਇਹ ਦਵਾਈ ਸਟਾਰ ਆਫ ਬੈਥਲੇਹੈਮ ਸੀ। ਮੈਂ ਉਨ੍ਹਾਂ ਨੂੰ ਸੰਤ ਤੋਂ ਇਹ ਦਵਾਈ ਲੈ ਕੇ ਮਰੀਜ਼ ਨੂੰ ਦਿਨ ਵਿਚ ਤਿੰਨ ਤਿੰਨ ਵਾਰ ਦੇਣ ਲਈ ਕਿਹਾ। ਮੈਨੂੰ ਹੈਰਾਨੀ ਹੋਈ ਕਿ ਦਵਾਈ ਸ਼ੁਰੂ ਕਰਨ ਤੋਂ ਤਿੰਨ ਮਹੀਨੇ ਵਿਚ ਲੜਕੀ ਆਪਣੀ ਤਕਲੀਫ ਤੋਂ ਮੁਕਤ ਹੋ ਗਈ। ਹੋਮਿਓਪੈਥੀ ਦਾ ਇਕ ਹੋਰ ਕ੍ਰਾਂਤੀਕਾਰੀ ਰੂਪ ਜਾਣ ਕੇ ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਉਸ ਤੋਂ ਬਾਅਦ ਮੈਂ ਇਸ ਪੱਧਤੀ ਦਾ ਵਿਸਥਾਰਪੂਰਵਕ ਅਧਿਐਨ ਕੀਤਾ, ਇਸ ਦੀਆਂ ਦਵਾਈਆਂ ਨੂੰ ਪਹਿਲਾਂ ਆਪਣੇ ਉੱਤੇ ਅਜ਼ਮਾਉਣਾ ਸ਼ੁਰੂ ਕੀਤਾ ਤੇ ਫਿਰ ਇਨ੍ਹਾਂ ਨੂੰ ਆਪਣੀ ਪ੍ਰੈਕਟਿਸ ਵਿਚ ਸ਼ਾਮਲ ਕੀਤਾ।

ਸਟਾਰ ਆਫ ਬੈਥਲੇਹੈਮ ਬਾਰੇ ਡੇਵਿਡ ਵੈਨਲਸ ਲਿਖਦੇ ਹਨ, "ਇਹ ਦਵਾਈ ਉਨ੍ਹਾਂ ਲੋਕਾਂ ਨੂੰ ਠੀਕ ਕਰਨ ਵਿਚ ਲਾਜਵਾਬ ਹੈ, ਜਿਨ੍ਹਾਂ ਨੂੰ ਕਿਸੇ ਕਿਸਮ ਦਾ ਸਦਮਾ ਲੱਗਿਆ ਹੋਇਆ ਹੋਵੇ। ਇਹ ਭਾਵੇਂ ਤਾਜ਼ਾ ਹੋਵੇ, ਭਾਵੇਂ ਕਈ ਸਾਲ ਪਹਿਲਾਂ ਦਾ ਪੁਰਾਣਾ ਹੋਵੇ। ਇਹ ਮਾਨਸਿਕ ਝਟਕਾ ਕਿਸੇ ਗੰਭੀਰ ਹਾਦਸੇ ਦਾ ਹੋ ਸਕਦਾ ਹੈ, ਕਿਸੇ ਪਰਮ-ਪਿਆਰੇ ਦੀ ਮੌਤ ਦਾ ਹੋ ਸਕਦਾ ਹੈ, ਕਿਸੇ ਚੋਰੀ-ਡਕੈਤੀ ਜਿਹੇ ਜੁਰਮੀ ਕਾਰੇ ਦਾ ਹੋ ਸਕਦਾ ਹੈ, ਭੈੜੀ ਖਬਰ ਦਾ ਹੋ ਸਕਦਾ ਹੈ ਜਾਂ ਕਿਸੇ ਦਿਲ ਦਹਿਲਾਉਣ ਵਾਲੇ ਖੌਫਨਾਕ ਦ੍ਰਿਸ਼ ਦਾ ਹੋ ਸਕਦਾ ਹੈ। ਕਈ ਵਾਰ ਇਹ ਸਦਮਾ ਕਿਸੇ ਤਾਜ਼ੀ ਵਾਪਰੀ ਵਿਸ਼ੇਸ਼ ਘਟਨਾ ਦਾ ਨਾ ਹੋ ਕੇ ਲੰਮੇ ਸਮੇਂ ਤੋਂ ਚਲਦੇ ਸੰਘਰਸ਼ਮਈ ਹਾਲਾਤ ਦਾ ਵੀ ਹੋ ਸਕਦਾ ਹੈ। ਲੰਮੇ ਸਮੇਂ ਤੋਂ ਚਲਦੀ ਆਰਥਿਕ ਮੰਦਹਾਲੀ ਤੇ ਪੁਰਾਣੀ ਬਿਮਾਰੀ, ਜਿਸ ਨੂੰ ਸੋਚ ਕੇ ਮਨੁੱਖ ਕੰਬ ਜਾਵੇ ਤੇ ਸੋਚੇ ਕਿ ਉਹ ਕੈਸੇ ਕੈਸੇ ਹਾਲਾਤ ਵਿਚੋਂ ਦੀ ਬਦਹਾਲ ਹੋ ਕੇ ਲੰਘਿਆ ਹੈ, ਵੀ ਇਸ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਇਹ ਦਵਾਈ ਉਨ੍ਹਾਂ ਨੂੰ ਵੀ ਬਹੁਤ ਵੱਡਾ ਲਾਭ ਪਹੁੰਚਾ ਸਕਦੀ ਹੈ, ਜਿਹੜੇ ਲੰਮੇ ਸਮੇਂ ਤੋਂ ਦੁਖਾਂ ਨਾਲ ਜੂਝ ਰਹੇ ਹੋਣ। ਇਹ ਉਨ੍ਹਾਂ ਦੇ ਹਿਰਦੇ ਵਿਚ ਬੰਦ ਦੁੱਖਾਂ ਦਾ ਢੱਕਣ ਖੋਲ੍ਹ ਦੇਵੇਗੀ ਤੇ ਪਲ ਭਰ ਵਿਚ ਉਨ੍ਹਾਂ ਨੂੰ ਦੋਸ਼ ਮੁਕਤ ਕਰ ਦੇਵੇਗੀ। ਹਾਂ ਜੇ ਮਰੀਜ਼ ਨੂੰ ਇਹ ਦਵਾਈ ਨਾ ਮਿਲੇ, ਤਾਂ ਉਸ ਦੇ ਬੰਦ ਜਜ਼ਬੇ ਹਮੇਸ਼ਾ ਉਸ ਦੇ ਅੰਦਰ ਹੀ ਘੁਟੇ ਪਏ ਰਹਿਣਗੇ।"

ਇਸ ਫੁੱਲ ਦਵਾਈ ਦਾ ਮਰੀਜ਼ ਆਪਣੇ ਅਤੀਤ ਦੇ ਦੁੱਖਾਂ ਵੱਲ ਦੇਖ ਕੇ ਹੱਕਾ ਬੱਕਾ ਰਹਿ ਜਾਂਦਾ ਹੈ। ਉਹ ਸੋਚਦਾ ਹੈ ਕਿ ਉਸ ਨਾਲ ਕੀ ਦਾ ਕੀ ਹੋ ਗਿਆ ਹੈ। ਵੱਡੀ ਗੱਲ ਇਹ ਕਿ ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਇਹ ਸਭ ਕੁਝ ਕਦੋਂ ਤੇ ਕਿਵੇਂ ਹੋ ਗਿਆ। ਬੁਰੇ ਹਾਲਾਤ ਦੀ ਹਨੇਰੀ ਵਿਚ ਉਡਦਿਆਂ ਉਸ ਨੂੰ ਸਮਝ ਨਹੀਂ ਪੈਂਦੀ ਕਿ ਉਹ ਆਪਣੇ ਮੌਜੂਦਾ ਮੁਕਾਮ 'ਤੇ ਕਿਵੇਂ ਪਹੁੰਚ ਗਿਆ। ਉਸ ਨੂੰ ਲਗਦਾ ਹੈ ਕਿ ਗੜਵੇ ਵਿਚ ਪਾ ਕੇ ਹਿਲਾਏ ਰੋੜਿਆਂ ਵਾਂਗ ਉਸ ਦਾ ਆਪਣੀ ਚਾਲ 'ਤੇ ਕੋਈ ਕੰਟਰੋਲ ਨਹੀਂ ਸੀ ਭਾਵ ਉਹ ਉਵੇਂ ਹੀ ਬੇਵਸ ਸੀ, ਜਿਵੇਂ ਦੁਰਘਟਨਾ ਵੇਲੇ ਕੋਈ ਬੇਵਸ ਹੁੰਦਾ ਹੈ। ਬੱਸ ਜੇ ਕੋਈ ਕਹੇ, "ਉਫ ਮੈਂ ਮੰਨ ਨਹੀਂ ਸਕਦਾ ਮੇਰੇ ਨਾਲ ਇਹ ਕੁਝ ਹੋਣਾ ਸੀ" ਤਾਂ ਸਮਝੋ ਉਸ ਦੀ ਦਾਸਤਾਂ ਉਸ ਦੇ ਜੀਵਨ ਦੇ ਲੰਮੇ ਰਗੜਿਆਂ ਨੂੰ ਦਰਸਾਉਣ ਵਾਲੀ ਹੈ। ਉਸ ਨੂੰ ਅੱਖਾਂ ਬੰਦ ਕਰਕੇ ਉਹ ਸਟਾਰ ਆਫ ਬੈਥਲੇਹੈਮ ਦਿਓ, ਉਹ ਅਵੱਸ਼ ਠੀਕ ਹੋਵੇਗਾ।

ਇਸ ਤੋਂ ਇਹ ਸਪਸ਼ਟ ਹੋਇਆ ਕਿ ਇਹ ਫੁੱਲ ਦਵਾਈ ਤਾਜ਼ੀਆਂ ਦੁਰਘਟਨਾਵਾਂ ਦੇ ਮਾਰੂ ਪ੍ਰਭਾਵ ਤੋਂ ਪੈਦਾ ਹੋਏ ਹਾਲਾਤ ਨਾਲ ਤਾਂ ਨਜਿੱਠਣ ਦੇ ਨਾਲ ਨਾਲ ਬਹੁਤ ਸਾਰੀਆਂ ਪੁਰਾਣੀਆਂ ਨਾਖੁਸ਼ਗਵਾਰ ਘਟਨਾਵਾਂ ਦੇ ਪ੍ਰਭਾਵਾਂ ਨੂੰ ਵੀ ਨਕਾਰਦੀ ਹੈ। ਜੀਵਨ ਵਿਚ ਅਜਿਹੀਆਂ ਬਹੁਤ ਸਾਰੀਆਂ ਪ੍ਰਸਥਿਤੀਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਬਚਪਨ ਵਿਚ ਮਾਤਾ, ਪਿਤਾ, ਭੈਣ-ਭਰਾਵਾਂ ਤੇ ਖੇਡ ਸਾਥੀਆਂ ਹੱਥੋਂ ਹੋਇਆ ਅਤਿਆਚਾਰ, ਜੋ ਭੁਲਾਇਆ ਨਾ ਜਾ ਸਕੇ, ਇਸ ਦੇ ਦਾਇਰੇ ਵਿਚ ਆਉਂਦਾ ਹੈ। ਮੇਰੇ ਕੋਲ ਕਿੰਨੇ ਕੇਸ ਆਏ ਹਨ, ਜੋ ਬਚਪਨ ਵਿਚ ਅਜਿਹੇ ਤਸ਼ੱਦਦ ਦਾ ਸ਼ਿਕਾਰ ਹੋਏ ਸਨ। ਇਸ ਦਵਾਈ ਦੀ ਸੇਵਾ ਤੋਂ ਬਿਨਾ ਉਹ ਠੀਕ ਨਹੀਂ ਸਨ ਹੋ ਸਕਣੇ। ਬਹੁਤ ਸਾਰੀਆਂ ਔਰਤਾਂ ਸਹੁਰੇ ਘਰਾਂ ਵਿਚ ਇਸੇ ਤਰ੍ਹਾਂ ਦੇ ਨਪੀੜਨ ਵਿਚੋਂ ਲੰਘਦੀਆਂ ਹਨ। ਖਾੜੀ ਦੇ ਦੇਸ਼ਾਂ ਵਿਚ ਜਾ ਕੇ ਸਾਰੇ ਮਰਦ ਤੀਵੀਆਂ ਡਰ ਦੇ ਸਾਏ ਹੇਠ ਰਹਿੰਦੇ ਹਨ ਤੇ ਬਹੁਤੇ ਭੈਅ ਦਾ ਨੰਗਾ ਤਾਂਡਵ ਦੇਖਦੇ ਹਨ।

*(ਬਾਕੀ ਅਗਲੇ ਸਫੇ 'ਤੇ)*

# ਪੀੜ ਉਹਦੇ ਦਰਵਾਜ਼ੇ ਦੀ ਪ੍ਰਾਹੁਣੀ ਹੈ

## ਸ਼ਬਦਾਂ ਦਾ ਕਾਫਲਾ

**ਦੇਸ ਰਾਜ ਕਾਲੀ**

ਧੁੱਪ, ਹਵਾ, ਪਰਿੰਦੇ, ਉਡਾਰੀ, ਇਨਸਾਫ, ਗੈਰਤ, ਜ਼ਖਮ, ਅਸ਼ਕ, ਚੁੱਪ, ਬੁੱਲ੍ਹ-ਇਹ ਸਾਰੇ ਸ਼ਬਦ ਅਜੈ ਤਨਵੀਰ ਦੀ ਗਜ਼ਲ ਦੇ ਸਿਧਾਂਤ ਨੇ। ਇਹ ਸ਼ਬਦ ਨੂੰ ਸਿਧਾਂਤ ਬਣਾ ਦਿੰਦੈ। ਧੁੱਪ ਸਸ਼ਕਤ ਅਲੰਕਾਰ ਹੈ, ਪਰ ਅਜੈ ਕਹਿੰਦੈ ਕਿ ਉਹ ਠਰੀ ਹੋਈ ਹੈ। ਹਵਾ ਜੋ ਹੈ, ਡਰੀ ਹੋਈ ਹੈ। ਉਹ ਸਮਾਜ ਨੂੰ ਇਨ੍ਹਾਂ ਅਲੰਕਾਰਾਂ (ਮੈਟਾਫਰਾਂ) ਰਾਹੀਂ ਫੜਨ/ਸਮਝਣ ਦਾ ਯਤਨ ਕਰ ਰਿਹਾ ਹੈ। ਹੁਣ ਪਰਿੰਦਾ ਤੁਸੀਂ ਕੈਦ ਕਰ ਸਕਦੇ ਹੋ, ਪਰ ਉਸ ਦੀ ਉਡਾਰੀ ਲਈ ਕੋਈ ਜੇਲ੍ਹ ਨਹੀਂ ਹੈ ਤੁਹਾਡੇ ਕੋਲ। ਅਜੈ ਉਡਾਰੀ ਦਾ ਸ਼ਾਇਰ ਹੈ। ਸੂਖਮ ਦਾ, ਸਥੂਲ ਦਾ ਨਹੀਂ। ਉਹ ਵਿਚਾਰ ਦੇ ਸੇਕ ਦਾ ਸ਼ਾਇਰ ਹੈ। ਇਨਸਾਫ ਨੂੰ ਜਦੋਂ ਉਹ ਗੈਰਤ ਨਾਲ ਜੋੜਦਾ ਹੈ, ਤਾਂ ਬਿਲਕੁਲ ਸਿਆਸੀ ਸ਼ੇਅਰ ਕਹਿ ਰਿਹਾ ਹੁੰਦਾ ਹੈ। ਉਹਦੀ ਗਜ਼ਲ ਦੀ ਸਿਆਸਤ ਹੈ ਕਿ ਉਹ ਸਿਆਸੀ ਸ਼ੇਅਰ ਕਹਿੰਦਾ ਹੈ। ਹੁਣ ਉਹ ਸੰਵੇਦਨਾ ਨਾਲ ਭਰੇ ਮਨ ਦੀ ਦੱਸ ਪਾ ਰਿਹਾ ਹੈ। ਜਿਹਦੀ ਅੱਖ ਨਮ ਹੈ, ਉਸ ਹਿਰਦੇ ਦੀ ਗੱਲ ਕਰ ਰਿਹਾ ਹੈ। ਇਹ ਜਗਦੇ/ਜਾਗਦੇ ਹੋਣ ਦੀ ਨਿਸ਼ਾਨੀ ਹੈ। ਹੁਣ ਖਾਮੋਸ਼ੀ ਦੇ ਬੋਲਣ ਦਾ ਇੰਤਜ਼ਾਰ ਹੈ ਉਸ ਨੂੰ, ਪਰ ਕਾਹਲ ਨਹੀਂ ਹੈ। ਉਹਨੂੰ ਚੁੱਪ ਦੇ ਮਾਅਨੇ ਪਤਾ ਨੇ। ਉਹ ਇਨ੍ਹਾਂ ਮਾਅਨਿਆਂ ਨਾਲ



ਉਮੀਦ ਦੀ ਫਸਲ ਬੀਜਦਾ ਹੈ। ਅਜੈ ਇਸੇ ਕਰਕੇ ਕਿਸਾਨ ਹੈ। ਉਹ ਉਮੀਦ ਦੀ ਫਸਲ ਬੀਜਣ ਵਾਲਾ ਸ਼ਾਇਰ ਹੈ। ਲਾਲ ਸਿੰਘ ਦਿਲ ਬਾਬਾ ਸ਼ਾਇਰ ਸੀ, ਅਜੈ ਮਲੰਗ ਸ਼ਾਇਰ ਹੈ।

ਅਜੈ ਦੇ ਮਨ 'ਚ ਕਿਤੇ ਨਾ ਕਿਤੇ ਉਹ ਸ਼ਬਦ ਗੂੰਜਦੇ ਰਹਿੰਦੇ ਨੇ, ਜਿਹੜੇ ਦਰਸ਼ਨ ਸ਼ਾਸਤਰੀ ਆਭਾ ਵਾਲੇ ਹੋ ਕੇ ਵੀ ਬੰਦੇ ਦੇ ਮਨ ਦਾ ਦਰਸ਼ਨ ਪੜ੍ਹਦੇ ਲੱਭਦੇ ਨੇ। ਜਦੋਂ ਅਜੈ ਦੁਚਿੱਤੀ 'ਚ ਫਸੀ ਦੁਬਿਧਾ ਬਾਰੇ ਸ਼ੇਅਰ ਕਹਿ ਰਿਹਾ ਹੈ ਤਾਂ ਮੇਰੇ ਮਨ 'ਚ ਕਬੀਰ ਬੌਰੇ ਮਨ ਦੀ ਸੂਹ ਦੇਣ ਲੱਗਦੇ ਨੇ। ਉਸ ਤੋਂ ਅਗਲੇ ਸ਼ੇਅਰ 'ਚ ਈ ਸਰਮਦ ਆ ਗੂੰਜਿਆ। ਅਜੈ ਦਾ ਮਨ ਹਾਰਨ ਦੀ ਇੱਛਾ ਵਾਲਾ ਨਹੀਂ ਹੈ, ਇਸੇ ਕਰਕੇ ਉਹਦੇ ਅੰਗੂਠੇ ਦੀ ਥਾਂ ਨਿੱਭ ਉੱਗ ਆਈ ਹੈ। ਨਿੱਭ ਉਸ ਲਈ ਨਸ਼ਤਰ ਹੈ।

ਅਜੈ ਤਨਵੀਰ ਮੇਰੇ ਕੋਲ ਕਦੇ-ਕਦੇ ਰੋ ਲੈਂਦਾ ਹੈ। ਉਹਨੂੰ ਸਮੇਂ ਨੇ ਬੰਨ੍ਹ ਮਾਰ ਲਈ, ਉਹ ਤਾਂ ਉਡਾਰੂ ਪੰਛੀ ਸੀ। ਫਿਰ ਉਹ ਇਸ ਰੋਣ ਨੂੰ ਚਿੰਤਨ 'ਚ ਪਾ ਲੈਂਦਾ ਹੈ। ਮੇਰੇ ਮਨ 'ਚ ਕੁਝ ਤਸਵੀਰਾਂ ਬਣਨ ਲੱਗਦੀਆਂ ਨੇ। ਮੈਂ ਅਜੈ ਨੂੰ ਕਹਿੰਦਾ ਹਾਂ ਕਿ ਸ਼ਿਲਪੀ ਸ਼੍ਰੇਣੀਆਂ 'ਚ ਸਭ ਤੋਂ ਪਹਿਲਾਂ ਜੇ ਕੋਈ ਰੋਂਦਾ ਹੈ, ਤਾਂ ਉਹ ਕਬੀਰ ਨੇ। ਉਨ੍ਹਾਂ ਦਾ ਰੋਣਾ ਏਨਾ ਗਹਿਰਾ ਹੈ, ਏਨਾ ਦਾਰਸ਼ਨਿਕ ਏ, ਏਨਾ ਸਰੋਕਾਰ ਵਾਲਾ ਕਿ ਤੁਸੀਂ ਉਹਦੇ ਮਾਅਨੇ ਲੱਭਦੇ ਉਮਰ ਬਿਤਾ ਸਕਦੇ ਹੋ। ਫਿਰ ਉਨ੍ਹਾਂ ਦੀ ਪਰੰਪਰਾ ਹੈ। ਗੁਰੂ ਨਾਨਕ ਦਾ ਰੋਣਾ ਹੈ ਫੇਰ ਉਸੇ ਪਰੰਪਰਾ 'ਚੋਂ, ਜਦੋਂ ਉਹ ਰਾਂਗਲੇ ਸੱਜਣਾ ਨੂੰ ਰੋਂਦੇ ਨੇ। ਰੋਣ ਦਾ ਇਨ੍ਹਾਂ ਲੋਕਾਂ ਨੂੰ ਕੀ ਪਤਾ? ਸ਼ਿਵ ਕੁਮਾਰ ਬਟਾਲਵੀ ਇਸ ਅੱਥਰ ਨੂੰ ਸਲੋਅ ਖੁਦਕੁਸ਼ੀ ਕਹਿੰਦਾ ਹੈ। ਹੌਲੀ-ਹੌਲੀ ਮੌਤ ਵੱਲ ਖਿਸਕਣਾ। ਅਜੈ ਤਨਵੀਰ ਵੀ ਇਸੇ ਚਿੰਤਨ ਦਾ ਸ਼ਾਇਰ ਹੈ।

ਅਜੈ ਤਨਵੀਰ ਦੀ ਗਜ਼ਲ ਦੀ ਥਾਹ ਉਹੀ ਪਾ ਸਕਦਾ ਹੈ, ਜਿਹਨੇ ਤੁਰਗਨੇਵ ਜਾਣਿਆ ਹੋਵੇ। ਮੋਪਾਸਾਂ ਪੜ੍ਹਿਆ/ਸੁਣਿਆ ਹੋਵੇ। ਜਿਹੜਾ ਚਾਰ ਕਦਮ ਸ਼ੋਲੋਖੋਵ ਨਾਲ ਤੁਰਿਆ ਹੋਵੇ। ਜਿਸ ਸ਼ਖਸ ਨੇ ਹਮਿੰਗਵੇ ਦੇ ਬੁੱਢੇ ਨਾਲ ਗੱਲਾਂ ਕੀਤੀਆਂ ਹੋਣ। ਸਾਗਰ ਸਰਹੱਦੀ ਨਾਲ ਖਿਆਮ ਨੂੰ ਮਿਲਣ ਗਿਆ ਹੋਵੇ। ਓਸਤ੍ਰੋਵਸਕੀ ਦੇ ਜੀਵਨ ਨੂੰ ਜਯ ਕਿਹਾ ਹੋਵੇ ਜਿਹਨੇ। ਕਦੇ-ਕਦਾਈਂ ਪਾਵੇਲ ਦੀ ਮਾਂ ਨੂੰ ਮਿਲਣ ਚਲਿਆ ਜਾਂਦਾ ਹੋਵੇ। ਕਰਤਾਰ ਸਿੰਘ ਸਰਾਭੇ ਨਾਲ ਜਿਹਨੇ ਗਦਰ ਗੂੰਜ ਦੇ ਟਾਈਟਲ ਬਣਾਏ ਹੋਣ ਜਾਂ ਫਿਰ ਉਹ ਰੱਸੀ ਵੱਟੀ ਹੋਵੇ, ਜਿਹੜੀ ਸਰਮਦ ਦੇ ਗਲ ਪਈ ਸੀ। ਉਹਦੀ ਗਜ਼ਲ ਦਾ ਰੰਗ ਚਾਨੋਂਵੰਨਾ ਹੈ, ਤਦੇ ਉਹ ਆਪਣੀ ਗੱਲਬਾਤ 'ਚ ਹਮੇਸ਼ਾ ਆਪਣੇ ਪੁਰਖੇ ਸਿੱਧ ਚਾਨੋ ਨੂੰ 'ਵਾਜਾਂ ਮਾਰਦਾ ਲੱਭ ਜਾਵੇਗਾ। ਜਿਸ ਵੀ ਪਾਠਕ ਨੂੰ ਅਜੈ ਦੀਆਂ ਇਨ੍ਹਾਂ ਰਮਜ਼ਾਂ ਦੀ ਸਮਝ ਹੋਵੇਗੀ, ਉਹੀ ਇਹਦੀ ਗਜ਼ਲ ਨੂੰ ਮਾਣ ਸਕਦਾ ਹੈ। ਤੁਰਗਨੇਵ ਕਹਿੰਦੇ ਨੇ ਕਿ ਜੇ ਅਸੀਂ ਉਸ ਪਲ ਦੀ ਉਡੀਕ 'ਚ ਹਾਂ, ਜਦੋਂ ਸਭ ਕੁਝ ਤਿਆਰ ਮਿਲੇਗਾ, ਹਾਂ ਸੱਚਮੁੱਚ ਤਿਆਰ ਮਿਲੇਗਾ, ਤਾਂ ਅਸੀਂ ਕਦੇ ਵੀ ਸ਼ੁਰੂਆਤ ਨਹੀਂ ਕਰ ਸਕਦੇ! ਅਜੈ ਨੇ ਇਹ ਗੱਲ ਲੜ ਬੰਨ੍ਹੀ ਹੋਈ ਹੈ। ਇਸ ਅੰਕ 'ਚ ਅਜੈ ਤਨਵੀਰ ਦੀਆਂ ਕੁਝ ਗਜ਼ਲਾਂ ਦਾ ਤੁਸੀਂ ਅਨੰਦ ਮਾਣ ਸਕਦੇ ਹੋ।

ਅਜੈ ਦੇ ਮਨ ਬਾਰੇ ਸਿਰਫ ਸਤਿਗੁਰ ਕਬੀਰ ਦਾ ਇੱਕ ਇਸ਼ਾਰਾ ਹੀ ਕਾਫੀ ਹੈ,

ਧਰਤੀ ਅਕਾਸ਼ ਗੁਫਾ ਕੇ ਅੰਦਰ
ਪੁਰਸ਼ ਏਕ ਵਹਾਂ ਰਹਿਤਾ ਹੈ, ਰੇ ਭਾਈ!
ਹਾਥ ਨ ਪਾਓਂ ਰੂਪ ਨਹੀਂ ਰੇਖਾ,
ਨੰਗਾ ਹੋਕਰ ਫਿਰਤਾ ਹੈ, ਰੇ ਭਾਈ!

## ਅਜੈ ਤਨਵੀਰ ਦੀਆਂ ਕੁਝ ਗਜ਼ਲਾਂ

*(1)*

ਹੋਣ ਨਾ ਦਿੰਦੇ ਜੁਦਾ ਐਸੇ ਵੀ ਹੁੰਦੇ ਫਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।

ਵੇਖਦੇ ਹਾਂ ਅੰਬਰਾਂ ਵਿਚ ਉੱਡਦੇ ਕਿੰਨਾ ਕੁ ਚਿਰ
ਪਰ ਉਧਾਰੇ ਲੈ ਗਏ ਜੋ ਕੁਝ ਦਿਨਾਂ ਦੇ ਵਾਸਤੇ।

ਦਿਸ ਰਿਹਾ ਸੀ ਤੂੰ ਖੜ੍ਹਾ ਹਰ ਮੀਲ ਪੱਥਰ ਵਿਚ ਹੀ
ਖੂਬਸੂਰਤ ਬਣ ਗਏ ਫਿਰ ਮੰਜ਼ਿਲਾਂ ਦੇ ਰਾਸਤੇ।

ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆ ਨਹੀਂ
ਇਸ ਲਈ ਤਾਂ ਰਾਜ ਭਵਨਾਂ ਵਿਚ ਮਿਲੇ ਨਾ ਦਾਖਲੇ।

ਰਾਤ ਦਿਨ ਹੀ ਸੁਲਘਦੇ ਨੇ ਜੋ ਬਿਨਾ ਹੀ ਚਿਣਗ ਤੋਂ
ਦੱਸ ਕਿੱਦਾਂ ਲਾਟ ਬਣਦੇ ਭੀੜ ਦੇ ਉਹ ਕਾਫਲੇ।

ਕਿੰਜ ਬਿਜੜਾ ਘਰ ਬਣਾਵੇ ਵੇਖ ਕੇ ਕੁਝ ਸਿੱਖ ਤੂੰ
ਠੰਡ ਵਿਚ ਕਿੰਨਾ ਕੁ ਠਰਨਾ ਤੂੰ ਕਿਸੇ ਦੀ ਆਸ 'ਤੇ।

*(2)*

ਕਦੇ ਇਹ ਵਾ-ਵਰੋਲੇ ਤੇ ਕਦੇ ਝੱਖੜ ਨਾ ਰਲ ਜਾਵੇ।
ਪਰਿੰਦੇ ਨੂੰ ਕਹੋ ਇਸ ਰੁੱਖ 'ਤੇ ਨਾ ਆਲ੍ਹਣਾ ਪਾਵੇ।

ਕਿਵੇਂ ਉੱਤਰ ਦਿਆਂ ਉਸ ਨੂੰ ਜਦੋਂ ਉਹ ਪੁੱਛਦਾ ਮੈਨੂੰ
ਨਗਰ ਇਹ ਜੁਗਨੂੰਆ ਜੇ ਤਾਂ ਨ੍ਹੇਰਾ ਕਿਉਂ ਦਿਸੀ ਜਾਵੇ।

ਕਿਸੇ ਨੂੰ ਵੀ ਜਦੋਂ ਕੀਤੀ ਮੁਹੱਬਤ ਰੱਜ ਕੇ ਕੀਤੀ
ਮਿਲੇ ਉਪਹਾਰ ਵਿਚ ਮੈਨੂੰ ਕਦੇ ਹੌਕੇ, ਕਦੇ ਹਾਵੇ।

ਉਹ ਦਿੰਦਾ ਬਦਦੁਆ ਮੈਨੂੰ ਲਿਖੇਗਾਂ ਹੋਰ ਹਲਕਾ ਤੂੰ
ਚਲੋ ਏਸੇ ਬਹਾਨੇ ਹੀ ਮੇਰੇ ਸ਼ੇਅਰ ਪੜ੍ਹੀ ਜਾਵੇ।

ਤੇਰੀ ਤਕਰੀਰ ਤੇ ਇਤਰਾਜ਼ ਇਸ ਲਈ ਤਾਜਦਾਰਾਂ ਨੂੰ
ਕਿ ਤੂੰ ਬੋਲਣ ਲਗਾ ਦਿੱਤੇ ਬਣੇ ਮਿੱਟੀ ਦੇ ਸਭ ਬਾਵੇ।

ਲਹੂ 'ਲੰਕੇਸ਼' ਦਾ ਰਗ ਰਗ 'ਚ ਇਸ ਦੇ ਖੌਲਦਾ ਰਹਿੰਦਾ
ਤਦੇ ਤਾਂ ਕਾਲ ਪਾਵੇ ਨਾਲ ਬੰਨਣ ਦੇ ਕਰੇ ਦਾਅਵੇ।

*(3)*

ਪੱਥਰ ਤਰਾਸ਼ ਕੇ ਉਹ, ਜਦ ਮੂਰਤੀ ਬਣਾਵੇ।
ਮੰਦਰ 'ਚ ਉਹ ਹੀ ਪੱਥਰ ਫਿਰ ਦੇਵਤਾ ਕਹਾਵੇ।

ਇਸ ਮੋਮ ਦੇ ਨਗਰ ਵਿਚ ਹਰ ਆਦਮੀ ਹੈ ਧੁਖਦਾ,
ਐਸਾ ਅਜੀਬ ਮੰਜ਼ਰ, ਖਾਬਾਂ 'ਚ ਰੋਜ਼ ਆਵੇ।

ਬਾਂਸਾਂ ਨੂੰ ਤਾਲ ਕੇ ਸੀ, ਜੋ ਬੰਸਰੀ ਬਣਾਉਂਦਾ,
ਅੱਜ ਕੱਲ੍ਹ ਪਤਾ ਨਹੀਂ ਉਹ ਕਿਉਂ ਤੀਰ ਹੀ ਬਣਾਵੇ।

ਖੇਤਾਂ 'ਚ ਬੰਬ ਉੱਗਣ ਐਨੀ ਕਰੀ ਤਰੱਕੀ,
ਹਰ ਸ਼ਹਿਰ, ਹਰ ਨਗਰ ਨੂੰ ਹੁਣ ਰੱਬ ਹੀ ਬਚਾਵੇ।

ਕਾਗਜ਼ ਤੂੰ ਹੋਰ ਕਾਲੇ ਕਿੰਨਾ ਕੁ ਚਿਰ ਕਰੇਂਗਾ,
ਕੁਝ ਸਿਰਜ ਇਸ ਤਰ੍ਹਾਂ ਦਾ ਜੋ ਬਣ ਮਿਸਾਲ ਜਾਵੇ।

ਸੁਲਤਾਨ ਕੋਲ ਉਸ ਨੇ ਗਿਰਵੀ ਜ਼ਮੀਰ ਰੱਖੀ,
ਦਰਬਾਰ ਦਾ ਚਹੇਤਾ ਸ਼ਾਇਰ ਉਹ ਤਾਂ ਕਹਾਵੇ।

ਸਭ ਕੁਝ ਗੁਆ ਲਿਆ ਹੈ ਵਿਕਸਿਤ ਦੀ ਦੌੜ ਅੰਦਰ,
ਤਨਵੀਰ ਦੱਸ ਕਾਹਦੇ ਕਰਦਾਂ ਅਜੇ ਵੀ ਦਾਅਵੇ।

*(4)*

ਹੈ ਤਾਂ ਬੜਾ ਹੀ ਮੁਸ਼ਕਿਲ ਮੇਰੇ ਵਲੋਂ ਇਹ ਕਹਿਣਾ।
ਹੁਣ ਹੋਰ ਨਾ ਮੁਨਾਸਿਬ ਤੇਰੇ ਨਗਰ 'ਚ ਰਹਿਣਾ।

ਪੱਕਾ ਯਕੀਨ ਸਾਨੂੰ ਇਸ ਆਫਰੀ ਨਦੀ ਨੇ,
ਇਕ ਦਿਨ ਜਰੂਰ ਸਾਡੇ ਤਪਦੇ ਥਲਾਂ 'ਤੇ ਵਹਿਣਾ।

ਤੇਰੇ ਜੋ ਨਾਲ ਬੀਤੇ ਪਲ ਸਨ ਬੜੇ ਸੁਨਹਿਰੀ,
ਯਾਦਾਂ ਅਭੁੱਲ ਬਣੀਆਂ ਇਸ ਜ਼ਿੰਦਗੀ ਦਾ ਗਹਿਣਾ।

ਕਿਉਂ ਵਾਰ ਵਾਰ ਪੁੱਛੇ 'ਕਨਿਆਨ' ਦੀ ਕਹਾਣੀ,
ਐਨਾ ਨਹੀਂ ਹੈ ਸੌਖਾ ਇਹ ਸਿਤਮ ਦਿਲ 'ਤੇ ਸਹਿਣਾ।

ਰਿਸ਼ਤੇ ਦਾ ਰੰਗ ਦੇਖੀਂ ਹੋਣਾ ਹੈ ਹੋਰ ਗੂੜ੍ਹਾ,
ਵਿਛੜਨ ਸਮੇਂ ਤੂੰ ਮੈਨੂੰ ਜਦ ਅਲਵਿਦਾ ਹੈ ਕਹਿਣਾ।

ਚੰਗਾ ਮੈਂ ਦੱਸ ਦੇਵਾਂ 'ਤਨਵੀਰ' ਦੀ ਕਹਾਣੀ,
ਫੁੱਲਾਂ ਦੀ ਜੂਨ ਜੀਣਾ ਸੂਲਾਂ ਦਾ ਦਰਦ ਸਹਿਣਾ।

ਝਾਂਜਰ ਦੇ ਵਾਂਗ ਛਣਕੇ ਪੈਰੀਂ ਪਈ ਜੋ ਬੇੜੀ,
ਤਨਵੀਰ ਕਤਲਗਾਹ ਵਿਚ ਇਸ ਛਣਕਦੀ ਹੈ ਰਹਿਣਾ।

*(5)*

ਕੋਸ਼ਿਸ਼ ਬੜੀ ਕੀਤੀ ਪਰਿੰਦਾ ਨਾ ਉਡਾਰੀ ਭਰ ਸਕੇ।
ਚੂਰੀ ਅਤੇ ਇਹ ਪਿੰਜਰਾ ਨਾ ਕੈਦ ਉਸ ਨੂੰ ਕਰ ਸਕੇ।

ਤੂੰ ਬਸਤੀਆਂ ਦੇ ਵਾਸੀਆਂ ਨੂੰ ਨਾ ਸਮਝ ਕਮਜ਼ੋਰ ਦਿਲ,
ਹਰ ਘਰ ਸਰਾਭਾ ਪਲ ਰਿਹਾ ਜੋ ਸਿਰ ਤਲੀ 'ਤੇ ਧਰ ਸਕੇ।

ਉਸ ਨੂੰ ਬੜਾ ਹੀ ਸ਼ੌਕ ਹੈ ਸਾਗਰ ਦੇ ਉੱਤੇ ਵਰਨ ਦਾ,
ਉਹ ਕਾਸ਼ ਜੇ ਬਦਲੀ ਕਿਤੇ ਝੁਲਸੇ ਗਰਾਂ ਤੇ ਵਰ ਸਕੇ।

ਮੌਸਮ ਸਲੀਬਾਂ ਦੇ 'ਚ ਵੀ ਜੋ ਹਰ ਸਮੇ ਨਿਰਭੈ ਰਿਹਾ,
ਤੇਰੇ ਲਿਖੇ ਫਰਮਾਨ ਤੋਂ ਕਿੱਦਾਂ ਭਲਾ ਉਹ ਡਰ ਸਕੇ।

ਜੁਗਨੂੰ ਜਦੋਂ ਵੀ ਚਮਕਦਾ ਰਾਹਾਂ 'ਚ ਕਰਦਾ ਰੋਸ਼ਨੀ,
ਉਹ ਸਿਰਜਦਾ ਤਾਰੀਖ ਜੋ ਨ੍ਹੇਰਾ ਕਦੇ ਨਾ ਜਰ ਸਕੇ।

ਨੀਰੋ ਅਜੇ ਤਾਂ ਬੰਸਰੀ ਵਿਚ ਮਸਤ ਹੈ ਫਿਰ ਕਿਸ ਤਰ੍ਹਾਂ,
ਉਹ ਮੁਲਕ ਸੜਦਾ ਦੇਖ ਕੇ ਅੱਖਾਂ 'ਚ ਹੰਝੂ ਭਰ ਸਕੇ।

*(6)*

ਕਦੇ ਪੁੱਛੇ ਤਾਂ ਮੈਂ ਦੱਸਾਂ ਭਲਾਂ ਕੀ ਹਾਲ ਹੈ ਮੇਰਾ।
ਜੁਦਾ ਹੋਇਆ ਮੈਂ ਖੁਦ ਨਾਲੋਂ ਜਦੋਂ ਦਾ ਹੋ ਗਿਆ ਤੇਰਾ।

ਕਿਵੇਂ ਮਿਲਦੀ ਹਵਾ ਰੁੱਖਾਂ ਨੂੰ ਹੁਣ ਮੈਂ ਵੇਖ ਲੈਂਦਾ ਹਾਂ,
ਅਸਰ ਤੇਰੀ ਮੁਹੱਬਤ ਦਾ ਕੋਈ ਵੀ ਦੋਸ਼ ਨਾ ਮੇਰਾ।

ਅਲਖ ਤੇਰੇ ਦਰਾਂ ਉੱਤੇ ਜਗਾ ਕੇ ਆ ਗਿਆ ਵਾਪਿਸ,
ਪਤਾ ਨਈਂ ਜੋਗੀਆਂ ਵਾਲਾ ਕਦੋਂ ਮੁੜ ਕੇ ਪਵੇ ਫੇਰਾ।

ਭਰੇ ਹੌਕਾ ਉਹ ਤੇਰੀ ਯਾਦ ਵਿਚ ਇਹ ਹੋ ਨਹੀਂ ਸਕਦਾ,
ਬੜਾ ਸੀਮਤ ਅਜੇ 'ਤਨਵੀਰ' ਉਸ ਦੀ ਸੋਚ ਦਾ ਘੇਰਾ।

ਉਦੋਂ ਕੁਝ ਬੋਲ ਨਾ ਹੋਵੇ ਜਦੋਂ ਧੀ ਪੁੱਛਦੀ ਮੈਨੂੰ,
ਇਹ ਵਿਛੜੀ ਡਾਰ ਨਾਲੋਂ ਕੂੰਜ ਦਾ ਹੈ ਕਿਸ ਗਰਾਂ ਡੇਰਾ।

ਬੜੇ ਹੀ ਅਹਿਮ ਭਾਵੇਂ ਹੋਣ ਸਾਰੇ, ਆਪਣੀ ਥਾਂ 'ਤੇ,
ਕਿਸੇ ਰਿਸ਼ਤੇ ਦਾ ਹੋ ਸਕਦਾ ਨਹੀਂ ਪਰ ਮਾਂ ਜਿਹਾ ਜੇਰਾ।

ਜਿਨ੍ਹਾਂ ਖਾਤਰ ਰਿਹਾ ਬਣਦਾ ਕਦੇ ਪੌੜੀ, ਕਦੇ ਕਿਸ਼ਤੀ,
ਪਤਾ ਨਈਂ ਕਿਉਂ ਖਫਾ ਰਹਿੰਦੇ ਉਹ ਦੱਸਦੇ ਦੋਸ਼ ਨਾ ਮੇਰਾ।

*(7)*

ਕੌਣ ਹਨ ਇਹ ਲੋਕ ਜੋ ਨਵੀਂਆਂ ਹੀ ਪਿਰਤਾਂ ਪਾ ਰਹੇ।
ਮੋਢਿਆਂ 'ਤੇ ਧਰ ਸਲੀਬਾਂ ਮਕਤਲਾਂ ਵੱਲ ਜਾ ਰਹੇ।

ਹੇ ਖੁਦਾ ਦਿਸਦਾ ਰਹੇ ਮੰਜ਼ਰ ਇਹ ਮੈਨੂੰ ਉਮਰ ਭਰ,
ਬਿਰਖ ਪੱਤਝੜ ਵਿਚ ਵੀ ਨਗਮੇ ਖੁਸ਼ੀ ਦੇ ਗਾ ਰਹੇ।

ਡੋਰ ਮੇਰੇ ਦੇਸ਼ ਦੀ ਹੈ ਹੱਥ ਵਿਚ ਉਨ੍ਹਾਂ ਦੇ ਜੋ,
ਰੱਤ ਸਾਡੀ ਚੂਸ ਕੇ ਥਾਂ ਥਾਂ ਛਬੀਲਾਂ ਲਾ ਰਹੇ।

ਹੈ ਉਨ੍ਹਾਂ ਦੇ ਨਾਲ ਮੇਰੀ ਸਾਂਝ ਤਾਂ ਕੋਈ ਜ਼ਰੂਰ,
ਇਸ ਤਰ੍ਹਾਂ ਦੇ ਦੌਰ ਵਿਚ ਮੈਨੂੰ ਮਿਲਣ ਜੋ ਆ ਰਹੇ।

ਦੇਸ਼ ਮੇਰਾ ਵੇਖ ਲੈ ਕਿੰਨੀ ਤਰੱਕੀ ਕਰ ਗਿਆ,
ਲੋਕ ਬੂਟਾਂ ਦੀ ਜਗਾ ਚੱਪਲਾਂ 'ਚ ਤਸਮੇ ਪਾ ਰਹੇ।

ਉਹ ਕਿਵੇਂ ਕਵਿਤਾ 'ਚ ਕਰਦੇ ਗੱਲ ਰਿਸ਼ੀ ਸ਼ੰਭੂਕ ਦੀ,
ਜੋ ਦੁਸ਼ਾਲੇ ਲੈਣ ਲਈ ਹਾਕਮ ਦੇ ਸੋਹਿਲੇ ਗਾ ਰਹੇ।

# ਬੈਚ ਫੁੱਲ ਸਟਾਰ ਆਫ ਬੈਥਲੇਹੈਮ: ਸਦਮਾ

*(ਪਿਛਲੇ ਸਫੇ ਦੀ ਬਾਕੀ)*

ਨੌਜਵਾਨ ਲੜਕੀਆਂ ਤੇ ਔਰਤਾਂ ਨਾਲ ਨਿੱਤ ਨਵੇਂ ਸ਼ਰਮਨਾਕ ਕਾਂਡ ਵਰਤਦੇ ਹਨ, ਜਿਨ੍ਹਾਂ ਤੋਂ ਉਹ ਸਾਰੀ ਉਮਰ ਨਹੀਂ ਉੱਭਰ ਸਕਦੀਆਂ। ਉਨ੍ਹਾਂ ਦੇ ਦੋਸ਼ੀਆਂ ਦਾ ਵੀ ਜੇ ਪਕੜੇ ਜਾਣ ਤਾਂ ਉਹ ਹਾਲ ਕੀਤਾ ਜਾਂਦਾ ਹੈ ਕਿ ਉਮਰ ਭਰ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਹਿੰਦੇ। ਕਈਆਂ ਦੀ ਜੇਲ੍ਹਾਂ ਠਾਣਿਆਂ ਵਿਚ ਖਿੱਚ ਪਾੜ ਹੁੰਦੀ ਹੈ ਤੇ ਕਈ ਰੋਟੀ ਰੋਜ਼ੀ ਦੇ ਮਸਲੇ ਵਿਚ ਭੁੱਖਮਰੀ ਦੇ ਅੰਗ-ਸੰਗ ਰਹਿੰਦੇ ਹਨ। ਬੰਧਕ ਬਣਾਏ ਮਜ਼ਦੂਰ, ਘਰੋਂ ਕੱਢੀਆਂ ਔਰਤਾਂ, ਬੇਇੱਜ਼ਤ ਹੋਏ ਬਜ਼ੁਰਗ ਤੇ ਕਰਜਈ ਹੋਏ ਕਿਸਾਨ ਜਦੋਂ ਆਪਣੀ ਵਿਗੜੀ ਤਕਦੀਰ ਬਾਰੇ ਸੋਚਦੇ ਹਨ ਤਾਂ ਉਨ੍ਹਾਂ ਨੂੰ ਇਹ ਜੱਗ ਸਵਾਦੀ ਨਹੀਂ ਲਗਦਾ। ਇਨ੍ਹਾਂ ਸਭ ਦਾ ਇਲਾਜ ਤੇ ਸਕੂਨ ਸਟਾਰ ਆਫ ਬੈਥਲੇਹੈਮ ਦਾ ਸੇਵਨ ਕਰਨ ਵਿਚ ਹੈ।

ਸੱਚ ਤਾਂ ਇਹ ਹੈ ਕਿ ਇਹ ਸਥਿਤੀਆਂ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਮਾਂ ਦੇ ਗਰਭ ਵਿਚ ਪਲਣ ਵੇਲੇ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਪਟਿਆਲੇ ਰਹਿੰਦੇ ਮੇਰੇ ਕੋਲ ਸਮਾਣੇ ਸ਼ਹਿਰ ਨੇੜਿਓਂ ਇਕ ਬੀਬੀ ਆਪਣਾ ਦੋ ਸਾਲ ਦਾ ਬੱਚਾ ਲੈ ਕੇ ਆਈ। ਉਸ ਨੇ ਕਿਹਾ, "ਡਾਕਟਰ ਜੀ ਇਹ ਬੋਲਦਾ ਨਹੀਂ, ਜਦੋਂ ਕਿ ਇਸ ਦੇ ਨਾਲ ਦੇ ਕਾਫੀ ਕੁਝ ਕਹਿਣਾ ਸਿੱਖ ਗਏ ਹਨ। ਦਰਿਆਫਤ ਕਰਨ 'ਤੇ ਪਤਾ ਚੱਲਿਆ ਕਿ ਉਸ ਨੂੰ ਸੁਣਦਾ ਵੀ ਨਹੀਂ ਸੀ। ਇਹ ਜਾਣ ਕੇ ਬੀਬੀ ਬਹੁਤ ਘਬਰਾਈ। ਉਸ ਤੋਂ ਬੱਚੇ ਦੀ ਪੂਰੀ ਹਿਸਟਰੀ ਜਾਣੀ ਗਈ। ਕੁਝ ਵੀ ਪਤਾ ਨਾ ਲੱਗਣ 'ਤੇ ਮੈਂ ਉਸ ਨੂੰ ਉਸ ਦੇ ਗਰਭ ਵੇਲੇ ਦਾ ਆਪਣਾ ਇਤਿਹਾਸ ਦੱਸਣ ਲਈ ਕਿਹਾ। ਬੀਬੀ ਨੇ ਯਾਦ ਕਰ ਕੇ ਕਿਹਾ ਕਿ ਹਾਂ ਜਦੋਂ ਇਹ ਪੈਦਾ ਹੋਣ ਵਾਲਾ ਸੀ ਤਾਂ ਅਚਾਨਕ ਉਸ ਅੱਗੇ ਚੌੜੇ ਫਣੇ ਵਾਲਾ ਸੱਪ ਆ ਗਿਆ ਸੀ ਤੇ ਉਸ ਦੇਖ ਕੇ ਉਹ ਬੇਹੋਸ਼ ਹੋ ਗਈ ਸੀ। ਉਸ ਦੇ ਦੱਸੇ ਇਸ ਦਹਿਸ਼ਤੀ ਤੱਥ ਨੂੰ ਆਧਾਰ ਬਣਾ ਕੇ ਮੈਂ ਉਸ ਬੱਚੇ ਨੂੰ ਓਪੀਅਮ-200 (Opium-200) ਦਿੱਤੀ ਸੀ। ਇਸ ਨਾਲ ਉਸ ਦੇ ਕੰਨਾਂ ਵਿਚੋਂ ਲੁੱਕ ਜਿਹਾ ਕਾਲਾ ਤੇ ਗਾਹੜਾ ਪਦਾਰਥ ਵੱਗਿਆ ਸੀ। ਮੈਨੂੰ ਲਗਦਾ ਹੈ, ਉਹ ਬੱਚਾ ਬੋਲਣ ਲੱਗ ਗਿਆ ਹੋਵੇਗਾ, ਕਿਉਂਕਿ ਉਸ ਨੂੰ ਸੁਣਨ ਤਾਂ ਉਦੋਂ ਹੀ ਲੱਗ ਗਿਆ ਸੀ। ਮੈਨੂੰ ਇਹ ਵੀ ਯਕੀਨ ਹੈ ਕਿ ਇਹ ਸਟਾਰ ਆਫ ਬੈਥਲੇਹੈਮ ਦਾ ਕੇਸ ਸੀ। ਜੇ ਉਸ ਨੂੰ ਉਹ ਦਵਾਈ ਨਾ ਦਿੱਤੀ ਗਈ ਹੁੰਦੀ ਤਾਂ ਉਸ ਨੇ ਇਸ ਨਾਲ ਵੀ ਜਰੂਰ ਠੀਕ ਹੋ ਜਾਣਾ ਸੀ।

ਸਟਾਰ ਆਫ ਬੈਥਲੇਹੈਮ ਦੇ ਮਰੀਜ਼ਾਂ ਨੂੰ ਮਾਨਸਿਕ ਸਦਮੇ ਤੋਂ ਇਲਾਵਾ ਕਈ ਹੋਰ ਤਕਲੀਫਾਂ ਵੀ ਘੇਰ ਲੈਂਦੀਆਂ ਹਨ। ਕੰਮ ਵਿਚ ਦਿਲ ਨਾ ਲੱਗਣਾ, ਦੁਨੀਆਂ ਤੋਂ ਉਪਰਾਮ ਰਹਿਣਾ, ਭੁੱਖ ਨਾ ਲੱਗਣਾ, ਮਿਹਦੇ ਦੀ ਖਰਾਬੀ, ਪੇਟ (ਡਾਇਆਫਰਾਮ) ਦਾ ਕਸਿਆ ਜਾਣਾ, ਸਾਹ ਦਾ ਔਖਾ ਆਉਣਾ, ਹਉਕੇ ਲੈਣਾ, ਖੂਨ ਵਾਲੀ ਪੇਚਿਸ, ਬੋਲਦੇ ਬੋਲਦੇ ਗਲੇਡੂ ਭਰ ਜਾਣਾ, ਆਪ ਮੁਹਾਰੇ ਅਥਰੂਆਂ ਦਾ ਵਗਣ ਲੱਗ ਜਾਣਾ, ਕੰਨਾਂ ਵਿਚੋਂ ਆਵਾਜ਼ਾਂ ਆਉਣੀਆਂ ਤੇ ਅੱਖਾਂ ਅੱਗੇ ਹਨੇਰਾ ਆਉਣਾ-ਇਨ੍ਹਾਂ ਵਿਚੋਂ ਮੁੱਖ ਹਨ। ਜਿੱਥੇ ਇਨ੍ਹਾਂ ਵਿਚੋਂ ਕੋਈ ਅਲਾਮਤ ਦਿਖਾਈ ਦੇਵੇ, ਉੱਥੇ ਵੀ ਇਸ ਦਵਾਈ ਬਾਰੇ ਸੋਚਣਾ ਜਰੂਰ ਬਣਦਾ ਹੈ।

###

## ਕਾਵਿ-ਵਿਅੰਗ

### ਝੂਠ ਦੀ ਚੜ੍ਹਤ

ਸੋਚ ਸਮਝ ਕੇ ਕਿਸੇ ਨੂੰ ਦਿਲ ਦੇਈਏ,
ਪਹਿਲਾਂ ਵਰਗੇ ਨਹੀਂ ਦਿਲਦਾਰ ਅੱਜ ਕਲ੍ਹ।
ਮਤਲਬ ਕੱਢ ਕੇ ਫਤਿਹ ਬੁਲਾ ਜਾਂਦੇ, ਬਹੁਤੇ
ਮਿਲਦੇ ਮਤਲਬੀ ਯਾਰ ਅੱਜ ਕਲ੍ਹ।
ਆਪਣਿਆਂ 'ਚ ਵੀ ਨਹੀਂ ਅਪਣੱਤ ਕੋਈ,
ਘਟੀ ਜਾ ਰਿਹਾ ਮੋਹ ਪਿਆਰ ਅੱਜ ਕਲ੍ਹ।
ਚਾਰੇ ਪਾਸੇ ਹੈ ਝੂਠ ਦੀ ਚੜ੍ਹਤ 'ਚੋਹਲਾ',
ਠੱਗੀ ਠੋਰੀ ਦਾ ਗਰਮ ਬਾਜ਼ਾਰ ਅੱਜ ਕਲ੍ਹ।

**-ਰਮੇਸ਼ ਬੱਗਾ ਚੋਹਲਾ**
**ਫੋਨ: 91-94631-32719**

## ਪੁਸਤਕ ਚਰਚਾ

# ਘਰ ਦੀ ਵਸੀਹ ਅਰਥਕਾਰੀ: 'ਘਰ, ਘਰ ਤੇ ਘਰ'

**ਡਾ. ਗੁਰਬਖਸ਼ ਸਿੰਘ ਭੰਡਾਲ**

ਅਰਤਿੰਦਰ ਸੰਧੂ ਸਥਾਪਤ ਸ਼ਾਇਰਾ, ਸਾਹਿਤਕ ਰਸਾਲਾ 'ਏਕਮ' ਦੀ ਮੁੱਖ ਸੰਪਾਦਕ ਅਤੇ ਪੰਜਾਬੀ ਅਦਬ ਨਾਲ ਜੁੜੀ ਸ਼ਖਸੀਅਤ ਹੈ, ਜਿਸ ਦੀਆਂ ਰਗਾਂ ਵਿਚ ਕਵਿਤਾ ਸਮੋਈ ਹੋਈ ਹੈ। ਉਹ ਕਵਿਤਾ ਨੂੰ ਜਿਉਂਦੀ ਤੇ ਉਸ ਦੀ ਕਾਵਿਕ-ਆਗੋਸ਼ ਵਿਚ ਕਵਿਤਾ ਨੂੰ ਨਿਵੇਕਲੀ ਪਰਵਾਜ਼ ਮਿਲਦੀ ਹੈ। ਉਸ ਦੇ 12 ਮੌਲਿਕ ਕਾਵਿ-ਸੰਗ੍ਰਹਿ ਅਤੇ 3 ਅਨੁਵਾਦਤ ਕਾਵਿ-ਸੰਗ੍ਰਹਿ ਛਪ ਚੁਕੇ ਹਨ। ਉਸ ਦਾ ਹਥਲਾ ਕਾਵਿ-ਸੰਗ੍ਰਹਿ "ਘਰ, ਘਰ ਤੇ ਘਰ" ਘਰ ਦੇ ਸੰਕਲਪ, ਸਿਰਜਣਾ, ਵਿਸਥਾਰ, ਵਿਸਰਜਨਾ ਅਤੇ ਮੁੜ ਉਸਰਨਾ ਸਮੇਤ ਘਰ ਦੇ ਵਸੀਹ ਸਰੋਕਾਰਾਂ, ਸਬੰਧਾਂ, ਸੰਵੇਦਨਾਵਾਂ ਅਤੇ ਸੁਹਜਤਮਈ ਵਰਤਾਰਿਆਂ ਨੂੰ ਕਾਵਿਕ ਬੰਦਨਾ ਵਿਚ ਪਰੋਂਦਾ, ਘਰ ਦੇ ਵਸੀਹ ਅਰਥ ਉਜਾਗਰ ਕਰਦਾ ਹੈ।

ਘਰ ਮਨੁੱਖ ਦੀ ਮੂਲ ਲੋੜ ਹੈ, ਪਰ ਇਹ ਕਵਿਤਾ ਅਕਾਸ਼ ਮੰਡਲਾਂ, ਤਾਰਿਆਂ ਤੇ ਸੂਰਜਾਂ ਦੇ ਘਰ ਤੋਂ ਧਰਤੀ 'ਤੇ ਉਸਰੇ ਘਰ ਸਮੇਤ ਬੰਦੇ ਦੇ ਅੰਦਰ ਵੱਸਦੇ ਘਰ ਨੂੰ ਵੀ ਮੁਖਾਤਬ ਹੈ। ਘਰ ਉਹ ਹੀ ਨਹੀਂ, ਜਿਸ ਵਿਚ ਅਸੀਂ ਰਹਿੰਦੇ ਹਾਂ। ਸਾਡਾ ਸਰੀਰ ਵੀ ਇਕ ਘਰ ਹੈ, ਰੂਹ ਵੀ ਅਤੇ ਮਸਤਕ ਵਿਚ ਵੀ ਸੋਚਾਂ ਤੇ ਸੁਪਨਿਆਂ ਦਾ ਰੈਣ-ਬਸੇਰਾ ਵੀ। ਤਾਂ ਹੀ ਅਰਤਿੰਦਰ ਸੰਧੂ ਘਰ ਦੀ ਉਤਪਤੀ ਤੋਂ ਸ਼ੁਰੂ ਹੁੰਦੀ ਹੈ,

ਉਨ੍ਹਾਂ ਅਕਾਸ਼ ਪਿੰਡਾਂ  
ਉਨ੍ਹਾਂ ਤਾਰਿਆਂ ਅੰਦਰ ਕਿਤੇ  
ਸੰਕਲਪ, ਆਪਣੇ ਦੀ ਹੋਂਦ ਦਾ  
...ਘਰ ਤੇ ਪਰਿਵਾਰ...।

ਅਤੇ ਖੁਦ ਤੋਂ ਖੁਦ ਲਈ ਤੇ ਦੂਸਰਿਆਂ ਵਾਸਤੇ ਜੀਣ ਦਾ ਅਤੇ ਉਨ੍ਹਾਂ ਨਾਲ ਜੁੜੇ ਰਹਿਣ ਦੇ ਅਹਿਸਾਸ ਕਾਰਨ ਹੀ, ਉਨ੍ਹਾਂ ਵਿਚ ਘਰ ਦੀ ਧਾਰਨਾ ਜਰੂਰ ਪੈਦਾ ਹੋਵੇਗੀ ਤਾਂ ਹੀ ਸ਼ਾਇਰਾ ਦੇ ਮਨ ਵਿਚ ਕਾਵਿਕਤਾ ਪੰਘਰਦੀ ਹੈ,

ਖੁਦ ਨਾਲ ਜੀਂਦਿਆਂ  
ਖੁਦ ਲਈ ਵੀ ਜੀਂਦਿਆਂ  
ਕੁਨਬੇ ਨਾਲ ਜੁੜੇ ਰਹਿਣਾ  
ਬਣ ਗਿਆ ਹੋਵੇਗਾ  
ਧਰਤੀ ਉਤੇ ਘਰ ਵਿਚ  
ਜੀਣ ਦਾ ਮੂਲ ਮੰਤਰ।

ਪਰ ਘਰ ਦਾ ਵਿਚਾਰ ਅਤੇ ਵਿਸਥਾਰ ਇਕ ਆਵੇਸ਼ ਨਹੀਂ, ਸਗੋਂ ਇਹ ਮੁੱਦਤਾਂ ਅਤੇ ਕਰੋੜਾਂ ਸਾਲਾਂ ਤੋਂ ਬਾਅਦ ਧਰਤੀ 'ਤੇ ਵੱਸਦੇ ਆਦਿ ਮਨੁੱਖ ਦੀ ਸੋਚ ਵਿਚ ਆਇਆ ਹੋਵੇਗਾ-ਘਰ ਬਣਾਉਣ, ਵਸਾਉਣ ਅਤੇ ਘਰ ਨੂੰ ਘਰ ਦੇ ਅਰਥਾਂ ਨਾਲ ਸਜਾਉਣ ਦਾ ਸੂਖਮ ਅਹਿਸਾਸ; ਕਿਉਂਕਿ,

ਇਕ ਛਿਣ ਦਾ ਆਵੇਸ਼ ਨਹੀਂ ਸੀ  
ਧਰਤੀ ਦਾ ਘਰ ਬਣ ਜਾਣਾ  
ਜਾਂ  
ਘਰ ਦਾ ਬ੍ਰਹਿਮੰਡ ਤੋਂ  
ਧਰਤੀ 'ਤੇ ਉਤਰ ਆਉਣਾ  
ਤੇ ਸਾਰੇ ਜੀਵਾਂ-ਪਰਜੀਵਾਂ ਅੰਦਰ  
ਠਹਿਰ ਜਾਣਾ।

ਦਰਅਸਲ ਘਰ ਤਾਂ ਹਰ ਸਾਹ ਦਾ, ਕਣ ਦਾ, ਸੋਚ ਦਾ, ਸੁਪਨੇ ਦਾ ਅਤੇ ਸਮੂਹ ਪਸਾਰੇ ਦੇ ਮਨਾਂ ਵਿਚ ਅਚੇਤ ਤੇ ਸੁਚੇਤ ਰੂਪ ਵਿਚ ਵੱਸਦਾ। ਸਮੂਹ ਧਰਤੀ ਹੀ ਹਰ ਕਿਸਮ ਦੇ ਜੀਵਾਂ ਦੇ ਘਰਾਂ ਨਾਲ ਸੁਸ਼ੋਭਿਤ ਹੈ।

ਕਣ...ਕਣ ਸਾਹ...ਸਾਹ ਘਰ ਵਿਚ  
ਕਈ ਘਰ  
ਕਈ ਤਰ੍ਹਾਂ ਦੇ ਘਰਾਂ  
ਤੇ ਘਰਾਂ ਦੇ ਸਮੂਹਾਂ ਵਿਚ ਇਵੇਂ  
ਕਿ ਘਰ ਹੋ ਗਈ ਧਰਤੀ ਸਾਰੀ।

ਘਰ ਸਮਾਜਿਕ ਜਾਂ ਪਰਿਵਾਰਕ ਲੋੜ ਹੀ ਨਹੀਂ, ਸਗੋਂ ਇਹ ਚਾਹਨਾ, ਭਾਵਨਾਵਾਂ ਅਤੇ ਸਰੀਰਕ ਤੇ ਮਾਨਸਿਕ ਲੋੜਾਂ ਵਿਚੋਂ ਵੀ ਪੈਦਾ ਹੁੰਦੀ। ਹੋਂਦ ਤੇ ਮਨ ਦੀ ਅਪੂਰਤੀ ਨੂੰ ਪੂਰਨ ਕਰਨ ਦਾ ਸਬੱਬ ਵੀ। ਆਪਣੇ ਮਨੋਭਾਵਾਂ ਨੂੰ ਨਵੀਂ ਪਰਵਾਜ਼ ਦੇਣ ਦਾ ਹੁਲਾਸ ਤੇ ਅਹਿਸਾਸ ਵੀ। ਇਸ ਬੇਬਾਕੀ ਵਿਚੋਂ ਹੀ ਘਰ ਆਪਣਾ ਰੂਪ, ਆਧਾਰ ਅਤੇ ਆਕਾਰ ਗ੍ਰਹਿਣ ਕਰਦਾ,

ਮਨ ਦੀ ਚਾਹਤ, ਸਰੀਰ ਦੀ ਲੋੜ  
ਹੋਂਦ ਦਾ ਪਸਾਰਾ ਬਣ ਕੇ...  
ਬੇਬਾਕ ਚਾਹਤ ਹੋਇਆ ਘਰ।

ਘਰ ਸਿਰਫ ਕੰਧਾਂ, ਕੌਲਿਆਂ, ਕਮਰਿਆਂ ਦਾ ਨਾਮ ਨਹੀਂ। ਘਰ, ਘਰਾਂ ਵਾਲਿਆਂ ਕਰਕੇ ਹੁੰਦਾ, ਜਿਸ ਵਿਚ ਇਕ ਦਾ ਦਰਦ ਦੂਸਰੇ ਦੀ ਚੀਸ, ਇਕ ਦੀ ਹਾਕ ਦੂਸਰੇ ਦਾ ਹੁੰਗਾਰਾ ਅਤੇ ਇਕ ਦੀ ਚਾਹਤ ਦੂਸਰੀ ਲਈ ਪੂਰਤੀ ਦੀ ਪਹਿਲ ਹੁੰਦੀ। ਘਰ, ਪਾਕੀਜ਼ਗੀ, ਪਾਹੁਲ, ਪ੍ਰੇਰਨਾ, ਪ੍ਰਤੀਬੱਧਤਾ ਅਤੇ ਪੁਖਤਗੀ ਦਾ ਪ੍ਰਮਾਣ। ਘਰ ਵਿਚ ਰਹਿਣ ਵਾਲੇ ਮੋਹ- ਮੁਹੱਬਤ ਦਾ ਅਫਸਾਨਾ। ਤਾਂ ਹੀ ਅਰਤਿੰਦਰ ਸੰਧੂ ਦੇ ਹਰਫ ਕੂਕਦੇ,

ਇਕ ਦੇ ਸਾਹਾਂ ਦੀ ਹਵਾ ਨੇ  
ਰਚਣਾ ਹੁੰਦਾ ਹੈ ਦੂਜੇ ਦੇ  
ਸਾਹਾਂ ਨੂੰ ਜਾਂਦੀ ਪੌਣ ਵਿਚ।

ਘਰ ਦੇ ਸਭ ਤੋਂ ਸੁੰਦਰ, ਸਟੀਕ, ਸੰਪੂਰਨ ਅਤੇ ਸਮਰੱਥ ਅਰਥਾਂ ਨੂੰ ਆਪਣੇ ਵਿਚ ਸਮੇਟਦੀਆਂ ਨਿਮਨ ਕਾਵਿ-ਸਤਰਾਂ ਸਮੁੱਚੇ ਕਾਵਿ-ਸੰਗ੍ਰਹਿ ਦਾ ਸੁਗਮ ਸੁਨੇਹਾ ਬਣ ਕੇ ਕਾਵਿਕ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੀਆਂ ਹਨ,

ਘਰ ਜ਼ਿੰਦਗੀ ਦੇ ਸਬਕ ਦਿੰਦੀ ਸਿੱਖਣਗਾਹ  
ਇਕ ਸ਼ਰਨਗਾਹ, ਇਕ ਪਾਠਸ਼ਾਲਾ  
ਇਕ ਗੁਰੂਕੁਲ ਹੁੰਦਾ।



ਅਰਤਿੰਦਰ ਸੰਧੂ

ਘਰ, ਬੂਹੇ, ਬਾਰੀਆਂ, ਕਮਰੇ, ਕੰਧਾਂ, ਵਿਹੜਾ, ਬੱਚੇ ਤੇ ਮਾਪੇ ਰੂਹੀ-ਸੰਵਾਦ ਰਚਾਉਂਦੇ ਨੇ ਮਨੁੱਖ ਨਾਲ। ਇਸ ਸੰਵਾਦ ਵਿਚੋਂ ਮਨੁੱਖ ਨੂੰ ਆਪਣੇ ਅੰਤਰੀਵ ਵਿਚ ਝਾਤੀ ਮਾਰਨ ਤੇ ਖੁਦ ਦੇ ਰੂਬਰੂ ਹੋਣ ਦਾ ਮੌਕਾ ਮਿਲਦਾ। ਘਰ ਨੂੰ ਸੁੱਚੇ ਅਰਥ ਦੇਣ ਲਈ ਪਾਹੁਲ ਤੇ ਪ੍ਰੇਰਨਾ ਵੀ ਮਿਲਦੀ। ਮੇਰੀ ਪੁਸਤਕ 'ਘਰ ਅਰਦਾਸ ਕਰੇ' ਵਿਚ ਮਨੁੱਖ ਦਾ ਘਰ, ਕੰਧਾਂ, ਕਮਰੇ, ਬੂਹੇ, ਬਾਰੀਆਂ, ਵਿਹੜੇ ਆਦਿ ਨਾਲ ਰਚਾਇਆ ਸੰਵਾਦ ਹੈ, ਜਿਸ ਨਾਲ ਘਰ ਦੀ ਉਸਾਰੀ ਹੁੰਦੀ। ਇਸੇ ਰੰਗ ਵਿਚ ਹੀ ਸ਼ਾਇਰਾ ਦਾ ਕੇਹਾ ਕਮਾਲ ਹੈ,

ਅਸਲ ਵਿਚ ਇਕ ਭਾਸ਼ਾ ਉਸਰ ਆਈ  
ਹੁੰਦੀ  
ਘਰ ਤੇ ਮਨੁੱਖ ਵਿਚਕਾਰ  
ਬੇਸ਼ਬਦ, ਬੇਆਵਾਜ਼ ਪਰ ਸੰਗੀਤਕ।

ਘਰ ਤੋਂ ਦੂਰ ਜਾ ਕੇ ਵੀ ਬੰਦਾ ਘਰ ਨੂੰ ਪਰਤਣ ਲਈ ਅਹੁਲਦਾ ਹੈ, ਕਿਉਂਕਿ ਘਰ, ਬੰਦੇ ਦੀ ਅਜਿਹੀ ਠਾਹਰ, ਜੋ ਉਸ ਨੂੰ ਸਕੂਨ, ਸ਼ਾਂਤੀ ਅਤੇ ਸੰਤੁਸ਼ਟੀ ਦਾ ਅਹਿਸਾਸ ਕਰਵਾਉਂਦੀ। ਘਰ ਉਸ ਨੂੰ ਆਪਣੇ ਆਗੋਸ਼ ਵਿਚ ਲੈ ਕੇ ਪਲੋਸਦਾ, ਉਸ ਦਾ ਅਕੇਵਾਂ ਤੇ ਥਕੇਵਾਂ ਲਾਹੁੰਦਾ ਅਤੇ ਅਗਲੀ ਸਵੇਰ ਨੂੰ ਨਵੇਂ ਸਫਰ 'ਤੇ ਜਾਣ ਲਈ ਤਿਆਰ ਕਰਦਾ,

ਸਫਰਾਂ, ਅਵਾਰਗੀਆਂ ਅਤੇ ਭਟਕਣਾ ਪਿੱਛੋਂ  
ਕਿ ਘਰ... ਹੁੰਦਾ ਏ ਵਾਪਸ ਮੁੜਨ ਲਈ  
ਅਤੇ  
ਘਰ ਹੌਲੀ ਹੌਲੀ ਹੋ ਜਾਂਦਾ  
ਇਸ ਵਿਚ ਰਹਿੰਦੇ ਜੀਆਂ ਵਰਗਾ।

ਤੇ ਘਰ ਦੇ ਜੀਅ ਜਦ ਘਰ ਅਤੇ ਘਰ, ਘਰ ਦੇ ਜੀਆਂ ਵਰਗਾ ਹੋ ਜਾਵੇ ਤੇ ਇਸ ਅਭੇਦਤਾ ਵਿਚੋਂ ਘਰ ਨੂੰ ਸੁੱਚੇ ਅਰਥਾਂ ਅਤੇ ਮਾਣਮੱਤੀ ਹੋਂਦ 'ਤੇ ਨਾਜ਼ ਹੁੰਦਾ ਹੈ,

...ਘਰ ਦਾ ਇਕ  
ਜੀਂਦਾ ਜਾਗਦਾ ਅਹਿਸਾਸ ਹੈ...

ਜਿਥੇ ਘਰ...ਤੇ ਮੈਂ  
ਮੈਂ ਤੇ ਘਰ।

ਪਰ ਘਰ ਸਦਾ ਅਪੂਰਨ ਅਤੇ ਅਸੀਂ ਸਾਰੀ ਉਮਰ ਇਸ ਦੀ ਪੂਰਨਤਾ ਲਈ ਜੱਦੋ-ਜਹਿਦ ਕਰਦੇ, ਇਸ ਦੀਆਂ ਲੋੜਾਂ ਤੇ ਥੋੜ੍ਹਾਂ ਨੂੰ ਪੂਰਾ ਕਰਦੇ, ਘਰ ਦੀ ਮਨਮੋਹਕਤਾ ਨੂੰ ਆਪਣੇ ਮਸਤਕ ਦੇ ਨਾਮ ਲਾਉਣ ਲਈ ਤਰਜ਼ੀਹਾਂ ਸਿਰਜਦੇ,

ਨਾ ਸੰਪੰਨ ਹੁੰਦਾ ਘਰ ਕਦੇ  
ਨਾ ਸਫਰ ਇਸ ਦਾ...।

ਕਈ ਵਾਰ ਘਰ ਦੀਆਂ ਛੱਤਾਂ ਨੀਵੀਆਂ ਹੋ ਜਾਂਦੀਆਂ, ਵਿਹੜਾ ਮੋਕਲਾ ਨਹੀਂ ਹੁੰਦਾ ਜਾਂ ਇਸ ਦੀ ਵਿਸ਼ਾਲਤਾ, ਮਨੁੱਖੀ ਉਡਾਣ ਦੇ ਮੇਚ ਨਹੀਂ ਆਉਂਦੀ। ਫਿਰ ਮਨੁੱਖ ਆਪਣੇ ਹਾਣ ਦੇ ਅੰਬਰ ਦੀ ਭਾਲ ਵਿਚ, ਘਰ ਤੋਂ ਬਾਹਰ ਨਿਕਲਦਾ ਅਤੇ ਆਪਣੇ ਸੁਪਨਿਆਂ ਨੂੰ ਨਵੀਂ ਪਰਵਾਜ਼ ਤੇ ਅੰਦਾਜ਼ ਪ੍ਰਦਾਨ ਕਰਦਾ,

ਕਈ ਵਾਰ ਘਰਾਂ ਵਿਚ ਹੀ  
ਸੁਪਨਿਆਂ ਨੂੰ ਅੰਬਰ ਨਹੀਂ ਮਿਲਦਾ  
ਸੋਚ ਨੂੰ ਜ਼ਮੀਨ ਨਹੀਂ ਮਿਲਦੀ।

ਘਰਦਿਆਂ ਦੀ ਇਸ ਪਰਵਾਜ਼ ਕਾਰਨ ਬਹੁਤ ਉਦਾਸ ਹੋ ਜਾਂਦੇ ਨੇ ਘਰ। ਕੰਧਾਂ 'ਤੇ ਲਟਕਦੇ ਰਹਿ ਜਾਂਦੇ ਨੇ ਉਡੀਕਾਂ ਦੇ ਕੈਲੰਡਰ। ਇਕ ਲੰਮੀ ਇਕੱਲ ਵਿਚੋਂ ਪੈਦਾ ਹੋਈ ਉਦਾਸੀ ਘਰ ਦੇ ਕਮਰਿਆਂ ਵਿਚ ਦੁਬਕ, ਸਿਸਕੀ ਬਣ ਕੇ ਦਰਾਂ 'ਤੇ ਚਿਪਕ ਜਾਂਦੀ। ਚੁੱਲ੍ਹਾ ਹੋ ਜਾਂਦਾ ਏ ਠੰਢਾ ਤੇ ਵਿਹੜਾ ਹੋ ਜਾਂਦਾ ਏ ਬੇ-ਰੌਣਕਾ। ਇਸ ਦੇ ਪਿੰਡੇ 'ਤੇ ਨਿਰਾਸ਼ਾ ਦੀ ਪਿਲੱਤਣ ਉਕਰਦੀ ਹੈ ਹਤਾਸ਼ ਫਿਜ਼ਾ,

ਲਿਖ ਗਈ ਉਹੀ ਹਵਾ  
ਘਰ ਦੇ ਮਨ 'ਤੇ  
ਇਕੱਲ ਦੀ ਉਦਾਸ ਇਬਾਰਤ  
ਜਾਂ  
ਉਦਾਸ ਹੋ ਜਾਂਦੇ ਘਰ  
ਬਿਨ ਰਹਿਣ ਵਾਲਿਆਂ ਦੇ  
ਜਾਂ  
ਚੁੱਪ ਚੁਪੀਤਾ ਘਰ  
ਹੁਣ ਉਦਾਸ ਹੈ...ਬਹੁਤ।

ਕਦੇ ਕਦਾਈਂ ਘਰਾਂ ਵਾਲੇ ਘਰਾਂ ਨੂੰ ਪਰਤਦੇ ਤਾਂ ਘਰ ਜਿਊਣ ਜੋਗਾ ਹੋ ਜਾਂਦਾ। ਘਰ ਨੂੰ ਚੰਗਾ ਲੱਗਦਾ ਹੈ ਆਪਣਿਆਂ ਨਾਲ ਦੁੱਖ-ਸੁੱਖ ਸਾਂਝਾ ਕਰਨਾ, ਪਰ ਥੋੜ੍ਹਚਿਰੀ ਮਿਲਣੀ ਤੋਂ ਬਾਅਦ ਜਦ ਉਹ ਪਰਦੇਸ ਜਾਣ ਲਈ ਘਰ ਤੋਂ ਬਾਹਰ ਪੈਰ ਧਰਦੇ ਤਾਂ ਘਰ ਮੌਨ ਤੇ ਉਦਾਸ ਹੋ ਜਾਂਦਾ। ਇਹ ਉਦਾਸੀ ਅਰਤਿੰਦਰ ਸੰਧੂ ਦੀ ਕਵਿਤਾ ਵਿਚ ਉਤਰ ਕੇ ਚੁੱਪ ਦੀ ਕਬਰ ਵਿਚ ਸਮਾਉਣ ਲਈ ਕਾਹਲੀ ਹੋ ਜਾਂਦੀ,

ਵਾਪਸ ਤੋਰ ਕੇ ਸਭ ਨੂੰ  
ਫਿਰ ਤੋਂ ਸੁੰਘੜ ਕੇ  
ਸਰਕਣ ਲੱਗਦਾ ਹੈ ਘਰ  
ਆਪਣੀ ਸੁੰਨ ਦੇ ਘੋਗੇ ਅੰਦਰ

ਪਰ ਸਭ ਤੋਂ ਅਹਿਮ ਹੈ ਕਿ ਘਰ ਤੋਂ ਦੂਰ ਜਾ ਕੇ ਵੀ ਬੰਦਾ ਆਪਣੇ ਅੰਦਰ ਵੱਸਦੇ ਉਸ ਘਰ ਨੂੰ ਆਪਣੇ ਵਿਚੋਂ ਨਹੀਂ ਕੱਢ ਸਕਦਾ, ਜਿਥੇ ਉਸ ਦਾ ਬਚਪਨ ਬੀਤਿਆ ਹੋਵੇ, ਜਿਸ ਵਿਚ ਸੁਪਨੇ ਉਗੇ ਹੋਣ ਅਤੇ ਜਿਥੇ ਸਕੀਰੀਆਂ ਤੇ ਸਬੰਧਾਂ ਨੇ ਨਵੀਂ ਪਛਾਣ ਦਿੱਤੀ ਹੋਵੇ। ਕੋਮਲ ਸ਼ਾਇਰਾ ਤਾਂ ਹੀ ਆਪਣੇ ਸ਼ਬਦਾਂ ਵਿਚ ਤਰਲ ਹੋ ਜਾਂਦੀ ਹੈ,

ਬੰਦਾ ਘਰ ਨੂੰ ਛੱਡ ਵੀ ਦੇਵੇ  
ਘਰ ਬੰਦੇ ਨੂੰ ਕਦੇ ਨਹੀਂ ਛੱਡਦਾ।

ਘਰ ਤੋਂ ਅੰਤਰੀਵੀ ਘਰ ਦੀ ਯਾਤਰਾ ਦਾ ਕਾਵਿਕ-ਵਿਸਥਾਰ ਅਤੇ ਇਸ ਵਿਚ ਵਸੀਹ ਅਰਥਾਂ ਦਾ ਚਿਰਾਗ ਜਗਾਉਣ ਵਾਲੇ ਇਸ ਨਾਯਾਬ ਕਾਵਿ-ਸੰਗ੍ਰਹਿ ਦਾ ਨਿੱਘਾ ਸੁਆਗਤ। ਲੋੜ ਹੈ ਕਿ ਪੰਜਾਬੀ ਪਾਠਕ ਅਜਿਹੀ ਸੰਵੇਦਨਸ਼ੀਲ ਕਾਵਿ-ਪੁਸਤਕ ਨੂੰ ਪੜ੍ਹ ਕੇ, ਆਪਣੇ ਚਿੰਤਨ ਤੇ ਚੇਤਿਆਂ ਵਿਚ ਆਪਣੇ ਘਰ ਨੂੰ ਕਦੇ ਵੀ ਵਿਸਰਨ ਨਾ ਦੇਣ। ਕਦੇ ਕਦਾਈਂ ਉਸ ਉਦਾਸ, ਬੁੱਢੇ ਅਤੇ ਉਖੜੇ ਦਰਾਂ ਵਾਲੇ ਘਰ ਦੀ ਦਸਤਕ ਜਰੂਰ ਬਣਨ।

ਅਰਤਿੰਦਰ ਸੰਧੂ ਨੂੰ ਇਸ ਕਾਵਿ-ਸੰਗ੍ਰਹਿ ਲਈ ਢੇਰ ਸਾਰੀਆਂ ਮੁਬਾਰਕਾਂ।

---

**ਪੁਸਤਕ: ਰਾਜ ਕਰੇਂਦੇ ਰਾਜਿਆ**  
**ਲੇਖਕ: ਅਮਰ ਸੂਫੀ**  
**ਪੰਨੇ: 128 ਮੁੱਲ-150 ਰੁਪਏ**  
**ਸਪਤਰਿਸ਼ੀ ਪਬਲਿਕੇਸ਼ਨ, ਚੰਡੀਗੜ੍ਹ**

# ਲੋਕ ਪ੍ਰਵਚਨ ਦੀ ਸਿਰਜਣਾ ਕਰਦੇ ਦੋਹੇ

**ਨਿਰੰਜਣ ਬੋਹਾ**

ਦੋਹਾ ਪੰਜਾਬੀ ਸਾਹਿਤ ਦੀ ਪੁਰਾਤਨ ਕਾਵਿ ਵਿਧਾ ਹੈ। ਪਰੰਪਰਾਗਤ ਰੂਪ ਵਿਚ ਇਸ ਵਿਧਾ ਦਾ ਸਬੰਧ ਧਾਰਮਿਕ ਜਾਂ ਭਗਤੀ ਸਾਹਿਤ ਤੇ ਸੰਗੀਤ ਨਾਲ ਰਿਹਾ ਹੈ, ਪਰ ਬਦਲਦੇ ਸਮੇਂ ਦੇ ਸੰਦਰਭ ਵਿਚ ਜੀਵਨ ਦੇ ਨਵੇਂ ਭਾਵ ਬੋਧ ਵੀ ਇਸ ਦੀ ਅਭਿਵਿਅਕਤੀ ਦਾ ਮਾਧਿਅਮ ਬਣਨ ਲੱਗ ਪਏ ਹਨ। ਪੰਜਾਬੀ ਗਜ਼ਲ, ਵਾਰਤਕ ਤੇ ਬਾਲ ਕਾਵਿ ਦੇ ਖੇਤਰ ਵਿਚ ਉਘੜਵੀਂ ਪਛਾਣ ਰੱਖਣ ਵਾਲੇ ਲੇਖਕ ਅਮਰ ਸੂਫੀ ਨੇ ਇਸ ਪੁਰਾਤਨ ਕਾਵਿ ਵਿਧਾ ਨੂੰ ਨਵੇਂ ਵਿਚਾਰਧਾਰਕ ਨਜ਼ਰੀਏ ਅਨੁਸਾਰ ਪੇਸ਼ ਕਰਨ ਦੇ ਮਾਮਲੇ ਵਿਚ ਵਿਸ਼ੇਸ਼ ਸਫਲਤਾ ਹਾਸਿਲ ਕੀਤੀ ਹੈ। ਪੁਸਤਕ 'ਰਾਜ ਕਰੇਂਦੇ ਰਾਜਿਆ' ਤੋਂ ਪਹਿਲਾਂ ਉਹ ਇੱਕ ਵਾਰਤਕ ਪੁਸਤਕ 'ਨਿੱਕੀ ਜਿਹੀ ਗੱਲ' ਤੇ ਇੱਕ ਬਾਲ ਕਾਵਿ ਸੰਗ੍ਰਹਿ 'ਬੀਬੇ ਰਾਣੇ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕਾ ਹੈ। ਇਸ ਦੋਹਾ ਪੁਸਤਕ ਵਿਚ ਲੇਖਕ ਨੇ ਛੇ ਸੌ ਅਠੱਤਰ ਆਧੁਨਿਕ ਦੋਹੇ ਸ਼ਾਮਿਲ ਕੀਤੇ ਹਨ। ਇਹ ਦੋਹੇ ਸਮਾਜਿਕ ਤੇ ਰਾਜਨੀਤਕ ਯਥਾਰਥ ਦੀਆਂ ਸਮਕਾਲੀ ਸਥਿਤੀਆਂ ਨਾਲ ਵਾਬਸਤਾ ਹੁੰਦਿਆਂ ਇਸ ਦੀ ਅੰਦਰੂਨੀ ਵਾਸਤਵਿਕਤਾ ਨੂੰ ਉਘੇੜਨ ਦਾ ਕਾਰਜ ਵੀ ਬਾਖੂਬੀ ਨਿਭਾਉਂਦੇ ਹਨ।

ਇਸ ਪੁਸਤਕ ਵਿਚਲੇ ਦੋਹੇ ਰਾਜ ਸੱਤਾ ਤੇ ਸਥਾਪਤੀ ਵਲੋਂ ਸਿਰਜੇ ਸੱਤਾ ਪ੍ਰਵਚਨ ਦੇ ਸਮਾਨਅੰਤਰ ਇੱਕ ਇਹੋ ਜਿਹਾ ਲੋਕ ਪ੍ਰਵਚਨ ਸਿਰਜਦੇ ਹਨ, ਜੋ ਸੱਤਾ ਦੇ ਪ੍ਰਵਚਨ ਦੀ ਕਾਟ ਵੀ ਕਰਦਾ ਹੈ ਤੇ ਸੱਤਾਧਾਰੀ ਲੋਕਾਂ ਨੂੰ ਲੋਕ ਸੱਥ ਵਿਚ ਜੁਆਬਦੇਹ ਵੀ ਬਣਾਉਂਦਾ ਹੈ। ਜਦੋਂ ਦੇਸ਼ ਦੀ ਰਾਜ ਸੱਤਾ ਦਾ ਪ੍ਰਵਚਨ ਲੋਕਾਂ ਦੀ ਥਾਂ ਉਨ੍ਹਾਂ ਦੇ ਹੱਕਾਂ ਤੇ ਹਿੱਤਾਂ ਦਾ ਘਾਣ ਕਾਰਨ ਵਾਲੀਆਂ ਜੋਕਾਂ



ਦੇ ਹੱਕ ਵਿਚ ਭੁਗਤਦਾ ਹੈ ਤਾਂ ਸ਼ਾਇਰ ਸੂਫੀ ਵਲੋਂ ਸਿਰਜਿਆ ਲੋਕ ਪ੍ਰਵਚਨ ਉਸ ਦੇ ਰਾਹ ਦੀ ਰੁਕਾਵਟ ਬਣਦਾ ਹੈ। ਜਦੋਂ ਸੱਤਾ ਪੱਖ ਧਰਤੀ ਨੂੰ ਮਾਂ ਤੇ ਪਾਣੀ ਨੂੰ ਪਿਤਾ ਸਮਝਣ ਵਾਲੇ ਲੋਕਾਂ ਕੋਲੋਂ ਇਹ ਕੁਦਰਤੀ ਸਰੋਤ ਖੋਹ ਕੇ ਕਾਰਪੋਰੇਟ ਜਗਤ ਦੇ ਹਵਾਲੇ ਕਰਨਾ ਚਾਹੁੰਦਾ ਹੈ ਤਾਂ ਇਹ ਲੋਕ ਪ੍ਰਵਚਨ ਉਸ ਨੂੰ ਚਿਤਾਵਨੀ ਦਿੰਦਾ ਹੈ ਕਿ ਇਨ੍ਹਾਂ ਸਰੋਤਾਂ ਨਾਲ ਮਾਨਸਿਕ ਤੌਰ 'ਤੇ ਜੁੜੇ ਕਿਸਾਨ ਤੇ ਮਜ਼ਦੂਰ ਕਿਸੇ ਵੀ ਕੀਮਤ 'ਤੇ ਉਸ ਦੇ ਇਰਾਦੇ ਦੀ ਪੂਰਤੀ ਨਹੀਂ ਹੋਣ ਦੇਣਗੇ। ਸੰਗ੍ਰਹਿ ਦਾ ਪ੍ਰਵੇਸ਼ ਦੁਆਰ ਬਣਿਆ ਪਹਿਲਾ ਹੀ ਦੋਹਾ ਕੁਦਰਤੀ ਸਰੋਤਾਂ ਤੇ ਕਿਸਾਨਾਂ-ਮਜਦੂਰਾਂ ਦੇ ਹੱਕਾਂ ਦੀ




ਪੈਰਵਾਈ ਕਰਦਿਆਂ ਸੱਤਾ ਪੱਖ ਨੂੰ ਚਿਤਾਵਨੀ ਦਿੰਦਾ ਹੈ ਕਿ ਉਹ ਲੋਕ ਹੱਕਾਂ ਨੂੰ ਭੀਖ ਸਮਝਣ ਦਾ ਭੁਲੇਖਾ ਨਾ ਖਾਵੇ,

ਰਾਜ ਕਰੇਂਦੇ ਰਾਜਿਆ, ਕਰਦੇ ਗੱਲ ਨਿਸ਼ੰਗ।  
ਹੱਕ ਅਸੀਂ ਹਾਂ ਮੰਗਦੇ, ਭੀਖ ਰਹੇ ਨਾ ਮੰਗ।

ਇਸ ਪੁਸਤਕ ਵਿਚਲੇ ਹਰ ਦੋਹੇ ਦੀ ਸ਼ੁਰੂਆਤ 'ਰਾਜ ਕਰੇਂਦੇ ਰਾਜਿਆ' ਦੀ ਸੰਬੋਧਨੀ ਸੁਰ ਨਾਲ ਹੁੰਦੀ ਹੈ। ਇਹ ਸੁਰ ਸਹਿਜ ਸੰਵਾਦੀ ਨਹੀਂ, ਸਗੋਂ ਤਲਖੀ ਭਰਪੂਰ ਹੈ। ਜਦੋਂ ਰਾਜ ਕਰਦਾ ਰਾਜਾ ਜਨਤਾ ਦੁਆਰਾ ਵੋਟ ਪ੍ਰਣਾਲੀ ਰਾਹੀਂ ਚੁਣਿਆ ਹੋ ਕੇ ਵੀ ਲੋਕਾਂ ਦੀ ਥਾਂ ਉਨ੍ਹਾਂ ਨੂੰ ਲੁੱਟਣ ਵਾਲੇ ਲੁਟੇਰਿਆਂ ਦਾ ਪੱਖ ਪੂਰਨ ਲੱਗ ਪਵੇ ਤਾਂ ਲੋਕਾਂ ਦੀ ਧਿਰ ਬਣਨ ਵਾਲੇ ਕਿਸੇ ਲੇਖਕ ਦੇ ਉਸ ਨਾਲ ਸਬੰਧ ਸਹਿਜ ਰਹਿ ਹੀ ਨਹੀਂ ਸਕਦੇ। ਰਾਜਾ ਲੋਕਤੰਤਰ ਦਾ ਪਰਪੰਚ ਰਚ ਕੇ ਲੋਕ ਹਿਤੂ ਹੋਣ ਦਾ ਭਰਮ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸੂਫੀ ਦੇ ਦੋਹੇ ਰੂਪ ਅਜੋਕੇ ਲੋਕਤੰਤਰ ਦੇ ਅਲੋਕਤੰਤਰੀ ਵਿਹਾਰ ਦੇ ਬਖੀਏ ਉਧੇੜ ਕੇ ਉਸ ਨੂੰ ਲੋਕ ਕਚਹਿਰੀ ਵਿਚ ਜੁਆਬਦੇਹ ਬਣਾਉਣ ਦਾ ਰਾਹ ਚੁਣਦੇ ਹਨ। ਇਹ ਦੋਹੇ ਸੂਬੇ ਤੋਂ ਲੈ ਕੇ ਕੇਂਦਰੀ ਸੱਤਾ ਤੱਕ ਦੇ ਰਾਜਿਆਂ ਵਲੋਂ ਲੋਕਤੰਤਰੀ ਭਾਵਨਾਵਾਂ ਨਾਲ ਕੀਤੇ ਖਿਲਵਾੜ ਦਾ ਕੱਚਾ ਚਿੱਠਾ ਪੇਸ਼ ਕਰਦੇ ਹਨ ਤਾਂ ਪਾਠਕੀ ਮਨਾਂ ਵਿਚ ਅਜੋਕੀ ਰਾਜਸੱਤਾ ਪ੍ਰਤੀ ਮੋਹ ਭੰਗਤਾ ਦੇ ਭਾਵ ਪੈਦਾ ਹੋਣ ਲੱਗਦੇ ਹਨ,

ਰਾਜ ਕਰੇਂਦੇ ਰਾਜਿਆ, ਸੱਚ ਵਿਖਾਵੇ ਰੰਗ।  
ਅਣਖ ਜ਼ਮੀਰਾ ਵਾਲੜੇ, ਛੱਡੀ ਜਾਂਦੇ ਸੰਗ।

ਅਜੋਕੀ ਵੋਟ ਪ੍ਰਣਾਲੀ ਰਾਹੀਂ ਰਾਜ ਸੱਤਾ 'ਤੇ ਕਬਜ਼ਾ ਕਰ ਚੁਕੇ ਜਾਂ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਹਰ ਸਿਆਸੀ ਰੰਗ ਦੇ ਰਾਜੇ ਨੂੰ ਲੇਖਕ ਇਕੋ ਜਿਹੀ ਕੈਰੀ ਨਜ਼ਰ ਨਾਲ ਵੇਖਦਾ ਹੈ। ਕਿਹੜਾ ਰਾਜਾ ਕਿਸ ਸਿਆਸੀ ਧਿਰ ਨਾਲ ਜੁੜਿਆ ਹੈ, ਦੋਹਾਕਾਰ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ, ਸਗੋਂ ਉਹ ਹਰ ਰਾਜੇ ਦੀ ਕਾਰਗੁਜਾਰੀ ਦਾ ਲੇਖਾ-ਜੋਖਾ ਉਸ ਦੇ ਲੋਕ ਪੱਖੀ ਜਾਂ ਲੋਕ ਵਿਰੋਧੀ ਕਿਰਦਾਰ ਅਨੁਸਾਰ ਕਰਦਾ ਹੈ। ਇਸ ਲਈ ਕਾਂਗਰਸੀ, ਭਾਜਪਾਈ ਤੇ ਅਕਾਲੀ-ਸਾਰੇ ਤਰ੍ਹਾਂ ਦੇ ਰਾਜੇ ਬਿਨਾ ਕਿਸੇ ਭੇਦ ਭਾਵ ਤੋਂ ਉਸ ਦੀਆਂ ਅੱਖਾਂ ਦੀ ਰੜਕਣ ਹਨ। ਇਸ ਦੋਹਾ ਲੜੀ ਦਾ ਆਖਰੀ ਦੋਹਾ ਵੱਖ ਵੱਖ ਸਿਆਸੀ ਧਿਰਾਂ ਨਾਲ ਸਬੰਧਤ ਰਾਜਿਆਂ ਨੂੰ ਚਿਤਾਵਨੀ ਭਰੀ ਸਮਝੌਤੀ ਦਿੰਦਾ ਹੈ ਕਿ ਜੇ ਲੋਕ ਉਨ੍ਹਾਂ ਦੀ ਸਰਮਾਏਦਾਰ ਪੱਖੀ ਨੀਤੀਆਂ ਤੋਂ ਆਕੀ ਹੋ ਕੇ ਚੇਤੰਨ ਤੇ ਸੰਗਠਿਤ ਸੰਘਰਸ਼ ਉਸਾਰਨ ਦੇ ਰਾਹ ਪੈ ਗਏ ਤਾਂ ਉਨ੍ਹਾਂ ਅਤੇ ਉਨ੍ਹਾਂ ਦੇ ਭਾਈਵਾਲ ਕਾਰਪੋਰੇਟ ਜਗਤ ਦਾ ਖਾਤਮਾ ਯਕੀਨੀ ਹੋਵੇਗਾ,

ਰਾਜ ਕਰੇਂਦੇ ਰਾਜਿਆ, ਵੱਡੀ ਤਾਕਤ ਲੋਕ।  
ਸੂਫੀ ਪਾਉਂਦੇ ਭਾਜੜਾਂ, ਤੋੜ ਵਗ੍ਹਾਉਂਦੇ ਜੋਕ।

ਇਹ ਦੋਹੇ ਇਸ ਪੁਰਾਤਨ ਵਿਧਾ ਦੇ ਕਾਵਿ ਸ਼ਾਸ਼ਤਰੀ ਨਿਯਮਾਂ ਤੇ ਪਾਬੰਦੀਆਂ ਦੀ ਪਾਲਣਾ ਏਨੀ ਕਰੜਾਈ ਨਾਲ ਕਰਦੇ ਹਨ ਕਿ ਮਰਹੂਮ ਲੋਕ ਸ਼ਾਇਰ ਮਹਿੰਦਰ ਸਾਥੀ ਉਸ ਦੀ ਕਲਾ ਪੁਖਤਗੀ 'ਤੇ ਮਾਣ ਕਰਦਾ ਹੈ ਤੇ ਸ਼ਾਇਰ ਸੁਲੱਖਣ ਸਰਹੱਦੀ ਉਸ ਨੂੰ ਪਿੰਗਲ ਤੇ ਅਰੂਜ ਦਾ ਗਿਆਤਾ ਪ੍ਰਬੁੱਧ ਸ਼ਾਇਰ ਮੰਨਦਾ ਹੈ। ਦੋ ਸਤਰਾਂ ਦੇ ਤੁਕਾਂਤ ਦੇ ਮੇਲ ਰਾਹੀਂ ਲੇਖਕ ਭਾਰਤੀ ਰਾਜਨੀਤੀ ਦੀਆਂ ਬਹੁਤ ਸਾਰੀਆਂ ਡੂੰਘੀਆਂ ਰਮਜ਼ਾਂ ਨੂੰ ਪੇਸ਼ ਕਰਨ ਵਿਚ ਸਫਲ ਰਿਹਾ ਹੈ। ਗੰਭੀਰ ਤੇ ਸੰਜੀਦਾ ਵਿਅੰਗ ਉਸ ਦੇ ਦੋਹਾ ਸੰਸਾਰ ਦੇ ਵਿਚਾਰ ਪ੍ਰਬੰਧ ਨੂੰ ਤਿੱਖਾ ਤੇ ਪ੍ਰਭਾਵੀ ਬਣਾਉਣ ਵਿਚ ਸਹਾਈ ਬਣਦਾ ਹੈ। ਨਾਮਵਰ ਸ਼ਾਇਰ ਦੀ ਇਸ ਦੋਹਾ ਮਟਕੀ ਦਾ ਮਨੋਂ ਸਵਾਗਤ ਹੈ।

# ਹੌਲੀਵੁੱਡ ਦਾ ਮਾਇਆ ਜਾਲ ਅਤੇ ਕਬੀਰ ਬੇਦੀ


ਉਘੇ ਫਿਲਮੀ ਅਦਾਕਾਰ ਕਬੀਰ ਬੇਦੀ ਨੇ ਆਖਿਆ ਕਿ ਅਮਰੀਕਨ ਫਿਲਮਾਂ ਲਈ ਪਹਾੜੀ 'ਤੇ ਵੱਡੇ-ਵੱਡੇ ਅੱਖਰਾਂ ਵਿਚ ਬਣਾਇਆ 'ਹੌਲੀਵੁੱਡ' ਸ਼ਬਦ ਦਾ ਚਿੰਨ੍ਹ ਲੱਖਾਂ ਲੋਕਾਂ ਨੂੰ ਦੇਖਣ ਵਿਚ ਬਹੁਤ ਸੋਹਣਾ ਲੱਗਦਾ ਹੈ ਪਰ ਇਸ ਨੇ ਉਸ ਨੂੰ ਤਾਂ ਬਿਲਕੁਲ ਤਬਾਹ ਕਰਕੇ ਰੱਖ ਦਿੱਤਾ। ਹੌਲੀਵੁੱਡ ਨੇ ਬੇਦੀ ਨੂੰ ਵਿਦੇਸ਼ਾਂ ਵਿਚ ਫਿਲਮਾਂ ਅਤੇ ਸੀਰੀਜ਼ ਵਿਚ ਕੀਤੇ ਕੰਮ ਦਾ ਚੇਤਾ ਤਾਂ ਕਰਵਾਇਆ ਪਰ ਇਸ ਅਦਾਕਾਰ ਦਾ ਕਹਿਣਾ ਹੈ ਕਿ ਇਹ ਉਸ ਨੂੰ ਅਮਰੀਕਾ ਵਿਚ 'ਸਟਾਰ' ਨਹੀਂ ਬਣਾ ਸਕੇ।

ਕਬੀਰ ਬੇਦੀ ਨੇ ਆਪਣੀ ਸਵੈ-ਜੀਵਨੀ 'ਸਟੋਰੀਜ਼ ਆਈ ਮਸਟ ਟੈਲ' ਵਿਚ ਆਖਿਆ, "ਹੌਲੀਵੁੱਡ ਨੇ ਮੈਨੂੰ ਬਰਬਾਦ ਕਰ ਦਿੱਤਾ ਪਰ ਇਟਲੀ ਅਤੇ ਭਾਰਤ ਨੇ ਮੈਨੂੰ ਪੁਨਰ-ਜੀਵਤ ਕੀਤਾ ਹੈ। ਜਦੋਂ ਮੈਂ ਹੌਲੀਵੁੱਡ ਬਾਰੇ ਸੋਚਦਾ ਹਾਂ ਤਾਂ ਮੇਰੇ ਦਿਮਾਗ ਵਿਚ ਕੀ ਆਉਂਦਾ ਹੈ? ਇਹ ਲੱਖਾਂ ਲੋਕਾਂ ਵਾਸਤੇ ਪਹਾੜੀ 'ਤੇ ਸਥਿਤ ਅਮਰੀਕਨ ਫਿਲਮਾਂ ਦਾ ਸੁੰਦਰ ਚਿੰਨ੍ਹ ਹੈ ਪਰ ਅਸਲ ਵਿਚ ਇਹ ਇਕ ਮਾਇਆ ਜਾਲ ਹੈ।"

ਵੈਸਟਲੈਂਡ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ ਪਾਠਕਾਂ ਨੂੰ ਬੇਦੀ ਦੀ ਪੇਸ਼ੇਵਰ ਤੇ ਨਿੱਜੀ ਜ਼ਿੰਦਗੀ ਵਿਚ ਆਏ ਉਤਰਾਅ-ਚੜ੍ਹਾਅ ਅਤੇ ਉਸ ਵੱਲੋਂ ਭਾਰਤ, ਯੂਰਪ ਅਤੇ ਹੌਲੀਵੁੱਡ ਵਿਚ ਫਿਲਮ, ਟੈਲੀਵਿਜ਼ਨ ਤੇ ਥੀਏਟਰ ਵਿਚ ਕੀਤੇ ਕੰਮ ਦੇ ਸ਼ੁਰੂਆਤੀ ਦੌਰ ਦਾ ਵੀ ਜ਼ਿਕਰ ਹੈ।

ਕਬੀਰ ਬੇਦੀ ਦੀ ਇਹ ਪੁਸਤਕ ਇਥੋਂ ਸ਼ੁਰੂ ਹੁੰਦੀ ਹੈ ਕਿ ਅਦਾਕਾਰ ਨੇ ਕਿਵੇਂ 'ਬੀਟਲਜ਼' ਕਰਕੇ ਆਪਣਾ ਜੱਦੀ ਸ਼ਹਿਰ ਦਿੱਲੀ ਛੱਡਿਆ ਸੀ। ਉਸ ਨੇ 7 ਜੁਲਾਈ 1966 ਨੂੰ ਆਲ ਇੰਡੀਆ ਰੇਡੀਓ ਦਾ ਫਰੀਲਾਂਸਰ ਪੱਤਰਕਾਰ ਹੁੰਦਿਆਂ ਇਸ ਪ੍ਰਸਿੱਧ ਰੌਕ ਬੈਂਡ ਦੀ ਇੰਟਰਵਿਊ ਕੀਤੀ ਸੀ। ਇਸ ਪੁਸਤਕ ਵਿਚ ਬੇਦੀ ਦੇ ਬੁੱਧ ਧਰਮ ਨਾਲ ਸਬੰਧ ਬਾਰੇ ਵੀ ਜਾਣਕਾਰੀ ਮਿਲਦੀ ਹੈ। ਸਾਲ 1966 ਵਿਚ ਉਸ ਦੀ ਮਾਤਾ ਨੇ ਬੁੱਧ ਧਰਮ ਅਪਣਾ ਲਿਆ ਸੀ। ਉਸ ਨੇ ਦੱਸਿਆ ਕਿ ਜਦੋਂ ਉਹ ਇਕ ਵਾਰ ਧਰਮਸ਼ਾਲਾ ਵਿਚ ਦਲਾਈਲਾਮਾ ਨੂੰ ਮਿਲਿਆ ਸੀ ਤਾਂ ਉਦੋਂ ਉਸ ਨੇ ਉਸ ਦਾ ਆਭਾ ਮੰਡਲ ਦੇਖਿਆ ਸੀ ਅਤੇ ਪ੍ਰਭਾਵਿਤ ਹੋ ਗਿਆ ਸੀ।

ਕਬੀਰ ਬੇਦੀ ਦਾ ਜਨਮ 16 ਜਨਵਰੀ 1946 ਨੂੰ ਹੋਇਆ ਸੀ। ਉਸ ਦਾ ਫਿਲਮੀ ਸੰਸਾਰ ਦੇ ਤਿੰਨ ਮਹਾਂਦੀਪਾਂ ਤੱਕ ਫੈਲਿਆ ਹੋਇਆ ਹੈ। ਉਸ ਦੀ ਸਭ ਤੋਂ ਵੱਧ ਚਰਚਾ ਉਸ ਵੱਲੋਂ ਫਿਲਮ 'ਤਾਜ ਮਹੱਲ: ਐਨ ਇਟਰਨਲ ਲਵ ਸਟੋਰੀ' ਵਿਚ ਨਿਭਾਏ ਸ਼ਹਿਨਸ਼ਾਹ ਸ਼ਾਹ ਜਹਾਂ ਦੇ ਕਿਰਦਾਰ ਕਰਕੇ ਹੋਈ।


*ਚੜ੍ਹਦੀ ਉਮਰ ਵਿਚ ਕਬੀਰ ਬੇਦੀ ਅਤੇ (ਸੱਜੇ) ਕਬੀਰ ਬੇਦੀ ਦੀ ਲਿਖੀ ਕਿਤਾਬ ਦਾ ਮੁਖੜਾ।*

ਕਬੀਰ ਬੇਦੀ ਦਾ ਜਨਮ ਖੱਤਰੀ ਸਿੱਖ ਪਰਿਵਾਰ ਵਿਚ ਹੋਇਆ ਜਿਹੜਾ ਅੰਗਰੇਜ਼ਾਂ ਖਿਲਾਫ ਆਜ਼ਾਦੀ ਦੀ ਜੱਦੋ-ਜਹਿਦ ਨਾਲ ਜੁੜਿਆ ਹੋਇਆ ਸੀ। ਉਸ ਦਾ ਪਿਤਾ ਪਿਆਰੇ ਲਾਲ ਸਿੰਘ ਬੇਦੀ ਲੇਖਕ ਸੀ ਅਤੇ ਮਾਂ ਫਰੈਡਾ ਬੇਦੀ ਅੰਗਰੇਜ਼ ਸੀ। ਉਹ ਡਰਬੀ (ਇੰਗਲੈਂਡ) ਦੀ ਰਹਿਣ ਵਾਲੀ ਸੀ। ਕਬੀਰ ਦੀ ਪੜ੍ਹਾਈ-ਲਿਖਾਈ ਨੈਨੀਤਾਲ (ਉਤਰਾਖੰਡ) ਦੇ ਸ਼ੇਰਵੁੱਡ ਕਾਲਜ ਅਤੇ ਫਿਰ ਦਿੱਲੀ ਦੇ ਸੇਂਟ ਸਟੀਫਨ'ਜ਼ ਕਾਲਜ ਵਿਚ ਹੋਈ।

ਉਸ ਨੇ ਆਪਣੇ ਕਰੀਅਰ ਦਾ ਆਰੰਭ ਥੀਏਟਰ ਤੋਂ ਕੀਤਾ ਅਤੇ ਫਿਰ ਫਿਲਮਾਂ ਵੱਲ ਚਲੇ ਗਿਆ। 1971 ਵਿਚ ਉਸ ਦੀਆਂ ਦੋ ਫਿਲਮਾਂ- ਹਲਚਲ ਅਤੇ ਸੀਮਾ, ਆਈਆਂ ਸਨ। ਫਿਰ ਅਗਲੇ ਸਾਲ ਉਸ ਦੀਆਂ ਤਿੰਨ ਫਿਲਮਾਂ- 'ਰਾਖੀ ਔਰ ਹੱਥਕੜੀ', 'ਸਜ਼ਾ' ਤੇ 'ਅਨੋਖਾ ਬੰਧਨ' ਰਿਲੀਜ਼ ਹੋਈਆਂ। ਇਸ ਤੋਂ ਬਾਅਦ ਸਿਰਫ 1980 ਵਾਲੇ ਸਾਲ ਨੂੰ ਛੱਡ ਕੇ 1983 ਤੱਕ ਹਰ ਸਾਲ ਉਸ ਦੀਆਂ ਫਿਲਮਾਂ ਰਿਲੀਜ਼ ਹੋਈਆਂ। ਇਹ ਉਸ ਦਾ ਗੋਲਡਨ ਪੀਰੀਅਡ ਸੀ। ਫਿਰ ਪੰਜ ਸਾਲਾਂ ਦੇ ਵਕਫੇ ਤੋਂ ਬਾਅਦ 1988 ਵਿਚ ਉਸ ਦੀਆਂ ਤਿੰਨ ਫਿਲਮ ਫਿਲਮਾਂ- 'ਖ਼ੂਨ ਭਰੀ ਮਾਂਗ', 'ਮੇਰਾ ਸ਼ਿਕਾਰ' ਤੇ 'ਦਿ ਬੀਸਟ' ਰਿਲੀਜ਼ ਹੋਈਆਂ। 2018 ਵਿਚ ਉਸ ਦੀ ਫਿਲਮ 'ਸਾਹਿਬ ਬੀਵੀ ਔਰ ਗੈਂਗਸਟਰ 3' ਆਈ ਸੀ ਜਿਸ ਵਿਚ ਉਸ ਨੇ ਮਹਾਰਾਜਾ ਹਰੀ ਸਿੰਘ ਦਾ ਕਿਰਦਾਰ ਨਿਭਾਇਆ। ਹੁਣ ਉਸ ਦੀ ਤੈਲਗੂ ਫਿਲਮ 'ਸ਼ਕੁੰਤਲਮ' ਬਣ ਰਹੀ ਹੈ।

ਕਬੀਰ ਬੇਦੀ ਨੇ ਫਿਲਮਾਂ ਤੋਂ ਇਲਾਵਾ ਟੈਲੀਵਿਜ਼ਨ ਅਤੇ ਰੇਡੀਓ ਲਈ ਵੀ ਕੰਮ ਕੀਤਾ। ਉਸ ਨੇ ਤਾਂ ਲੇਖਕ ਵਜੋਂ ਵੀ ਆਪਣੀ ਪਛਾਣ ਬਣਾਈ। ਉਹ ਰੋਜ਼ਾਨਾ ਅਖਬਾਰ 'ਦਿ ਟਾਈਮਜ਼ ਆਫ ਇੰਡੀਆ' ਅਤੇ ਹਫਤਾਵਾਰੀ ਪਰਚੇ 'ਤਹਿਲਕਾ' ਲਈ ਲਿਖਦਾ ਰਿਹਾ ਹੈ। ਟੈਲੀਵਿਜ਼ਨ ਉਤੇ ਚੱਲੀਆਂ ਕਈ ਬਹਿਸਾਂ ਵਿਚ ਵੀ ਉਸ ਨੇ ਸ਼ਿਰਕਤ ਕੀਤੀ।




ਆਪਣੀ ਉਮਦਾ ਅਦਾਕਾਰੀ ਸਦਕਾ ਕਬੀਰ ਬੇਦੀ ਨੂੰ ਦਾ ਮਾਣ-ਸਨਮਾਨ ਵੀ ਬਥੇਰਾ ਮਿਲਿਆ। ਇਨ੍ਹਾਂ ਇਨਾਮਾਂ ਸਨਮਾਨਾਂ ਦਾ ਘੇਰਾ ਭਾਰਤ ਤੋਂ ਇਲਾਵਾ ਯੂਰਪ ਤੱਕ ਫੈਲਿਆ ਹੋਇਆ ਹੈ। 2010 ਵਿਚ ਇਟਲੀ ਦੇ ਰਾਸ਼ਟਰਪਤੀ ਨੇ ਉਸ ਦਾ ਮਾਣ-ਤਾਣ ਕੀਤਾ। ਉਸ ਨੂੰ ਇਟਲੀ ਦਾ ਸਭ ਤੋਂ ਵੱਡਾ ਸਿਵਲੀਅਨ ਖਿਤਾਬ 'ਕਵੈਲੀਅਰ' ਦਿੱਤਾ ਗਿਆ।

ਕਬੀਰ ਬੇਦੀ ਨੇ ਚਾਰ ਵਿਆਹ ਕਰਵਾਏ ਅਤੇ ਇਨ੍ਹਾਂ ਵਿਚੋਂ ਉਸ ਦੇ ਤਿੰਨ ਬੱਚੇ ਹੋਏ- ਪੂਜਾ, ਸਿਧਾਰਥ (ਇਸ ਦੀ ਮੌਤ ਹੋ ਚੁੱਕੀ ਹੈ) ਅਤੇ ਆਦਮ। ਪੂਜਾ ਬੇਦੀ ਅਦਾਕਾਰਾ ਰਹਿ ਚੁੱਕੀ ਹੈ ਅਤੇ ਅੱਜਕੱਲ੍ਹ ਪੱਤਰਕਾਰੀ ਕਰ ਰਹੀ ਹੈ। ਆਦਮ ਬੇਦੀ ਕੌਮਾਂਤਰੀ ਪੱਧਰ ਦਾ ਮਾਡਲ ਹੈ।

***-ਜਗਜੀਤ ਸਿੰਘ ਸੇਖੋਂ***

# ਅਦਾਕਾਰਾ ਨਿਮਰਤ ਕੌਰ ਦੀ 'ਦਸਵੀਂ'

ਅਦਾਕਾਰ ਨਿਮਰਤ ਕੌਰ ਨੇ ਆਪਣੀ ਆਉਣ ਵਾਲੀ ਫਿਲਮ 'ਦਸਵੀਂ' ਦੀ ਸ਼ੂਟਿੰਗ ਖਤਮ ਕਰ ਲਈ ਹੈ। 'ਦਿ ਲੰਚਬਾਕਸ' ਅਤੇ 'ਏਅਰਲਿਫਟ' ਵਰਗੀਆਂ ਫਿਲਮਾਂ ਲਈ ਜਾਣੀ ਜਾਂਦੀ ਇਸ ਅਦਾਕਾਰਾ ਨੇ ਫਿਲਮ ਬਾਰੇ ਬਹੁਤਾ ਕੁਝ ਤਾਂ ਨਹੀਂ ਦੱਸਿਆ ਪਰ ਉਸ ਨੇ ਕਿਹਾ ਕਿ 'ਦਸਵੀਂ' ਵਿਚ ਉਸ ਨੇ ਬਿਮਲਾ ਦੇਵੀ ਚੌਧਰੀ ਦਾ ਕਿਰਦਾਰ ਨਿਭਾਇਆ ਹੈ ਜੋ ਉਸ ਦੇ ਪਸੰਦੀਦਾ ਕਿਰਦਾਰਾਂ 'ਚੋਂ ਇਕ ਹੈ। ਉਸ ਨੇ ਫਿਲਮ ਦੇ ਸੈੱਟ ਦੀਆਂ ਤਸਵੀਰਾਂ ਇੰਸਟਾਗ੍ਰਾਮ 'ਤੇ ਸਾਂਝੀਆਂ ਕਰਦਿਆਂ ਲਿਖਿਆ- 'ਬਿਮਲਾ ਦੇਵੀ ਚੌਧਰੀ (ਬਿੰਮੋ) ਅਜਿਹਾ ਤੋਹਫਾ ਹੈ ਜੋ ਮੇਰੇ ਦਿਲ ਵਿਚ ਸਭ ਤੋਂ ਪਸੰਦੀਦਾ, ਸਭ ਤੋਂ ਰੋਮਾਂਚਕ ਅਤੇ ਮਜ਼ੇਦਾਰ ਹਿੱਸੇ ਵਜੋਂ ਵਸ ਜਾਵੇਗੀ। ਮੈਨੂੰ ਹੁਣ ਤੋਂ ਹੀ ਉਸ ਦੀ ਯਾਦ ਆਉਣੀ ਸ਼ੁਰੂ ਹੋ ਗਈ ਹੈ।' 39 ਸਾਲਾ ਅਦਾਕਾਰਾ ਨੇ ਮਾਰਚ ਵਿਚ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ ਸੀ। ਇਸ ਫਿਲਮ ਵਿਚ ਅਭਿਸ਼ੇਕ ਬੱਚਨ ਅਤੇ ਯਾਮੀ ਗੌਤਮ ਵੀ ਮੁੱਖ ਕਿਰਦਾਰਾਂ 'ਚ ਨਜ਼ਰ ਆਉਣਗੇ। ਉਸ ਨੇ ਕਿਹਾ, "ਮੈਨੂੰ ਯਕੀਨ ਨਹੀਂ ਹੋ ਰਿਹਾ ਕਿ 10 ਮਹੀਨੇ ਪਹਿਲਾਂ ਹੋਈ ਯਾਤਰਾ ਅੱਜ ਸਾਡੀ ਜ਼ਿੰਦਗੀ ਦੇ ਖਾਸ ਪਲ ਬਣ ਕੇ ਸਮਾਪਤ ਹੋ ਗਈ ਹੈ। ਮੈਂ ਸਾਰੀ ਟੀਮ ਦੀ ਸ਼ੁਕਰਗੁਜ਼ਾਰ ਹਾਂ।' ਤੁਸ਼ਾਰ ਜਲੋਟਾ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਰਿਤੇਸ਼ ਸ਼ਾਹ ਨੇ ਲਿਖੀ ਹੈ ਜੋ ਆਪਣੀਆਂ ਫਿਲਮਾਂ




'ਪਿੰਕ' ਅਤੇ 'ਬਾਟਲਾ ਹਾਊਸ' ਲਈ ਜਾਣਿਆ ਜਾਂਦਾ ਹੈ। ਦਿਨੇਸ਼ ਵਿਜਾਨ, ਸੰਦੀਪ ਲੈਜ਼ੇਲ ਅਤੇ ਸ਼ੋਭਨਾ ਯਾਦਵ ਫਿਲਮ ਦੇ ਨਿਰਮਾਤਾ ਹਨ।


ਨਿਮਰਤ ਕੌਰ ਨੇ ਫਿਲਮੀ ਕਰੀਅਰ ਦਾ ਆਰੰਭ 2012 ਵਿਚ ਪ੍ਰਸਿੱਧ ਫਿਲਮਸਾਜ਼ ਅਨੁਰਾਗ ਕਸ਼ਯਪ ਦੀ ਫਿਲਮ 'ਪੈਡਲਰਜ਼' ਨਾਲ ਕੀਤਾ ਸੀ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਲਵ ਸ਼ਵ ਤੇ ਚਿਕਨ ਖੁਰਾਨਾ' ਆਈ। ਇਸ ਵਿਚ ਉਸ ਦਾ ਛੋਟਾ ਜਿਹਾ ਰੋਲ ਸੀ ਪਰ 2013 ਵਿਚ ਇਰਫਾਨ ਖਾਨ ਨਾਲ ਆਈ ਫਿਲਮ 'ਦਿ ਲੰਚਬਾਕਸ' ਨਾਲ ਉਸ ਦੀ ਬੱਲੇ-ਬੱਲੇ ਹੋ ਗਈ। ਹੁਣ ਉਸ ਨੂੰ ਫਿਲਮ 'ਦਸਵੀਂ' ਤੋਂ ਬਹੁਤ ਆਸਾਂ ਹਨ।

***-ਗੁਰਜੰਟ ਸਿੰਘ***

# ਹੰਸਲ ਤੇ ਕਰੀਨਾ ਕਪੂਰ ਦੀ ਸਾਂਝ

ਅਦਾਕਾਰਾ ਕਰੀਨਾ ਕਪੂਰ ਖਾਨ ਏਕਤਾ ਕਪੂਰ ਦੀ ਬਾਲਾਜੀ ਟੈਲੀਫਿਲਮਜ਼ ਨਾਲ ਮਿਲ ਕੇ ਪਹਿਲੀ ਵਾਰ ਫਿਲਮ ਨਿਰਮਾਤਾ ਵਜੋਂ ਕੰਮ ਕਰਨ ਲਈ ਤਿਆਰ ਹੈ। ਇਸ ਫਿਲਮ ਦੇ ਨਾਂ ਬਾਰੇ ਅਜੇ ਫੈਸਲਾ ਨਹੀਂ ਹੋਇਆ ਪਰ ਇਸ ਦਾ ਨਿਰਦੇਸ਼ਨ ਹੰਸਲ ਮਹਿਤਾ ਕਰਨਗੇ। ਪਹਿਲੀ ਵਾਰ ਫਿਲਮ ਨਿਰਮਾਤਾ ਵਜੋਂ ਕੰਮ ਕਰਨ ਵਾਲੀ ਕਰੀਨਾ ਨੇ ਉਤਸੁਕਤਾ ਨਾਲ ਕਿਹਾ, "ਏਕਤਾ ਨਾਲ ਇਸ ਫਿਲਮ ਵਿਚ ਨਿਰਮਾਤਾ ਵਜੋਂ ਕੰਮ ਕਰਨ ਲਈ ਨੂੰ ਲੈ ਕੇ ਮੈਂ ਮਾਣ ਮਹਿਸੂਸ ਕਰ ਰਹੀ ਹਾਂ ਅਤੇ ਉਤਸੁਕ ਹਾਂ ਜਿਸ ਨੂੰ ਮੇਰਾ ਪਰਿਵਾਰ ਕਈ ਸਾਲਾਂ ਤੋਂ ਜਾਣਦਾ ਹੈ ਤੇ ਬੇਸ਼ੱਕ, ਇਹ ਫਿਲਮ ਹੰਸਲ ਮਹਿਤਾ ਵੱਲੋਂ ਨਿਰਦੇਸ਼ਤ ਕੀਤੀ ਜਾ ਰਹੀ ਹੈ। ਇਸ ਫਿਲਮ 'ਚ ਕਾਫੀ ਕੁਝ ਪਹਿਲੀ ਵਾਰ ਹੋ ਰਿਹਾ ਹੈ।" ਇਹ ਸਾਂਝ ਅਸਲ ਵਿਚ ਏਕਤਾ ਕਪੂਰ ਅਤੇ ਕਰੀਨਾ ਕਪੂਰ ਖਾਨ ਦੇ ਨੇੜੇ ਆਉਣ ਨੂੰ ਦਰਸਾ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਕਰੀਨਾ ਕਪੂਰ ਦੇ ਪੁੱਤਰ ਤੈਮੂਰ ਦੇ ਜਨਮ ਤੋਂ ਬਾਅਦ 'ਵੀਰੇ ਦੀ ਵੈਡਿੰਗ' ਉਸ ਦੀ ਦੀ ਪਹਿਲੀ ਫਿਲਮ ਸੀ ਅਤੇ ਇਹ ਫਿਲਮ ਉਸ ਦੇ ਦੂਜੇ ਬੱਚੇ ਦੇ ਜਨਮ ਤੋਂ ਬਾਅਦ ਪਹਿਲੀ ਫਿਲਮ ਹੋਵੇਗੀ।

ਯਾਦ ਰਹੇ ਕਿ ਕਰੀਨਾ ਕਪੂਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2000 ਵਿਚ ਫਿਲਮ 'ਰਿਫਿਊਜੀ' ਨਾਲ ਕੀਤੀ ਸੀ। ਉਸ ਨੂੰ ਫਿਲਮੀ ਦੁਨੀਆਂ ਵਿਚ ਦਾਖਲਾ ਮਿਲਦੇ ਸਾਰ ਹੀ ਸਫਲਤਾ ਮਿਲ ਗਈ। ਉਂਜ, ਇਸ ਤੋਂ ਬਾਅਦ ਉਸ ਦੀਆਂ ਕਈ ਫਿਲਮਾਂ ਫਲਾਪ ਹੋਈਆਂ ਪਰ ਉਸ ਨੂੰ ਲਗਾਤਾਰ ਕੰਮ ਮਿਲਦਾ ਗਿਆ। ਫਿਰ ਜਦੋਂ 2004 ਵਿਚ ਉਸ ਦੀ ਫਿਲਮ




*ਹੰਸਲ ਮਹਿਤਾ ਅਤੇ ਕਰੀਨਾ ਕਪੂਰ*

'ਚਮੇਲੀ' ਆਈ ਤਾਂ ਉਸ ਦੇ ਸੁਹੱਪਣ ਦੇ ਨਾਲ-ਨਾਲ ਉਸ ਦੀ ਉਮਦਾ ਅਦਾਕਾਰੀ ਦੀ ਗੱਲ ਵੀ ਚੱਲੀ। ਇਸੇ ਸਾਲ ਹੀ ਉਸ ਦੀ ਇਕ ਹੋਰ ਫਿਲਮ 'ਦੇਵ' ਆਈ ਜਿਸ ਵਿਚ ਉਸ ਨੇ ਇਕ ਦੰਗਾ ਪੀੜਤ ਦਾ ਕਿਰਦਾਰ ਨਿਭਾਇਆ। ਇਸ ਫਿਲਮ ਤੋਂ ਬਾਅਦ ਫਿਲਮੀ ਦੁਨੀਆ ਵਿਚ ਉਸ ਦੀ ਵਾਹਵਾ ਪੈਂਠ ਬਣ ਗਈ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ। 'ਓਮਕਾਰਾ', 'ਜਬ ਵੁਈ ਮੈੱਟ', 'ਕੁਰਬਾਨ', 'ਤਲਾਸ਼', 'ਹੀਰੋਇਨ', 'ਉੜਤਾ ਪੰਜਾਬ', 'ਸਿੰਘਮ ਰਿਟਰਨਜ਼', '3 ਇਡੀਅਟਸ', 'ਬਜਰੰਗੀ ਭਾਈਜਾਨ' ਆਦਿ ਫਿਲਮਾਂ ਵਿਚ ਉਸ ਨੇ ਆਪਣੀ ਅਦਾਕਾਰੀ ਅਤੇ ਸੁਹੱਪਣ ਦੇ ਜਲਵੇ ਦਿਖਾਏ। ਸੈਫ ਅਲੀ ਖਾਨ ਨਾਲ ਵਿਆਹ ਤੋਂ ਬਾਅਦ ਉਹ ਕੁਝ ਸਮਾਂ ਸਕਰੀਨ ਤੋਂ ਓਹਲੇ ਰਹੀ ਪਰ ਉਸ ਨੇ ਇਕ ਵਾਰ ਫਿਰ ਫਿਲਮੀ ਦੁਨੀਆ ਵਿਚ ਦਾਖਲਾ ਲਿਆ ਅਤੇ ਛਾ ਗਈ। ਹੁਣ ਉਹ ਤੀਜੀ ਵਾਰ ਫਿਲਮੀ ਦੁਨੀਆ ਵਿਚ ਪੈਰ ਪਾ ਰਹੀ ਹੈ। ਇਸ ਵਾਰ ਉਸ ਦਾ ਰੰਗ ਵੱਖਰਾ ਹੈ। ਹੁਣ ਉਹ ਨਿਰਮਾਤਾ ਜੋ ਬਣ ਗਈ ਹੈ।

***-ਆਮਨਾ ਕੌਰ***

# ਰਾਜਾ ਸਵੀਟਸ ਐਂਡ ਕੈਟਰਿੰਗ

## ਹਰ ਵੇਲੇ ਭਾਈਚਾਰੇ ਦੀ ਸੇਵਾ ਵਿਚ
## ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
**www.RajaSweets.com**

Raja SWEETS & CATERING®
AUTHORIZED CATERER FOR MAJOR 5-STAR HOTELS
Presents

PARADISE BALLROOMS
banquet hall & event center



## ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

## Paradise Ballrooms
4100 Peralta Blvd. Fremont, CA 94536
**(510) 900-6319**
info@paradiseballrooms.com
www.paradiseballrooms.com